**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇਮੀਗ੍ਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
• ਇਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0756



Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 12, March 25, 2017 20451 N Plum Grove Rd., Palatine, IL 60074 Ph:847-359-0746, Fax:847-705-9388


# 'ਆਪ' ਦੀ ਦਿੱਲੀ ਲੀਡਰਸ਼ਿਪ ਖਿਲਾਫ ਬਗਾਵਤ

## ਖੁਦਮੁਖਤਾਰੀ ਦਾ ਲਾਇਆ ਹੋਕਾ; ਦਿੱਲੀ ਟੀਮ ਦੀ ਲੋੜੋਂ ਵੱਧ ਦਖਲਅੰਦਾਜ਼ੀ 'ਤੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਬਾਰੇ ਆਮ ਆਦਮੀ ਪਾਰਟੀ ਮੰਥਨ ਕਰਨ ਵਿਚ ਜੁਟ ਗਈ ਹੈ। ਪਾਰਟੀ ਦੇ ਪੰਜਾਬ ਆਗੂਆਂ ਨੇ ਹਾਰ ਦਾ ਵੱਡਾ ਕਾਰਨ ਦਿੱਲੀ ਟੀਮ ਦੀ ਲੋੜੋਂ ਵੱਧ ਦਖਲਅੰਦਾਜ਼ੀ ਅਤੇ ਮੁੱਖ ਮੰਤਰੀ ਦਾ ਚਿਹਰਾ ਨਾ ਹੋਣਾ ਦੱਸਿਆ ਹੈ। ਇਸ ਤੋਂ ਇਲਾਵਾ ਪਾਰਟੀ ਅਹੁਦੇਦਾਰਾਂ ਨੂੰ ਬੇਲੋੜਾ ਆਤਮ-ਵਿਸ਼ਵਾਸ ਵੀ ਲੈ ਡੁੱਬਿਆ।

ਪਾਰਟੀ ਆਗੂਆਂ ਨੇ ਮੰਨਿਆ ਹੈ ਕਿ ਜੇ ਇਸ ਬਾਰੇ ਗੰਭੀਰਤਾ ਨਾਲ ਕੰਮ ਕੀਤਾ ਹੁੰਦਾ ਤਾਂ ਵਿਧਾਨ ਸਭਾ ਦੇ ਨਤੀਜੇ ਕੁਝ ਹੋਰ ਹੁੰਦੇ। ਇਸੇ ਦੌਰਾਨ ਮੰਥਨ ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਇਕਾਈ ਭਵਿੱਖ ਵਿਚ ਖੁਦਮੁਖਤਾਰੀ ਨਾਲ ਚੱਲੇਗੀ ਤੇ ਫੈਸਲੇ ਲਵੇਗੀ। ਇਹ ਗੱਲ ਵੀ ਉਭਰੀ ਕਿ ਪੰਜਾਬ ਚੋਣਾਂ ਲਈ ਦਿੱਲੀ ਦੀ ਲੀਡਰਸ਼ਿਪ ਵੱਲੋਂ ਘੜੀ ਰਣਨੀਤੀ ਪੂਰੀ ਤਰ੍ਹਾਂ ਫੇਲ੍ਹ ਹੋਈ। ਉਧਰ, ਪਰਵਾਸੀ ਪੰਜਾਬੀਆਂ ਵੱਲੋਂ ਦੁਰਗੇਸ਼ ਪਾਠਕ ਅਤੇ ਸੰਜੇ ਸਿੰਘ ਨੂੰ ਪਾਸੇ ਕਰਨ ਲਈ ਪਾਈ ਆਨਲਾਈਨ ਪਟੀਸ਼ਨ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ ਵਿਚ ਪਰਵਾਸੀ ਪੰਜਾਬੀ 'ਆਪ' ਦੀ ਸੂਬਾਈ ਲੀਡਰਸ਼ਿਪ ਵੱਲੋਂ ਕੀਤੇ ਫੈਸਲੇ ਤੋਂ ਖੁਸ਼ ਨਜ਼ਰ ਆ ਰਹੇ ਹਨ। ਇਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਆਸ ਹੈ ਕਿ ਸੂਬਾਈ ਲੀਡਰਸ਼ਿਪ ਇਕਜੁਟਤਾ ਕਾਇਮ ਰੱਖਦੀ ਹੋਈ ਸੂਬੇ ਦੀ ਸਿਆਸਤ ਵਿਚ ਤੀਜੀ ਧਿਰ ਵਜੋਂ ਪੱਕੇ ਪੈਰੀਂ ਸਥਾਪਤ ਹੋਵੇਗੀ।

ਸੂਬਾਈ ਲੀਡਰਸ਼ਿਪ ਇਸ ਗੱਲ 'ਤੇ ਇਕਮੱਤ ਸੀ ਕਿ ਚੋਣਾਂ ਤੋਂ ਪਹਿਲਾਂ ਪਾਰਟੀ ਵੱਲੋਂ

*(ਬਾਕੀ ਸਫਾ 6 'ਤੇ)*



### ਸਭ ਕੁਝ ਲੁਟਾਉਣ ਤੋਂ ਬਾਅਦ ਹੋਸ਼ ਆਈ: ਛੋਟੇਪੁਰ



**ਗੁਰਦਾਸਪੁਰ:** ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਸਮੀਖਿਆ ਮੀਟਿੰਗ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਸਭ ਕੁਝ ਲੁਟਾਉਣ ਤੋਂ ਬਾਅਦ ਹੋਸ਼ ਆਈ ਤਾਂ ਕੀ ਆਈ! ਉਨ੍ਹਾਂ ਕਿਹਾ ਕਿ ਪਾਰਟੀ ਦੇ ਆਗੂ ਸਿਰਫ ਟਿਕਟਾਂ ਖਾਤਰ ਹੀ ਚੁੱਪ ਬੈਠੇ ਹੋਏ ਸਨ ਅਤੇ ਦਿੱਲੀ ਵਾਲਿਆਂ ਦੀ ਧੱਕੇਸ਼ਾਹੀ ਲਗਾਤਾਰ ਬਰਦਾਸ਼ਤ ਕਰ ਰਹੇ ਸਨ।

# ਭਾਜਪਾ ਦੀ ਫਿਰਕੂ ਸਫਬੰਦੀ

**ਨਵੀਂ ਦਿੱਲੀ:** ਆਪਣੀਆਂ ਫਿਰਕੂ ਟਿੱਪਣੀਆਂ ਕਾਰਨ ਚਰਚਾ ਵਿਚ ਰਹਿਣ ਵਾਲੇ ਯੋਗੀ ਅਦਿਤਿਆਨਾਥ ਨੂੰ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾ ਕੇ ਭਾਜਪਾ ਨੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਕੌਮਾਂਤਰੀ ਪੱਧਰ ਉਥੇ ਅਲੋਚਨਾ ਦੇ ਬਾਵਜੂਦ ਭਾਰਤ ਵਿਚ ਆਪਣੇ ਹਿੰਦੂਤਵੀ ਏਜੰਡੇ ਨੂੰ ਲਾਗੂ ਕਰਨ ਉਤੇ ਦ੍ਰਿੜ੍ਹ ਹੈ।

ਭਾਜਪਾ ਨੇ ਯੂ.ਪੀ. ਵਿਚ 14 ਸਾਲ ਬਾਅਦ ਪੂਰਨ ਬਹੁਮਤ ਨਾਲ ਸਰਕਾਰ ਬਣਾਈ ਹੈ। ਭਾਜਪਾ ਵੱਲੋਂ ਕੱਟੜ ਹਿੰਦੂਵਾਦੀ ਆਗੂ ਯੋਗੀ ਅਦਿਤਿਆਨਾਥ ਨੂੰ ਯੂ.ਪੀ. ਦੀ ਕਮਾਨ ਸੌਂਪਣ 'ਤੇ ਵੱਡੇ ਪੱਧਰ ਉਤੇ ਸਵਾਲ ਉਠ ਰਹੇ ਹਨ। ਭਾਜਪਾ ਆਗੂ ਕੇਸ਼ਵ ਪ੍ਰਸ਼ਾਦ ਮੌਰਿਆ ਭਾਵੇਂ ਮੁੱਖ ਮੰਤਰੀ ਦੀ ਦੌੜ ਵਿਚ ਸਭ ਤੋਂ ਅੱਗੇ ਸਨ, ਪਰ ਆਖਰੀ ਮੌਕੇ ਉਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਫੋਨ ਕਰ ਕੇ ਯੋਗੀ ਨੂੰ ਮੁੱਖ ਮੰਤਰੀ ਬਣਾਉਣ ਦਾ ਹੁਕਮ ਦਿੱਤਾ। ਇਸ ਤੋਂ ਬਾਅਦ ਯੋਗੀ ਨੂੰ ਦਿੱਲੀ ਸੱਦਿਆ ਗਿਆ ਅਤੇ ਉਸ ਦੇ ਨਾਮ ਉਤੇ ਮੁੱਖ ਮੰਤਰੀ ਵਜੋਂ ਮੋਹਰ ਲਾ ਦਿੱਤੀ ਗਈ। ਯੋਗੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਅਮਿਤ ਸ਼ਾਹ ਨੇ

*(ਬਾਕੀ ਸਫਾ 6 'ਤੇ)*

# ਕੈਪਟਨ ਅਮਰਿੰਦਰ ਸਿੰਘ ਨੇ ਫੁਰਤੀ ਫੜੀ




**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਸ ਵਾਰ ਬਦਲੇ ਹੋਏ ਰੂਪ ਵਿਚ ਨਜ਼ਰ ਆ ਰਹੀ ਹੈ। ਪਹਿਲੀ ਵਾਰ ਹੈ ਕਿ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਹੀ ਕੈਬਨਿਟ ਦੇ ਫੈਸਲੇ ਲਾਗੂ ਹੋ ਰਹੇ ਹਨ। ਸਰਕਾਰ ਦੀ ਇਹ ਫੁਰਤੀ ਤੋਂ ਲੋਕ ਹੈਰਾਨ ਹਨ ਅਤੇ ਨਾਲ ਹੀ ਖੁਸ਼ ਵੀ। ਕੈਬਨਿਟ ਦੀ ਪਲੇਠੀ ਮੀਟਿੰਗ ਵਿਚ ਵੀ.ਆਈ.ਪੀ. ਕਲਚਰ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਬਾਰੇ ਅਜੇ ਨੋਟੀਫਿਕੇਸ਼ਨ ਜਾਰੀ ਹੋਣਾ ਹੈ, ਪਰ ਰਸਮੀ ਨੋਟੀਫਿਕੇਸ਼ਨ ਉਡੀਕੇ ਬਿਨਾ ਹੀ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਦੇ ਵਾਹਨਾਂ ਤੋਂ ਲਾਲ ਬੱਤੀਆਂ ਹਟਾ ਦਿੱਤੀਆਂ ਗਈਆਂ ਹਨ। ਕੈਪਟਨ ਸਰਕਾਰ ਨੇ ਭ੍ਰਿਸ਼ਟਾਚਾਰ ਖਿਲਾਫ ਵੀ ਮੁਹਿੰਮ ਵਿੱਢ ਦਿੱਤੀ ਹੈ। ਉਨ੍ਹਾਂ ਸੂਬੇ ਵਿਚ ਪਾਰਦਰਸ਼ੀ ਤੇ ਮਿਆਰੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਤਿੰਨ ਦਿਨਾਂ ਵਿਚ ਚਾਰਜਸ਼ੀਟ ਦਾਇਰ ਕਰਨ ਦਾ ਸਮਾਂ ਤੈਅ ਕੀਤਾ ਹੈ।

ਕੈਪਟਨ ਸਰਕਾਰ ਨੇ ਪਲੇਠੀ ਮੀਟਿੰਗ ਵਿਚ 120 ਦੇ ਕਰੀਬ ਫੈਸਲੇ ਲੈ ਕੇ ਪੰਜਾਬ ਦੇ

*(ਬਾਕੀ ਸਫਾ 6 'ਤੇ)*


**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

ਸੰਨ 1917 ਦੇ ਗਦਰੀ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ

# 17ਵਾਂ ਮੇਲਾ ਗਦਰੀ ਬਾਬਿਆਂ ਦਾ

ਇਸ ਵਾਰ ਨਵੀਂ ਥਾਂ ਤੇ

ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

2 ਅਪ੍ਰੈਲ 2017 ਦਿਨ ਐਤਵਾਰ 12 ਵਜੇ ਤੋਂ ਸ਼ਾਮ 6 ਵਜੇ ਤੱਕ


Central High School (East), Gymnasium 3535 N Cornelia Ave,
Fresno, CA 93722

ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

New Location

Corner of Cornelia & Dakota



ਡਾ ਅਰੂੜ ਸਿੰਘ


ਹਰਨਾਮ ਸਿੰਘ ਸੈਣੀ


ਬਲਵੰਤ ਸਿੰਘ ਖੁਰਦਪੁਰ


ਡਾ ਮਥਰਾ ਸਿੰਘ


ਹਾਫਿਜ਼ ਅਬਦੁਲਾ


ਜਵੰਦ ਸਿੰਘ ਨੰਗਲ ਕਲਾਂ


ਮੁੱਖ ਬੁਲਾਰੇ
ਪ੍ਰੋ. ਨਰੰਜਨ ਸਿੰਘ ਢੇਸੀ

## ਪ੍ਰੋਗਰਾਮ

* ਮੁੱਖ ਮਹਿਮਾਨ 'ਤੇ ਬੁਲਾਰੇ: ਪ੍ਰੋ. ਨਰੰਜਨ ਸਿੰਘ ਢੇਸੀ, ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ, ਧਰਮਵੀਰ ਥਾਂਦੀ, ਜੋਤ ਰਣਜੀਤ ਅਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਇਕ ਵਿਸ਼ੇਸ਼ ਆਈਟਮ ਪੇਸ਼ ਹੋਵੇਗੀ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* 4.0 ਜੀ ਪੀ ਏ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com


ਮੰਚ ਸੰਚਾਲਿਕਾ
ਆਸ਼ਾ ਸ਼ਰਮਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਸੁਖਦੇਵ ਸਿੰਘ ਚੀਮਾ, ਮਨਵੀਰ ਸਿੰਘ ਭੁੱਲਰ, ਸੁਰਜੀਤ ਸਿੰਘ ਸੰਧੂ, ਕਰਮਜੀਤ ਸਿੰਘ ਸਹੋਤਾ।


ਜੋਤ ਰਣਜੀਤ


ਧਰਮਵੀਰ ਥਾਂਦੀ


ਜੀਤਾ ਗਿੱਲ


ਰਜਿੰਦਰ ਸਿੰਘ (ਰਾਜ ਬਰਾੜ)


ਹਰਜੀਤ ਸਿੰਘ

## ਸਪਾਂਸਰ

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ ਬੀ ਟੀ ਆਈ, ਗਿੱਲ ਇੰਨਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਇਟੀ, ਸਮਾਰਟਵੇ ਐਕਸਪ੍ਰੈੱਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸੌਪ ਐਂਡ ਗੈਸ, ਬੋਪਾਰਾਏ ਟਰਾਂਸਪੋਰਟ, ਏ ਐ ਪੀ ਟਰੱਕਿੰਗ, ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)।










**ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

**ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ**

| ਗੁਰਦੀਪ ਸਿੰਘ ਗਿੱਲ<br>ਪ੍ਰਧਾਨ<br>(559) 360-4248 | ਨਵਦੀਪ ਸਿੰਘ ਧਾਲੀਵਾਲ<br>ਵਾਈਸ ਪ੍ਰਧਾਨ<br>(559) 287-0822 | ਸੁਰਿੰਦਰ ਮੰਢਾਲੀ<br>ਸੈਕਰੇਟਰੀ<br>(559) 473-9269 | ਜਸਵੰਤ ਸਿੰਘ ਮਾਨ<br>ਖਜਾਨਚੀ | ਕੁਲਵੀਰ ਸਿੰਘ ਹੇਅਰ<br>(ਮੀਡੀਆ ਸਕੱਤਰ)<br>559-239-5000 |
|---|---|---|---|---|

## ਚਰਨਜੀਤ ਸਿੰਘ ਬਾਠ ਦਾ ਰਿਪਬਲਿਕਨ ਪਾਰਟੀ ਵਲੋਂ ਸਨਮਾਨ 30 ਮਾਰਚ ਨੂੰ

**ਫਰਿਜ਼ਨੋ (ਬਿਊਰੋ):** ਉਘੇ ਕਿਸਾਨ ਤੇ ਪੰਜਾਬੀ ਭਾਈਚਾਰੇ ਦੀ ਸਿਰਕੱਢ ਹਸਤੀ ਸ. ਚਰਨਜੀਤ ਸਿੰਘ ਬਾਠ ਦਾ ਰਿਪਬਲਿਕਨ ਪਾਰਟੀ 30 ਮਾਰਚ ਨੂੰ ਫਰਿਜ਼ਨੋ ਵਿਖੇ ਲਿੰਕਨ ਐਵਾਰਡ ਨਾਲ ਸਨਮਾਨ ਕਰੇਗੀ।



ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸਨਮਾਨ ਸਾਲ 'ਚ ਇੱਕ ਵਾਰ ਕਿਸੇ ਉਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਪਾਰਟੀ ਅਤੇ ਭਾਈਚਾਰੇ ਲਈ ਯੋਗ ਸੇਵਾਵਾਂ ਨਿਭਾਈਆਂ ਹੋਣ। ਇਸ ਸਾਲ ਰਿਪਬਲਿਕਨ ਪਾਰਟੀ ਵਲੋਂ ਸ. ਬਾਠ ਨੂੰ ਇਹ ਸਨਮਾਨ ਲਿੰਕਨ ਰੇਗਨ ਡਿਨਰ 'ਤੇ ਦੇਣ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਸ. ਬਾਠ ਤੇ ਫਰਿਜ਼ਨੋ ਏਰੀਏ ਵਿਚ ਅੰਗੂਰਾਂ ਦੇ ਬਹੁਤ ਵੱਡੇ ਬਾਗ ਹਨ ਅਤੇ ਇਸੇ ਕਰਕੇ ਉਨ੍ਹਾਂ ਨੂੰ ਸੌਗੀ ਦੇ ਬਾਦਸ਼ਾਹ ਕਰਕੇ ਜਾਣਿਆ ਜਾਂਦਾ ਹੈ। ਸ. ਬਾਠ ਭਾਈਚਾਰਕ ਕੰਮਾਂ ਵਿਚ ਵੀ ਬਹੁਤ ਸਰਗਰਮ ਹਨ ਅਤੇ ਸਮਾਜਕ ਕੰਮਾਂ ਲਈ ਖੁੱਲ੍ਹ ਕੇ ਦਾਨ ਵੀ ਦਿੰਦੇ ਆ ਰਹੇ ਹਨ।

## ਸ਼੍ਰੋਮਣੀ ਕਮੇਟੀ ਮੁਤਵਾਜ਼ੀ ਜਥੇਦਾਰਾਂ ਨਾਲ ਗੱਲਬਾਤ ਲਈ ਤਿਆਰ

**ਮੁਕੇਰੀਆਂ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ ਦੇ ਭਖਦੇ ਮਸਲਿਆਂ ਦੇ ਹੱਲ ਲਈ ਸੂਬਾ ਸਰਕਾਰ ਸਮੇਤ ਮੁਤਵਾਜ਼ੀ ਜਥੇਦਾਰਾਂ ਨਾਲ ਹਰ ਪਲੇਟਫਾਰਮ 'ਤੇ ਗੱਲਬਾਤ ਲਈ ਤਿਆਰ ਹੈ।

ਕਮੇਟੀ ਸਿੱਖ ਮਸਲਿਆਂ ਬਾਰੇ ਟਕਰਾਅ ਦੀ ਸਥਿਤੀ ਦੀ ਥਾਂ ਰਲ ਕੇ ਮਸਲੇ ਹੱਲ ਕਰਨ ਨੂੰ ਤਰਜੀਹ ਦੇਵੇਗੀ। ਉਹ ਖਾਲਸਾ ਕਾਲਜ ਗੜ੍ਹਦੀਵਾਲਾ ਵਿਚ ਸ਼੍ਰੋਮਣੀ ਕਮੇਟੀ ਅਧੀਨ ਚੱਲਦੀਆਂ ਵਿਦਿਅਕ ਸੰਸਥਾਵਾਂ ਦੇ ਖਾਲਸਈ ਸਭਿਆਚਾਰਕ ਉਤਸਵ ਦਾ ਉਦਘਾਟਨ ਕਰਨ ਪੁੱਜੇ ਸਨ।

ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਸੀ.ਬੀ.ਆਈ. ਪੜਤਾਲ ਵਿਚ ਲੱਗੀ ਹੋਈ ਹੈ। ਜੇ ਸਾਰਥਿਕ ਸਿੱਟੇ ਨਾ ਨਿਕਲੇ ਤਾਂ ਸ਼੍ਰੋਮਣੀ ਕਮੇਟੀ ਹਰ ਪੱਧਰ 'ਤੇ ਉਪਰਾਲੇ ਕਰੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ 36 ਕਾਲਜਾਂ ਦੇ ਕਰੀਬ 1200 ਵਿਦਿਆਰਥੀਆਂ ਨੇ ਭਾਗ ਲਿਆ।

ਧਾਰਮਿਕ ਨਾਟਕਾਂ ਦੇ ਮੰਚਨ ਸਮੇਤ ਸ਼ਬਦ ਗਾਇਨ, ਤੰਤੀ ਸਾਜ਼ ਵਾਦਨ, ਤਬਲਾ ਵਾਦਕ, ਧਾਰਮਿਕ ਕਵਿਤਾ, ਚਿੱਤਰਕਾਰੀ, ਕਲਾਜ ਮੇਕਿੰਗ, ਕਲੇਅ ਮਾਡਲਿੰਗ, ਪੋਸਟਰ ਮੇਕਿੰਗ ਮੁਕਾਬਲੇ ਅਤੇ ਧਾਰਮਿਕ ਕੁਇਜ਼ ਹੋਈ।

ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਵੀ ਸੀ ਡਾ. ਗੁਰਮੋਹਨ ਸਿੰਘ ਵਾਲੀਆ, ਸ਼੍ਰੋਮਣੀ ਕਮੇਟੀ ਮੈਂਬਰ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਅਤੇ ਹੋਰ ਸ਼ਾਮਲ ਹੋਏ।

## ਭਾਰਤੀ-ਅਮਰੀਕੀਆਂ ਵੱਲੋਂ ਵ੍ਹਾਈਟ ਹਾਊਸ ਅੱਗੇ ਪ੍ਰਦਰਸ਼ਨ

**ਵਾਸ਼ਿੰਗਟਨ:** ਭਾਰਤੀ-ਅਮਰੀਕੀਆਂ ਨੇ ਇਥੇ ਵ੍ਹਾਈਟ ਹਾਊਸ ਅੱਗੇ ਨਸਲੀ ਅਪਰਾਧਾਂ ਵਿਰੁਧ ਜਾਗਰੂਕਤਾ ਰੈਲੀ ਕਰ ਕੇ ਇਸ ਮਾਮਲੇ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਖ਼ਲ ਦੀ ਮੰਗ ਕੀਤੀ।

ਭਾਰਤੀ-ਅਮਰੀਕੀ, ਖ਼ਾਸ ਤੌਰ 'ਤੇ ਹਿੰਦੂ ਤੇ ਸਿੱਖ, ਇਸਲਾਮ ਦੇ ਡਰ ਕਾਰਨ ਹੁੰਦੇ ਅਪਰਾਧਾਂ ਦੇ ਪੀੜਤ ਬਣ ਰਹੇ ਹਨ। ਵੱਖ ਵੱਖ ਗਰੁੱਪਾਂ ਨਾਲ ਸਬੰਧਤ ਦਰਜਨਾਂ ਭਾਰਤੀ-ਅਮਰੀਕੀਆਂ ਨੇ ਭਾਈਚਾਰੇ ਵਿਰੁੱਧ ਨਸਲੀ ਅਪਰਾਧਾਂ ਵਿਚ ਹੋਏ ਵਾਧੇ ਦੇ ਮੱਦੇਨਜ਼ਰ ਸ਼ਾਂਤੀਪੂਰਨ ਪ੍ਰਦਰਸ਼ਨ ਕੀਤਾ। ਇਸ ਮੌਕੇ ਭਾਰਤੀ-ਅਮਰੀਕੀ ਨੌਜਵਾਨ ਡਾਕਟਰ ਐਸ ਸ਼ੇਸ਼ਾਦਰੀ ਨੇ ਕਿਹਾ ਕਿ ਕੈਨਸਾਸ ਵਿਚ ਆਈ.ਟੀ. ਮਾਹਿਰ ਦਾ ਕਤਲ ਤੇ ਗੋਲੀਬਾਰੀ ਇਸ ਦੀ ਤਾਜ਼ਾ ਉਦਾਹਰਨ ਹੈ ਜਿਸ ਨੂੰ ਗਲਤੀ ਨਾਲ ਅਰਬ ਤੇ ਮੁਸਲਮਾਨ ਸਮਝ ਕੇ ਗੋਲੀ ਮਾਰ ਦਿਤੀ ਗਈ। ਮੌਜੂਦਾ ਸਿਆਸੀ ਮਾਹੌਲ ਸਾਰੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲਾ ਹੈ।


ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ



ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626

rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

5887A Lone Tree Way
Antioch, CA 94531

Better Homes | MASON-McDUFFIE


## ਨੋਟਬੰਦੀ ਬਾਰੇ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਸੁਆਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਉਸ ਨੇ ਉਨ੍ਹਾਂ ਲੋਕਾਂ ਲਈ ਵੱਖਰਾ ਵਰਗ ਬਣਾਉਣ ਦਾ ਫ਼ੈਸਲਾ ਕਿਉਂ ਨਹੀਂ ਕੀਤਾ ਜੋ ਬੰਦ ਕੀਤੇ ਜਾ ਚੁੱਕੇ ਨੋਟ 30 ਦਸੰਬਰ 2016 ਤੱਕ ਜਮ੍ਹਾਂ ਨਹੀਂ ਕਰਵਾ ਸਕੇ ਸਨ, ਜਦਕਿ ਪਰਵਾਸੀ ਭਾਰਤੀਆਂ ਤੇ ਵਿਦੇਸ਼ਾਂ 'ਚ ਮੌਜੂਦ ਭਾਰਤੀਆਂ ਲਈ ਅਜਿਹਾ ਪ੍ਰਬੰਧ ਕੀਤਾ ਗਿਆ ਹੈ।

ਚੀਫ ਜਸਟਿਸ ਜੇ ਐਸ ਖੇਹਰ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੇ ਅੱਠ ਨਵੰਬਰ ਦੇ ਸੰਬੋਧਨ ਵਿਚ ਕਿਹਾ ਸੀ ਕਿ ਜਾਇਜ਼ ਕਾਰਨਾਂ ਵਾਲੇ ਲੋਕ 30 ਦਸੰਬਰ 2016 ਤੋਂ ਬਾਅਦ 31 ਮਾਰਚ 2017 ਤੱਕ ਵੀ ਬੰਦ ਹੋ ਚੁੱਕੇ ਨੋਟ ਭਾਰਤੀ ਰਿਜ਼ਰਵ ਬੈਂਕ ਦੀਆਂ ਸ਼ਾਖਾਵਾਂ 'ਚ ਜਮ੍ਹਾਂ ਕਰਵਾ ਸਕਦੇ ਹਨ। ਬੈਂਚ ਨੇ ਸਰਕਾਰ ਨੂੰ ਪੁੱਛਿਆ ਕਿ ਕਾਨੂੰਨ ਤਹਿਤ ਸ਼ਕਤੀਆਂ ਹੋਣ ਦੇ ਬਾਵਜੂਦ ਉਨ੍ਹਾਂ ਲੋਕਾਂ ਦਾ ਵੱਖਰਾ ਵਰਗ ਕਿਉਂ ਨਹੀਂ ਬਣਾਇਆ ਗਿਆ ਜੋ ਬੰਦ ਹੋ ਚੁੱਕੇ ਨੋਟ 30 ਦਸੰਬਰ 2016 ਤੋਂ ਪਹਿਲਾਂ ਜਮ੍ਹਾਂ ਨਹੀਂ ਕਰਵਾ ਸਕੇ।

ਅਦਾਲਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਭਾਸ਼ਣ ਨੇ ਇਹ ਉਮੀਦ ਜਤਾਈ ਸੀ ਕਿ ਮੁਸ਼ਕਿਲ 'ਚ ਫਸੇ ਲੋਕਾਂ ਨੂੰ ਜਾਇਜ਼ ਕਾਰਨ ਦੱਸੇ ਜਾਣ ਦੀ ਸਥਿਤੀ 'ਚ 31 ਮਾਰਚ 2017 ਤੱਕ ਇੱਕ ਮੌਕਾ ਮਿਲੇਗਾ।


ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ

*(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)*

- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*



Arcus LENDING America's Premier Mortgage Experts

*Arcus NMLS # 1035734*

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਕੈਪਟਨ ਅਮਰਿੰਦਰ ਸਿੰਘ ਦੀ 26ਵੇਂ ਮੁੱਖ ਮੰਤਰੀ ਵਜੋਂ ਤਾਜਪੋਸ਼ੀ

## ਕਾਂਗਰਸੀਆਂ ਖਿਲਾਫ ਕੇਸਾਂ ਦੇ ਨਿਬੇੜੇ ਲਈ ਬਣੇਗਾ ਕਮਿਸ਼ਨ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਸਾਦੇ ਸਮਾਗਮ ਦੌਰਾਨ ਪੰਜਾਬ ਦੇ 26ਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਸਮਾਗਮ ਵਿਚ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਈ ਹੋਰ ਸਾਬਕਾ ਕੇਂਦਰੀ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ। ਉਨ੍ਹਾਂ ਨਾਲ ਦੋ ਰਾਜ ਮੰਤਰੀਆਂ ਸਣੇ ਨੌਂ ਕੈਬਨਿਟ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਕੈਪਟਨ ਅਮਰਿੰਦਰ ਸਿੰਘ ਨੇ ਅੰਗਰੇਜ਼ੀ ਵਿਚ ਸਹੁੰ ਚੁੱਕੀ। ਉਨ੍ਹਾਂ ਤੋਂ ਬਾਅਦ ਸਾਬਕਾ ਮੰਤਰੀ ਅਤੇ ਪਟਿਆਲਾ ਦਿਹਾਤੀ ਤੋਂ ਵਿਧਾਇਕ ਬ੍ਰਹਮ ਮਹਿੰਦਰਾ ਨੇ ਦੂਜੇ ਸਥਾਨ 'ਤੇ ਪੰਜਾਬੀ ਵਿਚ ਸਹੁੰ ਚੁੱਕੀ। ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੇ ਠੁੱਕਦਾਰ ਤੇ ਬੁਲੰਦ ਆਵਾਜ਼ ਵਿਚ ਪੰਜਾਬੀ 'ਚ ਅਹੁਦੇ ਦਾ ਹਲਫ਼ ਲਿਆ। ਉਨ੍ਹਾਂ ਨੂੰ ਤੀਜੇ ਸਥਾਨ 'ਤੇ ਸਹੁੰ ਚੁਕਾਉਣ ਨਾਲ ਹਾਲ ਦੀ ਘੜੀ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ ਜਾਪਦਾ ਹੈ। ਉਨ੍ਹਾਂ ਤੋਂ ਬਾਅਦ ਬਠਿੰਡਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਬਾਦਲ ਨੇ ਵੀ ਪੰਜਾਬੀ ਵਿਚ ਸਹੁੰ ਚੁੱਕੀ।

ਉਨ੍ਹਾਂ ਪਿੱਛੋਂ ਨਾਭਾ ਤੋਂ ਵਿਧਾਇਕ ਸਾਧੂ ਸਿੰਘ ਧਰਮਸੋਤ, ਫਤਿਹਗੜ੍ਹ ਚੂੜੀਆਂ ਤੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਪੰਜਾਬੀ ਵਿਚ ਸਹੁੰ ਚੁੱਕੀ, ਜਦਕਿ ਰਾਣਾ ਗੁਰਜੀਤ ਸਿੰਘ ਨੇ ਅੰਗਰੇਜ਼ੀ ਵਿਚ ਅਤੇ ਕਾਂਗਰਸ ਵਿਧਾਇਕ ਦਲ ਦੇ ਸਾਬਕਾ ਨੇਤਾ ਅਤੇ ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਚੰਨੀ ਨੇ ਪੰਜਾਬੀ ਵਿਚ ਹਲਫ ਲਿਆ। ਦੀਨਾਨਗਰ ਤੋਂ ਵਿਧਾਇਕਾ ਅਰੁਣਾ ਚੌਧਰੀ ਨੇ ਹਿੰਦੀ ਵਿਚ ਅਤੇ ਮਾਲੇਰਕੋਟਲਾ ਤੋਂ ਵਿਧਾਇਕਾ ਰਜ਼ੀਆ ਸੁਲਤਾਨਾ ਨੇ ਪੰਜਾਬੀ ਵਿਚ ਰਾਜ ਮੰਤਰੀਆਂ ਵਜੋਂ ਸਹੁੰ ਚੁੱਕੀ। ਕੁਝ ਸੀਨੀਅਰ ਕਾਂਗਰਸ ਵਿਧਾਇਕਾਂ ਨੂੰ ਮੰਤਰੀ ਨਾ ਬਣਾਏ ਜਾਣ ਬਾਰੇ ਕੈਪਟਨ ਨੇ ਕਿਹਾ ਕਿ ਉਹ ਵੀ ਛੇਤੀ ਵਜ਼ਾਰਤ ਵਿਚ ਸ਼ਾਮਲ ਹੋ ਜਾਣਗੇ। ਇਸ ਮੌਕੇ ਮੁੱਖ ਮੰਤਰੀ ਨੂੰ ਵਧਾਈਆਂ ਦੇਣ ਵਾਲਿਆਂ ਦਾ ਹੜ੍ਹ ਆ ਗਿਆ। ਸ੍ਰੀ ਗਾਂਧੀ ਅਤੇ ਡਾ. ਮਨਮੋਹਨ ਸਿੰਘ ਨਾਲ ਚਾਹ ਪੀਣ ਸਮੇਂ ਸੁਰੱਖਿਆ ਜਵਾਨਾਂ ਨੇ ਜ਼ੋਰ ਲਾ ਕੇ ਮੀਡੀਆ ਤੇ ਹੋਰਾਂ ਨੂੰ ਪਿੱਛੇ ਕੀਤਾ। ਭੀੜ ਕਰ ਕੇ ਰਾਜ ਭਵਨ ਦੇ ਇਕ-ਦੋ ਸ਼ੀਸ਼ੇ ਵੀ ਟੁੱਟ ਗਏ।

ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀ ਸਰਕਾਰ ਦੇ ਕਾਰਜਕਾਲ ਵਿਚ ਸਿਆਸੀ ਕਿੜ ਕੱਢਣ ਲਈ ਕਾਂਗਰਸੀਆਂ ਖਿਲਾਫ਼ ਦਰਜ ਕੇਸਾਂ ਦਾ ਕਾਨੂੰਨੀ ਢੰਗ ਨਾਲ ਨਿਪਟਾਰਾ ਕਰਨ ਲਈ ਜਾਂਚ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਸੂਤਰਾਂ ਮੁਤਾਬਕ ਜਾਂਚ ਕਮਿਸ਼ਨ ਨੂੰ ਅਗਲੇ ਕੁਝ ਦਿਨਾਂ ਵਿਚ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰੇ ਮਗਰੋਂ ਅਮਲੀ ਰੂਪ ਦਿੱਤਾ ਜਾਵੇਗਾ। ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਈ ਵਿਧਾਨ ਸਭਾ ਹਲਕਿਆਂ ਦੇ ਕਾਂਗਰਸੀਆਂ ਨੇ ਕੈਪਟਨ ਅਮਰਿੰਦਰ ਸਿੰਘ ਕੋਲ ਉਨ੍ਹਾਂ ਖਿਲਾਫ਼ ਦਰਜ ਝੂਠੇ ਕੇਸਾਂ ਨਾਲ ਸਬੰਧਤ ਸ਼ਿਕਾਇਤਾਂ ਕੀਤੀਆਂ ਸਨ। ਉਦੋਂ ਕੈਪਟਨ ਨੇ ਭਰੋਸਾ ਦਿੱਤਾ ਸੀ ਕਿ ਕਾਂਗਰਸ ਸਰਕਾਰ ਆਉਣ ਸਮੇਂ ਸਾਰੇ ਕੇਸਾਂ ਦੇ ਮੁਲਾਂਕਣ ਮਗਰੋਂ ਇਨ੍ਹਾਂ ਨੂੰ ਰੱਦ ਕਰਵਾਇਆ ਜਾਵੇਗਾ।




## ਸ਼੍ਰੋਮਣੀ ਕਮੇਟੀ ਕਰੇਗੀ ਕੈਪਟਨ ਦਾ ਸਨਮਾਨ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਦਰਬਾਰ ਸਾਹਿਬ, ਅੰਮ੍ਰਿਤਸਰ ਪੁੱਜਣ 'ਤੇ ਸਨਮਾਨ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਕਾਂਗਰਸ ਦੇ ਮੁੱਖ ਮੰਤਰੀਆਂ ਤੇ ਹੋਰ ਸ਼ਖਸੀਅਤਾਂ ਨਾਲ ਸਬੰਧ ਜ਼ਿਆਦਾਤਰ ਅਸੁਖਾਵੇਂ ਰਹੇ ਹਨ। ਅਜਿਹੇ ਵਿਚ ਕਈ ਮੌਕਿਆਂ 'ਤੇ ਦਰਬਾਰ ਸਾਹਿਬ ਪੁੱਜਣ ਉਤੇ ਕਈ ਕਾਂਗਰਸੀਆਂ ਨੂੰ ਸਿਰੋਪਾਉ ਨਹੀਂ ਦਿੱਤੇ ਗਏ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਫੈਸਲਿਆਂ ਦੇ ਉਲਟ ਕਾਂਗਰਸ ਤਰਫੋਂ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਰਬਾਰ ਸਾਹਿਬ ਵਿਖੇ ਸਨਮਾਨਤ ਕਰਨ ਦਾ ਫੈਸਲਾ ਲੈਣਾ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ।

## ਫੂਲਕਾ 'ਆਪ' ਵਿਧਾਇਕ ਦਲ ਦੇ ਨੇਤਾ ਬਣੇ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਵਕੀਲ ਐਚ.ਐਸ. ਫੂਲਕਾ ਨੂੰ ਪਾਰਟੀ ਦੇ ਵਿਧਾਇਕ ਦਲ ਦਾ ਸਰਬਸੰਮਤੀ ਨਾਲ ਆਗੂ ਚੁਣ ਲਿਆ ਗਿਆ। ਸੁਖਪਾਲ ਖਹਿਰਾ ਨੂੰ ਵਿਧਾਨ ਸਭਾ ਵਿਚ 'ਆਪ' ਦਾ ਚੀਫ ਵਿਪ੍ਹ ਬਣਾਇਆ ਗਿਆ ਹੈ।



ਸ੍ਰੀ ਕੇਜਰੀਵਾਲ ਦੇ ਗ੍ਰਹਿ ਵਿਖੇ 'ਆਪ' ਦੀ ਪੰਜਾਬ ਇਕਾਈ ਦੇ ਹਾਲ ਹੀ ਵਿਚ ਚੁਣੇ ਗਏ ਵਿਧਾਇਕਾਂ, ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ, ਲੋਕ ਇਨਸਾਫ਼ ਪਾਰਟੀ ਦੇ ਲੁਧਿਆਣਾ ਤੋਂ ਚੁਣੇ ਗਏ ਵਿਧਾਇਕ ਬੈਂਸ ਭਰਾਵਾਂ, ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਤੇ ਪਾਰਟੀ ਦੇ ਓਵਰਸੀਜ਼ ਵਿੰਗ ਦੇ ਮੁਖੀ ਡਾ. ਕੁਮਾਰ ਵਿਸ਼ਵਾਸ ਵੀ ਹਾਜ਼ਰ ਸਨ। ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਪਾਰਟੀ ਨੇ ਪੰਜਾਬ ਵਿੱਚ 'ਆਪ' ਦੇ ਨਵੇਂ ਚੁਣੇ ਵਿਧਾਇਕਾਂ ਦੀ ਮੌਜੂਦਗੀ ਵਿਚ ਸਰਬਸੰਮਤੀ ਐਚ.ਐਚ ਫੂਲਕਾ ਨੂੰ ਵਿਧਾਇਕ ਦਲ ਦਾ ਨੇਤਾ ਤੇ ਸੁਖਪਾਲ ਸਿੰਘ ਖਹਿਰਾ ਨੂੰ ਚੀਫ ਵਿਪ੍ਹ ਬਣਾਇਆ ਗਿਆ।

## ਕੈਪਟਨ ਅਮਰਿੰਦਰ ਦੇ ਸਾਰੇ ਮੰਤਰੀ 50 ਤੋਂ ਪਾਰ

**ਬਰਨਾਲਾ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ 'ਚ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਉਪਰੰਤ ਆਪਣੀ ਵਜ਼ਾਰਤ ਵਿਚ 9 ਮੰਤਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਕੈਪਟਨ ਸਰਕਾਰ 'ਚ ਸ਼ਾਮਲ ਮੰਤਰੀਆਂ ਬਾਰੇ ਦਿਲਚਸਪ ਪਹਿਲੂ ਇਹ ਹੈ ਕਿ ਕੈਪਟਨ ਸਮੇਤ ਸਾਰਿਆਂ ਦੀ ਉਮਰ 50 ਸਾਲ ਤੋਂ ਪਾਰ ਹੈ। ਕੈਪਟਨ ਅਮਰਿੰਦਰ ਸਿੰਘ ਲੰਘੀ 11 ਮਾਰਚ ਚੋਣ ਨਤੀਜਿਆਂ ਵਾਲੇ ਦਿਨ 75 ਸਾਲ ਦੇ ਹੋਏ ਹਨ। ਬ੍ਰਹਮ ਮਹਿੰਦਰਾ ਜੋ ਪਟਿਆਲਾ ਦਿਹਾਤੀ ਹਲਕੇ ਤੋਂ ਹਨ, ਦੀ ਉਮਰ 70 ਸਾਲ, ਨਵਜੋਤ ਸਿੰਘ ਸਿੱਧੂ (ਅੰਮ੍ਰਿਤਸਰ ਪੂਰਬੀ) 53, ਮਨਪ੍ਰੀਤ ਸਿੰਘ ਬਾਦਲ (ਬਠਿੰਡਾ ਸ਼ਹਿਰੀ) 54, ਸਾਧੂ ਸਿੰਘ ਧਰਮਸੋਤ (ਨਾਭਾ) 56, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ) 73, ਰਾਣਾ ਗੁਰਜੀਤ ਸਿੰਘ (ਕਪੂਰਥਲਾ) 64, ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ) 53 ਸਾਲ, ਅਰੁਣਾ ਚੌਧਰੀ (ਦੀਨਾ ਨਗਰ) 60 ਸਾਲ ਤੇ ਬੀਬੀ ਰਜ਼ੀਆ ਸੁਲਤਾਨਾ (ਮਾਲੇਰਕੋਟਲਾ) ਦੀ ਉਮਰ 50 ਸਾਲ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਨੇ 117 ਵਿਧਾਨ ਸਭਾ ਹਲਕਿਆਂ 'ਚੋਂ 77 ਉਪਰ ਜਿੱਤ ਹਾਸਲ ਕੀਤੀ ਹੈ ਤੇ 26 ਹਲਕਿਆਂ ਵਿਚ 50 ਸਾਲ ਤੋਂ ਘੱਟ ਉਮਰ ਵਾਲੇ ਆਗੂ ਵਿਧਾਇਕ ਬਣੇ ਹਨ।

## ਕੈਪਟਨ ਦਾ ਸਿਆਸੀ ਸਫਰ...

**ਚੰਡੀਗੜ੍ਹ:** ਪੰਜਾਬ ਵਿਚ ਤਿਕੋਣੇ ਮੁਕਾਬਲੇ ਦੌਰਾਨ ਕਾਂਗਰਸ ਪਾਰਟੀ ਦੀ ਝੋਲੀ 77 ਸੀਟਾਂ ਨਾਲ ਵੱਡੀ ਜਿੱਤ ਪਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਪੰਜਾਬੀਆਂ ਦੇ ਚਹੇਤੇ ਆਗੂ ਹਨ। 75 ਸਾਲਾ ਕੈਪਟਨ ਅਮਰਿੰਦਰ ਸਿੰਘ ਦੇ ਸਿਰ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਦਾ ਤਾਜ ਸਜਿਆ ਹੈ। ਪੂਰੇ 10 ਸਾਲ ਬਾਅਦ ਪੰਜਾਬ ਦੀ ਸੱਤਾ 'ਤੇ ਮੁੜ ਕਾਬਜ਼ ਹੋਣਾ ਪੰਜਾਬ ਵਿਚ ਕਾਂਗਰਸ ਪਾਰਟੀ ਦੇ ਮਜ਼ਬੂਤ ਆਧਾਰ ਦਾ ਸਬੂਤ ਹੈ।



ਕਿਸੇ ਵੇਲੇ ਅਕਾਲੀ ਦਲ ਦੇ ਆਗੂ ਰਹੇ ਕੈਪਟਨ ਨੇ ਦਹਾਕੇ ਤੋਂ ਸੱਤਾ 'ਤੇ ਕਾਬਜ਼ ਅਕਾਲੀ ਦਲ ਨੂੰ ਵੱਡੀ ਹਾਰ ਦਿੱਤੀ ਹੈ। ਪਟਿਆਲਾ ਦੇ ਮਹਾਰਾਜਾ ਕਹੇ ਜਾਂਦੇ ਕੈਪਟਨ ਨੇ 1965 ਦੀ ਭਾਰਤ-ਪਾਕਿ ਜੰਗ ਵਿਚ ਵੀ ਹਿੱਸਾ ਲਿਆ ਸੀ। ਮਰਹੂਮ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਦੇ ਘਰ ਜੰਮੇ ਕੈਪਟਨ ਅਮਰਿੰਦਰ ਸਿੰਘ ਨੇ ਸਕੂਲੀ ਪੜ੍ਹਾਈ ਲਾਰੈਂਸ ਸਕੂਲ, ਸਨਾਵਰ ਤੇ ਦੇਹਰਾਦੂਨ ਦੇ ਦੂਨ ਸਕੂਲ ਵਿਚ ਪੂਰੀ ਕੀਤੀ। ਕੈਪਟਨ ਨੇ 1959 ਵਿਚ ਨੈਸ਼ਨਲ ਡਿਫੈਂਸ ਸਕੂਲ ਵਿਚ ਦਾਖਲਾ ਲਿਆ ਤੇ 1963 ਵਿਚ ਗਰੈਜੂਏਸ਼ਨ ਪੂਰੀ ਕੀਤੀ। 1963 ਵਿਚ ਹੀ ਕੈਪਟਨ ਨੇ ਭਾਰਤੀ ਫੌਜ ਦੀ ਦੂਜੀ ਬੀ.ਐਨ. ਸਿੱਖ ਰੈਜੀਮੈਂਟ ਵਿਚ ਸੇਵਾਵਾਂ ਸ਼ੁਰੂ ਕਰ ਦਿੱਤੀਆਂ। ਕੈਪਟਨ ਦੇ ਪਿਤਾ ਤੇ ਦਾਦਾ ਨੇ ਵੀ ਇਸੇ ਰੈਜੀਮੈਂਟ ਵਿਚ ਦੇਸ਼ ਦੀ ਸੇਵਾ ਕੀਤੀ ਸੀ। ਦੋ ਸਾਲ ਕੈਪਟਨ ਇੰਡੋ ਤਿੱਬਤੀ ਸਰਹੱਦ 'ਤੇ ਤਾਇਨਾਤ ਰਹੇ। 1965 ਵਿਚ ਆਪਣੇ ਪਿਤਾ ਮਹਾਰਾਜਾ ਯਾਦਵਿੰਦਰ ਸਿੰਘ ਦੇ ਇਟਲੀ ਦੇ ਰਾਜਦੂਤ ਨਿਯੁਕਤ ਹੋ ਜਾਣ 'ਤੇ ਕੈਪਟਨ ਨੇ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਕਾਰਨ ਫੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ। ਭਾਰਤ-ਪਾਕਿਸਤਾਨ ਦਰਮਿਆਨ ਤਣਾਅ ਵਧਣ ਕਾਰਨ ਕੈਪਟਨ ਨੇ ਮੁੜ ਨੌਕਰੀ 'ਤੇ ਬਹਾਲੀ ਕਰ ਲਈ ਤੇ 1966 ਵਿਚ ਭਾਰਤ-ਪਾਕਿ ਯੁੱਧ ਖਤਮ ਹੋ ਜਾਣ ਉਤੇ ਮੁੜ ਅਸਤੀਫਾ ਦੇ ਦਿੱਤਾ ਸੀ।

1980 ਵਿਚ ਪਹਿਲੀ ਵਾਰ ਕਾਂਗਰਸ ਪਾਰਟੀ ਵੱਲੋਂ ਵਿਧਾਨ ਸਭਾ ਚੋਣ ਲੜਨ ਤੇ ਜਿੱਤਣ ਨਾਲ ਕੈਪਟਨ ਦਾ ਰਾਜਨੀਤਕ ਸਫਰ ਸ਼ੁਰੂ ਹੋਇਆ। 1984 ਵਿਚ ਸ੍ਰੀ ਦਰਬਾਰ 'ਤੇ ਫੌਜੀ ਹਮਲੇ ਦੇ ਰੋਸ ਵਿਚ ਕੈਪਟਨ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ। 1985 ਵਿਚ ਕੈਪਟਨ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। 1995 ਵਿਚ ਅਕਾਲੀ ਦਲ ਲੌਂਗੋਵਾਲ ਦੀ ਟਿਕਟ 'ਤੇ ਕੈਪਟਨ ਪੰਜਾਬ ਅਸੈਂਬਲੀ ਵਿਚ ਚੁਣੇ ਗਏ। ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵਿਚ ਕੈਪਟਨ ਖੇਤੀਬਾੜੀ ਮੰਤਰੀ ਰਹੇ।

5 ਮਈ 1996 ਵਿਚ ਦਰਬਾਰ ਸਾਹਿਬ ਅੰਦਰ ਨੀਮ ਫੌਜੀ ਬਲਾਂ ਦੀ ਤਾਇਨਾਤੀ ਦੇ ਵਿਰੋਧ ਵਿਚ ਕੈਪਟਨ ਨੇ ਪੰਜਾਬ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ ਤੇ ਆਪਣਾ ਵੱਖਰਾ ਪੰਥਕ ਅਕਾਲੀ ਦਲ ਬਣਾ ਲਿਆ, ਜਿਸ ਦਾ 1997 ਵਿਚ ਕਾਂਗਰਸ ਵਿਚ ਰਲੇਵਾਂ ਹੋ ਗਿਆ ਸੀ। 1998 ਵਿਚ ਹੋਈਆਂ ਸੰਸਦੀ ਚੋਣਾਂ ਵਿਚ ਕੈਪਟਨ ਨੂੰ ਕੋਈ ਖਾਸ ਪ੍ਰਾਪਤੀ ਨਹੀਂ ਹੋਈ।

1999-2002 ਤੱਕ ਕਾਂਗਰਸ ਪੰਜਾਬ ਕਾਂਗਰਸ ਪ੍ਰਧਾਨ ਰਹੇ ਤੇ 2002 ਵਿਚ ਵਿਧਾਨ ਸਭਾ ਚੋਣਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕਰ ਕੇ ਕੈਪਟਨ ਪੰਜਾਬ ਦੇ ਮੁੱਖ ਮੰਤਰੀ ਬਣੇ ਤੇ 2007 ਤੱਕ ਪੂਰੇ ਪੰਜ ਸਾਲ ਕੈਪਟਨ ਨੇ ਪੰਜਾਬ ਦੀ ਕਮਾਨ ਸੰਭਾਲੀ। 2008 ਵਿਚ ਜ਼ਮੀਨ ਤਬਾਦਲੇ ਮਾਮਲੇ ਵਿਚ ਅਨਿਯਮੀਆਂ ਦੇ ਇਲਜ਼ਾਮਾਂ ਤੋਂ ਬਾਅਦ ਕੈਪਟਨ ਨੂੰ ਸੂਬਾ ਵਿਧਾਨ ਸਭਾ ਪੈਨਲ ਵਿਚੋਂ ਕੱਢ ਦਿੱਤਾ ਗਿਆ। 2010 ਵਿਚ ਕੈਪਟਨ ਨੂੰ ਇਸ ਮਾਮਲੇ ਵਿਚ ਸੁਪਰੀਮ ਕੋਰਟ ਤੋਂ ਰਾਹਤ ਮਿਲੀ।

2012 ਵਿਚ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਵਿਚ ਦੂਜੀ ਵਾਰ ਕਰਾਰੀ ਹਾਰ ਮਿਲੀ। 2013 ਵਿਚ ਕੈਪਟਨ ਮੁੜ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਤੇ 2013 ਤੱਕ ਲਗਾਤਾਰ ਕਾਂਗਰਸ ਵਰਕਿੰਗ ਕਮੇਟੀ ਦੇ ਸਥਾਈ ਇਨਵਾਇਟੀ ਰਹੇ। 2014 ਵਿਚ ਕੈਪਟਨ ਨੇ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜੀ ਤੇ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੂੰ ਇਕ ਲੱਖ ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਗਹਿਮਾ ਗਹਿਮੀ ਦਰਮਿਆਨ ਨਵੰਬਰ 2016 ਵਿਚ ਕੈਪਟਨ ਨੇ ਐਸ.ਵਾਈ.ਐਲ. ਦੇ ਮੁੱਦੇ 'ਤੇ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਕੈਪਟਨ ਮੁੜ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ।

ਮਾਰਚ 2017 ਵਿਚ ਕੈਪਟਨ ਦੀ ਅਗਵਾਈ ਵਿਚ 10 ਸਾਲਾਂ ਬਾਅਦ ਪੰਜਾਬ ਵਿਚ ਕਾਂਗਰਸ ਦੀ ਵਾਪਸੀ ਹੋਈ ਤੇ ਕੈਪਟਨ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣ ਗਏ ਹਨ। ਦੇਸ਼ ਦੁਨੀਆਂ ਘੁੰਮਣ ਦੇ ਸ਼ੌਕੀਨ ਕੈਪਟਨ ਅਮਰਿੰਦਰ ਸਿੰਘ ਨੇ '1965 ਦੇ ਭਾਰਤ-ਪਾਕਿ ਜੰਗ ਦੀਆਂ ਯਾਦਾਂ' ਸਮੇਤ ਕਈ ਕਿਤਾਬਾਂ ਵੀ ਲਿਖੀਆਂ ਹਨ। ਨੌਜਵਾਨ ਲੇਖਕ ਖੁਸ਼ਵੰਤ ਸਿੰਘ ਨੇ ਕੈਪਟਨ ਦੀ ਜ਼ਿੰਦਗੀ ਉਤੇ ਕਿਤਾਬ "'ਦ ਪੀਪਲਜ਼ ਮਹਾਰਾਜਾ' ਲਿਖੀ ਹੈ।

# ਪੰਜਾਬ ਦੇ ਦੋ ਉਪ ਕੁਲਪਤੀਆਂ ਵਲੋਂ ਅਸਤੀਫੇ

**ਪਟਿਆਲਾ:** ਪੰਜਾਬ ਵਿਚ ਸੱਤਾ ਤਬਦੀਲ ਹੁੰਦਿਆਂ ਹੀ ਇਹ ਅਚਨਚੇਤੀ ਨਵੇਂ ਬਦਲਾਅ ਆਏ ਹਨ। ਡਾ. ਜਸਪਾਲ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਹ ਅਸਤੀਫਾ ਉਨ੍ਹਾਂ ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਨੂੰ ਸੌਂਪਿਆ। ਡਾ. ਜਸਪਾਲ ਸਿੰਘ ਨੇ ਵਾਈਸ ਚਾਂਸਲਰ ਦਾ ਅਹੁਦਾ 11 ਦਸੰਬਰ 2007 ਨੂੰ ਸੰਭਾਲਿਆ ਸੀ। ਉਨ੍ਹਾਂ ਨੂੰ ਤਿੰਨ ਸਾਲਾਂ ਦੀ ਮਿਲੀ ਮਿਆਦ ਵਿਚ 2010 ਤੇ ਫਿਰ 2013 ਵਿਚ ਵਾਧਾ ਕੀਤਾ ਗਿਆ।

11 ਦਸੰਬਰ 2015 ਨੂੰ ਤਿੰਨ ਸਾਲਾਂ ਲਈ ਮੁੜ ਡਾ. ਜਸਪਾਲ ਸਿੰਘ ਦੇ ਅਹੁਦੇ ਦੀ ਮਿਆਦ ਵਧਾਈ ਗਈ। ਜਾਣਕਾਰੀ ਅਨੁਸਾਰ ਡਾ. ਜਸਪਾਲ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਵਿਵਾਦਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਜਦੋਂ ਵੀ ਕੋਈ ਵਿਵਾਦ ਉਠਦਾ ਸੀ ਤਾਂ ਉਨ੍ਹਾਂ ਕਦੇ ਵੀ ਖੁਦ ਉਸ ਵਿਵਾਦ ਬਾਰੇ ਕੁਝ ਨਹੀਂ ਕਿਹਾ, ਸਗੋਂ ਅਧਿਕਾਰੀਆਂ ਦੀ ਟੀਮ ਸਾਰੇ ਮਸਲੇ ਹੱਲ ਕਰਦੀ ਸੀ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਜਾਇਬ ਸਿੰਘ ਬਰਾੜ ਨੇ ਅਚਨਚੇਤੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਮਿਲੇ ਵੇਰਵਿਆਂ ਮੁਤਾਬਕ ਉਪ ਕੁਲਪਤੀ



ਪ੍ਰੋ. ਬਰਾੜ ਪਿਛਲੇ ਕੁਝ ਸਮੇਂ ਤੋਂ ਛੁੱਟੀ ਉਤੇ ਹਨ ਅਤੇ ਗੁੜਗਾਉਂ ਵਿਚ ਆਪਣੇ ਘਰ ਵਿਚ ਪਰਿਵਾਰ ਨਾਲ ਰਹਿ ਰਹੇ ਹਨ। ਪ੍ਰੋ. ਬਰਾੜ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਸਿਹਤ ਠੀਕ ਨਹੀਂ ਹੈ ਅਤੇ ਸਿਹਤਯਾਬੀ ਲਈ ਉਸ ਨੂੰ ਸਮਾਂ ਦੇਣਾ ਜ਼ਰੂਰੀ ਹੈ

ਇਸ ਲਈ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਦੌਰਾਨ ਉਹ ਗੁੜਗਾਉਂ ਵਿਖੇ ਆਪਣੇ ਘਰ ਵਿਚ ਰਹਿਣਗੇ। ਪ੍ਰੋ. ਬਰਾੜ 15 ਜੁਲਾਈ 2009 ਨੂੰ ਤਿੰਨ ਸਾਲਾਂ ਦੇ ਸਮੇਂ ਵਾਸਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਬਣੇ ਸਨ। ਇਸ ਮਗਰੋਂ ਦੋ ਵਾਰ ਉਨ੍ਹਾਂ ਦੇ ਸੇਵਾਕਾਲ ਦੀ ਮਿਆਦ ਵਧਾਈ ਜਾ ਚੁੱਕੀ ਹੈ। ਉਹ ਇਸ ਤੋਂ ਪਹਿਲਾਂ ਲਖਨਊ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ।

# ਅਮਰੀਕਾ ਵੱਲੋਂ ਐਚ-1ਬੀ ਵੀਜ਼ਾ ਪ੍ਰੀਮੀਅਮ ਪ੍ਰਕ੍ਰਿਆ ਮੁਅੱਤਲ

**ਵਾਸ਼ਿੰਗਟਨ:** ਅਮਰੀਕਾ ਨੇ ਐਚ-1ਬੀ ਵੀਜ਼ਾ ਪ੍ਰੀਮੀਅਮ ਪ੍ਰਕਿਰਿਆ ਆਰਜ਼ੀ ਰੂਪ ਨਾਲ ਮੁਅੱਤਲ ਕਰ ਦਿੱਤੀ ਹੈ। ਅਪਰੈਲ ਦੇ ਪਹਿਲੇ ਹਫਤੇ 'ਚ ਵਰਕ ਵੀਜ਼ੇ ਲਈ ਵੱਡੀ ਗਿਣਤੀ ਵਿਚ ਆਉਣ ਵਾਲੀਆਂ ਅਰਜ਼ੀਆਂ ਨੂੰ ਵੇਖਦੇ ਹੋਏ ਇਹ ਕਦਮ ਉਠਾਇਆ ਗਿਆ ਹੈ।

ਐਚ-1ਬੀ ਵੀਜ਼ਾ ਭਾਰਤੀ ਆਈ.ਟੀ. ਕੰਪਨੀਆਂ ਅਤੇ ਪੇਸ਼ੇਵਰਾਂ ਦਰਮਿਆਨ ਕਾਫੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਅਮਰੀਕੀ ਨਾਗਰਿਕਤਾ ਅਤੇ ਆਵਾਸ ਸੇਵਾਵਾਂ (ਯੂ.ਐਸ.ਸੀ.ਆਈ.ਐਸ.) ਦੀ ਕਾਰਜਕਾਰੀ ਨਿਰਦੇਸ਼ਕ ਲੋਰੀ ਸਾਈਲਆਬਾ ਨੇ ਸਦਨ ਦੇ ਮੈਂਬਰਾਂ ਨੂੰ ਦੱਸਿਆ ਕਿ ਐਚ-1ਬੀ ਵੀਜ਼ਾ ਪ੍ਰਣਾਲੀ ਨੂੰ ਮੁਅੱਤਲ ਨਹੀਂ ਕੀਤਾ ਗਿਆ ਹੈ, ਅਸੀਂ ਪ੍ਰੀਮੀਅਮ ਪ੍ਰਕਿਰਿਆ ਨੂੰ ਮੁਅੱਤਲ ਕੀਤਾ ਹੈ, ਇਸ ਦਾ ਅਰਥ ਹੈ ਕਿ ਅਸੀਂ ਅਰਜ਼ੀਆਂ ਦੀ ਪ੍ਰੋਸੈਸਿੰਗ 15 ਦਿਨਾਂ 'ਚ ਕਰਨੀ ਹੋਵੇਗੀ। ਅਮਰੀਕਾ ਵਿੱਤੀ ਸਾਲ 2017-18 ਲਈ ਐਚ-1ਬੀ ਵਰਕ ਵੀਜ਼ੇ ਲਈ ਅਰਜ਼ੀਆਂ 3 ਅਪਰੈਲ ਤੋਂ ਸਵੀਕਾਰ ਕਰਨਾ ਸ਼ੁਰੂ ਕਰੇਗਾ। ਸਾਂਸਦਾਂ ਦੇ ਸਵਾਲ 'ਤੇ ਲੋਰੀ ਨੇ ਕਿਹਾ ਕਿ ਅਪਰੈਲ ਦੇ ਪਹਿਲੇ ਹਫਤੇ ਵਿਚ (ਯੂ.ਐਸ.ਸੀ.ਆਈ.ਐਸ.) ਨੂੰ ਦੋ ਲੱਖ ਜਾਂ ਇਸ ਤੋਂ ਜ਼ਿਆਦਾ ਐਚ-1ਬੀ ਅਰਜ਼ੀਆਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਅਸੀਂ ਪ੍ਰੀਮੀਅਮ ਪ੍ਰੋਸੈਸਿੰਗ ਨਹੀਂ ਕਰ ਸਕਾਂਗੇ, ਜੇਕਰ ਇਕ ਹਫਤੇ 'ਚ ਸਾਨੂੰ ਦੋ ਲੱਖ ਅਰਜ਼ੀਆਂ ਮਿਲਣਗੀਆਂ ਤਾਂ ਅਜਿਹਾ ਕਰਨਾ ਸੰਭਵ ਨਹੀਂ ਹੈ। ਇਸ ਲਈ ਇਸ ਨੂੰ ਆਰਜ਼ੀ ਰੂਪ ਨਾਲ ਮੁਅੱਤਲ ਕੀਤਾ ਗਿਆ ਹੈ।

# ਉਲਾਂਭੇ ਦੂਰ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਮਰਕੱਸੇ

**ਚੰਡੀਗੜ੍ਹ:** ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਪਹਿਲੀ ਕੈਬਨਿਟ ਮੀਟਿੰਗ ਦੌਰਾਨ ਲਾਲ ਬੱਤੀ ਕਲਚਰ ਖਤਮ ਕਰਨ, ਕਿਸਾਨਾਂ ਦੇ ਕਰਜ਼ਿਆਂ ਦਾ ਨਿਬੇੜਾ ਕਰਨ ਲਈ ਵਜ਼ਾਰਤ ਦੀ ਸਬ ਕਮੇਟੀ ਬਣਾਉਣ, ਹਰ ਤਰ੍ਹਾਂ ਦੇ ਮਾਫੀਆ ਨੂੰ ਨੇਸਤੋ-ਨਾਬੂਦ ਕਰਨ ਲਈ ਟਾਸਕ ਫੋਰਸ ਕਾਇਮ ਕਰਨ, ਸ਼ਕਤੀਸ਼ਾਲੀ ਲੋਕਪਾਲ ਬਣਾਉਣ, ਡੀ.ਟੀ.ਓ. ਦੇ ਦਫਤਰ ਖਤਮ ਕਰਨ ਸਮੇਤ ਸੌ ਤੋਂ ਵੱਧ ਅਹਿਮ ਫੈਸਲੇ ਕੀਤੇ ਹਨ। ਇਨ੍ਹਾਂ ਫੈਸਲਿਆਂ ਨਾਲ ਸੂਬੇ ਦੀ ਨੁਹਾਰ ਤੇ ਫਿਜ਼ਾ ਬਦਲਣ ਵਿਚ ਮਦਦ ਮਿਲੇਗੀ।

ਵਜ਼ਾਰਤ ਦੀ ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਚਲੀ ਇਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ, ਮੰਤਰੀ ਅਤੇ ਸੂਬੇ ਦੇ ਅਧਿਕਾਰੀ ਹੁਣ ਲਾਲ ਬੱਤੀ ਦੀ ਵਰਤੋਂ ਨਹੀਂ ਕਰ ਸਕਣਗੇ। ਮੰਤਰੀਆਂ ਤੇ ਅਧਿਕਾਰੀਆਂ ਦੀਆਂ ਗੱਡੀਆਂ ਬੱਤੀ ਤੋਂ ਬਿਨਾਂ ਹੀ ਦੌੜਨਗੀਆਂ। ਵਿਧਾਇਕ ਤੋਂ ਲੈ ਕੇ ਮੁੱਖ ਮੰਤਰੀ ਵੱਲੋਂ ਰੱਖੇ ਨੀਂਹ ਪੱਥਰਾਂ 'ਤੇ ਉਨ੍ਹਾਂ ਦਾ ਨਾਂ ਨਹੀਂ ਲਿਖਿਆ ਜਾਵੇਗਾ ਤੇ 100 ਤੋਂ 500 ਕਰੋੜ ਰੁਪਏ ਦੇ ਪ੍ਰਾਜੈਕਟਾਂ ਉਤੇ 'ਕਰ ਦਾਤਿਆਂ ਦੇ ਪੈਸੇ ਰਾਹੀਂ ਤਿਆਰ' ਲਿਖਿਆ ਜਾਵੇਗਾ। ਸਰਕਾਰ ਸੂਬੇ ਵਿਚ ਮਜ਼ਬੂਤ ਲੋਕਪਾਲ ਬਣਾਉਣ ਲਈ ਨਵਾਂ ਲੋਕਪਾਲ ਬਿਲ ਲਿਆਵੇਗੀ ਜਿਸ ਦੇ ਘੇਰੇ ਵਿਚ ਮੁੱਖ ਮੰਤਰੀ ਤੇ ਮੰਤਰੀ ਵੀ ਆਉਣਗੇ। ਮੁੱਖ ਮੰਤਰੀ, ਸਾਰੇ ਮੰਤਰੀ ਤੇ ਵਿਧਾਇਕ ਸਾਲ ਦੇ ਪਹਿਲੇ ਦਿਨ ਭਾਵ ਪਹਿਲੀ ਜਨਵਰੀ ਨੂੰ ਆਪਣੀਆਂ ਜਾਇਦਾਦਾਂ ਦੀ ਜਾਣਕਾਰੀ ਵਿਧਾਨ ਸਭਾ ਵਿਚ ਦੇਣਗੇ। ਕਿਸਾਨਾਂ ਲਈ ਟਿਊਬਵੈੱਲਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਵੀ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਕਿਸਾਨਾਂ ਦੇ ਕਰਜ਼ੇ ਦੀ ਜਾਣਕਾਰੀ ਲੈਣ ਲਈ ਵਜ਼ੀਰਾਂ ਦੀ ਇਕ ਸਬ ਕਮੇਟੀ ਬਣਾਈ ਜਾਵੇਗੀ, ਜਿਹੜੀ 60 ਦਿਨਾਂ ਵਿਚ ਆਪਣੀ ਰਿਪੋਰਟ ਦੇਵੇਗੀ, ਜਿਸ ਪਿੱਛੋਂ ਕਰਜ਼ਾ ਮੁਆਫ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਕਰਜ਼ੇ ਕਾਰਨ ਕਿਸੇ ਕਿਸਾਨ ਦੀ ਜ਼ਮੀਨ ਨਿਲਾਮ ਨਹੀਂ ਕੀਤੀ ਜਾ ਸਕੇਗੀ।

ਵਜ਼ਾਰਤ ਨੇ ਪਿਛਲੀ ਅਕਾਲੀ ਸਰਕਾਰ ਵੱਲੋਂ ਹਲਕਾ ਇੰਚਾਰਜ ਲਾਉਣ ਦੀ ਪ੍ਰਣਾਲੀ ਖਤਮ ਕਰ ਦਿੱਤੀ ਹੈ ਅਤੇ ਇਸ ਤੋਂ ਪਹਿਲਾ ਸਿਸਟਮ ਬਹਾਲ ਕਰ ਦਿੱਤਾ ਹੈ। ਪੁਲਿਸ ਮੁਲਾਜ਼ਮਾਂ ਦੀ ਡਿਊਟੀ ਤੈਅ ਕੀਤੀ ਜਾਵੇਗੀ ਤੇ ਪੁਲਿਸ ਵਿਚ ਯੂ.ਪੀ. ਦੇ ਸਾਬਕਾ ਪੁਲਿਸ ਮੁਖੀ ਪ੍ਰਕਾਸ਼ ਸਿੰਘ ਦੀ ਰਿਪੋਰਟ ਦੇ ਆਧਾਰ 'ਤੇ ਸੁਧਾਰ ਕੀਤੇ ਜਾਣਗੇ। ਸੂਬੇ ਵਿਚੋਂ ਨਸ਼ਾ ਮਾਫੀਏ ਦਾ ਤੰਦੂਆ ਜਾਲ ਤੋੜਨ ਲਈ ਟਾਸਕ ਫੋਰਸ ਬਣਾ ਦਿੱਤੀ ਗਈ ਹੈ, ਜਿਸ ਦਾ ਇੰਚਾਰਜ ਸੀਨੀਅਰ ਆਈ.ਪੀ.ਐਸ. ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਲਾਇਆ ਗਿਆ ਹੈ। ਉਹ ਇਸ ਵੇਲੇ ਕੇਂਦਰ ਵਿਚ ਡੈਪੂਟੇਸ਼ਨ ਉਤੇ ਹਨ ਤੇ ਛੱਤੀਸਗੜ੍ਹ ਦੇ ਮਾਓਵਾਦੀ ਹਿੰਸਾ ਪ੍ਰਭਾਵਿਤ ਇਲਾਕੇ ਵਿਚ ਅਪਰੇਸ਼ਨਾਂ ਦੀ ਅਗਵਾਈ ਕਰ ਰਹੇ ਹਨ। ਰਾਜ ਸਰਕਾਰ ਨੇ ਉਨ੍ਹਾਂ ਨੂੰ ਵਾਪਸ ਭੇਜਣ ਲਈ ਕੇਂਦਰ ਨੂੰ ਲਿਖ ਦਿੱਤਾ ਹੈ। ਕੇਸਾਂ ਦੇ ਛੇਤੀ ਨਿਬੇੜੇ ਖਾਤਰ 'ਡਰੱਗ ਡੀਲਰ ਪ੍ਰਾਪਰਟੀ ਐਕਟ' ਬਣਾਇਆ ਜਾਵੇਗਾ।

ਵਜ਼ਾਰਤ ਨੇ ਡੀ.ਟੀ.ਓ. ਦਫਤਰ ਖਤਮ ਕਰਨ ਦਾ ਫੈਸਲਾ ਕਰਦਿਆਂ, ਇਨ੍ਹਾਂ ਅਧਿਕਾਰੀਆਂ ਕੋਲੋਂ ਹੋਰ ਕੰਮ ਲੈਣ ਦਾ ਫੈਸਲਾ ਕੀਤਾ ਹੈ। ਡੀ.ਟੀ.ਓ. ਦਾ ਕੰਮ ਕਾਜ ਐਸ.ਡੀ.ਐਮ. ਦੇਖਣਗੇ। ਉਨ੍ਹਾਂ ਕਿਹਾ ਕਿ ਬਹੁਤ ਛੇਤੀ ਨਵੀਂ ਟਰਾਂਸਪੋਰਟ ਨੀਤੀ ਲਿਆਂਦੀ ਜਾਵੇਗੀ, ਜਿਸ ਵਿਚ ਇਕ ਕੰਪਨੀ ਦੀ ਅਜ਼ਾਰੇਦਾਰੀ ਖਤਮ ਕਰਦਿਆਂ ਮਿੰਨੀ ਬੱਸ ਅਪਰੇਟਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਸੂਬੇ ਵਿਚ ਕੁਝ ਵੱਡੇ ਪਰਿਵਾਰਾਂ ਵੱਲੋਂ ਟਰਾਂਸਪੋਰਟ ਉਤੇ ਕੀਤੇ ਕਬਜ਼ੇ ਨੂੰ ਖਤਮ ਕੀਤਾ ਜਾਵੇਗਾ।



## ਕੈਪਟਨ ਦੇ ਫੈਸਲਿਆਂ ਨਾਲ 'ਆਪ' ਵਾਲੇ ਵੀ ਬਾਗੋਬਾਗ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਕੈਬਨਿਟ ਮੀਟਿੰਗ ਵਿਚ ਲਾਲ ਬੱਤੀ ਅਤੇ ਵੀ.ਆਈ.ਪੀ ਕਲਚਰ ਤਿਆਗਣ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਨਿਲਾਮੀਆਂ ਰੋਕਣ ਵਰਗੇ ਫੈਸਲਿਆਂ ਦਾ ਸਵਾਗਤ ਕਰਦੇ ਹੋਏ ਆਮ ਆਦਮੀ ਪਾਰਟੀ ਪੰਜਾਬ ਨੇ ਇਸ ਦਾ ਸਿਹਰਾ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸੋਚ ਅਤੇ ਆਪਣੇ ਵਲੰਟੀਅਰਾਂ ਸਿਰ ਬੰਨ੍ਹਿਆ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਕਿਹਾ ਕਿ ਦੇਸ਼ ਦੀ ਸਿਆਸਤ ਨੂੰ ਬਦਲਣ ਲਈ ਤੁਹਾਡੇ ਵੱਲੋਂ ਦ੍ਰਿੜ੍ਹਤਾ ਨਾਲ ਵਿੱਢੇ ਅੰਦੋਲਨ ਤੇ ਅਣਥੱਕ ਮਿਹਨਤ ਸਦਕਾ ਅੱਜ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਆਮ ਆਦਮੀ ਪਾਰਟੀ ਦੇ ਏਜੰਡੇ ਨੂੰ ਲਾਗੂ ਕਰਨ ਲਈ ਮਜਬੂਰ ਹੋ ਗਈ ਹੈ।

## ਪੱਤਰਕਾਰਾਂ ਨੂੰ ਟੋਲ ਟੈਕਸ ਤੋਂ ਰਾਹਤ

**ਚੰਡੀਗੜ੍ਹ:** ਪੰਜਾਬ ਵਿਚ ਪੱਤਰਕਾਰਾਂ ਨੂੰ ਟੋਲ ਟੈਕਸ ਤੋਂ ਛੋਟ ਹੋਵੇਗੀ। ਇਸ ਤੋਂ ਇਲਾਵਾ ਕੈਬਨਿਟ ਵਿਚ ਇਕ ਪ੍ਰੈੱਸ ਐਕਰੀਡੇਸ਼ਨ ਕਮੇਟੀ ਬਣਾਉਣ ਦਾ ਫੈਸਲਾ ਵੀ ਲਿਆ ਗਿਆ। ਇਸ ਤੋਂ ਇਲਾਵਾ ਪੱਤਰਕਾਰਾਂ ਨੂੰ ਮਕਾਨ ਅਲਾਟਮੈਂਟ ਸਬੰਧੀ ਨਿਯਮਾਂ ਉਤੇ ਪੁਨਰਵਿਚਾਰ ਕਰਨ ਦਾ ਫੈਸਲਾ ਵੀ ਲਿਆ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਵਿੱਚ ਆਪਣੇ ਚੋਣ ਮੈਨੀਫੈਸਟੋ ਵਿਚ ਪੱਤਰਕਾਰਾਂ ਨੂੰ ਟੋਲ ਟੈਕਸ ਤੋਂ ਛੋਟ ਦੇਣ ਦਾ ਐਲਾਨ ਕੀਤਾ ਸੀ।

## ਵੀ.ਆਈ.ਪੀ. ਕਲਚਰ ਹੋਵੇਗਾ ਖਤਮ

**ਚੰਡੀਗੜ੍ਹ:** ਦਹਾਕਿਆਂ ਪੁਰਾਣੀ ਰਵਾਇਤ ਨੂੰ ਤੋੜਦੇ ਹੋਏ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਆਪਣੀ ਪਾਰਟੀ ਦੇ ਚੋਣ ਵਾਅਦੇ ਮੁਤਾਬਕ ਸੂਬੇ ਵਿਚ ਪ੍ਰਚਲਿਤ ਵੀ.ਆਈ.ਪੀ. ਕਲਚਰ ਨੂੰ ਖਤਮ ਕਰ ਦਿੱਤਾ। ਇਸ ਫੈਸਲੇ ਦੇ ਮੁਤਾਬਕ ਐਮਰਜੈਂਸੀ ਹਸਪਤਾਲ/ਫਾਇਰ ਬ੍ਰਿਗੇਡ ਦੇ ਵਾਹਨਾਂ/ਐਂਬੂਲੈਂਸ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜਸਟਿਸ ਅਤੇ ਹੋਰ ਜੱਜਾਂ ਦੇ ਵਾਹਨਾਂ ਨੂੰ ਛੱਡ ਕੇ ਹੋਰ ਸਾਰੇ ਵਾਹਨਾਂ ਦੇ ਉਤੋਂ ਲਾਲ ਅਤੇ ਹੋਰ ਰੰਗਾਂ ਵਾਲੀਆਂ ਬੱਤੀਆਂ ਉਤਰ ਜਾਣਗੀਆਂ। ਇਸ ਸਬੰਧੀ ਨੋਟੀਫਿਕੇਸ਼ਨ ਛੇਤੀ ਹੀ ਜਾਰੀ ਕਰ ਦਿੱਤਾ ਜਾਵੇਗਾ। ਪੰਜਾਬ ਦੇ ਸਾਰੇ ਮੰਤਰੀਆਂ, ਵਿਧਾਇਕਾਂ ਅਤੇ ਅਫਸਰਾਂ ਦੀ ਵਿਦੇਸ਼ ਯਾਤਰਾ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਗਈ ਹੈ। ਇਸ ਸਬੰਧੀ ਛੋਟ ਸਿਰਫ ਦੋ ਪੱਖੀ ਇਕਰਾਰਨਾਮੇ ਜਾਂ ਪ੍ਰਬੰਧਾਂ ਤਹਿਤ ਹੀ ਦਿੱਤੀ ਜਾਵੇਗੀ।



## ਬੇਰੁਜ਼ਗਾਰਾਂ ਲਈ ਵੀ ਖੁਸ਼ਖਬਰੀ

**ਚੰਡੀਗੜ੍ਹ:** ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਿਪਟਣ ਲਈ ਸਾਰੇ ਜ਼ਿਲ੍ਹਿਆਂ ਵਿਚ ਰੁਜ਼ਗਾਰ ਬਿਊਰੋ ਦੀ ਸਥਾਪਨਾ ਕੀਤੀ ਜਾਵੇਗੀ। ਇਹ ਬਿਊਰੋ ਮਾਹਰਾਂ ਤੇ ਪੇਸ਼ੇਵਰ ਲੋਕਾਂ ਦੇ ਹੱਥਾਂ ਵਿਚ ਹੋਣਗੇ ਜੋ ਸੂਬੇ ਵਿਚ ਪੜ੍ਹੇ-ਲਿਖੇ ਅਤੇ ਅਨਪੜ੍ਹ ਬੇਰੁਜ਼ਗਾਰਾਂ ਦਾ ਸਰਵੇਖਣ ਕਰਵਾ ਕੇ ਸਪੱਸ਼ਟ ਟੀਚਿਆਂ ਨਾਲ ਸਾਲਾਨਾ ਜ਼ਿਲ੍ਹਾ ਰੁਜ਼ਗਾਰ ਯੋਜਨਾਵਾਂ ਤਿਆਰ ਕਰਨਗੇ। ਸੂਬੇ ਵਿਚ ਲੋਕਾਂ ਨੂੰ ਮਿਆਰੀ ਜਨਤਕ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਮੰਤਰੀ ਮੰਡਲ ਨੇ ਪੰਜਾਬ ਲੋਕਪਾਲ ਐਕਟ ਨੂੰ ਮਨਸੂਖ ਕਰਨ, ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਫਿਰ ਚਲਾਉਣ ਅਤੇ ਸੰਗਠਿਤ ਸੇਵਾ ਪ੍ਰਦਾਨ ਕੇਂਦਰਾਂ ਦੀ ਸਥਾਪਨਾ ਕਰਨ ਸਮੇਤ ਅਹਿਮ ਫੈਸਲੇ ਲਏ।

# ਖੇਤੀ ਕਰਜ਼ਿਆਂ ਉਤੇ ਲੀਕ ਫੇਰਨ ਦਾ ਅਮਲ ਸ਼ੁਰੂ



**ਚੰਡੀਗੜ੍ਹ:** ਕਿਸਾਨਾਂ ਨਾਲ ਕਰਜ਼ਾ ਮੁਆਫੀ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਕਾਂਗਰਸ ਸਰਕਾਰ ਵੱਲੋਂ ਕੁੱਲ ਖੇਤੀ ਕਰਜ਼ਿਆਂ ਦਾ ਪਤਾ ਲਾਉਣ ਲਈ ਇਕ ਮਾਹਿਰਾਨਾ ਕਮੇਟੀ ਦਾ ਗਠਨ ਗਿਆ ਹੈ, ਤਾਂ ਕਿ ਇਨ੍ਹਾਂ ਨੂੰ ਮੁਆਫ ਕਰਨ ਦੀ ਕਾਰਵਾਈ ਕੀਤੀ ਜਾ ਸਕੇ।

ਕੈਬਨਿਟ ਵੱਲੋਂ ਕਾਇਮ ਕੀਤੀ ਜਾਣ ਵਾਲੀ ਮਾਹਿਰਾਂ ਦੀ ਕਮੇਟੀ ਨੂੰ ਸਭ ਤੋਂ ਪਹਿਲਾਂ ਇਹ ਪਤਾ ਲਾਉਣ ਲਈ ਕਿਹਾ ਜਾਵੇਗਾ ਕਿ ਪੰਜਾਬ ਦੇ ਪੇਂਡੂ ਖੇਤਰ ਦੇ ਕਰਜ਼ਿਆਂ ਦੀ ਅਸਲ ਰਕਮ ਕਿੰਨੀ ਹੈ ਅਤੇ ਇਸ ਵਿਚੋਂ ਕਿੰਨਾ ਖੇਤੀ ਕਰਜ਼ਾ ਹੈ। ਕਮੇਟੀ ਨੂੰ ਇਹ ਪਤਾ ਲਾਉਣ ਲਈ ਵੀ ਕਿਹਾ ਜਾਵੇਗਾ ਕਿ ਇਸ ਵਿਚੋਂ ਕਿੰਨਾ ਕਰਜ਼ ਮੁਆਫ ਕੀਤਾ ਜਾ ਸਕਦਾ ਹੈ। ਕਮੇਟੀ ਨੂੰ ਤਿੰਨ ਮਹੀਨਿਆਂ ਵਿਚ ਰਿਪੋਰਟ ਦੇਣ ਲਈ ਆਖਿਆ ਜਾਵੇਗਾ। ਇਸ ਤੋਂ ਬਾਅਦ ਅਜਿਹਾ ਕਾਨੂੰਨ ਬਣਾਉਣ ਲਈ ਵਿਚਾਰ ਕੀਤੀ ਜਾਵੇਗੀ, ਜਿਸ ਰਾਹੀਂ ਸਰਕਾਰ ਕਿਸਾਨਾਂ ਦਾ ਕਰਜ਼ ਆਪਣੇ ਸਿਰ ਲੈ ਸਕੇ।

ਇਕ ਅੰਦਾਜ਼ੇ ਮੁਤਾਬਕ ਪੰਜਾਬ ਦੇ ਪਿੰਡਾਂ ਸਿਰ ਕਰੀਬ 80 ਹਜ਼ਾਰ ਕਰੋੜ ਰੁਪਏ ਕਰਜ਼ ਹੈ, ਜਿਸ ਵਿਚੋਂ ਕਰੀਬ 70 ਹਜ਼ਾਰ ਕਰੋੜ ਰੁਪਏ ਕਰਜ਼ ਕਿਸਾਨਾਂ ਨੇ ਵੱਖ-ਵੱਖ ਬੈਂਕਾਂ ਤੋਂ ਲਿਆ ਹੈ। ਕਿਸਾਨਾਂ ਵੱਲੋਂ ਲਈਆਂ ਲਿਮਟਾਂ ਨੂੰ ਛੱਡ ਕੇ ਬਾਕੀ ਖੇਤੀ ਕਰਜ਼ਾ 35 ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ। ਸੂਤਰਾਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਸਹਿਕਾਰੀ ਬੈਂਕਾਂ ਤੋਂ ਲਏ ਕਰਜ਼ਿਆਂ (ਦਸੰਬਰ 2016 ਤੱਕ 9484 ਕਰੋੜ ਰੁਪਏ) ਉਤੇ ਜਿਥੇ ਆਸਾਨੀ ਨਾਲ ਲੀਕ ਫੇਰੀ ਜਾ ਸਕਦੀ ਹੈ, ਉਥੇ ਮੁੱਖ ਸਵਾਲ ਕੌਮੀਕ੍ਰਿਤ ਬੈਂਕਾਂ ਤੋਂ ਲਏ ਕਰਜ਼ਿਆਂ ਦੀ ਮੁਆਫੀ ਦਾ ਹੋਵੇਗਾ, ਜੋ ਕੁੱਲ ਕਰਜ਼ਿਆਂ ਦਾ ਕਰੀਬ 86 ਫੀਸਦੀ ਬਣਦੇ ਹਨ। ਖੇਤੀ ਕਰਜ਼ ਸੈਕਟਰ ਵਿਚ ਡੁੱਬੇ ਕਰਜ਼ਿਆਂ ਦੀ ਰਕਮ 5150 ਕਰੋੜ ਰੁਪਏ ਹੈ।

## ਡਰੱਗ ਮਾਫੀਏ 'ਤੇ ਸ਼ਿਕੰਜਾ

**ਚੰਡੀਗੜ੍ਹ:** ਸੂਬੇ 'ਚ ਡਰੱਗ ਮਾਫੀਆ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ ਕਰਦੇ ਹੋਏ ਰਾਜ ਸਰਕਾਰ ਨੇ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦੇ ਗਠਨ ਦਾ ਫੈਸਲਾ ਲਿਆ ਹੈ। ਇਸ ਦੇ ਇਲਾਵਾ ਮੰਤਰੀ ਮੰਡਲ 'ਚ ਡਰੱਗ ਮਾਫੀਆ ਦੀ ਜਾਇਦਾਦ ਕੁਰਕ ਕਰਨ ਸਬੰਧੀ ਕਾਨੂੰਨ ਬਣਾਉਣ ਉਤੇ ਵੀ ਵਿਚਾਰ ਕੀਤਾ ਗਿਆ ਹੈ। ਮੰਤਰੀ ਮੰਡਲ ਨੇ ਡਰੱਗ ਮਾਫੀਆ ਦੀ ਜਾਇਦਾਦ ਕੁਰਕ ਕਰਨ ਲਈ ਗ੍ਰਹਿ ਵਿਭਾਗ ਨੂੰ ਅਗਾਮੀ ਕੈਬਨਿਟ ਮੀਟਿੰਗ 'ਚ ਇਸ ਸਬੰਧੀ ਪ੍ਰਸਤਾਵ ਤਿਆਰ ਕਰ ਦੇਣ ਦੇ ਨਿਰਦੇਸ਼ ਦਿੱਤੇ ਹਨ ਤਾਂ ਕਿ ਆਰਡੀਨੈਂਸ ਦੇ ਜ਼ਰੀਏ ਡਰੱਗ ਡੀਲਰ ਪ੍ਰਾਪਰਟੀ ਐਕਟ ਅਮਲ 'ਚ ਲਿਆਂਦਾ ਜਾ ਸਕੇ। ਇਸ ਵਿਸ਼ੇਸ਼ ਟਾਸਕ ਫੋਰਸ ਦੀ ਸਥਾਪਨਾ ਮੁੱਖ ਮੰਤਰੀ ਦਫਤਰ 'ਚ ਕੀਤੀ ਜਾਵੇਗੀ, ਜਿਥੋਂ ਸੂਬੇ 'ਚ ਡਰੱਗ ਦੇ ਕਾਰੋਬਾਰ ਅਤੇ ਵਰਤੋਂ ਉਤੇ ਹਰ ਪਲ ਨਜ਼ਰ ਰੱਖੀ ਜਾਵੇ।

# ਖਜ਼ਾਨਾ ਭਰਨ ਲਈ ਮਨਪ੍ਰੀਤ ਦੀ ਰਣਨੀਤੀ

**ਚੰਡੀਗੜ੍ਹ:** ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਮੁੱਖ ਕੰਮ ਸੂਬੇ ਦੀ ਗਵਾਚੀ ਸ਼ਾਨ ਨੂੰ ਵਾਪਸ ਲੈ ਕੇ ਆਉਣਾ ਹੈ। ਮਨਪ੍ਰੀਤ ਸਿੰਘ ਬਾਦਲ ਇਸ ਤੋਂ ਪਹਿਲਾਂ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 2007 ਸਮੇਂ ਵਿੱਤ ਮੰਤਰੀ ਦੇ ਅਹੁਦੇ ਉਤੇ ਰਹਿ ਚੁੱਕੇ ਹਨ।

ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਅੰਦਰ 50 ਤੋਂ ਵੱਧ ਬੋਰਡ, ਕਾਰਪੋਰੇਸ਼ਨਾਂ, ਕਮਿਸ਼ਨ ਤੇ ਹੋਰ ਖਰਚੀਲੇ ਅਦਾਰੇ ਹਨ ਜੋ ਚਿੱਟੇ ਹਾਥੀ ਹਨ ਅਤੇ ਇਨ੍ਹਾਂ 'ਤੇ ਫਜ਼ੂਲ ਦਾ ਖਰਚਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਘਰ 'ਚ ਆਰਥਿਕ ਸੰਕਟ ਹੋਵੇ ਤਾਂ ਘਰ ਚਲਾਉਣ ਲਈ ਸਖਤ ਕਦਮ ਚੁੱਕਣੇ ਪੈਣਗੇ। ਜਿਹੜੇ ਕਮਿਸ਼ਨ ਕੇਂਦਰ ਦੇ ਕਾਨੂੰਨ ਤਹਿਤ ਬਣਾਏ ਗਏ ਹਨ ਅਤੇ ਵਿੱਤੀ ਮਦਦ ਕੇਂਦਰ ਤੋਂ ਆਉਂਦੀ ਹੈ, ਨੂੰ ਛੇੜਿਆ ਨਹੀਂ ਜਾਵੇਗਾ, ਪਰ ਸੂਬੇ ਵਿਚ ਸਿਰਫ ਅਫਸਰਸ਼ਾਹੀ ਜਾਂ ਸਿਆਸੀ ਲੀਡਰਾਂ ਨੂੰ ਅਡਜਸਟ ਕਰਨ ਲਈ ਜਿਹੜੇ ਮਨਮਰਜ਼ੀ ਨਾਲ ਅਦਾਰੇ ਅਕਾਲੀ ਭਾਜਪਾ ਸਰਕਾਰ ਨੇ ਸਥਾਪਤ ਕੀਤੇ ਹਨ, ਨੂੰ ਤੁਰਤ ਬੰਦ ਕਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਲੋਕ ਸੇਵਾ ਵਾਲੇ ਜਿਹੜੇ ਬੋਰਡ ਜਾਂ ਕਾਰਪੋਰੇਸ਼ਨ, ਲੋਕ ਭਲਾਈ ਦੇ ਕੰਮ ਕਰ ਰਹੇ ਹਨ, ਨੂੰ ਵੀ ਥੋੜ੍ਹਾ ਕੱਟ ਕੀਤਾ ਜਾਵੇਗਾ। ਇਕ ਅੰਦਾਜ਼ੇ ਮੁਤਾਬਕ ਇਕ ਬੋਰਡ ਜਾਂ ਕਾਰਪੋਰੇਸ਼ਨ ਦੇ ਚੇਅਰਮੈਨ, ਡਾਇਰੈਕਟਰ, ਸਟਾਫ ਤੇ ਦਫਤਰ ਦੇ ਔਸਤਨ ਖਰਚੇ 4 ਤੋਂ 5 ਕਰੋੜ ਦਾ ਖਰਚਾ ਸਾਲਾਨਾ ਆਉਂਦਾ ਹੈ। ਇਨ੍ਹਾਂ ਬੋਰਡਾਂ ਦੇ ਭੰਗ ਕਰਨ ਨਾਲ 300 ਕਰੋੜ ਦੀ ਬੱਚਤ ਹੋ ਜਾਣ ਦੀ ਸੰਭਾਵਨਾ ਹੈ। ਮਨਪ੍ਰੀਤ ਸਿੰਘ ਬਾਦਲ ਅਨੁਸਾਰ ਸੂਬੇ ਨੂੰ ਮੁੜ ਤੋਂ ਆਰਥਿਕ ਤੌਰ ਉਤੇ ਖੁਸ਼ਹਾਲ ਕਰਨਾ ਉਨ੍ਹਾਂ ਦਾ ਮੁੱਖ ਕੰਮ ਹੈ। ਅਕਾਲੀ ਭਾਜਪਾ ਸਰਕਾਰ ਸਮੇਂ ਸੂਬਾ ਆਰਥਿਕ ਤੌਰ ਉਤੇ ਕਾਫੀ ਪੱਛੜ ਗਿਆ ਹੈ। ਇਸ ਨੂੰ ਮੁੜ ਤੋਂ ਲੀਹਾਂ ਉਤੇ ਲੈ ਕੇ ਆਉਣ ਤੇ ਵਿਕਾਸ ਕਾਰਜ ਜਾਰੀ ਰੱਖਣੇ ਉਨ੍ਹਾਂ ਦਾ ਮੁੱਖ ਏਜੰਡਾ ਹੈ। ਸਿੱਖਿਆ, ਸਿਹਤ, ਕਿਸਾਨਾਂ ਦੀ ਖੁਸ਼ਹਾਲੀ ਉਤੇ ਉਹ ਉਚੇਚੇ ਤੌਰ ਉਤੇ ਧਿਆਨ ਦੇਣਗੇ।

## ਬੋਰਡ ਭੰਗ ਕਰਨ ਨਾਲ 300 ਕਰੋੜ ਰੁਪਏ ਦੀ ਬੱਚਤ



## ਸ਼ਰਾਬ ਦੇ ਠੇਕਿਆਂ ਦੀ ਗਿਣਤੀ ਹੋਵੇਗੀ ਘੱਟ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਪਲੇਠੀ ਕੈਬਨਿਟ ਮੀਟਿੰਗ ਵਿਚ ਸਾਲ 2017-18 ਲਈ ਇਤਿਹਾਸਕ ਆਬਕਾਰੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਸੂਬੇ ਵਿਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ 6384 ਤੋਂ ਘਟ ਕੇ 5900 ਹੋ ਕੀਤੀ ਗਈ ਹੈ।

ਇਸ ਦੇ ਨਾਲ ਹੀ ਕੌਮੀ ਮਾਰਗਾਂ ਤੇ ਰਾਜ ਮਾਰਗਾਂ ਦੇ 500 ਮੀਟਰ ਘੇਰੇ ਵਿਚ ਕੋਈ ਵੀ ਠੇਕਾ ਖੋਲ੍ਹਣ 'ਤੇ ਪਾਬੰਦੀ ਲਗਾਈ ਗਈ ਹੈ। ਨਵੀਂ ਆਬਕਾਰੀ ਨੀਤੀ ਵਿਚ ਹੋਲਸੇਲ ਲਾਇਸੰਸ ਐਲ.1-ਏ ਨੂੰ ਖਤਮ ਕਰ ਦਿੱਤਾ ਗਿਆ ਹੈ। ਹੁਣ ਐਲ.1 ਲਾਇਸੰਸੀ ਆਪਣਾ ਕੋਟਾ ਸਿੱਧਾ ਡਿਸਟਿਲਰੀਆਂ/ ਬੌਟਲਿੰਗ ਪਲਾਂਟ/ਮੈਨੂਫੈਕਚਰਿੰਗ ਕੰਪਨੀਆਂ ਤੋਂ ਚੁੱਕ ਸਕਣਗੇ। ਪਹਿਲੀ ਪ੍ਰਥਾ ਤੋਂ ਹਟ ਕੇ ਐਲ.1 ਲਾਇਸੰਸ ਰਿਟੇਲ ਲਾਇਸੰਸੀ (ਐਲ-2 ਲਾਇਸੰਸੀ) ਨੂੰ ਜਾਰੀ ਕੀਤਾ ਜਾਵੇਗਾ, ਜਿਸ ਦਾ ਉਸ ਜ਼ਿਲ੍ਹੇ ਵਿਚ ਘੱਟੋ-ਘੱਟ ਇਕ ਗਰੁੱਪ/ਜ਼ੋਨ ਹੋਵੇਗਾ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇਤਿਹਾਸਕ ਪੁਰਾਤਨ ਬੇਰੀਆਂ ਨੂੰ ਭਰਵਾਂ ਫਲ ਪਿਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਪੁਰਾਤਨ ਤੇ ਇਤਿਹਾਸਕ ਬੇਰੀਆਂ ਦੁੱਖ ਭੰਜਨੀ ਬੇਰੀ, ਬੇਰ ਬਾਬਾ ਬੁੱਢਾ ਸਾਹਿਬ ਅਤੇ ਲਾਚੀ ਬੇਰ ਦੀ ਮਾਹਿਰਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਸਾਂਭ ਸੰਭਾਲ ਦੇ ਸਿੱਟੇ ਵਜੋਂ ਇਸ ਸਾਲ ਇਨ੍ਹਾਂ ਬੇਰੀਆਂ ਨੂੰ ਭਰਵਾਂ ਫਲ ਲੱਗਾ ਹੈ।

ਪੁਰਾਤਨ ਬੇਰੀਆਂ ਵਿਚੋਂ ਦੁਖ ਭੰਜਨੀ ਬੇਰੀ ਅਤੇ ਬੇਰ ਬਾਬਾ ਬੁੱਢਾ ਸਾਹਿਬ ਲਗਪਗ ਪੰਜ ਸਦੀ ਪੁਰਾਣੇ ਦਰੱਖਤ ਹਨ ਜਦੋਂਕਿ ਲਾਚੀ ਬੇਰ ਇਨ੍ਹਾਂ ਤੋਂ ਘੱਟ ਪੁਰਾਣਾ ਹੈ। ਦੁਖ ਭੰਜਨੀ ਬੇਰੀ ਦੀ ਹੁਣ ਨਵੀਂ ਪਿਉਂਦ ਲਾਈ ਗਈ ਹੈ ਜਦੋਂਕਿ ਬੇਰ ਬਾਬਾ ਬੁੱਢਾ ਸਾਹਿਬ ਉਸ ਵੇਲੇ ਦੀ ਹੀ ਪੁਰਾਤਨ ਬੇਰੀ ਹੈ ਜਿਸ ਦੀ ਸਾਂਭ-ਸੰਭਾਲ ਲਈ ਇਸ ਦੇ ਹੇਠਾਂ ਲੋਹੇ ਦੇ ਐਂਗਲ ਦਾ ਸਟੈਂਡ ਬਣਾ ਕੇ ਇਸ



ਨੂੰ ਆਸਰਾ ਦਿੱਤਾ ਗਿਆ ਹੈ। ਲਗਪਗ ਡੇਢ ਦਹਾਕਾ ਪਹਿਲਾਂ ਇਨ੍ਹਾਂ ਪੁਰਾਤਨ ਬੇਰੀਆਂ ਨੂੰ ਲਾਖ ਦਾ ਕੀੜਾ ਲੱਗਣ ਕਰ ਕੇ ਇਹ ਸੁੱਕਣ ਲੱਗੀਆਂ ਸਨ। ਇਨ੍ਹਾਂ ਨੂੰ ਫਲ ਲੱਗਣਾ ਵੀ ਬੰਦ ਹੋ ਗਿਆ ਸੀ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਵੱਲੋਂ ਉਸ ਵੇਲੇ ਤੋਂ ਹੀ ਹਰ ਸਾਲ ਬੇਰੀਆਂ ਦੀ ਸੰਭਾਲ ਲਈ ਦਵਾਈ ਦਾ ਛਿੜਕਾਅ ਕੀਤਾ ਜਾ ਰਿਹਾ ਸੀ। ਲਾਖ ਦੇ ਕੀੜੇ ਵਾਲੀਆਂ ਟਾਹਣੀਆਂ ਕੱਟਣ ਦੇ ਨਾਲ ਸਾਂਭ-ਸੰਭਾਲ ਲਈ ਹੋਰ ਲੋੜੀਂਦੇ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਸਦਕਾ ਬੇਰੀਆਂ ਨੂੰ ਮੁੜ ਬੇਰ ਲੱਗਣੇ ਸ਼ੁਰੂ ਹੋ ਗਏ ਹਨ।

ਪਿਛਲੇ ਸਾਲ ਵੀ ਇਨ੍ਹਾਂ ਬੇਰੀਆਂ ਨੂੰ ਫਲ ਪਿਆ ਸੀ ਅਤੇ ਐਤਕੀਂ ਭਰਵਾਂ ਫਲ ਪਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਦੱਸਿਆ ਕਿ ਬੇਰੀਆਂ ਦੀ ਸਾਂਭ ਸੰਭਾਲ ਦਾ ਕੰਮ ਪਹਿਲਾਂ ਵਾਂਗ ਜਾਰੀ ਰਹੇਗਾ। ਖੇਤੀ ਯੂਨੀਵਰਸਿਟੀ ਦੇ ਮਾਹਿਰ ਰਹੇ ਨਰਿੰਦਰਪਾਲ ਸਿੰਘ ਨੇ ਕਿਹਾ ਕਿ ਪੁਰਾਤਨ ਬੇਰੀਆਂ ਨੂੰ ਫਲ ਲਗਣਾ ਸਾਬਤ ਕਰਦਾ ਹੈ ਕਿ ਇਹ ਦਰੱਖਤ ਹੁਣ ਸਿਹਤਯਾਬ ਹਨ।

# ਕੈਪਟਨ ਅਮਰਿੰਦਰ ਸਿੰਘ ਨੇ ਫੁਰਤੀ ਫੜੀ

*(ਸਫਾ ਇਕ ਦੀ ਬਾਕੀ)*

ਲੋਕਾਂ ਨੂੰ ਚੰਗੇ ਭਵਿੱਖ ਦੀ ਆਸ ਦਿਖਾਈ ਸੀ। ਨਸ਼ਿਆਂ ਦੇ ਖਾਤਮੇ ਲਈ ਵਿਸ਼ੇਸ਼ ਟਾਸਕ ਫੋਰਸ ਦਾ ਗਠਨ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਵਿਸ਼ੇਸ਼ ਸੈੱਲ ਬਣਾਉਣ ਅਤੇ ਕਿਸਾਨੀ ਕਰਜ਼ਿਆਂ ਸਬੰਧੀ ਮਾਹਿਰਾਂ ਦੀ ਕਮੇਟੀ ਬਣਾਉਣਾ ਇਨ੍ਹਾਂ ਮਾਮਲਿਆਂ ਪ੍ਰਤੀ ਸਰਕਾਰ ਦੀ ਸੰਜੀਦਗੀ ਦਾ ਪ੍ਰਗਟਾਵਾ ਕਰਦੇ ਹਨ।

ਨਵੀਂ ਆਬਕਾਰੀ ਨੀਤੀ ਵਿਚ ਠੇਕਿਆਂ ਦੀ ਗਿਣਤੀ ਅਤੇ ਸ਼ਰਾਬ ਦੀ ਮਾਤਰਾ ਘਟਾਉਣ ਦਾ ਫੈਸਲਾ ਲੋਕ-ਪੱਖੀ ਕਦਮ ਹੈ। ਲਾਲ ਬੱਤੀ, ਨੀਂਹ ਪੱਥਰਾਂ ਦੀ ਸਿਆਸਤ ਅਤੇ ਇੰਸਪੈਕਟਰੀ ਰਾਜ ਤੋਂ ਮੁਕਤੀ ਦੇ ਫੈਸਲੇ, ਵੀ.ਆਈ.ਪੀ. ਕਲਚਰ ਘਟਾਉਣ ਵੱਲ ਸੇਧਿਤ ਹਨ। ਮਜ਼ਬੂਤ ਲੋਕਪਾਲ ਅਤੇ ਮੰਤਰੀਆਂ ਤੇ ਵਿਧਾਇਕਾਂ ਦੀ ਆਮਦਨ ਦੇ ਵੇਰਵੇ ਹਰ ਸਾਲ ਜਨਤਕ ਕਰਨ ਦੇ ਫੈਸਲੇ ਪਾਰਦਰਸ਼ਤਾ ਅਤੇ ਜਵਾਬਦੇਹੀ ਨਿਸ਼ਚਿਤ ਕਰਨ ਵਾਲੇ ਕਦਮ ਹਨ। ਮੰਤਰੀ ਮੰਡਲ ਦਾ ਤਿੰਨ ਮਹੀਨਿਆਂ ਵਿਚ ਨਵੀਂ ਸਨਅਤੀ ਨੀਤੀ ਬਣਾ ਕੇ ਲਾਗੂ ਕਰਨ ਦਾ ਫੈਸਲਾ ਸ਼ਲਾਘਾਯੋਗ ਹੈ। ਖਰਚਿਆਂ ਵਿਚ ਕਟੌਤੀ, ਸਿਹਤ ਸੇਵਾਵਾਂ ਦੇ ਖੇਤਰ ਵਿਚ ਮੁਹੱਲਾ ਕਲੀਨਿਕ ਖੋਲ੍ਹਣ ਅਤੇ ਡਾਕਟਰਾਂ ਦੀ ਰੈਗੂਲਰ ਭਰਤੀ ਬਾਰੇ ਅਹਿਮ ਫੈਸਲੇ ਲਏ ਗਏ।

ਸਰਕਾਰ ਨੇ ਡਰੱਗਜ਼ ਦੇ ਸੌਦਾਗਰਾਂ ਨੂੰ ਨੱਥ ਪਾਉਣ ਲਈ ਟਾਸਕ ਫੋਰਸ ਬਣਾ ਦਿੱਤੀ ਹੈ ਅਤੇ ਸਖਤ ਕਾਨੂੰਨ ਵੀ ਬਣਾਇਆ ਜਾ ਰਿਹਾ ਹੈ। ਸ਼ਰਾਬਬੰਦੀ ਵੱਲ ਵੀ ਕਦਮ ਵਧਾਏ ਜਾ ਰਹੇ ਹਨ। ਪੰਜਾਬ ਵਿਚ ਹੁਣ 5900 ਠੇਕੇ ਹੋਣਗੇ, ਜਦੋਂਕਿ ਅਕਾਲੀ ਸਰਕਾਰ ਨੇ ਇਨ੍ਹਾਂ ਗਿਣਤੀ ਵਧਾ ਕੇ 6384 ਤੱਕ ਪਹੁੰਚਾ ਦਿੱਤੀ ਸੀ। ਇਸ ਮਸਲੇ ਕਾਰਨ ਬਾਦਲ ਸਰਕਾਰ ਦੀ ਬਹੁਤ ਜ਼ਿਆਦਾ ਨੁਕਤਾਚੀਨੀ ਹੋਈ ਸੀ।

## ਖ਼ਾਲਿਸਤਾਨ ਕਮਾਂਡੋ ਫੋਰਸ ਦਾ ਕਾਰਕੁਨ ਗ੍ਰਿਫ਼ਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਖਾਲਿਸਤਾਨ ਕਮਾਂਡੋ ਫੋਰਸ ਨਾਲ ਸਬੰਧਤ ਗੁਰਸੇਵਕ ਸਿੰਘ ਬਬਲਾ ਨੂੰ ਮਹੀਪਾਲਪੁਰ ਇਲਾਕੇ ਵਿਚੋਂ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਪਿਸਤੌਲ ਅਤੇ 4 ਕਾਰਤੂਸ ਬਰਾਮਦ ਕਰਨ ਦਾ ਦਾਅਵਾ ਵੀ ਕੀਤਾ ਗਿਆ ਹੈ। ਦੱਸਿਆ ਗਿਆ ਹੈ ਕਿ ਗੁਰਸੇਵਕ ਸਿੰਘ ਲੁਧਿਆਣਾ ਦੇ ਪਿੰਡ ਕਿਧਾਣੀ ਕਲਾਂ ਦਾ ਰਹਿਣ ਵਾਲਾ ਹੈ।

ਅਪਰਾਧ ਸ਼ਾਖਾ ਮੁਤਾਬਕ ਉਹ 50 ਤੋਂ ਵੱਧ ਮਾਮਲਿਆਂ ਲਈ ਪੁਲਿਸ ਨੂੰ ਲੋੜੀਂਦਾ ਸੀ ਜਿਸ ਵਿਚ ਪੁਲਿਸ ਅਧਿਕਾਰੀਆਂ ਤੇ ਸੂਹੀਆਂ ਦੇ ਕਤਲ, ਬੈਂਕ ਤੇ ਪੁਲਿਸ ਸਟੇਸ਼ਨ ਵਿਚ ਡਕੈਤੀ ਸਮੇਤ ਪੰਜਾਬ, ਹਰਿਆਣਾ, ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਕਈ ਵਾਰਦਾਤਾਂ ਵਿਚ ਸ਼ਾਮਲ ਹਨ। ਕਿਹਾ ਜਾ ਰਿਹਾ ਹੈ ਕਿ ਉਹ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਅਤੇ ਹੋਰਨਾਂ ਨਾਲ ਸੰਪਰਕ ਵਿਚ ਸੀ। ਉਸ ਨੂੰ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਹੈ।

2004 ਦੌਰਾਨ ਜਦੋਂ ਉਸ ਨੂੰ ਤੀਸ ਹਜ਼ਾਰੀ ਅਦਾਲਤ ਦਿੱਲੀ ਵਿਚ ਪੇਸ਼ ਕੀਤਾ ਜਾਣਾ ਸੀ ਤਾਂ ਉਹ ਪੰਜਾਬ ਪੁਲਿਸ ਨੂੰ ਧੋਖਾ ਦੇ ਕੇ ਫ਼ਰਾਰ ਹੋ ਗਿਆ ਸੀ। ਕੁਝ ਸਮੇਂ ਮਗਰੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ 2010 ਤੱਕ ਜੇਲ੍ਹ ਵਿਚ ਰਿਹਾ ਅਤੇ ਫਿਰ ਜ਼ਮਾਨਤ 'ਤੇ ਰਿਹਾਅ ਹੋਣ ਮਗਰੋਂ ਪੰਜਾਬ ਚਲਾ ਗਿਆ, ਪਰ ਅਦਾਲਤ ਵਿਚ ਪੇਸ਼ ਨਾ ਹੋਇਆ ਜਿਸ ਕਰ ਕੇ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਸੀ।

# 'ਆਪ' ਦੀ ਦਿੱਲੀ ਲੀਡਰਸ਼ਿਪ ਖਿਲਾਫ ਬਗਾਵਤ

*(ਸਫਾ ਇਕ ਦੀ ਬਾਕੀ)*

ਮੁੱਖ ਮੰਤਰੀ ਦਾ ਉਮੀਦਵਾਰ ਨਾ ਐਲਾਨਣਾ ਘਾਟੇ ਵਾਲਾ ਸੌਦਾ ਰਿਹਾ।

ਕੁਝ ਉਮੀਦਵਾਰਾਂ ਨੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿਚੋਂ ਕੱਢਣ ਦਾ ਮਾਮਲਾ ਉਠਾਉਂਦਿਆਂ ਕਿਹਾ ਕਿ ਉਸ ਤੋਂ ਬਾਅਦ ਲੋਕ ਮਨਾਂ ਵਿਚ 'ਆਪ' ਉਸ ਤਰ੍ਹਾਂ ਦਾ ਥਾਂ ਨਹੀਂ ਬਣਾ ਸਕੀ ਜਿਸ ਤਰ੍ਹਾਂ ਦੀ ਪਹਿਲਾਂ ਸੀ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਪਾਰਟੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦੇ ਦਿੱਤੇ ਬਿਆਨ ਨਾਲ ਵੀ ਲੋਕਾਂ ਨੇ 'ਆਪ' ਤੋਂ ਮੂੰਹ ਮੋੜ ਲਿਆ। ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਕਿਹਾ ਕਿ ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਭਵਿਖ ਵਿਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਾਰੇ ਫੈਸਲੇ ਪੰਜਾਬ ਦੀ ਲੀਡਰਸ਼ਿਪ ਕਰੇਗੀ। ਸੀਨੀਅਰ ਆਗੂਆਂ ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਨੇ ਇਹ ਮੁੱਦਾ ਵੀ ਉਠਾਇਆ ਕਿ ਜਦੋਂ ਦਿੱਲੀ ਦੇ ਆਗੂ ਪੰਜਾਬ ਬਾਰੇ ਫੈਸਲੇ ਕਰ ਰਹੇ ਸਨ ਤਾਂ ਉਨ੍ਹਾਂ ਸਮੇਤ ਪੰਜਾਬ ਦੇ ਹੋਰ ਆਗੂ ਚੁੱਪ ਕਰ ਕੇ ਕਿਉਂ ਬੈਠੇ ਰਹੇ?

ਖੁਦਮੁਖਤਾਰੀ ਵਾਲਾ ਮਤਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੜ੍ਹਿਆ। ਸਾਰੇ ਆਗੂਆਂ ਨੇ ਹੱਥ ਖੜ੍ਹੇ ਕਰ ਕੇ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ। 'ਆਪ' ਦਾ ਪੰਜਾਬ ਯੂਨਿਟ ਜਿਥੇ ਆਪਣੀ ਵਰਕਿੰਗ ਕਮੇਟੀ ਬਣਾਏਗਾ, ਉਥੇ ਸੂਬਾਈ ਪ੍ਰਧਾਨ ਅਤੇ ਜ਼ਿਲ੍ਹਿਆਂ ਦੇ ਪ੍ਰਧਾਨ ਵੀ ਬਣਾਏ ਜਾਣਗੇ।

ਪੰਜਾਬ ਵਿਚ ਸਾਰੀਆਂ ਬਲਾਕ ਸਮਿਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਲੜਨ ਦਾ ਵੀ ਫੈਸਲਾ ਕੀਤਾ ਗਿਆ। ਪਰਵਾਸੀ ਭਾਰਤੀਆਂ ਵੱਲੋਂ ਉਮੀਦਵਾਰਾਂ ਲਈ ਭੇਜੇ ਪੈਸਿਆਂ ਦਾ ਹਿਸਾਬ-ਕਿਤਾਬ ਜਲਦੀ ਵੈੱਬਸਾਈਟ 'ਤੇ ਪਾ ਦਿੱਤਾ ਜਾਵੇਗਾ। ਯਾਦ ਰਹੇ ਕਿ ਪਾਰਟੀ ਦੀ ਵੈੱਬਸਾਈਟ ਤੋਂ ਹਿਸਾਬ-ਕਿਤਾਬ ਦੱਸਣ ਵਾਲਾ ਕਾਲਮ ਪਿਛਲੇ ਛੇ ਮਹੀਨਿਆਂ ਤੋਂ ਬੰਦ ਪਿਆ ਹੈ।

# ਭਾਰਤੀ ਜਨਤਾ ਪਾਰਟੀ ਦੀ ਫਿਰਕੂ ਸਫਬੰਦੀ

*(ਸਫਾ ਇਕ ਦੀ ਬਾਕੀ)*

ਆਪਣੇ ਦੋ ਖਾਸ ਬੰਦਿਆਂ- ਦਿਨੇਸ਼ ਸ਼ਰਮਾ ਤੇ ਕੇਸ਼ਵ ਪ੍ਰਸ਼ਾਦ ਮੌਰਿਆ ਨੂੰ ਉਪ ਮੁੱਖ ਮੰਤਰੀ ਬਣਾਉਣ ਦੀ ਮਨਜ਼ੂਰੀ ਲੈ ਲਈ।

41 ਵਰ੍ਹਿਆਂ ਦੇ ਯੋਗੀ ਆਦਿਤਿਆਨਾਥ ਦਾ ਰਾਜਸੀ ਪਿਛੋਕੜ ਵਿਵਾਦਮਈ ਰਿਹਾ ਹੈ। ਉਸ ਦੇ ਹਮਾਇਤੀ ਉਸ ਨੂੰ 'ਹਿੰਦੂ ਹ੍ਰਿਦਯ ਸਮਰਾਟ' ਦੱਸਦੇ ਹਨ। ਉਸ ਖਿਲਾਫ ਪੰਜ ਕੇਸ ਵੀ ਦਰਜ ਹਨ। ਇਨ੍ਹਾਂ ਵਿਚੋਂ ਤਿੰਨ ਦਾ ਸਬੰਧ 'ਲਵ ਜਹਾਦ' ਨਾਲ ਹੈ। ਯੋਗੀ ਨੇ ਵਿਧਾਨ ਸਭਾ ਚੋਣਾਂ ਤਾਂ ਨਹੀਂ ਸਨ ਲੜੀਆਂ, ਪਰ ਇਨ੍ਹਾਂ ਲਈ ਪ੍ਰਚਾਰ ਖੂਬ ਕੀਤਾ। ਉਤਰ ਪ੍ਰਦੇਸ਼ ਵਿਚ 20 ਫੀਸਦੀ ਦੇ ਲਗਭਗ ਮੁਸਲਿਮ ਆਬਾਦੀ ਹੈ।

ਟਿਕਟਾਂ ਦੇਣ ਸਮੇਂ ਭਾਰਤੀ ਜਨਤਾ ਪਾਰਟੀ ਨੇ ਇਕ ਵੀ ਮੁਸਲਮਾਨ ਨੂੰ ਟਿਕਟ ਨਹੀਂ ਸੀ ਦਿੱਤੀ। 403 ਮੈਂਬਰੀ ਵਿਧਾਨ ਸਭਾ ਵਿਚ ਇਸ ਪਾਰਟੀ ਦੇ 325 ਮੈਂਬਰ ਚੁਣੇ ਗਏ, ਇਸ ਨੇ ਇਕ ਵਾਰ ਤਾਂ ਸਮੁੱਚੇ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ, ਪਰ ਹੁਣ ਜਿਸ ਤਰ੍ਹਾਂ ਭਾਜਪਾ ਵੱਲੋਂ ਫਿਰਕੂ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ, ਉਸ ਨਾਲ ਘੱਟ ਗਿਣਤੀਆਂ ਲਈ ਵੱਡੀ ਚਿੰਤਾ ਖੜ੍ਹੀ ਹੋ ਗਈ ਹੈ। ਯੋਗੀ ਨੇ ਹਿੰਦੂ ਯੁਵਾ ਵਾਹਿਨੀ ਵਰਗੀਆਂ ਸੰਸਥਾਵਾਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਦਾ ਮੰਤਵ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣਾ ਹੀ ਹੈ। ਇਸੇ ਕਰ ਕੇ ਉਨ੍ਹਾਂ ਨੂੰ ਅਕਸਰ ਮੁਸਲਿਮ ਵਿਰੋਧੀ ਮੰਨਿਆ ਜਾਂਦਾ ਰਿਹਾ ਹੈ। ਉਹ ਹਿੰਦੂ ਰਾਸ਼ਟਰ ਦਾ ਰਾਗ ਵੀ ਅਲਾਪਦਾ ਰਿਹਾ ਹੈ। ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਦਾ ਵੀ ਉਹ ਪੱਕਾ ਧਾਰਨੀ ਹੈ। ਉਹ ਘਰ ਵਾਪਸੀ ਅਤੇ 'ਲਵ ਜਹਾਦ' ਵਰਗੇ ਵਿਸ਼ਿਆਂ ਨੂੰ ਖੂਬ ਉਭਾਰਦਾ ਰਿਹਾ ਹੈ।

ਪਿੱਛੇ ਜਿਹੇ ਉਸ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੁਝ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦੇ ਅਮਰੀਕਾ ਵਿਚ ਦਾਖਲ ਹੋਣ 'ਤੇ ਲਾਈ ਪਾਬੰਦੀ ਦਾ ਵੀ ਸਵਾਗਤ ਕੀਤਾ ਸੀ। ਸ਼ਾਹਰੁਖ ਖਾਨ ਨੂੰ ਉਹ ਹਾਫਿਜ਼ ਸਈਦ ਆਖਦਾ ਰਿਹਾ ਹੈ ਅਤੇ ਮਦਰ ਟੈਰੇਸਾ ਨੂੰ ਲੁਕਵੇਂ ਰੂਪ ਵਿਚ ਇਸਾਈ ਧਰਮ ਦੀ ਪ੍ਰਚਾਰਕ ਕਹਿੰਦਾ ਰਿਹਾ ਹੈ। ਗਊ ਰੱਖਿਆ ਦੇ ਮਾਮਲੇ ਵਿਚ ਵੀ ਉਹ ਲਗਾਤਾਰ ਵਿਵਾਦ ਵਾਲੇ ਬਿਆਨ ਦਿੰਦਾ ਰਿਹਾ ਹੈ। ਸਮੇਂ-ਸਮੇਂ ਲੱਗੇ ਗੰਭੀਰ ਦੋਸ਼ਾਂ ਕਰ ਕੇ ਉਸ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਕਿਹਾ ਜਾ ਰਿਹਾ ਹੈ ਕਿ ਯੋਗੀ ਨੂੰ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਧਾਰਮਿਕ ਸਫਬੰਦੀ ਕਰ ਕੇ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਕੀਤਾ ਗਿਆ ਹੈ।

## ਰਾਮ ਮੰਦਰ ਬਾਰੇ ਸਿਆਸੀ ਹਲਚਲ ਵਧੀ

**ਨਵੀਂ ਦਿੱਲੀ:** ਅਯੁੱਧਿਆ ਵਿਚ ਰਾਮ ਮੰਦਰ ਵਿਵਾਦ ਨੂੰ ਸੁਲਝਾਉਣ ਲਈ ਸੁਪਰੀਮ ਕੋਰਟ ਵੱਲੋਂ ਵਿਚੋਲਗੀ ਦੀ ਭੂਮਿਕਾ ਨਿਭਾਉਣ ਦੀ ਗੱਲ ਆਖੇ ਜਾਣ ਤੋਂ ਬਾਅਦ ਰਾਜਨੀਤਕ ਗਲਿਆਰਿਆਂ ਵਿਚ ਹਲਚਲ ਤੇਜ਼ ਹੋ ਗਈ ਹੈ। ਭਾਜਪਾ ਦੇ ਬੁਲਾਰੇ ਨਲਿਨ ਕੋਹਲੀ ਨੇ ਆਖਿਆ ਹੈ ਕਿ ਵਿਚੋਲਗੀ ਦੀ ਭੂਮਿਕਾ ਤਾਂ ਹੀ ਸੰਭਵ ਹੈ, ਜੇ ਦੋਵੇਂ ਪੱਖ ਇਸ ਵਿਚ ਸ਼ਾਮਲ ਹੋਣਗੇ। ਦੂਜੇ ਪਾਸੇ ਕਾਂਗਰਸ ਦੇ ਬੁਲਾਰੇ ਅਖਿਲੇਸ਼ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਅਦਾਲਤ ਇਸ ਮਸਲੇ ਉਤੇ ਜਾਂ ਤਾਂ ਫੈਸਲਾ ਦੇਵੇ ਜਾਂ ਫਿਰ ਮਿਲ ਬੈਠ ਕੇ ਇਸ ਦਾ ਨਿਬੇੜਾ ਕਰੇ। ਮੁਸਲਿਮ ਧਰਮ ਗੁਰੂ ਖਾਲਿਦ ਰਸ਼ੀਦ ਫ਼ਿਰੰਗੀ ਮਹਿਲ ਨੇ ਆਖਿਆ ਕਿ ਜਦੋਂ ਵੀ ਇਸ ਮਸਲੇ ਦਾ ਹੱਲ ਗੱਲਬਾਤ ਰਾਹੀਂ ਕੱਢਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਰਾਜਨੀਤਕ ਪਾਰਟੀਆਂ ਬਿਆਨਬਾਜ਼ੀ ਕਰ ਕੇ ਇਸ ਨੂੰ ਉਲਝਾ ਦਿੰਦੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਹਿੰਦੂਤਵ ਦੇ ਆਗੂ ਯੋਗੀ ਹੱਥ ਆਈ ਯੂਪੀ ਦੀ ਕਮਾਨ



**ਲਖਨਊ:** ਕੱਟੜਵਾਦੀ ਹਿੰਦੂਤਵ ਵਿਚਾਰਧਾਰਾ ਦੇ ਬਿੰਬ ਮੰਨੇ ਜਾਂਦੇ ਵਿਵਾਦਿਤ ਆਗੂ ਯੋਗੀ ਆਦਿਤਿਆਨਾਥ ਉਤਰ ਪ੍ਰਦੇਸ਼ ਦੇ ਅਗਲੇ ਮੁੱਖ ਮੰਤਰੀ ਹੋਣਗੇ। ਗੋਰਖਪੁਰ ਤੋਂ ਪੰਜ ਵਾਰ ਸੰਸਦ ਮੈਂਬਰ ਰਹੇ 44 ਸਾਲਾ ਯੋਗੀ ਆਦਿਤਿਆਨਾਥ ਦੀ ਨਿਯੁਕਤੀ ਨੇ ਸਿਆਸੀ ਹਲਕਿਆਂ 'ਚ ਨਵੀਂ ਚੁੰਝ ਚਰਚਾ ਛੇੜ ਦਿੱਤੀ ਹੈ।

403 ਮੈਂਬਰੀ ਯੂ.ਪੀ. ਵਿਧਾਨ ਸਭਾ ਵਿਚ ਭਾਜਪਾ ਦੇ 312 ਵਿਧਾਇਕ ਹਨ। ਆਦਿਤਿਆਨਾਥ ਰਾਜ ਦੇ 21ਵੇਂ ਜਦਕਿ ਭਾਜਪਾ ਦੇ ਚੌਥੇ ਮੁੱਖ ਮੰਤਰੀ ਹੋਣਗੇ। ਯੋਗੀ ਆਦਿਤਿਆਨਾਥ ਆਪਣੀਆਂ ਵਿਵਾਦਤ ਟਿੱਪਣੀਆਂ (ਇਸਲਾਮ ਤੇ ਪਾਕਿਸਤਾਨ ਬਾਰੇ) ਕਰ ਕੇ ਹਮੇਸ਼ਾਂ ਸੁਰਖੀਆਂ 'ਚ ਰਹੇ ਹਨ। ਉਨ੍ਹਾਂ ਦੀ ਕੇਂਦਰ ਵਿਚ ਭਾਜਪਾ ਆਗੂਆਂ ਨਾਲ ਚੰਗੀ ਸਾਂਝ ਹੈ ਤੇ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਨਾਮਜ਼ਦ ਕੀਤੇ ਜਾਣ ਪਿੱਛੇ ਆਰ.ਐਸ.ਐਸ. ਦਾ ਵੱਡਾ ਹੱਥ ਹੈ।

# ਜਦੋਂ ਘੋੜੀ ਦੀ ਥਾਂ ਸ਼ੇਰ 'ਤੇ ਢੁੱਕਾ ਲਾੜਾ

**ਲਾਹੌਰ:** ਪਾਕਿਸਤਾਨ ਵਿਚ ਇਕ ਲਾੜਾ ਘੋੜੀ ਦੀ ਥਾਂ ਸ਼ੇਰ ਦੇ ਪਿੰਜਰੇ ਉਤੇ ਸਵਾਰ ਹੋ ਕੇ ਬਾਰਾਤ ਲੈ ਕੇ ਢੁੱਕਾ। ਸ਼ੇਰ ਪਿੰਜਰੇ 'ਚ ਬੰਦ ਸੀ ਅਤੇ ਉਸ ਦੇ ਪਿੰਜਰੇ 'ਤੇ ਸਵਾਰ ਸੀ ਮੁਲਤਾਨ ਦਾ ਸ਼ੇਖ਼ ਮੁਹੰਮਦ। ਲਾੜੇ ਨੇ ਆਖਿਆ ਕਿ ਉਸ ਨੇ ਅਜਿਹਾ ਆਪਣੇ ਪਿਤਾ ਦੀ ਇੱਛਾ ਪੂਰੀ ਕਰਨ ਲਈ ਕੀਤਾ ਹੈ। ਉਹ ਸੋਨੇ ਦੇ ਗਹਿਣਿਆਂ ਨਾਲ ਲੱਦਿਆ ਹੋਇਆ ਸੀ ਤੇ ਵਿਆਹ ਦੀ ਦਾਅਵਤ 'ਚ ਕੋਈ 15 ਹਜ਼ਾਰ ਮਹਿਮਾਨ ਸ਼ਰੀਕ ਸਨ।

ਲਾੜੀ ਦੇ ਪੇਕਿਆਂ ਨੇ 5 ਕਰੋੜ ਰੁਪਏ ਦਾਜ 'ਚ ਦਿੱਤੇ। ਸੋਸ਼ਲ ਮੀਡੀਆ ਉਤੇ ਇਹ ਅਨੋਖੀ ਬਰਾਤ ਦੀ ਵੀਡੀਓ ਕਾਫੀ ਵਾਇਰਲ ਵੀ ਹੋ ਰਹੀ ਹੈ। ਦੂਜੇ ਪਾਸੇ ਵਿਆਹ ਵਿਚ ਕੀਤੇ ਗਏ ਖਰਚ ਉਤੇ ਪਾਕਿਸਤਾਨ ਦੇ ਆਮਦਨ ਕਰ ਵਿਭਾਗ ਨੇ ਸ਼ੇਖ਼ ਮੁਹੰਮਦ ਨੂੰ ਨੋਟਿਸ ਦੇ ਦਿੱਤਾ ਹੈ।

# ਰਾਵਤ ਉਤਰਾਖੰਡ ਦੇ ਨਵੇਂ ਮੁੱਖ ਮੰਤਰੀ

**ਦੇਹਰਾਦੂਨ:** ਤ੍ਰਿਵੇਂਦਰ ਸਿੰਘ ਰਾਵਤ, ਜਿਨ੍ਹਾਂ ਦੀਆਂ ਜੜ੍ਹਾਂ ਆਰ.ਐਸ.ਐਸ. ਨਾਲ ਜੁੜੀਆਂ ਹਨ ਤੇ ਭਾਜਪਾ ਲੀਡਰਸ਼ਿਪ ਦਾ ਵਿਸ਼ਵਾਸ ਹਾਸਲ ਹੈ, ਨੇ ਉਤਰਾਖੰਡ ਦੇ 9ਵੇਂ ਮੁੱਖ ਮੰਤਰੀ ਵਜੋਂ ਹਲਫ ਲਿਆ।

ਸ੍ਰੀ ਰਾਵਤ ਤੋਂ ਇਲਾਵਾ ਸੱਤ ਵਿਧਾਇਕਾਂ ਨੇ ਕੈਬਨਿਟ ਮੰਤਰੀ ਅਤੇ ਦੋ ਨੇ ਰਾਜ ਮੰਤਰੀ ਵਜੋਂ ਹਲਫ ਲਿਆ। ਕੈਬਨਿਟ ਮੰਤਰੀ ਵਜੋਂ ਹਲਫ ਲੈਣ ਵਾਲੇ ਸੱਤ ਵਿਧਾਇਕਾਂ ਵਿਚ ਸਤਪਾਲ ਮਹਾਰਾਜ, ਪ੍ਰਕਾਸ਼ ਪੰਤ, ਹਰਕ ਸਿੰਘ ਰਾਵਤ, ਯਸ਼ਪਾਲ ਆਰੀਆ, ਸੁਬੋਧ ਉਨਿਆਲ, ਮਦਨ ਕੌਸ਼ਿਕ ਅਤੇ ਅਰਵਿੰਦ ਪਾਂਡੇ ਸ਼ਾਮਲ ਹਨ। ਧਨ ਸਿੰਘ ਰਾਵਤ ਤੇ ਰੇਖਾ ਆਰੀਆ ਰਾਜ ਮੰਤਰੀ ਬਣੇ ਹਨ। ਪੰਜ ਸਾਬਕਾ ਕਾਂਗਰਸੀ ਵਿਧਾਇਕਾਂ, ਜੋ ਦਲਬਦਲ ਕੇ ਭਾਜਪਾ ਵਿਚ ਆਏ ਸਨ, ਨੂੰ ਅਹੁਦਿਆਂ ਨਾਲ ਨਿਵਾਜ ਦਿੱਤਾ ਗਿਆ ਹੈ।




## ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ
ਇਕ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ, ਕਿਚਨ ਹੈਲਪਰ ਤੇ
ਡਿਸ਼ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

11-13



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

Email:
Homeomedicine@yahoo.com

**7021 Village Park Way, Dublin, CA 94568**



## Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Call today for your FREE, no-obligation quote:**

**1-408-771-2438**

satwant@satwantins.com

# ਨਵੇਂ ਚੁਣੇ ਵਿਧਾਇਕਾਂ ਵਿਚ ਅਪਰਾਧੀਆਂ ਤੇ ਧਨਾਢਾਂ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਦੇ ਨਵੇਂ ਚੁਣੇ ਵੱਡੇ ਗਿਣਤੀ ਵਿਧਾਇਕਾਂ ਉਤੇ ਅਪਰਾਧਕ ਮਾਮਲੇ ਦਰਜ ਹਨ। ਇਨ੍ਹਾਂ ਵਿਚ ਹਲਕਾ ਆਤਮ ਨਗਰ ਦੇ ਸਿਮਰਜੀਤ ਸਿੰਘ ਬੈਂਸ 'ਤੇ ਕੁੱਲ 6 ਮੁਕੱਦਮੇ, ਪਟਿਆਲਾ ਸ਼ਹਿਰੀ ਦੇ ਕੈਪਟਨ ਅਮਰਿੰਦਰ ਸਿੰਘ ਉਤੇ 4, ਹਲਕਾ ਲੁਧਿਆਣਾ ਪੂਰਬੀ ਦੇ ਸੰਜੀਵ ਤਲਵਾੜ 'ਤੇ ਇਕ, ਹਲਕਾ ਰਾਮਪੁਰਾ ਫੂਲ ਦੇ ਗੁਰਪ੍ਰੀਤ ਸਿੰਘ ਕਾਂਗੜ ਉਤੇ 2, ਹਲਕਾ ਲੁਧਿਆਣਾ ਦਸੱਖਣੀ ਦੇ ਬਲਵਿੰਦਰ ਸਿੰਘ ਬੈਂਸ 'ਤੇ 2 ਮੁਕੱਦਮੇ ਦਰਜ ਹਨ।

ਖੇਮਕਰਨ ਦੇ ਸੁਖਪਾਲ ਸਿੰਘ ਭੁੱਲਰ, ਭੋਆ ਦੇ ਜੋਗਿੰਦਰਪਾਲ, ਅੰਮ੍ਰਿਤਸਰ ਪੂਰਬੀ ਦੇ ਨਵਜੋਤ ਸਿੰਘ ਸਿੱਧੂ, ਹਲਕਾ ਸੁਨਾਮ ਤੋਂ ਅਮਨ ਅਰੋੜਾ, ਹਲਕਾ ਰਾਜਾਸਾਂਸੀ ਦੇ ਸੁਖਬਿੰਦਰ ਸਿੰਘ ਸੁਖ ਸਰਕਾਰੀਆ, ਡੇਰਾਬਸੀ ਦੇ ਨਰਿੰਦਰ ਸ਼ਰਮਾ, ਹਲਕਾ ਖਰੜ ਦੇ ਕੰਵਰ ਸੰਧੂ, ਹਲਕਾ ਬਾਬਾ ਬਕਾਲਾ ਦੇ ਸੰਤੋਖ ਸਿੰਘ, ਹਲਕਾ ਸੰਗਰੂਰ ਦੇ ਵਿਜੇ ਇੰਦਰ ਸਿੰਗਲਾ, ਤਲਵੰਡੀ ਸਾਬੋ ਦੀ ਬਲਜਿੰਦਰ ਕੌਰ ਅਤੇ ਭੁਲੱਥ ਦੇ ਸੁੱਖਪਾਲ ਸਿੰਘ ਖਹਿਰ 'ਤੇ 1-1 ਮੁਕੱਦਮਾ ਚੱਲ ਰਿਹਾ ਹੈ।



**95 ਵਿਧਾਇਕਾਂ ਕੋਲ 1 ਕਰੋੜ ਤੋਂ ਵੱਧ ਜਾਇਦਾਦ :** 117 ਵਿਧਾਇਕਾਂ ਵਿਚੋਂ 95 ਵਿਧਾਇਕ ਅਜਿਹੇ ਹਨ, ਜਿਨ੍ਹਾਂ ਕੋਲ ਇਕ ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਹੈ, ਇਨ੍ਹਾਂ ਵਿਚੋਂ 59 ਵਿਧਾਇਕਾਂ ਕੋਲ 5 ਕਰੋੜ ਤੋਂ ਵੱਧ, 36 ਵਿਧਾਇਕਾਂ ਕੋਲ 1 ਤੋਂ 5 ਕਰੋੜ, 14 ਵਿਧਾਇਕਾਂ ਕੋਲ 25 ਲੱਖ ਤੋਂ 1 ਕਰੋੜ ਅਤੇ 8 ਵਿਧਾਇਕ ਕੋਲ 25 ਲੱਖ ਤੋਂ ਘੱਟ ਚੱਲ ਤੇ ਅਚੱਲ ਜਾਇਦਾਦ ਹੈ। 'ਆਪ' ਦੀ ਬਠਿੰਡਾ ਦਿਹਾਤੀ ਦੀ ਵਿਧਾਇਕ ਰੁਪਿੰਦਰ ਕੌਰ ਰੂਬੀ ਕੋਲ ਸਭ ਤੋਂ ਘੱਟ ਸਿਰਫ 1 ਲੱਖ 74 ਹਜ਼ਾਰ 831 ਰੁਪਏ ਦੀ ਚੱਲ ਤੇ ਅਚੱਲ ਜਾਇਦਾਦ ਦੱਸੀ ਗਈ ਹੈ। ਕਾਂਗਰਸ ਦੇ ਬਾਬਾ ਬਕਾਲਾ ਤੋਂ ਵਿਧਾਇਕ ਸੰਤੋਖ ਸਿੰਘ ਅਤੇ 'ਆਪ' ਦੀ ਰੁਪਿੰਦਰ ਕੌਰ ਰੂਬੀ ਨੇ ਆਪਣੇ ਪੈਨ ਕਾਰਡ ਦਾ ਵੇਰਵਾ ਵੀ ਨਹੀਂ ਦਿੱਤਾ।

## ਵਿਧਾਇਕਾਂ ਦੀ ਵਿਦਿਅਕ ਯੋਗਤਾ...

**ਲੁਧਿਆਣਾ:** 14ਵੀਂ ਵਿਧਾਨ ਸਭਾ ਲਈ ਚੁਣੇ ਗਏ ਸਭ ਤੋਂ ਵੱਧ ਪੜ੍ਹੇ ਲਿਖੇ ਵਿਧਾਇਕਾਂ ਵਿਚੋਂ ਵੱਡੀ ਗਿਣਤੀ ਕਾਂਗਰਸ ਵਿਧਾਇਕਾਂ ਦੀ ਹੈ, ਜਿਨ੍ਹਾਂ ਵਿਚੋਂ ਇਕੋ-ਇਕ ਪੀ.ਐਚ.ਡੀ. ਵਿਧਾਇਕ ਵੀ ਕਾਂਗਰਸ ਦਾ ਹੀ ਹੈ, ਜਦਕਿ ਅਕਾਲੀ ਦਲ ਦਾ ਇਕ ਵਿਧਾਇਕ 5ਵੀਂ ਪਾਸ ਅਤੇ ਕਾਂਗਰਸ ਦੇ 6 ਵਿਧਾਇਕ 8ਵੀਂ ਪਾਸ ਹਨ। 117 ਵਿਧਾਇਕਾਂ ਵਿਚੋਂ ਕਾਂਗਰਸ ਦੇ 6 ਵਿਧਾਇਕ 8ਵੀਂ ਪਾਸ, 18 ਵਿਧਾਇਕ ਦਸਵੀਂ ਪਾਸ, 20 ਵਿਧਾਇਕ 12ਵੀਂ ਪਾਸ, 22 ਵਿਧਾਇਕ ਗਰੈਜੂਏਟ, 10 ਵਿਧਾਇਕ ਕਿੱਤਾ ਮੁਖੀ ਗਰੈਜੂਏਟ, 9 ਵਿਧਾਇਕ ਪੋਸਟ ਗਰੈਜੂਏਟ ਤੇ ਇਕ ਵਿਧਾਇਕ ਡਾਕਟਰੇਟ ਡਿਗਰੀ ਪ੍ਰਾਪਤ ਹੈ। ਦੂਜੇ ਸਥਾਨ ਉਤੇ ਰਹੀ ਆਮ ਆਦਮੀ ਪਾਰਟੀ ਦੇ 2 ਵਿਧਾਇਕ ਦਸਵੀਂ ਪਾਸ, 5 ਵਿਧਾਇਕ 12ਵੀਂ ਪਾਸ, 3 ਵਿਧਾਇਕ ਗਰੈਜੂਏਟ, 4 ਵਿਧਾਇਕ ਕਿੱਤਾ ਮੁਖੀ ਗਰੈਜੂਏਟ, 5 ਵਿਧਾਇਕ ਪੋਸਟ ਗਰੈਜੂਏਟ ਹਨ। ਅਕਾਲੀ ਦਲ ਦੇ 1-1 ਵਿਧਾਇਕ ਦਸਵੀਂ ਪਾਸ ਤੇ 12ਵੀਂ ਪਾਸ, 5 ਵਿਧਾਇਕ ਗਰੈਜੂਏਟ, 4 ਵਿਧਾਇਕ ਕਿੱਤਾ ਮੁਖੀ ਗਰੈਜੂਏਟ, 3 ਵਿਧਾਇਕ ਪੋਸਟ ਗਰੈਜੂਏਟ ਹਨ ਤੇ ਵਿਧਾਨ ਸਭਾ ਦਾ ਸਭ ਤੋਂ ਘੱਟ ਪੜ੍ਹਿਆ ਸਿਰਫ ਪੰਜਵੀਂ ਪਾਸ ਵਿਧਾਇਕ ਵੀ ਅਕਾਲੀ ਦਲ ਦਾ ਹੀ ਹੈ। ਲੋਕ ਇਨਸਾਫ ਪਾਰਟੀ ਦਾ ਇਕ ਵਿਧਾਇਕ ਕਿੱਤਾ ਮੁਖੀ ਗਰੈਜੂਏਟ, ਇਕ ਵਿਧਾਇਕ ਪੋਸਟ ਗਰੈਜੂਏਟ ਹੈ ਜਦਕਿ ਭਾਜਪਾ ਦਾ ਇਕ ਵਿਧਾਇਕ 12ਵੀਂ ਪਾਸ, ਇਕ ਕਿੱਤਾ ਮੁਖੀ ਗਰੈਜੂਏਟ ਤੇ ਇਕ ਪੋਸਟ ਗਰੈਜੂਏਟ ਹੈ।

## ਸੁਖਬੀਰ ਨੇ ਦੱਸਿਆ ਹਾਰ ਦਾ ਅਸਲ ਕਾਰਨ...

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਹਾਰ ਦਾ ਕਾਰਨ ਪਾਰਟੀ ਨੇਤਾਵਾਂ ਵੱਲੋਂ ਬਿਨਾਂ ਸੋਚੇ ਸਮਝੇ ਸਿਰੋਪਾਉ ਦੇ ਕੇ ਪਾਰਟੀ ਵਿਚ ਸ਼ਾਮਲ ਕੀਤੇ ਲੋਕਾਂ ਨੂੰ ਦੱਸਿਆ ਹੈ। ਇਸ ਦੇ ਨਾਲ ਹੀ ਸੁਖਬੀਰ ਬਾਦਲ ਨੇ ਇਸ ਗੱਲ ਦੀ ਵੀ ਬੜ੍ਹਕ ਮਾਰੀ ਕਿ ਸਰਕਾਰ ਭਾਵੇਂ ਕਾਂਗਰਸ ਦੀ ਹੋਵੇ, ਪਰ ਲੰਬੀ, ਗਿੱਦੜਬਾਹਾ ਹਲਕੇ ਵਿਚ ਉਨ੍ਹਾਂ ਦੀ ਹੀ ਚੱਲੇਗੀ। ਆਪਣੇ ਮਜ਼ਾਕੀਆ ਅੰਦਾਜ਼ ਵਿਚ ਸੁਖਬੀਰ ਬਾਦਲ ਨੇ ਕਾਂਗਰਸ ਵੱਲੋਂ ਲੋਕਾਂ ਨੂੰ ਸਾਮਰਟਫੋਨ ਦੇਣ ਦੇ ਵਾਅਦੇ ਦੀ ਗੱਲ ਛੇੜਦਿਆਂ ਨੌਕਰੀਆਂ ਦੇਣ ਤੇ ਛੜਿਆਂ ਦੇ ਵਿਆਹ ਕਰਵਾਉਣ ਦੇ ਵਾਅਦੇ 'ਤੇ ਵੀ ਚੁਟਕੀ ਲਈ। ਆਪਣੀ ਪਾਰਟੀ ਦੀ ਹਾਰ ਬਾਰੇ ਸੁਖਬੀਰ ਬਾਦਲ ਨੇ ਕਿਹਾ ਕਿ ਪਾਰਟੀ ਦੇ ਹਾਰਨ ਦਾ ਵੱਡਾ ਕਾਰਨ ਸਿਰੋਪਾਉ ਲੈ ਕੇ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਲੋਕ ਬਣੇ ਹਨ। ਉਨ੍ਹਾਂ ਅੱਗੇ ਤੋਂ ਅਜਿਹੇ ਲੋਕਾਂ ਨੂੰ ਪਾਰਟੀ 'ਚ ਸ਼ਾਮਲ ਨਾ ਕਰਨ ਦਾ ਅਹਿਦ ਵੀ ਲਿਆ। ਆਪਣੇ ਹਮਾਇਤੀ ਲੋਕਾਂ ਨੂੰ ਹੱਲਾਸ਼ੇਰੀ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਜੇ ਕੋਈ ਅਫਸਰ ਜਾਂ ਨੇਤਾ ਤੁਹਾਡਾ ਕੰਮ ਨਹੀਂ ਕਰਦਾ ਤਾਂ ਉਸ ਦੀ ਲਿਸਟ ਬਣਾ ਲੈਣਾ। ਹੋ ਸਕਦਾ ਹੈ ਕੁਝ ਸਾਲਾਂ ਬਾਅਦ ਮੁੜ ਸਰਕਾਰ ਲਿਆਉਣ ਦੇ ਖਿਆਲ ਨਾਲ ਸੁਖਬੀਰ ਬਾਦਲ ਨੇ ਅਜਿਹਾ ਕਿਹਾ ਹੋਵੇ।



# ਪੰਜਾਬ ਦੀ ਜਨਤਾ ਨੇ ਕਲਾਕਾਰਾਂ ਨੂੰ ਨਕਾਰਿਆ

**ਰਾਏਕੋਟ:** ਪੰਜਾਬ ਦੀ ਜਨਤਾ ਨੇ 2017 ਵਿਧਾਨ ਸਭਾ ਚੋਣਾਂ ਵਿਚ ਫਿਲਮੀ ਕਲਾਕਾਰਾਂ, ਗਾਇਕਾਂ ਤੇ ਹਾਸ ਕਲਾਕਾਰਾਂ ਨੂੰ ਬੁਰੀ ਤਰ੍ਹਾਂ ਨਕਾਰਦਿਆਂ ਇਨ੍ਹਾਂ ਖਿਲਾਫ਼ ਆਪਣਾ ਫਤਵਾ ਦੇ ਕੇ ਰਾਜਨੀਤਕ ਪਾਰਟੀਆਂ ਨੂੰ ਇਹ ਸੋਚਣ ਲਈ ਮਜ਼ਬੂਤ ਕਰ ਦਿੱਤਾ ਹੈ ਕਿ ਹੁਣ ਆਮ ਜਨਤਾ






ਜਾਗਰੂਕ ਹੋ ਚੁੱਕੀ ਹੈ। ਇਸ ਵਾਰ ਵਿਧਾਨ ਸਭਾ ਵਿਚ ਕੋਈ ਵੀ ਪੰਜਾਬੀ ਕਲਾਕਾਰ ਨਾ ਪਹੁੰਚਣ ਕਰ ਕੇ ਕਲਾਕਾਰਾਂ ਦੇ ਹੱਕਾਂ ਦੀ ਲੜਾਈ ਲੜਨ ਵਾਲੇ ਬੁੱਧੀਜੀਵੀ ਵੀ ਬਹੁਤ ਨਿਰਾਸ਼ ਹੋਏ ਹਨ।

ਇਸ ਤੋਂ ਇਲਾਵਾ ਇਸ ਨਵੀਂ ਬਣੀ ਵਿਧਾਨ ਸਭਾ ਵਿਚ ਕਿਸੇ ਵੀ ਕਲਾਕਾਰ ਦੇ ਨਾ ਪਹੁੰਚਣ ਕਾਰਨ ਹੁਣ ਉਹ ਹਾਸੇ-ਠੱਠੇ ਵੀ ਸੁਣਨ ਨੂੰ ਨਹੀਂ ਮਿਲਣਗੇ। ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਪੰਜਾਬ ਦੇ ਉੱਪ ਮੁੱਖ ਮੰਤਰੀ ਨੂੰ ਟੱਕਰ ਦੇਣ ਗਏ ਹਾਸ ਕਲਾਕਾਰ ਤੇ 'ਆਪ' ਦੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖਣਾ ਪਿਆ। ਭਦੌੜ ਤੋਂ 2012 ਵਿਚ ਕਾਂਗਰਸ ਦੀ ਟਿਕਟ 'ਤੇ ਜਿੱਤੇ ਪੰਜਾਬੀ ਲੋਕ ਗਾਇਕ ਮੁਹੰਮਦ ਸਦੀਕ ਨੂੰ ਇਸ ਵਾਰ ਜੈਤੋਂ ਵਿਧਾਨ ਸਭਾ ਹਲਕੇ ਦੇ ਵੋਟਰਾਂ ਨੇ ਪੜ੍ਹਨੇ ਪਾ ਦਿੱਤਾ। ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਪਹਿਲੀ ਵਾਰ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਵਾਲੀ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਵੀ ਹਾਰ ਕੇ ਘਰ ਬੈਠ ਗਈ। ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਵਿਸ਼ਵ ਪ੍ਰਸਿੱਧ ਕਾਮੇਡੀ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੂੰ ਵੀ ਇਨ੍ਹਾਂ ਚੋਣਾਂ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ।

## ਸ਼ਰਾਬ ਕਾਰੋਬਾਰ 'ਤੇ ਰਹੇਗਾ ਮੰਦੀ ਦਾ ਦੌਰ

**ਪਟਿਆਲਾ:** ਧਨ ਦੀ ਥੁੜ੍ਹ ਨਾਲ ਜੂਝ ਰਹੀ ਪੰਜਾਬ ਸਰਕਾਰ ਨੂੰ ਇਸ ਵਿੱਤੀ ਵਰ੍ਹੇ ਐਕਸਾਈਜ਼ ਮਾਲੀਆ ਟੀਚੇ ਤੋਂ 200 ਕਰੋੜ ਰੁਪਏ ਘੱਟ ਮਿਲਣ ਦੀ ਸੰਭਾਵਨਾ ਹੈ, ਜਿਸ ਨਾਲ ਸ਼ਰਾਬ ਠੇਕੇਦਾਰਾਂ ਨੂੰ ਘਾਟੇ ਦਾ ਸਾਹਮਣਾ ਕਰਨਾ ਪਵੇਗਾ। ਜੇ ਅਜਿਹਾ ਹੁੰਦਾ ਹੈ ਤਾਂ ਦਹਾਕੇ ਤੋਂ ਵੱਧ ਸਮੇਂ ਤੋਂ ਪਹਿਲੀ ਵਾਰ ਆਬਕਾਰੀ ਮਾਲੀਆ ਘਟੇਗਾ।

ਆਬਕਾਰੀ ਤੇ ਕਰ ਵਿਭਾਗ 'ਆਗਾਮੀ ਨੀਤੀ' ਨਾਲ ਇਸ ਘਾਟੇ ਨੂੰ ਪੂਰਨਾ ਚਾਹੁੰਦਾ ਹੈ। 2016-17 ਆਬਕਾਰੀ ਨੀਤੀ ਤੋਂ ਸੂਬਾਈ ਸਰਕਾਰ ਨੂੰ 5440 ਕਰੋੜ ਰੁਪਏ ਇਕੱਤਰ ਹੋਣ ਦੀ ਉਮੀਦ ਸੀ, ਜੋ ਇਸ ਤੋਂ ਪਿਛਲੇ ਵਿੱਤੀ ਵਰ੍ਹੇ ਵਿਚ 5040 ਕਰੋੜ ਸੀ। ਵਿਭਾਗ ਦੇ ਇਕ ਅਧਿਕਾਰੀ ਅਨੁਸਾਰ ਇਸ ਵਿੱਤੀ ਵਰ੍ਹੇ ਵਿਚ ਮਾਲੀਆ ਟੀਚੇ ਤੋਂ ਤਕਰੀਬਨ 200 ਕਰੋੜ ਰੁਪਏ ਘਟੇਗਾ। ਇਹ ਬਹੁਤ ਵੱਡਾ ਘਾਟਾ ਹੋਵੇਗਾ ਅਤੇ ਉਪਰੋਂ ਸੁਪਰੀਮ ਕੋਰਟ ਨੇ ਸ਼ਾਹਰਾਹਾਂ ਤੋਂ ਠੇਕੇ ਬੰਦ ਕਰਨ ਦਾ ਹੁਕਮ ਦਿੱਤਾ ਹੈ। ਅਗਲਾ ਵਿੱਤੀ ਵਰ੍ਹਾ ਮਾਲੀਏ ਪੱਖੋਂ ਔਖਾ ਰਹੇਗਾ। ਨਵੀਂ ਨੀਤੀ ਨੂੰ 16 ਮਾਰਚ ਤੱਕ ਤਿਆਰ ਕਰਨ ਲਈ ਅਧਿਕਾਰੀ ਦਿਨ ਰਾਤ ਇਕ ਕਰ ਰਹੇ ਹਨ।

# ਫਰੀਦਕੋਟ ਰਿਆਸਤ ਦੀ 600 ਏਕੜ ਜ਼ਮੀਨ ਦੀ ਮਾਲਕ ਬਣੀ ਸਰਕਾਰ

**ਫਰੀਦਕੋਟ:** ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਰਿਆਸਤ ਦੀ 636 ਏਕੜ (5090 ਕਨਾਲ) ਜ਼ਮੀਨ ਪੰਜਾਬ ਸਰਕਾਰ ਦੀ ਮਾਲਕੀ ਹੇਠ ਆ ਗਈ ਹੈ। ਇਹ ਜ਼ਮੀਨ ਫਰੀਦਕੋਟ ਅਤੇ ਕੋਟਕਪੂਰਾ ਸ਼ਹਿਰ ਦੇ ਵਿਚਕਾਰ ਕੌਮੀ ਸ਼ਾਹਰਾਹ ਉਤੇ ਹੈ। ਇਸ ਜ਼ਮੀਨ ਦੀ ਕੀਮਤ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ। ਫ਼ਰੀਦਕੋਟ ਦੇ ਕੁਲੈਕਟਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਤੋਂ ਬਾਅਦ ਇਸ ਜ਼ਮੀਨ ਦਾ ਮਾਲਕ ਪੰਜਾਬ ਸਰਕਾਰ ਨੂੰ ਐਲਾਨ ਦਿੱਤਾ ਹੈ।

ਸੂਤਰਾਂ ਅਨੁਸਾਰ 1949 ਵਿਚ ਰਿਆਸਤਾਂ ਖਤਮ ਹੋਣ ਤੋਂ ਬਾਅਦ ਨਰੈਣਗੜ੍ਹ ਦੀ 636 ਏਕੜ ਜ਼ਮੀਨ ਦੀ ਮਾਲਕ ਪੈਪਸੂ ਸਰਕਾਰ ਬਣ ਗਈ ਸੀ, ਪਰ ਇਸ ਜ਼ਮੀਨ ਵਿਚ ਫ਼ਰੀਦਕੋਟ ਰਿਆਸਤ ਦੇ ਇਕ ਮੁਜ਼ਾਰੇ ਨਰਿੰਦਰ ਸਿੰਘ ਦਾ ਕਬਜ਼ਾ ਸੀ ਅਤੇ ਜ਼ਮੀਨ ਦੇ ਕੁਝ ਹਿੱਸੇ ਦੀ ਮਾਲਕੀ ਵੀ ਉਸ ਦੇ ਨਾਮ ਸੀ, ਪਰ ਮਾਲ ਵਿਭਾਗ ਨੇ ਭੌ-ਮਾਫੀਆ ਦੇ ਪ੍ਰਭਾਵ ਹੇਠ ਇਹ ਜ਼ਮੀਨ ਇਲਾਕੇ ਦੇ ਕੁਝ ਅਸਰ ਰਸੂਖ਼ ਵਾਲੇ ਵਿਅਕਤੀਆਂ ਦੇ ਨਾਮ ਕਰ ਦਿੱਤੀ ਸੀ, ਜਿਨ੍ਹਾਂ ਵਿਚ ਦੋ ਪ੍ਰਮੁੱਖ ਅਕਾਲੀ ਆਗੂ ਵੀ ਸ਼ਾਮਲ ਹਨ। ਇਕ ਅਕਾਲੀ ਆਗੂ ਨੇ ਇਸ ਜ਼ਮੀਨ 'ਤੇ ਕਬਜ਼ੇ ਨੂੰ ਪੱਕਾ ਕਰਨ ਲਈ ਜ਼ਮੀਨ ਦੇ ਬਾਹਰਵਾਰ ਇਕ ਡੇਰਾ ਉਸਾਰ ਦਿੱਤਾ ਹੈ। ਪੰਜਾਬ ਸਰਕਾਰ ਨੇ 1998 ਵਿਚ ਇਸ ਜ਼ਮੀਨ ਨੂੰ ਆਪਣੀ ਮਾਲਕੀ ਹੇਠ ਲਿਆਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਸ ਜ਼ਮੀਨ 'ਤੇ ਕਾਬਜ਼ ਇਕ ਦਰਜਨ ਵਿਅਕਤੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕਰ ਕੇ ਪੰਜਾਬ ਸਰਕਾਰ ਦੀ ਕਾਰਵਾਈ ਉਪਰ ਰੋਕ ਲਾਉਣ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ 9 ਦਸੰਬਰ 2015 ਨੂੰ ਇਕ ਦਰਜਨ ਰਿੱਟ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਫ਼ਰੀਦਕੋਟ ਦੇ ਕੁਲੈਕਟਰ ਨੂੰ ਹਦਾਇਤ ਕੀਤੀ ਸੀ ਕਿ ਇਸ ਜ਼ਮੀਨ ਦੇ ਇੰਤਕਾਲ ਨੂੰ ਪੰਜਾਬ ਸਰਕਾਰ ਦੇ ਨਾਮ ਕਰਨ ਤੋਂ ਪਹਿਲਾਂ ਸਾਰੀਆਂ ਧਿਰਾਂ ਦੀ ਸੁਣਵਾਈ ਕੀਤੀ ਜਾਵੇ।

ਕੁਲੈਕਟਰ ਨੇ ਇਸ ਮਾਮਲੇ ਵਿਚ 70 ਦੇ ਕਰੀਬ ਧਿਰਾਂ ਦਾ ਪੱਖ ਸੁਣਨ ਤੋਂ ਬਾਅਦ 636 ਏਕੜ ਜ਼ਮੀਨ ਪੰਜਾਬ ਸਰਕਾਰ ਦੀ ਮਾਲਕੀ ਹੇਠ ਐਲਾਨ ਦਿੱਤੀ ਹੈ। ਇਸ ਜ਼ਮੀਨ 'ਤੇ ਕਾਬਜ਼ ਵਿਅਕਤੀਆਂ ਨੂੰ ਆਦੇਸ਼ ਦਿੱਤੇ ਹਨ ਕਿ ਉਹ 4 ਹਫਤਿਆਂ ਵਿਚ ਸਥਿਤੀ ਸਪਸ਼ਟ ਕਰਨ ਕਿ ਉਹ ਕਿਸ ਹੈਸੀਅਤ ਨਾਲ ਜ਼ਮੀਨ 'ਤੇ ਕਾਬਜ਼ ਹਨ। ਇਨ੍ਹਾਂ ਆਦੇਸ਼ਾਂ ਨਾਲ ਇਸ ਜ਼ਮੀਨ 'ਤੇ ਬਣੇ ਮੈਰਿਜ ਪੈਲੇਸ ਅਤੇ ਕੋਠੀਆਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ।

# ਸੜਕਾਂ ਤੋਂ ਗਾਇਬ ਹੋਣ ਲੱਗੀਆਂ ਬਾਦਲਾਂ ਦੀਆਂ ਮਰਸਡੀਜ਼ ਬੱਸਾਂ

**ਪਟਿਆਲਾ:** ਪੰਜਾਬ ਵਿਚ ਸੱਤਾ ਤਬਦੀਲੀ ਦੇ ਨਾਲ ਹੋਰ ਵੀ ਬਹੁਤ ਕੁਝ ਬਦਲਣ ਲੱਗਿਆ ਹੈ। ਇਸ ਤਬਦੀਲੀ ਵਿਚ ਅਹਿਮ ਗੱਲ ਇਹ ਵੇਖਣ ਨੂੰ ਮਿਲੀ ਕਿ ਸੜਕਾਂ ਤੋਂ ਬਾਦਲ ਪਰਿਵਾਰ ਦੀ ਮਾਲਕੀ ਵਾਲੀਆਂ ਮਰਸਡੀਜ਼ ਬੱਸਾਂ ਗਾਇਬ ਹੋਣ ਲੱਗੀਆਂ ਹਨ।

ਬੱਸਾਂ ਦੇ ਗਾਇਬ ਹੋਣ ਨਾਲ ਸਵਾਰੀਆਂ ਵੀ ਪ੍ਰੇਸ਼ਾਨ ਹੋ ਰਹੀਆਂ ਹਨ। ਪਹਿਲਾਂ ਸਵਾਰੀਆਂ ਨੂੰ ਹਰ ਪੰਜ ਮਿੰਟ ਬਾਅਦ ਬੱਸ ਮਿਲ ਜਾਂਦੀ ਸੀ, ਪਰ ਹੁਣ ਲੰਮਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਬਾਦਲਾਂ ਦੀਆਂ ਬੱਸਾਂ ਵਾਲੇ ਰੂਟਾਂ 'ਤੇ ਅਜੇ ਸਰਕਾਰੀ ਬੱਸਾਂ ਦਾ ਪ੍ਰਬੰਧ ਨਹੀਂ ਕੀਤਾ ਗਿਆ।

ਕਾਬਲੇਗੌਰ ਹੈ ਕਿ ਪਿਛਲੇ 10 ਸਾਲਾਂ ਦੌਰਾਨ ਬਾਦਲ ਪਰਿਵਾਰ ਦੀਆਂ ਬੱਸਾਂ ਹਮੇਸ਼ਾਂ ਵਿਵਾਦਾਂ ਵਿਚ ਰਹੀਆਂ ਹਨ। ਬਾਦਲ ਪਰਿਵਾਰ 'ਤੇ ਇਹ ਵੀ ਇਲਜ਼ਾਮ ਲੱਗਦੇ ਰਹੇ ਹਨ ਕਿ ਸਾਰੇ 'ਕਰੀਮ' ਵਾਲੇ ਰੂਟ ਉਨ੍ਹਾਂ ਦੀਆਂ ਕੰਪਨੀਆਂ ਕੋਲ ਹੀ ਹਨ। ਪੰਜਾਬ ਰੋਡਵੇਜ਼ ਤੇ ਪੈਪਸੂ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਬਾਦਲਾਂ ਦੀਆਂ ਬੱਸਾਂ ਨੂੰ ਲਾਹਾ ਦੇਣ ਲਈ ਸਰਕਾਰੀ ਟਰਾਂਸਪੋਰਟ ਦੀ ਬਲੀ ਦਿੱਤੀ ਗਈ ਹੈ।

ਵਿਰੋਧ ਦੇ ਬਾਵਜੂਦ ਬਾਦਲਾਂ ਦੀਆਂ ਬੱਸਾਂ ਧੜੱਲੇ ਨਾਲ ਚੱਲਦੀਆਂ ਰਹੀਆਂ ਹਨ ਪਰ ਚੋਣਾਂ ਤੋਂ ਬਾਅਦ ਇਨ੍ਹਾਂ ਵਿਚ ਇਕਦਮ ਕਮੀ ਆ ਗਈ ਹੈ। ਹੁਣ ਸੜਕਾਂ ਉਤੇ ਕੋਈ-ਕੋਈ ਬੱਸ ਹੀ ਨਜ਼ਰ ਆਉਂਦੀ ਹੈ। ਪਹਿਲਾਂ ਹਰ ਪੰਜ ਮਿੰਟ ਬਾਅਦ ਚੰਡੀਗੜ੍ਹ ਤੋਂ ਗੰਗਾਨਗਰ-ਫਿਰੋਜ਼ਪੁਰ ਬੱਸਾਂ ਨਿਕਲਦੀਆਂ ਸਨ, ਪਰ ਹੁਣ ਸਵਾਰੀਆਂ ਨੂੰ ਬੱਸ ਲੈਣ ਲਈ ਲੰਮੀ ਉਡੀਕ ਕਰਨੀ ਪੈਂਦੀ ਹੈ।




## ਰੋਡਵੇਜ਼ ਮੁਲਾਜ਼ਮਾਂ ਦੇ ਵਧੇ ਹੌਸਲੇ

**ਚੰਡੀਗੜ੍ਹ:** ਕਾਂਗਰਸ ਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਨੇ ਜਥੇਦਾਰਾਂ ਦੀਆਂ ਨਾਜਾਇਜ਼ ਬੱਸਾਂ ਦੇ ਚੱਲਣ ਤੋਂ ਰੋਕ ਲਗਾ ਦਿੱਤੀ ਹੈ। ਹਾਲਤ ਇਹ ਹੈ ਕਿ ਜਲੰਧਰ ਦੇ ਅੰਤਰਰਾਜੀ ਬੱਸ ਅੱਡੇ ਤੋਂ ਕੋਈ ਵੀ 'ਸਪੈਸ਼ਲ' ਬੱਸ ਨਹੀਂ ਚੱਲ ਰਹੀ। ਜਿਸ ਦਾ ਸਿੱਧਾ ਫਾਇਦਾ ਰੋਡਵੇਜ਼ ਨੂੰ ਹੋ ਰਿਹਾ ਹੈ। ਟਰਾਂਸਪੋਰਟ ਵਿਭਾਗ ਦੇ ਡਿਪਟੀ ਡਾਇਰੈਕਟਰ ਦੀ ਅਗਵਾਈ ਹੇਠ ਆਈ ਟੀਮ ਇਸ ਗੱਲ ਦਾ ਜਾਇਜ਼ਾ ਲੈ ਰਹੀ ਹੈ ਕਿ ਕਿੰਨੀਆਂ ਬੱਸਾਂ 'ਸਪੈਸ਼ਲ' ਚੱਲਦੀਆਂ ਹਨ।

ਪੰਜਾਬ ਗੌਰਮਿੰਟ ਟਰਾਂਸਪੋਰਟ ਐਂਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ ਦਾ ਕਹਿਣਾ ਹੈ ਕਿ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਜਦੋਂ ਉਪਰੋਂ ਹੁਕਮ ਹੋਏ ਤਾਂ ਉਨ੍ਹਾਂ ਨੇ ਤੁਰਤ ਕਾਰਵਾਈ ਕਰਦਿਆਂ ਬਾਦਲਾਂ ਸਮੇਤ ਹੋਰ ਜਥੇਦਾਰਾਂ ਦੀਆਂ ਨਾਜਾਇਜ਼ ਬੱਸਾਂ ਨੂੰ ਰੋਕ ਦਿੱਤਾ। ਜਾਣਕਾਰੀ ਅਨੁਸਾਰ ਪਹਿਲਾਂ ਇਹ ਬੱਸਾਂ 15-15 ਮਿੰਟ ਤੱਕ ਬੱਸ ਅੱਡੇ ਅੰਦਰ ਖੜ੍ਹੀਆਂ ਰਹਿੰਦੀਆਂ ਸਨ ਤੇ ਸਵਾਰੀਆਂ ਨਾਲ ਭਰ ਕੇ ਹੀ ਚਲਦੀਆਂ ਸਨ। ਵੱਡੇ ਟਰਾਂਸਪੋਰਟਰਾਂ ਨੇ ਬੱਸ ਅੱਡੇ ਤੋਂ ਇਲਾਵਾ ਸ਼ਹਿਰ ਦੇ ਪੀ.ਏ.ਪੀ. ਚੌਂਕ ਵਿਚ ਦੋ, ਰਾਮਾਮੰਡੀ ਤੇ ਬੱਸ ਅੱਡੇ ਦੇ ਪੁਲ ਹੇਠ ਇਕ-ਇਕ ਆਪਣੇ ਬੱਸ ਅੱਡੇ ਬਣਾਏ ਹੋਏ ਸਨ।

## ਪੰਜਾਬ ਵਿਚ 6000 ਬੱਸ ਪਰਮਿਟ ਹੋਣਗੇ ਰੱਦ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਹਿਯੋਗੀ ਹਰਦੀਪ ਸਿੰਘ ਡਿੰਪੀ ਢਿੱਲੋਂ ਅਤੇ ਕਾਂਗਰਸੀ ਆਗੂ ਅਵਤਾਰ ਹੈਨਰੀ ਦੇ ਸ਼ੇਅਰ ਵਾਲੀਆਂ ਟਰਾਂਸਪੋਰਟ ਕੰਪਨੀਆਂ ਸਮੇਤ 6000 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕੀਤੇ ਜਾਣਗੇ। ਭਾਵੇਂ ਅਦਾਲਤੀ ਹੁਕਮ ਸਿਰਫ ਮਿਨੀ ਬੱਸਾਂ ਦੇ ਪਰਮਿਟ ਰੱਦ ਕਰਨ ਦੇ ਸਨ, ਪਰ ਐਡਵੋਕੇਟ ਜਨਰਲ ਦਫਤਰ ਦੀ ਸਿਫਾਰਸ਼ 'ਤੇ ਟਰਾਂਸਪੋਰਟ ਵਿਭਾਗ 1997 ਪਿਛੋਂ ਜਾਰੀ ਕੀਤੇ ਗਏ ਪਰਮਿਟਾਂ ਤੇ ਲਾਇਸੈਂਸਾਂ ਦੀ ਨਜ਼ਰਸਾਨੀ ਕਰ ਰਿਹਾ ਹੈ। ਇਸ ਸਬੰਧੀ ਅੱਠ ਮਾਰਚ ਨੂੰ ਸਾਰੇ ਚਾਰ ਰਿਜਨਲ ਟਰਾਂਸਪੋਰਟ ਅਥਾਰਟੀਆਂ ਨੂੰ 15 ਕਿਲੋਮੀਟਰ ਦੇ ਘੇਰੇ ਵਿਚ ਅੰਤਰ ਰਾਜ ਰੂਟਾਂ 'ਤੇ ਚੱਲਦੀਆਂ ਮਿਨੀ ਬੱਸਾਂ, ਏਸੀ ਕੋਚਾਂ, ਟਰਾਂਸਪੋਰਟ ਬੱਸਾਂ ਤੇ ਭਾਰੀ ਗੱਡੀਆਂ ਨਾਲ ਸਬੰਧਤ ਟਰਾਂਸਪੋਰਟ ਕੰਪਨੀਆਂ ਦੀ ਲਿਸਟ ਬਣਾਉਣ ਦੇ ਹੁਕਮ ਜਾਰੀ ਕੀਤੇ ਗਏ ਸੀ।

## ਮਾਤਾ ਜੰਗੀਰ ਕੌਰ ਬਰਾੜ ਸੁਰਗਵਾਸ



**ਫਰਿਜ਼ਨੋ (ਬਿਊਰੋ):** ਸਥਾਨਕ ਪਤਵੰਤੇ ਸੱਜਣ ਸੁਖਦੇਵ ਸਿੰਘ (ਗੁੱਲੂ ਸਿੱਧੂ ਬਰਾੜ) ਦੇ ਮਾਤਾ ਜੰਗੀਰ ਕੌਰ ਬਰਾੜ ਪਿਛਲੇ ਦਿਨੀਂ ਪੰਜਾਬ ਵਿਚ ਅਕਾਲ ਚਲਾਣਾ ਕਰ ਗਏ। ਉਹ 94 ਸਾਲਾਂ ਦੇ ਸਨ ਅਤੇ ਪਿਛੋਂ ਪਿੰਡ ਬਰਨਾਲਾ ਖੁਰਦ, ਜਿਲਾ ਨਵਾਂ ਸ਼ਹਿਰ ਤੋਂ ਸਨ।

ਮਾਤਾ ਜੰਗੀਰ ਕੌਰ ਕੋਈ 17 ਸਾਲਾਂ ਤੋਂ ਅਮਰੀਕਾ ਰਹਿ ਰਹੇ ਸਨ ਅਤੇ ਕੁਝ ਸਮਾਂ ਪਹਿਲਾਂ ਹੀ ਪੰਜਾਬ ਗਏ ਸਨ। ਪਰਿਵਾਰ ਨਾਲ ਸੰਪਰਕ ਫੋਨ: 559-317-1314 ਰਾਹੀਂ ਕੀਤਾ ਜਾ ਸਕਦਾ ਹੈ।

## ਡੇਰਾ ਮੁਖੀ ਦੀ ਹਮਾਇਤ ਲੈਣ ਵਾਲੇ ਹੋ ਸਕਦੇ ਹਨ ਤਲਬ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਦੀ ਹਮਾਇਤ ਅਤੇ ਆਸ਼ੀਰਵਾਦ ਪ੍ਰਾਪਤ ਕਰਨ ਵਾਲੇ ਸਿੱਖ ਆਗੂਆਂ ਨੂੰ ਹੁਣ ਜਲਦੀ ਹੀ ਅਕਾਲ ਤਖ਼ਤ 'ਤੇ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਜਾ ਸਕਦਾ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਚਾਰ ਅਪਰੈਲ ਨੂੰ ਸੱਦੀ ਹੈ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ 4 ਅਪਰੈਲ ਨੂੰ ਸੱਦੀ ਗਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਇਸ ਮਾਮਲੇ ਨੂੰ ਵਿਚਾਰਿਆ ਜਾਵੇਗਾ ਅਤੇ ਅਗਲੀ ਕਾਰਵਾਈ ਬਾਰੇ ਵਿਚਾਰ ਕੀਤਾ ਜਾਵੇਗਾ। ਹੋਰ ਸਿੱਖ ਮਾਮਲੇ ਵੀ ਮੀਟਿੰਗ ਵਿਚ ਵਿਚਾਰੇ ਜਾਣਗੇ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਲਈ ਪਈਆਂ ਵੋਟਾਂ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ 28 ਜਨਵਰੀ ਅਤੇ ਪਹਿਲੀ ਫਰਵਰੀ ਨੂੰ ਡੇਰਾ ਸਿਰਸਾ 'ਚ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਆਸ਼ੀਰਵਾਦ ਲੈਣ ਲਈ ਗਏ ਸਨ। ਹੁਕਮਨਾਮੇ ਦੀ ਉਲੰਘਣਾ ਕਰਨ ਵਾਲੇ ਇਨ੍ਹਾਂ ਸਿੱਖ ਆਗੂਆਂ ਖ਼ਿਲਾਫ਼ ਵੱਡੇ ਪੱਧਰ 'ਤੇ ਸ਼ਿਕਾਇਤਾਂ ਪੁੱਜੀਆਂ ਸਨ।

ਇਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਇਸ ਸਬੰਧੀ ਰਿਪੋਰਟ ਇਸੇ ਮਹੀਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੀ ਹੈ, ਜਿਸ 'ਚ ਕੋਈ 48 ਵਿਅਕਤੀਆਂ ਦੇ ਨਾਂ ਸ਼ਾਮਲ ਹਨ।

## ਬਾਬਾ ਸ਼ਮਸ਼ੇਰ ਸਿੰਘ ਦੀ ਬਰਸੀ ਸਬੰਧੀ ਸਮਾਗਮ 2 ਅਪਰੈਲ ਨੂੰ

**ਫਰਿਜ਼ਨੋ (ਬਿਊਰੋ):** ਜੀ.ਐਚ.ਜੀ. ਖਾਲਸਾ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ ਵਲੋਂ ਜਿਲਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ "ਗੁਰੂ ਹਰਗੋਬਿੰਦ



ਸਾਹਿਬ ਜੀ" (ਜੀ.ਐਚ.ਜੀ. ਖਾਲਸਾ ਕਾਲਜ ਅਤੇ ਹੋਰ ਅਦਾਰੇ) ਦੇ ਨਾਂ ਹੇਠ ਚਲ ਰਹੀਆਂ ਵਿਦਿਅਕ ਸੰਸਥਾਵਾਂ ਦੇ ਬਾਨੀ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਦੀ ਸਾਲਾਨਾ ਬਰਸੀ 2 ਅਪਰੈਲ, ਐਤਵਾਰ ਨੂੰ ਇਥੇ ਗੁਰਦੁਆਰਾ ਸਿੰਘ ਸਭਾ (4827 ਨਾਰਥ ਪਾਰਕਵੇਅ ਡਰਾਈਵ) ਵਿਖੇ ਮਨਾਈ ਜਾਵੇਗੀ।

ਇਸ ਮੌਕੇ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ ਜਿਸ ਵਿਚ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਗੁਰੂਸਰ ਸੁਧਾਰ ਦੀਆਂ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਬੁਲਾਰੇ ਤੇ ਬੁੱਧੀਜੀਵੀ ਹਾਜ਼ਰੀਆਂ ਭਰਨਗੇ। ਹੋਰ ਜਾਣਕਾਰੀ ਲਈ ਗੋਗੀ ਗਿੱਲ (ਫੋਨ: 559-347-8983) ਜਾਂ ਸਤਵੰਤ ਵਿਰਕ (ਫੋਨ: 559-978-3361) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
9-12

# Hiring Diesel Mechanics
**$80,000 yearly**
## ਡੀਜ਼ਲ ਮਕੈਨਿਕਾਂ ਦੀ ਲੋੜ ਹੈ
ਤਨਖਾਹ ਸਾਲਾਨਾ $80,000
ਸੰਪਰਕ ਕਰੋ:
ਫੋਨ 206-209-8878
20607 State Route 9 SE, Snohomish, WA 98296

# Duabba Insurance Agency
2450 Peralta Blvd., Suite 120, Fremont, CA 94536

FARMERS INSURANCE

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ



Gurcharan Singh Mann
Insurance Agent
Licence# OC 70672

**Ph: 510-797-7989**
Fax: 510-794-7398 visit us@ farmers.com

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ

# Prince's Barber Shop
37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

## REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਡੇਰੇ ਜਾਣ ਵਾਲੇ 40 ਸਿੱਖ ਆਗੂ ਤਲਬ



**ਚੰਡੀਗੜ੍ਹ:** ਡੇਰਾ ਸਿਰਸਾ ਕੋਲੋਂ ਚੋਣਾਂ ਵਾਸਤੇ ਸਮਰਥਨ ਮੰਗਣ ਵਾਲੇ ਸਿੱਖ ਲੀਡਰਾਂ ਖਿਲਾਫ਼ ਕਾਰਵਾਈ ਸ਼ੁਰੂ ਕਰਦਿਆਂ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੇ ਤਕਰੀਬਨ 40 ਸਿੱਖ ਆਗੂਆਂ ਨੂੰ 30 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਹੈ।

ਮੁਤਵਾਜ਼ੀ ਜਥੇਦਾਰਾਂ ਵਿਚ ਸ਼ਾਮਲ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਤੇ ਭਾਈ ਅਮਰੀਕ ਸਿੰਘ ਨੇ ਸ੍ਰੀ ਅਕਾਲ ਤਖ਼ਤ ਵਿਖੇ ਮੱਥਾ ਟੇਕਣ ਮਗਰੋਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਉਨ੍ਹਾਂ ਵੱਲੋਂ ਬਣਾਈ ਤਿੰਨ ਮੈਂਬਰੀ ਟੀਮ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਇਸ ਵਿਚ ਤਕਰੀਬਨ 40 ਸਿੱਖ ਉਮੀਦਵਾਰਾਂ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਨੇ ਡੇਰਾ ਸਿਰਸਾ ਜਾ ਕੇ ਵੋਟਾਂ ਵਾਸਤੇ ਸਮਰਥਨ ਮੰਗਿਆ। ਇਨ੍ਹਾਂ ਵਿਚ ਦੋ ਦਰਜਨ ਤੋਂ ਵੱਧ ਆਗੂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹਨ।

ਬਾਕੀ ਕਾਂਗਰਸ ਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਹਨ। ਉਨ੍ਹਾਂ ਆਖਿਆ ਕਿ ਜੇਕਰ ਇਹ ਸਾਰੇ ਉਮੀਦਵਾਰ 30 ਮਾਰਚ ਨੂੰ ਸਪੱਸ਼ਟੀਕਰਨ ਦੇਣ ਲਈ ਹਾਜ਼ਰ ਨਹੀਂ ਹੁੰਦੇ ਤਾਂ ਸਿੱਖ ਸਿਧਾਂਤਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਮੁਤਵਾਜ਼ੀ ਜਥੇਦਾਰਾਂ ਵੱਲੋਂ ਤਲਬ ਕੀਤੇ ਸਿੱਖ ਆਗੂਆਂ ਵਿਚ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਕਈ ਅਹਿਮ ਆਗੂ ਸ਼ਾਮਲ ਹਨ। ਇਨ੍ਹਾਂ ਵਿਚ ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਜਨਮੇਜਾ ਸਿੰਘ ਸੇਖੋਂ ਸਮੇਤ ਪ੍ਰਕਾਸ਼ ਸਿੰਘ ਭੱਟੀ, ਜੀਤ ਮਹਿੰਦਰ ਸਿੰਘ ਸਿੱਧੂ, ਦਿਲਰਾਜ ਸਿੰਘ ਭੂੰਦੜ, ਵਰਿੰਦਰ ਕੌਰ, ਗੁਲਜ਼ਾਰ ਸਿੰਘ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਹਰਦੀਪ ਸਿੰਘ ਢਿੱਲੋਂ, ਦੀਦਾਰ ਸਿੰਘ ਭੱਟੀ, ਦਰਬਾਰਾ ਸਿੰਘ ਗੁਰੂ, ਹਰਪ੍ਰੀਤ ਸਿੰਘ ਕੋਟ ਭਾਈ, ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ, ਅਮਰਿੰਦਰ ਸਿੰਘ ਰਾਜਾ ਵੜਿੰਗ, ਕੁਸ਼ਲਦੀਪ ਸਿੰਘ ਢਿੱਲੋਂ, ਸਾਧੂ ਸਿੰਘ ਧਰਮਸੋਤ, ਰਣਜੀਤ ਸਿੰਘ ਤਲਵੰਡੀ, ਇੰਦਰ ਇਕਬਾਲ ਸਿੰਘ ਅਟਵਾਲ, ਸ਼ਰਨਜੀਤ ਸਿੰਘ ਢਿੱਲੋਂ, ਈਸ਼ਰ ਸਿੰਘ, ਜਗਦੀਪ ਸਿੰਘ, ਮਨਪ੍ਰੀਤ ਸਿੰਘ ਇਆਲੀ, ਦਰਸ਼ਨ ਸਿੰਘ ਬਰਾੜ ਤੇ ਦਮਨ ਕੌਰ ਬਾਜਵਾ ਆਦਿ ਦੇ ਨਾਂ ਸ਼ਾਮਲ ਹਨ।

ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਨਾਂ ਇਸ ਸੂਚੀ ਵਿਚ ਸ਼ਾਮਲ ਨਾ ਹੋਣ ਬਾਰੇ ਉਨ੍ਹਾਂ ਆਖਿਆ ਕਿ ਮਲੂਕਾ ਨੂੰ ਪਹਿਲਾਂ ਹੀ ਪੰਥ ਵਿਚੋਂ ਛੇਕਿਆ ਜਾ ਚੁੱਕਾ ਹੈ। ਉਧਰ, ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਤਿੰਨ ਮੈਂਬਰੀ ਕਮੇਟੀ ਵੀ ਜਾਂਚ ਰਿਪੋਰਟ ਸ੍ਰੀ ਅਕਾਲ ਤਖ਼ਤ ਵਿਖੇ ਸੌਂਪ ਚੁੱਕੀ ਹੈ। ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਵੀ ਇਸ ਸਬੰਧੀ ਇਕ-ਦੋ ਦਿਨਾਂ ਵਿਚ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਸੱਦ ਕੇ ਕਾਰਵਾਈ ਸ਼ੁਰੂ ਕਰਨ ਦੀ ਸੰਭਾਵਨਾ ਹੈ।

# ਦਿੱਲੀ ਕਮੇਟੀ ਚੋਣਾਂ 'ਚ ਗੜਬੜੀ ਦਾ ਮਾਮਲਾ ਅਦਾਲਤ ਪੁੱਜਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 26 ਫਰਵਰੀ ਨੂੰ ਹੋਈਆਂ ਚੋਣਾਂ ਵਿਚ ਕਈ ਕਾਨੂੰਨੀ ਖਾਮੀਆਂ ਹੋਣ ਕਰ ਕੇ ਪੰਥਕ ਸੇਵਾ ਦਲ ਵੱਲੋਂ ਅਦਾਲਤ ਦਾ ਬੂਹਾ ਖੜਕਾਇਆ ਗਿਆ ਹੈ। ਵੱਖ-ਵੱਖ ਵਾਰਡਾਂ ਦੇ ਪੰਥਕ ਦਲ ਦੇ 11 ਹਾਰੇ ਹੋਏ ਉਮੀਦਵਾਰਾਂ ਨੇ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860 ਦੀਆਂ ਸ਼ਰਤਾਂ ਪੂਰੀਆਂ ਨਾ ਹੋਣ ਕਾਰਨ ਨਿੱਜੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਅਕਾਲੀ ਦਲ (ਦਿੱਲੀ) ਅਤੇ ਅਕਾਲ ਸਹਾਇ ਵੈਲਫੇਅਰ ਸੁਸਾਇਟੀ ਨੂੰ ਗੁਰਦੁਆਰਾ ਚੋਣ ਡਾਇਰੈਕਟੋਰੇਟ ਵੱਲੋਂ ਦਿੱਤੇ ਗਏ ਚੋਣ ਨਿਸ਼ਾਨਾਂ ਉਤੇ ਜੇਤੂ ਉਮੀਦਵਾਰਾਂ ਖਿਲਾਫ ਪਟੀਸ਼ਨਾਂ ਦਿੱਲੀ ਦੀ ਤੀਸ ਹਜ਼ਾਰੀ ਕੋਰਟ ਵਿਚ ਪਾਈਆਂ ਹਨ।

ਅਦਾਲਤ ਨੇ ਜਿਨ੍ਹਾਂ ਹਾਰੇ ਉਮੀਦਵਾਰਾਂ ਦੀਆਂ ਪਟੀਸ਼ਨਾਂ ਸੁਣੀਆਂ, ਉਨ੍ਹਾਂ ਵਿਚ ਵਾਰਡ 2, ਸਰੂਪ ਨਗਰ ਦੇ ਪਰਵਿੰਦਰ ਸਿੰਘ ਦੀ ਸੁਖਬੀਰ ਸਿੰਘ ਕਾਲਕਾ ਬਾਰੇ ਪਟੀਸ਼ਨ, ਵਾਰਡ 3, ਸਿਵਲ ਲਾਇਨਜ਼ ਦੇ ਅਮਰਜੀਤ ਸਿੰਘ ਦੀ ਜਸਬੀਰ ਸਿੰਘ ਜੱਸੀ (ਸ਼੍ਰੋਮਣੀ ਅਕਾਲੀ ਦਲ ਬਾਦਲ), ਵਾਰਡ 8, ਸ਼ਕੂਰ ਬਸਤੀ ਦੇ ਸੁਰਿੰਦਰ ਪਾਲ ਸਿੰਘ ਦੀ ਬਲਦੇਵ ਸਿੰਘ ਰਾਣੀ ਬਾਗ, ਵਾਰਡ 9, ਪੰਜਾਬੀ ਬਾਗ ਦੇ ਹਰਮਿੰਦਰ ਸਿੰਘ ਦੀ ਮਨਜਿੰਦਰ ਸਿੰਘ ਸਿਰਸਾ, ਵਾਰਡ 10, ਗੁਰੂ ਹਰਿਕ੍ਰਿਸ਼ਨ ਨਗਰ ਦੇ ਜਸਪਾਲ ਸਿੰਘ ਦੀ ਸਵਰਨ ਸਿੰਘ ਬਰਾੜ (ਬਾਦਲ ਧੜਾ), ਵਾਰਡ 11, ਚੰਦਰ ਵਿਹਾਰ ਦੇ ਮਨਜੀਤ ਸਿੰਘ ਵੱਲੋਂ ਨਿਸ਼ਾਨ ਸਿੰਘ ਮਾਨ (ਬਾਦਲ ਦਲ), ਵਾਰਡ 13, ਰਜਿੰਦਰ ਨਗਰ ਦੇ ਪਰਮਜੀਤ ਸਿੰਗ ਖੁਰਾਨਾ ਦੀ ਪਰਮਜੀਤ ਸਿੰਘ ਚੰਡੋਕ (ਬਾਦਲ ਦਲ), ਵਾਰਡ 14, ਕਨਾਟ ਪਲੇਸ ਦੇ ਅਮਰੀਕ ਸਿੰਘ ਵੱਲੋਂ ਅਮਰਜੀਤ ਸਿੰਘ ਪਿੰਕੀ (ਬਾਦਲ ਦਲ), ਵਾਰਡ 16, ਟੈਗੋਰ ਗਾਰਡਨ ਦੇ ਭੁਪਿੰਦਰ ਸਿੰਘ ਦੀ ਮਲਕਿੰਦਰ ਸਿੰਘ (ਅਕਾਲ ਸਹਾਇ ਵੈਲਫੇਅਰ ਸੁਸਾਇਟੀ) ਖਿਲਾਫ, ਵਾਰਡ 22, ਸ਼ਾਮ ਨਗਰ ਦੇ ਹਰਦੀਪ ਸਿੰਘ ਚੱਢਾ ਦੀ ਹਰਜੀਤ ਸਿੰਘ, ਵਾਰਡ ਨੰਬਰ 26, ਸੰਤਗੜ੍ਹ ਦੇ ਬੀਬੀ ਸੁਖਵਿੰਦਰ ਕੌਰ ਦੀ ਚਮਨ ਸਿੰਘ, ਵਾਰਡ 28, ਗੁਰੂ ਨਾਨਕ ਨਗਰ ਦੇ ਪ੍ਰਿਤਪਾਲ ਸਿੰਘ ਦੀ ਰਮਿੰਦਰ ਸਿੰਘ, ਵਾਰਡ 30, ਵਿਕਾਸਪੁਰੀ ਦੇ ਇੰਦਰਜੀਤ ਸਿੰਘ ਮੌਂਟੀ ਦੀ ਮਨਮੋਹਨ ਸਿੰਘ, ਵਾਰਡ 34, ਸਰਿਤਾ ਵਿਹਾਰ ਦੇ ਜਸਪਾਲ ਸਿੰਘ ਬਾਜਵਾ ਦੀ ਹਰਜੀਤ ਸਿੰਘ ਦੇ ਚੋਣ ਨਿਸ਼ਾਨਾਂ ਬਾਰੇ ਸੁਣਵਾਈ ਕੀਤੀ ਗਈ।

# ਆਈ.ਐਸ. ਦੀ ਧਮਕੀ ਮਗਰੋਂ ਤਾਜ ਮਹੱਲ ਦੀ ਸੁਰੱਖਿਆ ਵਧਾਈ

**ਲਖਨਊ:** ਇਸਲਾਮਿਕ ਸਟੇਟ ਵੱਲੋਂ ਮਿਲੀ ਧਮਕੀ ਮਗਰੋਂ 17ਵੀਂ ਸਦੀ ਦੀ ਪੁਰਾਤਨ ਇਮਾਰਤ ਤਾਜ ਮਹੱਲ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਮੀਡੀਆ ਵਿਚ ਨਸ਼ਰ ਇਕ ਲਿੰਕ 'ਚ ਤਾਜ ਮਹੱਲ ਨੂੰ ਆਈ.ਐਸ.ਆਈ.ਐਸ. ਦੇ ਨਿਸ਼ਾਨੇ 'ਤੇ ਦੱਸਿਆ ਗਿਆ ਹੈ। ਪੁਰਾਤਨ ਇਮਾਰਤ ਦੇ ਅੰਦਰ ਤੇ ਬਾਹਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



ਗੌਰਤਲਬ ਹੈ ਕਿ ਇਕ ਵੈੱਬਸਾਈਟ 'ਤੇ ਤਾਜ ਮਹੱਲ ਦੀ ਗ੍ਰਾਫਿਕ ਅੱਗੇ ਇਸਲਾਮਿਕ ਸਟੇਟ ਦੇ ਲੜਾਕੇ ਨੂੰ ਖੜ੍ਹੇ ਵਿਖਾਇਆ ਗਿਆ ਸੀ, ਜਿਸ ਦੇ ਹੱਥ ਵਿਚ ਕੋਈ ਚੀਜ਼ ਹੈ, ਜੋ ਹਥਿਆਰ ਵਰਗੀ ਲੱਗਦੀ ਹੈ। ਰਿਪੋਰਟਾਂ ਮੁਤਾਬਕ ਇਸਲਾਮਿਕ ਸਟੇਟ ਪੱਖੀ ਮੀਡੀਆ ਗਰੁੱਪ ਨੇ ਵਿਸ਼ਵ ਦੇ ਅਜੂਬਿਆਂ 'ਚ ਸ਼ੁਮਾਰ ਤਾਜ ਮਹੱਲ ਦਾ ਚਿੱਤਰ ਦਰਸਾਉਂਦੀ ਗ੍ਰਾਫਿਕ ਛਾਪ ਕੇ ਇਸ ਨੂੰ ਦਹਿਸ਼ਤੀ ਜਥੇਬੰਦੀ ਦਾ ਅਗਲਾ ਨਿਸ਼ਾਨਾ ਦੱਸਿਆ ਹੈ। ਇਹ ਗ੍ਰਾਫਿਕ, ਉਤਰ ਪ੍ਰਦੇਸ਼ ਵਿਚ ਮੁਕਾਬਲੇ ਦੌਰਾਨ ਆਈ.ਐਸ. ਪੱਖੀ ਅਤਿਵਾਦੀ ਸੈਫੁੱਲਾ ਨੂੰ ਮਾਰ ਮੁਕਾਉਣ ਤੇ ਛੇ ਹੋਰਨਾਂ ਨੂੰ ਕਾਬੂ ਕੀਤੇ ਜਾਣ ਤੋਂ ਹਫਤੇ ਮਗਰੋਂ ਜਾਰੀ ਕੀਤੀ ਗਈ ਹੈ।

ਤਾਜ ਮਹੱਲ, ਜਿਥੇ ਵੱਡੀ ਗਿਣਤੀ ਵਿਦੇਸ਼ੀ ਤੇ ਘਰੇਲੂ ਸੈਲਾਨੀ ਢੁਕਦੇ ਹਨ, ਦੀ ਅੰਦਰੂਨੀ ਸੁਰੱਖਿਆ ਦੀ ਜ਼ਿੰਮੇਵਾਰੀ ਕੇਂਦਰੀ ਨੀਮ ਫੌਜੀ ਬਲ ਸੀ.ਆਈ.ਐਸ.ਐਫ ਹੱਥ ਹੈ ਜਦਕਿ ਪੁਰਾਤਨ ਇਮਾਰਤ ਦੇ ਬਾਹਰੀ ਘੇਰੇ ਦੀ ਹਿਫਾਜ਼ਤ ਯੂ.ਪੀ. ਪੁਲਿਸ ਤੇ ਸੂਬਾਈ ਹਥਿਆਰਬੰਦ ਪੁਲਿਸ ਦਲ (ਪੀ.ਏ.ਸੀ.) ਦੇ ਜ਼ਿੰਮੇ ਹੈ। ਸੁਰੱਖਿਆ ਘੇਰੇ ਤੋਂ ਬਾਹਰ 500 ਮੀਟਰ ਦੇ ਦਾਇਰੇ 'ਚ ਪੱਛਮੀ ਦਰਵਾਜ਼ੇ ਤੇ ਸ਼ਿਲਪਗ੍ਰਾਮ ਪਾਰਕਿੰਗ ਸਲਾਟ ਵਾਲੇ ਪਾਸੇ ਆਉਣ ਜਾਣ ਵਾਲੇ ਹਰ ਵਾਹਨ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

# ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਮੁੜ ਭਖਿਆ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਮੁੜ ਭਖਣਾ ਸ਼ੁਰੂ ਹੋ ਗਿਆ ਹੈ, ਜਦੋਂਕਿ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਚੁੱਪ ਧਾਰੀ ਹੋਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਾਲ ਹੀ ਵਿਚ ਅਕਾਲ ਤਖ਼ਤ ਦੇ ਸਕੱਤਰੇਤ ਤੋਂ ਨਵੇਂ ਵਰ੍ਹੇ ਦਾ ਕੈਲੰਡਰ ਜਾਰੀ ਕੀਤਾ ਗਿਆ ਹੈ। ਇਹ ਕੈਲੰਡਰ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਹੈ, ਜੋ ਲਗਭਗ ਬਿਕਰਮੀ ਕੈਲੰਡਰ ਦਾ ਹੀ ਰੂਪ ਹੈ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਦੇ ਬਰਾਬਰ ਸਿੱਖ ਜਥੇਬੰਦੀਆਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਹੈ। ਇਨ੍ਹਾਂ ਸਿੱਖ ਜਥੇਬੰਦੀਆਂ ਵਿਚ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਲ ਖਾਲਸਾ ਤੇ ਫੈਡਰੇਸ਼ਨ ਪੀਰ ਮੁਹੰਮਦ ਸ਼ਾਮਲ ਆਦਿ ਹਨ।


ਇਸ ਮਾਮਲੇ ਵਿਚ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਆਖਿਆ ਕਿ ਉਹ ਸਿੱਖ ਸੰਗਤ ਨੂੰ ਸਪੱਸ਼ਟ ਕਰਨ ਕਿ ਉਹ ਕਿਸ ਕੈਲੰਡਰ ਦੇ ਸਮਰਥਨ ਵਿਚ ਹਨ। 2003 ਵਿਚ ਉਨ੍ਹਾਂ ਨੇ ਖੁਦ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਸੀ। ਉਨ੍ਹਾਂ ਆਖਿਆ ਕਿ ਪ੍ਰੋ. ਬਡੂੰਗਰ ਅਜਿਹਾ ਕੈਲੰਡਰ ਜਾਰੀ ਨਾ ਕਰਨ, ਜਿਸ ਵਿਚ ਹਰ ਵਰ੍ਹੇ ਤਰੀਕਾਂ ਬਦਲੀਆਂ ਜਾਣ।

2003 ਵਿਚ ਤਖ਼ਤ ਦਮਦਮਾ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਨੇ ਖੁਦ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਸੀ ਅਤੇ ਪ੍ਰੋ. ਬਡੂੰਗਰ ਨੇ ਇਸ ਕੈਲੰਡਰ ਨੂੰ ਸਿੱਖ ਕੌਮ ਦੀ ਵੱਖਰੀ ਹੋਂਦ ਦਾ ਚਿੰਨ੍ਹ ਕਰਾਰ ਦਿੱਤਾ ਸੀ। ਉਨ੍ਹਾਂ ਆਖਿਆ ਕਿ ਜਦੋਂ 2003 ਵਿਚ ਇਹ ਕੈਲੰਡਰ ਜਾਰੀ ਹੋਇਆ ਸੀ ਤਾਂ ਆਰ.ਐਸ.ਐਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਦਾ ਵਿਰੋਧ ਕੀਤਾ ਸੀ, ਜੋ 2010 ਤੱਕ ਜਾਰੀ ਰਿਹਾ।

2010 ਵਿਚ ਮੂਲ ਨਾਨਕਸ਼ਾਹੀ ਕੈਲੰਡਰ ਦਾ ਸਰੂਪ ਬਦਲ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਦੇ ਨਾਂ ਹੇਠ ਇਸ ਨੂੰ ਮੁੜ ਬਿਕਰਮੀ ਕੈਲੰਡਰ ਦਾ ਰੂਪ ਦੇ ਦਿੱਤਾ ਗਿਆ, ਜੋ ਕਿ ਸਿੱਖ ਕੌਮ ਨਾਲ ਧੋਖਾ ਹੈ। ਉਨ੍ਹਾਂ ਪ੍ਰੋ. ਬਡੂੰਗਰ ਨੂੰ ਪੁੱਛਿਆ ਕਿ ਉਹ ਸਿੱਖ ਸੰਗਤ ਨੂੰ ਸਪੱਸ਼ਟ ਕਰਨ ਕਿ ਕੀ 2003 ਵਿਚ ਜਾਰੀ ਕੈਲੰਡਰ ਨਾਨਕਸ਼ਾਹੀ ਸੀ ਜਾਂ 2010 ਤੋਂ ਬਾਅਦ ਜਾਰੀ ਕੈਲੰਡਰ ਨਾਨਕਸ਼ਾਹੀ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਦੀ ਪ੍ਰਵਾਨਗੀ ਮਗਰੋਂ 2003 ਵਿਚ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਸੀ, ਜਿਸ ਨੂੰ ਸਿੱਖ ਵਿਦਵਾਨ ਪਾਲ ਸਿੰਘ ਪੁਰੇਵਾਲ ਨੇ ਤਿਆਰ ਕੀਤਾ ਸੀ। ਇਸ ਕੈਲੰਡਰ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਪੁਰਬ ਦੀਆਂ ਤਰੀਕਾਂ ਨਿਸ਼ਚਿਤ ਕਰ ਦਿੱਤੀਆਂ ਗਈਆਂ। ਹੋਲਾ ਮੁਹੱਲਾ, ਦੀਵਾਲੀ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਛੱਡ ਕੇ ਬਾਕੀ ਸਾਰੇ ਗੁਰਪੁਰਬ ਦੀਆਂ ਤਰੀਕਾਂ ਨਿਸ਼ਚਿਤ ਹੋ ਗਈਆਂ ਸਨ, ਪਰ 2010 ਵਿਚ ਹੋਈ ਸੋਧ ਦੌਰਾਨ ਇਸ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਦਾ ਰੂਪ ਦੇ ਦਿੱਤਾ ਗਿਆ, ਜੋ ਚੰਦਰ ਚਾਲ ਮੁਤਾਬਕ ਤਿਆਰ ਹੁੰਦਾ ਹੈ ਅਤੇ ਹਰ ਵਰ੍ਹੇ ਗੁਰਪੁਰਬ ਦੀਆਂ ਤਰੀਕਾਂ ਬਦਲ ਜਾਂਦੀਆਂ ਹਨ।

# ਪਰਵਾਸੀਆਂ ਵਲੋਂ ਸੰਜੇ ਤੇ ਪਾਠਕ ਵਿਰੁਧ ਆਨਲਾਈਨ ਪਟੀਸ਼ਨ



**ਜਲੰਧਰ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਹਾਰ ਸਬੰਧੀ ਪਰਵਾਸੀ ਪੰਜਾਬੀਆਂ ਨੇ ਪਾਰਟੀ ਦੇ ਸੀਨੀਅਰ ਆਗੂਆਂ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ਨੂੰ ਸੂਬੇ ਤੋਂ ਲਾਂਭੇ ਕਰਨ ਲਈ ਆਨਲਾਈਨ ਪਟੀਸ਼ਨ (ਅਰਜ਼ੀ) ਪਾ ਦਿੱਤੀ ਹੈ।

'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮੁਖਾਤਬ ਹੋ ਕੇ ਤਿਆਰ ਕੀਤੀ ਇਹ ਪਟੀਸ਼ਨ ਆਸਟਰੇਲੀਆ ਤੋਂ ਗੁਰਪ੍ਰੀਤ ਗਿੱਲ ਨੇ ਪਾਈ ਹੈ। ਹੁਣ ਤੱਕ ਇਸ ਪਟੀਸ਼ਨ ਦੀ ਹਮਾਇਤ ਵਿਚ ਹਜ਼ਾਰਾਂ ਵਿਅਕਤੀਆਂ ਨੇ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਨੇ 'ਆਪ' ਦੀ ਹਾਰ ਲਈ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੂੰ ਸਿੱਧੇ ਤੌਰ ਉਤੇ ਜ਼ਿੰਮੇਵਾਰ ਠਹਿਰਾਇਆ ਹੈ। ਇਹ ਵੀ ਕਿਹਾ ਹੈ ਕਿ ਦੋਵੇਂ ਆਗੂ ਪੰਜਾਬ ਦੇ ਵਲੰਟੀਅਰਾਂ ਦਾ ਭਰੋਸਾ ਗੁਆ ਚੁੱਕੇ ਹਨ ਤੇ ਪੰਜਾਬ ਨੂੰ ਦਿੱਲੀ ਦੇ ਲੀਡਰਾਂ ਦੀ ਕੋਈ ਲੋੜ ਨਹੀਂ ਹੈ।

ਇਸ ਅਰਜ਼ੀ ਵਿਚ ਸ੍ਰੀ ਕੇਜਰੀਵਾਲ ਨੂੰ ਕਿਹਾ ਹੈ ਕਿ ਉਹ ਪੰਜਾਬ ਦੇ ਵਲੰਟੀਅਰਾਂ ਦੀ ਆਵਾਜ਼ ਨੂੰ ਸੁਣਨ। ਇਸ ਵਿਚ ਅਪੀਲ ਕੀਤੀ ਹੈ ਕਿ ਵਿਦੇਸ਼ਾਂ ਵਿਚ ਵਸਦੇ ਅਤੇ ਪੰਜਾਬ ਵਿਚ ਰਹਿੰਦੇ 'ਆਪ' ਦੇ ਸਮਰਥਕ ਇਸ ਆਨਲਾਈਨ ਪਟੀਸ਼ਨ ਉਤੇ ਵੱਧ ਤੋਂ ਵੱਧ ਆਪਣੀ ਰਾਇ ਦੇਣ ਤਾਂ ਜੋ ਇਨ੍ਹਾਂ ਆਗੂਆਂ ਨੂੰ ਪਾਰਟੀ ਤੋਂ ਲਾਂਭੇ ਕੀਤਾ ਜਾ ਸਕੇ। ਇਸ ਦੌਰਾਨ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੂੰ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣ ਦੀ ਅਪੀਲ ਵੀ ਕੀਤੀ ਗਈ ਹੈ। 'ਆਪ' ਦੇ ਆਸਟਰੇਲੀਆ ਤੋਂ ਸਰਗਰਮ ਆਗੂ ਗੁਰਪ੍ਰੀਤ ਗਿੱਲ ਨੇ ਇਸ ਮੁਹਿੰਮ ਨੂੰ ਹੋਰ ਭਖਾਉਣ ਲਈ ਦੂਜੇ ਦੇਸ਼ਾਂ ਵਿੱਚ ਵਸਦੇ ਪਰਵਾਸੀ ਪੰਜਾਬੀਆਂ ਨੂੰ ਇਕਜੁਟਤਾ ਦਿਖਾਉਣ ਦੀ ਅਪੀਲ ਕੀਤੀ ਹੈ।

ਨਿਊਜ਼ੀਲੈਂਡ ਤੋਂ ਖੁਸ਼ਮੀਤ ਸਿੱਧੂ ਨੇ ਇਸ ਆਨਲਾਈਨ ਪਟੀਸ਼ਨ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਪੰਜਾਬ ਦੀ ਲੀਡਰਸ਼ਿਪ ਦੀ ਮਜ਼ਬੂਤ ਦੇਖਣਾ ਚਾਹੁੰਦੇ ਹਨ। ਆਸਟਰੇਲੀਆ ਤੋਂ ਭਵਜੀਤ ਸਿੰਘ ਨੇ ਕਿਹਾ ਕਿ 'ਆਪ' ਪੰਜਾਬ ਵਿਚ ਜਿੱਤਣ ਦੀ ਸਥਿਤੀ 'ਚ ਸੀ, ਪਰ ਸੰਜੇ ਸਿੰਘ ਵਰਗੇ ਆਗੂਆਂ ਨੇ ਇਸ ਨੂੰ ਹੇਠਾਂ ਲੈ ਆਂਦਾ। ਸਾਂ-ਫਰਾਂਸਿਸਕੋ ਤੋਂ ਸ਼ੇਖਰ ਸਿੰਗਲਾ ਨੇ ਦੋਸ਼ ਲਾਇਆ ਕਿ ਇਨ੍ਹਾਂ ਆਗੂਆਂ ਨੇ ਪੈਸੇ ਲੈ ਕੇ ਟਿਕਟਾਂ ਵੇਚੀਆਂ ਹਨ। ਇਸ ਪਟੀਸ਼ਨ ਨੂੰ ਸੋਸ਼ਲ ਮੀਡੀਆ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ।

## ਕੇਜਰੀਵਾਲ ਨੇ ਈ.ਵੀ.ਐਮ. ਮਸ਼ੀਨਾਂ 'ਤੇ ਖੜ੍ਹੇ ਕੀਤੇ ਸਵਾਲ

**ਨਵੀਂ ਦਿੱਲੀ:** ਮਾਇਆਵਤੀ ਤੋਂ ਬਾਅਦ ਹੁਣ ਅਰਵਿੰਦ ਕੇਜਰੀਵਾਲ ਨੇ ਈ.ਵੀ.ਐਮ. ਮਸ਼ੀਨਾਂ ਉਤੇ ਸੁਆਲ ਖੜ੍ਹੇ ਕੀਤੇ ਹਨ। ਕੇਜਰੀਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ 'ਆਪ' ਦੇ ਵੋਟ ਟਰਾਂਸਫਰ ਹੋਏ ਹਨ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਨੂੰ 30 ਫੀਸਦੀ ਵੋਟ ਕਿੰਜ ਮਿਲੇ। ਉਨ੍ਹਾਂ ਨੂੰ ਤਾਂ ਪੰਜ ਫੀਸਦੀ ਵੋਟ ਹੀ ਮਿਲਣੇ ਚਾਹੀਦੇ ਸਨ।



ਪੰਜਾਬ ਦੇ ਲੋਕ ਅਕਾਲੀ ਦਲ ਨੂੰ ਹਰਾਉਣਾ ਚਾਹੁੰਦੇ ਸਨ। ਪੰਜਾਬ ਵਿਚ 'ਆਪ' ਦੀ ਹਨੇਰੀ ਸੀ, ਪਰ ਫਿਰ ਵੀ 'ਆਪ' ਪਾਰਟੀ ਨੂੰ ਵੋਟ ਘੱਟ ਮਿਲੇ। ਉਨ੍ਹਾਂ ਨੇ ਬੂਥ ਨੰਬਰ 73 ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਇਸ ਬੂਥ ਉਤੇ ਉਨ੍ਹਾਂ ਨੂੰ ਸਿਰਫ ਤਿੰਨ ਵੋਟ ਹੀ ਮਿਲੇ ਹਨ ਜਦਕਿ ਇਥੇ ਤਾਂ ਉਨ੍ਹਾਂ ਦੇ ਸੱਤ ਵਲੰਟੀਅਰ ਸਨ, ਫਿਰ ਉਨ੍ਹਾਂ ਦਾ ਵੋਟ ਕਿਥੇ ਗਿਆ। ਕੇਜਰੀਵਾਲ ਨੇ ਕਿਹਾ ਉਨ੍ਹਾਂ ਵੱਲੋਂ ਬੂਥ ਸਮੀਖਿਆ ਕਰਨ ਤੋਂ ਬਾਅਦ ਗੜਬੜੀ ਸਾਹਮਣੇ ਆਈ ਹੈ ਤੇ ਉਨ੍ਹਾਂ ਦੀ ਹਾਰ ਸਮਝ ਤੋਂ ਪਰੇ ਹੈ। ਉਨ੍ਹਾਂ ਕਿਹਾ ਕਿ ਇਕ ਸੀਟ ਉਤੇ ਤਾਂ ਆਜ਼ਾਦ ਉਮੀਦਵਾਰ ਨੂੰ ਕੋਈ ਵੋਟ ਹੀ ਨਹੀਂ ਮਿਲਿਆ। ਇਹ ਕਿਵੇਂ ਹੋਇਆ, ਉਸ ਦਾ ਖੁਦ ਦਾ ਵੋਟ ਕਿਥੇ ਗਿਆ। ਉਸ ਦੀ ਪਤਨੀ ਦਾ ਵੋਟ ਕਿਥੇ ਗਿਆ। ਦੱਸ ਦੇਈਏ ਕਿ ਕੇਜਰੀਵਾਲ ਦੀ ਪਾਰਟੀ ਨੇ ਅਗਲੇ ਮਹੀਨੇ ਹੋਣ ਵਾਲੇ ਐਮ.ਸੀ.ਡੀ. ਚੋਣਾਂ ਵਿਚ ਈ.ਵੀ.ਐਮ. ਦੀ ਜਗ੍ਹਾ ਬੈਲਟ ਦੇ ਇਸਤੇਮਾਲ ਦੀ ਮੰਗ ਕੀਤੀ ਹੈ, ਪਰ ਚੋਣ ਕਮਿਸ਼ਨ ਨੇ ਉਨ੍ਹਾਂ ਦੀ ਇਹ ਮੰਗ ਰੱਦ ਕਰ ਦਿੱਤੀ ਹੈ।

# ਇੰਡੀਗੋ ਵੱਲੋਂ ਦਿੱਲੀ ਤੇ ਮੁੰਬਈ ਤੋਂ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ

**ਅੰਮ੍ਰਿਤਸਰ:** ਇੰਡੀਗੋ ਵੱਲੋਂ ਦਿੱਲੀ-ਅੰਮ੍ਰਿਤਸਰ ਅਤੇ ਮੁੰਬਈ-ਅੰਮ੍ਰਿਤਸਰ ਦੋ ਨਵੀਆਂ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ। ਕੁਝ ਦਿਨ ਪਹਿਲਾਂ ਹੀ ਵਿਸਤਾਰਾ ਹਵਾਈ ਕੰਪਨੀ ਵੱਲੋਂ ਦਿੱਲੀ-ਅੰਮ੍ਰਿਤਸਰ ਅਤੇ ਮੁੰਬਈ-ਅੰਮ੍ਰਿਤਸਰ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ। ਹੁਣ ਦੋ ਹੋਰ ਨਵੀਆਂ ਉਡਾਣਾਂ ਸ਼ੁਰੂ ਹੋਣ ਨਾਲ ਅੰਮ੍ਰਿਤਸਰ ਤੋਂ ਮੁੰਬਈ ਵਾਸਤੇ ਤਿੰਨ ਅਤੇ ਦਿੱਲੀ ਵਾਸਤੇ ਦਸ ਉਡਾਣਾਂ ਹੋ ਗਈਆਂ ਹਨ।

## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

ਕੰਬੋਜ ਸਿੱਖ, 28 ਸਾਲ, 5'-4", ਮਾਸਟਰ ਇਨ ਲਾਅ, ਪੰਜਾਬ ਤੇ ਹਰਿਆਣਾ ਹਾਈ ਕੋਰਟ (ਚੰਡੀਗੜ੍ਹ) ਵਿਚ ਐਡਵੋਕੇਟ ਲੜਕੀ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 01191-98122-65615 10-11

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 9-12

ਕੈਨੇਡੀਅਨ, ਜੱਟ ਸਿੱਖ ਚਾਹਲ, 28 ਸਾਲ, 5'-3", ਪੋਸਟ ਗਰੈਜੂਏਟ, ਸਬਵੇ ਮੈਨੇਜਰ, ਵੈਸ਼ਨੂੰ ਲੜਕੀ ਲਈ ਕੈਨੇਡੀਅਨ/ ਅਮਰੀਕਨ ਯੋਗ ਵਰ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਭਰਾ ਨੂੰ ਕੈਨੇਡਾ/ਅਮਰੀਕਾ ਰਿਸ਼ਤਾ ਕਰਵਾਉਣ। ਸੰਪਰਕ ਕਰੋ, ਫੋਨ: 01191-98551-09270, ਈਮੇਲ: bhupinder.login@yahoo.com 9-12

### ਵਰ ਦੀ ਲੋੜ

Wanted suitable U.S. citizen boy in SF Bay Area for Software Engineer U.S. citizen Jatt Sikh girl, 26, 5'-2". Computer Science/ Computer Engineering background preferred. Contact: bsinghs408@gmail.com 12-13

Wanted US Citizen/Green card holder match for Ravidasia Sikh, 38, 5'-5", slim, beautiful girl, never married, on visitor visa in US. M.A. (history), beautician & tailoring course. Call: 260-213-3337 or email: jsjusa@yahoo.com 11-14

### ਕੰਨਿਆ ਦੀ ਲੋੜ

Suitable match wanted for US citizen Jatt Sikh handsome boy 32, 5'-8", B.Sc. in electrical engineer, family well settled in Michigan. The girl should be nice and employed. Call, Ph: 586-435-6228 or 313-327-4107 10-13

Seeking suitable match for Jatt Sikh US citizen boy 29, 5'-11" wears turban, trims beard. Bachelor in computer information systems. Family well settled in Bay Area, CA. contact: bayarea257@gmail.com or Ph. 510-541-9594 9-12

# ਮੁਤਵਾਜ਼ੀ ਜਥੇਦਾਰਾਂ ਨੇ ਕੈਪਟਨ ਨੂੰ ਵਾਅਦੇ ਯਾਦ ਕਰਵਾਏ

**ਤਲਵੰਡੀ ਸਾਬੋ:** ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਹੈ ਕਿ ਪੰਜਾਬ ਦੀ ਨਵੀਂ ਬਣੀ ਕੈਪਟਨ ਸਰਕਾਰ ਹੁਣ ਬਰਗਾੜੀ ਸਮੇਤ ਪਿਛਲੇ ਸਮੇਂ 'ਚ ਪੰਜਾਬ ਅੰਦਰ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੀ ਭਾਲ ਕਰ ਕੇ ਉਨ੍ਹਾਂ ਨੂੰ ਯੋਗ ਸਜ਼ਾਵਾਂ ਦਿਵਾ ਕੇ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਕਰਕੇ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰੇ।

ਸਰਬੱਤ ਖਾਲਸਾ ਵੱਲੋਂ ਅਕਾਲ ਤਖਤ ਦੇ ਥਾਪੇ ਗਏ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਸਹਿਮਤੀ ਨਾਲ ਮੁਤਵਾਜ਼ੀ ਜਥੇਦਾਰਾਂ-ਭਾਈ ਧਿਆਨ ਸਿੰਘ ਮੰਡ, ਤਖਤ ਸ੍ਰੀ ਦਮਦਮਾ ਸਾਹਿਬ ਦੇ ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਵੋਟਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਜੋ ਵਾਅਦੇ ਕੀਤੇ ਸਨ, ਉਨ੍ਹਾਂ 'ਤੇ ਵਿਸ਼ਵਾਸ ਕਰਦਿਆਂ ਪੰਜਾਬੀਆਂ ਨੇ ਉਨ੍ਹਾਂ ਦੇ ਹੱਕ ਵਿਚ ਫ਼ਤਵਾ ਦਿੱਤਾ ਹੈ। ਹੁਣ ਜਦ ਕੈਪਟਨ ਅਤੇ ਉਨ੍ਹਾਂ ਦੀ ਕੈਬਨਿਟ ਨੇ ਸਹੁੰ ਵੀ ਚੁੱਕ ਲਈ ਹੈ ਤਾਂ ਉਨ੍ਹਾਂ ਦਾ ਇਖਲਾਕੀ ਫ਼ਰਜ਼ ਬਣਦਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਨਾਲ-ਨਾਲ ਕੈਪਟਨ ਸਰਕਾਰ ਬਹਿਬਲ ਕਲਾਂ ਗੋਲੀ ਕਾਂਡ, ਜਿਸ ਵਿਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਦੋ ਸਿੰਘ ਭਾਈ ਗੁਰਜੀਤ ਸਿੰਘ ਸਰਾਵਾਂ ਅਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਸ਼ਹੀਦ ਹੋ ਗਏ ਸਨ, ਦੇ ਦੋਸ਼ੀ ਪੁਲਿਸ ਅਫਸਰਾਂ ਖਿਲਾਫ਼ ਬਣਦੀ ਕਾਰਵਾਈ ਕਰ ਕੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਏ। ਜਥੇਦਾਰਾਂ ਨੇ ਕਿਹਾ ਕਿ ਜਿਥੇ ਕੈਪਟਨ ਸਰਕਾਰ ਗੋਲੀ ਕਾਂਡ ਸਬੰਧੀ ਗਠਿਤ ਜਾਂਚ ਕਮਿਸ਼ਨਾਂ ਦੀ ਰਿਪੋਰਟ ਜਨਤਕ ਕਰੇ, ਉਥੇ ਹੀ ਮੁਹਾਲੀ ਵਿਖੇ ਗੁਰਬਾਣੀ ਲਿਖੇ ਪੱਤਰਿਆਂ ਦੀਆਂ ਪਲੇਟਾਂ ਬਣਾ ਰਹੇ ਲੋਕਾਂ ਉਪਰ ਤੁਰਤ ਕਾਰਵਾਈ ਕਰੇ ਤਾਂ ਜੋ ਅੱਗੇ ਤੋਂ ਕੋਈ ਗੁਰਬਾਣੀ ਸ਼ਬਦਾਂ ਦੀ ਬੇਅਦਬੀ ਕਰਨ ਦੀ ਜੁਰਅਤ ਨਾ ਸਕੇ। ਮੁਤਵਾਜ਼ੀ ਜਥੇਦਾਰਾਂ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਤੁਰਤ ਖਾਰਜ ਕਰਨ ਲਈ ਕਿਹਾ ਹੈ। ਉਨ੍ਹਾਂ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ, ਸਾਰੇ ਧਰਮ ਗ੍ਰੰਥਾਂ ਦਾ ਸਤਿਕਾਰ ਬਹਾਲ ਰੱਖਣ ਲਈ ਯਤਨ ਕਰਨ ਅਤੇ ਨਸ਼ਿਆਂ ਦੇ ਖਾਤਮੇ ਲਈ ਠੋਸ ਉਪਰਾਲੇ ਕਰਨ ਲਈ ਵੀ ਕਿਹਾ।

## ਪਾਕਿ ਮਰਦਮ ਸ਼ੁਮਾਰੀ ਵਿਚੋਂ ਸਿੱਖਾਂ ਨੂੰ ਬਾਹਰ ਕਰਨ ਵਿਰੁਧ ਰੋਹ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਹੋ ਰਹੀ ਮਰਦਮ ਸ਼ੁਮਾਰੀ 'ਚ ਘੱਟ-ਗਿਣਤੀ ਸਿੱਖ ਭਾਈਚਾਰੇ ਨੂੰ ਸ਼ਾਮਲ ਨਾ ਕਰਨ ਉਤੇ ਉਥੋਂ ਸਿੱਖਾਂ ਵਿਚ ਭਾਰੀ ਰੋਸ ਹੈ। ਪਾਕਿਸਤਾਨੀ ਸਿੱਖ ਸੰਗਠਨਾਂ ਨੇ ਚੀਫ ਜਸਟਿਸ ਪਾਸੋਂ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਜੇ ਸਿੱਖ ਭਾਈਚਾਰੇ ਨੂੰ ਹੋਰਨਾਂ ਘੱਟ ਗਿਣਤੀ ਭਾਈਚਾਰਿਆਂ ਵਾਂਗੂ ਬਰਾਬਰੀ ਦਾ ਹੱਕ ਨਾ ਦਿੱਤਾ ਗਿਆ ਤਾਂ ਉਹ ਪੂਰੀ ਤਰ੍ਹਾਂ ਨਾਲ ਮਰਦਮ ਸ਼ੁਮਾਰੀ ਦਾ ਬਾਈਕਾਟ ਕਰਨਗੇ।

ਪਿਛਲੀ ਮਰਦਮ ਸ਼ੁਮਾਰੀ ਅਨੁਸਾਰ ਪਾਕਿ ਵਿਚ ਸਿੱਖ ਭਾਈਚਾਰੇ ਦੀ ਕੁੱਲ ਆਬਾਦੀ 18 ਹਜ਼ਾਰ ਅਤੇ ਵੋਟਰਾਂ ਦੀ ਗਿਣਤੀ 6193 ਸੀ। ਇਨ੍ਹਾਂ 'ਚੋਂ ਖੈਬਰ ਪਖਤੂਨਵਾ ਵਿਚ 2597, ਸਿੰਧ 'ਚ 1477, ਪੰਜਾਬ 1157, ਫਾਟਾ 730, ਬਲੋਚਿਸਤਾਨ 225 ਤੇ ਇਸਲਾਮਾਬਾਦ 'ਚ 7 ਸਿੱਖ ਵੋਟਰ ਸਨ। ਜ਼ਿਕਰਯੋਗ ਹੈ ਕਿ ਪਾਕਿਸਤਾਨ 'ਚ ਚੱਲ ਰਹੀ ਮਰਦਮ ਸ਼ੁਮਾਰੀ ਸਬੰਧੀ ਤਿਆਰ ਕੀਤੀਆਂ ਜਾ ਰਹੀਆਂ ਸੂਚੀਆਂ 'ਚ ਸਭ ਧਰਮਾਂ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂਕਿ ਸਿੱਖਾਂ ਲਈ ਕੋਈ ਕਾਲਮ ਨਹੀਂ ਬਣਾਇਆ ਗਿਆ। ਪਾਕਿਸਤਾਨੀ ਸਿੱਖਾਂ ਨੇ ਰੋਸ ਪ੍ਰਗਟਾਇਆ ਕਿ ਜਿਸ ਧਰਤੀ 'ਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ, ਉਸੇ ਧਰਤੀ ਉਤੇ ਸਿੱਖਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਣਾ ਸਰਕਾਰ ਦੀ ਵੱਡੀ ਗੁਸਤਾਖ਼ੀ ਹੈ।


## ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635



## TRUCK STOP 40

SAYRE, OK 73662

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ

ਸੰਪਰਕ ਕਰੋ, ਰਾਜ ਸਿੰਘ

ਫੋਨ: 832-512-7172


# ਬਡੂੰਗਰ ਵੀ ਕੈਪਟਨ ਦੀ 'ਸਾਦਗੀ' ਮੁਹਿੰਮ ਵਿਚ ਸ਼ਾਮਲ ਹੋਏ

**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਆਪਣੀ ਕਾਰ ਤੋਂ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਲਾਲ ਬੱਤੀ ਲਾਹ ਦਿੱਤੀ ਗਈ ਹੈ ਤੇ ਉਨ੍ਹਾਂ ਦੀ ਇਸ ਸਾਦਗੀ ਦੇ ਹਰ ਪਾਸੇ ਚਰਚੇ ਹਨ। ਦੱਸਣਯੋਗ ਹੈ ਕਿ ਪ੍ਰਧਾਨ ਬਡੂੰਗਰ ਵੱਲੋਂ ਆਪਣੀ ਸਾਦਗੀ ਵਾਲੇ ਜੀਵਨ 'ਚ ਹੋਰ ਵਾਧਾ ਕਰਦੇ ਹੋਏ ਆਪਣੀ ਰੋਟੀ ਵੀ ਘਰ ਤੋਂ ਡੱਬੇ ਵਿਚ ਪਾ ਕੇ ਲਿਆਉਂਦੇ ਹਨ, ਜਦੋਂ ਪੱਤਰਕਾਰਾਂ ਦੀ ਨਜ਼ਰ ਉਨ੍ਹਾਂ ਦੀ ਕਾਰ 'ਤੇ ਪਈ ਤਾਂ ਸਾਰੇ ਹੀ ਹੈਰਾਨ ਹੋ ਗਏ।

ਪੁੱਛਣ ਉਤੇ ਉਨ੍ਹਾਂ ਜਵਾਬ ਦਿੱਤਾ ਕਿ ਪੰਜਾਬ ਸਰਕਾਰ ਨੇ ਤਾਂ ਵੀ.ਆਈ.ਪੀ. ਸੱਭਿਆਚਾਰ ਨੂੰ ਹੁਣ ਖਤਮ ਕੀਤਾ ਹੈ ਜਦੋਂ ਕਿ ਉਹ ਤਾਂ ਜਦੋਂ ਦੇ ਪ੍ਰਧਾਨ ਬਣੇ ਹਨ ਉਦੋਂ ਤੋਂ ਹੀ ਲਾਲ ਬੱਤੀ ਨਹੀਂ ਲਾਉਂਦੇ। ਇਹ ਜ਼ਰੂਰ ਹੈ ਕਿ ਮੇਰੀ ਕਾਰ 'ਤੇ ਤੁਹਾਡੀ ਨਜ਼ਰ ਅੱਜ ਪਈ ਹੈ ਜਦਕਿ ਉਨ੍ਹਾਂ ਵੱਲੋਂ



ਤਾਂ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਸੁਰੱਖਿਆ ਵੀ ਵਾਪਸ ਕੀਤੀ ਗਈ ਸੀ, ਪਰ ਵਧੀਕ ਪੁਲਿਸ ਮੁਖੀ ਕਾਨੂੰਨ ਅਤੇ ਵਿਵਸਥਾ ਦੀ ਕਮੇਟੀ ਨੇ ਉਨ੍ਹਾਂ ਨੂੰ ਇਹ ਲਾਜ਼ਮੀ ਕੀਤਾ ਕਿ ਸੁਰੱਖਿਆ ਦੇ ਮੱਦੇਨਜ਼ਰ ਜਿਪਸੀ ਤਾਂ ਲੈਣੀ ਹੀ ਪਵੇਗੀ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi

Office: (866) 933-3038

Balhar S. Ranu Cell:916-502-7733

Yuba City Ph:530-419-5058

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 25 ਮਾਰਚ 2017*

## ਮੋਦੀ-ਯੋਗੀ ਜੁਗਲਬੰਦੀ

ਉਤਰ ਪ੍ਰਦੇਸ਼ ਵਿਚ ਮਿਸਾਲੀ ਜਿੱਤ ਹਾਸਲ ਕਰਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਆਪਣੇ ਰੰਗ ਵਿਚ ਆ ਗਈ ਹੈ। ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਮੁਲਕ ਦੇ ਸਭ ਤੋਂ ਵੱਡੇ ਸੂਬੇ ਦੀ ਕਮਾਨ ਯੋਗੀ ਅਦਿਤਿਆਨਾਥ ਵਰਗੇ ਕੱਟੜ ਆਗੂ ਦੇ ਹੱਥ ਦੇ ਦੇਵੇਗੀ, ਪਰ ਪਾਰਟੀ ਦੀ ਨਬਜ਼ ਟੋਹਣ ਵਾਲੇ ਕੁਝ ਸਿਆਸੀ ਮਾਹਿਰਾਂ ਨੇ ਇਸ ਚੋਣ 'ਤੇ ਕੋਈ ਹੈਰਾਨੀ ਜ਼ਾਹਰ ਨਹੀਂ ਕੀਤੀ। ਇਨ੍ਹਾਂ ਮਾਹਿਰਾਂ ਨੇ ਤਾਂ ਪਾਰਟੀ ਵੱਲੋਂ ਪਹਿਲਾਂ ਲੋਕ ਸਭਾ ਚੋਣਾਂ ਦੌਰਾਨ ਅਤੇ ਹੁਣ ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਮੌਕੇ ਕੀਤੀ ਧਾਰਮਿਕ ਕਤਾਰਬੰਦੀ ਦਾ ਮਸਲਾ ਉਭਾਰਿਆ ਸੀ। ਉਦੋਂ ਵੀ ਅਤੇ ਹੁਣ ਵੀ ਏਜੰਡਾ ਤਾਂ ਵਿਕਾਸ ਦਾ ਹੀ ਪ੍ਰਚਾਰਿਆ ਗਿਆ, ਪਰ ਇਸ ਏਜੰਡੇ ਦੇ ਓਹਲੇ, ਧਾਰਮਿਕ ਵੰਡੀਆਂ ਦੇ ਆਧਾਰ ਉਤੇ ਸਿਆਸਤ ਮਘਾਈ ਗਈ। ਜ਼ਾਹਰ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਇਹ ਰਣਨੀਤੀ ਖੂਬ ਰਾਸ ਆਈ ਹੈ। ਸੂਬੇ ਦੇ 403 ਹਲਕਿਆਂ ਤੋਂ ਇਕ ਵੀ ਮੁਸਲਮਾਨ ਆਗੂ ਨੂੰ ਟਿਕਟ ਨਾ ਦੇ ਕੇ ਇਸ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਇਹ ਆਉਣ ਵਾਲੇ ਦਿਨਾਂ ਵਿਚ ਕਿਸ ਤਰ੍ਹਾਂ ਦੀ ਸਿਆਸੀ ਸ਼ਤਰੰਜ ਖੇਡਣ ਵਾਲੀ ਹੈ। ਹੁਣ ਯੋਗੀ ਦੀ ਚੋਣ ਨੇ ਦਰਸਾ ਦਿੱਤਾ ਹੈ ਕਿ ਇਸ ਦਾ ਅਸਲ ਏਜੰਡਾ ਹੈ ਕੀ! ਯੋਗੀ ਅਦਿਤਿਆਨਾਥ ਸਿਆਸੀ ਸਰਗਰਮੀ ਅਤੇ ਬਿਆਨਾਂ ਦੇ ਪੱਖ ਤੋਂ ਹੀ ਨਹੀਂ, ਦਰਸ਼ਨੀ ਪੱਖ ਤੋਂ ਹਿੰਦੂਤਵੀ ਤਾਕਤਾਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਘੱਟ-ਗਿਣਤੀ ਮੁਸਲਮਾਨਾਂ ਅਤੇ ਈਸਾਈਆਂ ਬਾਰੇ ਉਸ ਦੇ ਬਿਆਨ ਕਿਸੇ ਤੋਂ ਛੁਪੇ ਹੋਏ ਨਹੀਂ ਹਨ। ਜਦੋਂ ਇਹ ਕੱਟੜ ਆਗੂ ਅੱਗ ਉਗਲਦੇ ਬਿਆਨ ਦਾਗਦਾ ਹੁੰਦਾ ਸੀ ਤਾਂ ਭਾਰਤੀ ਜਨਤਾ ਪਾਰਟੀ ਦਾ ਇਕ ਹੀ ਜਵਾਬ ਹੁੰਦਾ ਸੀ ਕਿ ਇਹ ਉਸ ਦੇ ਨਿਜੀ ਵਿਚਾਰ ਹਨ, ਪਾਰਟੀ ਨਾਲ ਇਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਅਸਲ ਵਿਚ ਭਾਜਪਾ ਨੇ ਅਜਿਹੇ ਅਨੇਕਾਂ ਕੱਟੜ ਆਗੂਆਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ ਅਤੇ ਉਹ ਨਿੱਤ ਦਿਨ ਦੂਜੇ ਧਰਮਾਂ ਦੇ ਲੋਕਾਂ ਖਿਲਾਫ ਅਜਿਹੇ ਭਾਸ਼ਣਾਂ ਨਾਲ ਆਪਣਾ ਸਿਆਸੀ ਅਖਾੜਾ ਮਘਾਈ ਰੱਖਦੇ ਸਨ। ਇਹ ਧਰਮ ਦੇ ਆਧਾਰ ਉਤੇ ਹੀ ਕਤਾਰਬੰਦੀ ਸੀ ਜੋ ਯੋਗੀ ਅਦਿਤਿਆਨਾਥ ਵਰਗੇ ਕੱਟੜ ਆਗੂ ਲਗਾਤਾਰ ਕਰਦੇ ਰਹੇ। ਨਤੀਜੇ ਵਜੋਂ ਅੱਜ ਉਤਰ ਪ੍ਰਦੇਸ਼ ਦੀ ਸੱਤਾ ਉਨ੍ਹਾਂ ਦੇ ਹੱਥ ਆ ਗਈ ਹੈ ਅਤੇ ਭਾਰਤੀ ਜਨਤਾ ਪਾਰਟੀ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਮੁਸਲਮਾਨਾਂ ਤੋਂ ਬਗੈਰ ਚੋਣਾਂ ਲੜੇਗੀ ਵੀ ਅਤੇ ਜਿੱਤੇਗੀ ਵੀ; ਉਨ੍ਹਾਂ ਹਲਕਿਆਂ ਵਿਚ ਵੀ, ਜਿਥੇ ਮੁਸਲਮਾਨਾਂ ਦੀ ਬਹੁ-ਗਿਣਤੀ ਹੈ। ਇਸ ਮਾਮਲੇ 'ਤੇ ਸਭ ਚੋਣ ਮਾਹਿਰ ਅੰਕੜਿਆਂ ਦੀ ਗਿਣਤੀ-ਮਿਣਤੀ ਕਰਦੇ ਰਹਿ ਗਏ ਹਨ ਅਤੇ ਭਾਰਤੀ ਜਨਤਾ ਪਾਰਟੀ ਦੀ ਕਤਾਰਬੰਦੀ ਵਾਲੀ ਸਿਆਸਤ ਇਕ ਵਾਰ ਫਿਰ ਮੋਰਚਾ ਮਾਰ ਗਈ ਹੈ। ਰਾਮ ਮੰਦਿਰ ਵਾਲੇ ਅੰਦੋਲਨ ਵੇਲੇ ਵੀ ਕੁਝ ਅਜਿਹਾ ਹੀ ਵਾਪਰਿਆ ਸੀ ਅਤੇ ਇਹ ਪਾਰਟੀ ਇਕੋ ਛਾਲ ਨਾਲ ਕੌਮੀ ਸਿਆਸੀ ਪਿੜ ਵਿਚ ਆਪਣਾ ਝੰਡਾ ਗੱਡਣ ਵਿਚ ਕਾਮਯਾਬ ਹੋ ਗਈ ਸੀ।

ਮੁਲਕ ਦੇ ਲੋਕਾਂ ਨੇ ਇਹ ਕੌਤਕ ਹੁਣ ਇਕ ਵਾਰ ਫਿਰ ਦੇਖ ਲਿਆ ਹੈ। ਸਿਤਮਜ਼ਰੀਫੀ ਇਹ ਹੈ ਕਿ ਇਹ ਸਾਰਾ ਕੌਤਕ ਵਿਕਾਸ ਦੇ ਨਾਂ ਉਤੇ ਕੀਤਾ ਗਿਆ ਹੈ। ਐਤਕੀਂ ਉਤਰ ਪ੍ਰਦੇਸ਼ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਧੂੰਆਂਧਾਰ ਪ੍ਰਚਾਰ ਕੀਤਾ। ਚੋਣ ਮੁਹਿੰਮ ਦੇ ਆਖਰੀ ਤਿੰਨ ਦਿਨ ਤਾਂ ਉਹ ਵਾਰਾਨਸੀ ਤੋਂ ਬਾਹਰ ਨਹੀਂ ਨਿਕਲੇ ਜਿਥੋਂ ਉਹ ਲੋਕ ਸਭਾ ਵਿਚ ਨੁਮਾਇੰਦਗੀ ਕਰ ਰਹੇ ਹਨ। ਖੈਰ! ਇਸ ਚੋਣ ਮੁਹਿੰਮ ਦੌਰਾਨ ਮੋਦੀ ਵੱਲੋਂ ਰੈਲੀ ਵਿਚ ਦਿੱਤੇ ਭਾਸ਼ਣ ਸੁਣਨ ਵਾਲੇ ਹਨ। ਵਿਕਾਸ ਦੇ ਨਾਲ-ਨਾਲ ਉਨ੍ਹਾਂ ਜਿਸ ਢੰਗ ਨਾਲ ਧਾਰਮਿਕ ਕਤਾਰਬੰਦੀ ਲਈ ਲੋਕਾਂ ਨੂੰ ਸ਼ਿਸ਼ਕੇਰਿਆ, ਉਸ ਬਾਰੇ ਮੀਡੀਆ ਵਿਚ ਖੂਬ ਬਹਿਸ ਛਿੜੀ, ਪਰ ਪਾਰਟੀ ਦੇ ਕਿਸੇ ਵੀ ਆਗੂ ਨੇ ਇਸ ਬਹਿਸ ਵਿਚੋਂ ਉਪਜੇ ਇਕ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ। ਇਸ ਦੀ ਥਾਂ ਉਹ ਧਰਮ ਨਿਰਪੱਖਤਾ ਨੂੰ 'ਅਖੌਤੀ' ਆਖ ਕੇ ਦੂਜੀਆਂ ਪਾਰਟੀਆਂ ਉਤੇ ਸਵਾਲਾਂ ਦੀ ਵਾਛੜ ਕਰਦੇ ਰਹੇ। ਹਰ ਆਗੂ ਇਹੀ ਤਰਕ ਦਿੰਦਾ, ਕਿ ਭਾਰਤੀ ਜਨਤਾ ਪਾਰਟੀ ਹੋਰ ਪਾਰਟੀਆਂ ਵਾਂਗ ਘੱਟ-ਗਿਣਤੀਆਂ ਨੂੰ ਲੁਭਾਉਣ ਵਾਲੀ ਸਿਆਸਤ ਨਹੀਂ ਕਰੇਗੀ। ਹੁਣ ਨਵੇਂ ਸਾਜੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਸਾਰੇ ਬਿਆਨ ਵੀ ਵਿਕਾਸ ਬਾਰੇ ਹੀ ਆ ਰਹੇ ਹਨ। ਉਂਜ ਇਸ ਦੇ ਨਾਲ ਹੀ ਰਾਮ ਮੰਦਿਰ ਦੀ ਚਰਚਾ ਵੱਡੇ ਪੱਧਰ ਉਤੇ ਛਿੜ ਚੁਕੀ ਹੈ। ਮੁਲਕ ਦੀ ਸੁਪਰੀਮ ਕੋਰਟ ਨੇ ਵੀ ਇਸ ਬਾਰੇ ਆਪਣਾ ਦਾਈਆ ਦੱਸ ਦਿੱਤਾ ਹੈ। ਸੁਪਰੀਮ ਕੋਰਟ ਦੇ ਪਹਿਲੇ ਸਿੱਖ ਚੀਫ ਜਸਟਿਸ ਜੇ. ਐਸ. ਖੇਹਰ ਨੇ ਬਾਬਰੀ ਮਸਜਿਦ ਵਿਵਾਦ ਨਾਲ ਸਬੰਧਤ ਧਿਰਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਅਦਾਲਤ ਤੋਂ ਬਾਹਰ ਆਪਣੀ ਕੋਈ ਸਹਿਮਤੀ ਬਣਾ ਲੈਣ। ਯਾਦ ਰਹੇ, ਆਪਸ ਵਿਚ ਬੈਠ ਕੇ ਮਸਲਾ ਹੱਲ ਕਰਨ ਸਬੰਧੀ ਪਹਿਲਾਂ ਅੱਠ ਕੋਸ਼ਿਸ਼ਾਂ ਹੋ ਚੁਕੀਆਂ ਹਨ। ਇਨ੍ਹਾਂ ਕੋਸ਼ਿਸ਼ਾਂ ਦੀ ਅਸਫਲਤਾ ਤੋਂ ਬਾਅਦ ਹੀ ਕੇਸ ਸੁਪਰੀਮ ਕੋਰਟ ਦੀ ਦਹਿਲੀਜ਼ ਤੱਕ ਅੱਪੜਿਆ ਸੀ। ਸਾਫ ਜ਼ਾਹਰ ਹੈ ਕਿ ਕਤਾਰਬੰਦੀ ਅਦਾਲਤਾਂ ਅੰਦਰ ਵੀ ਧੁਸ ਦੇ ਕੇ ਜਾ ਵੜੀ ਹੈ। ਇਹ ਉਹ ਹਾਲਾਤ ਹਨ ਜਦੋਂ ਕੇਂਦਰ ਵਿਚ ਸੱਤਾਧਾਰੀ ਨਰੇਂਦਰ ਮੋਦੀ ਅਤੇ ਉਤਰ ਪ੍ਰਦੇਸ਼ ਵਿਚ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੀ ਜੋੜੀ ਬਣੀ ਹੈ। ਇਸ ਤੋਂ ਪਹਿਲਾਂ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦੀ ਜੋੜੀ ਨੇ ਜੋ ਗੁਲ ਖਲਾਏ ਹਨ, ਉਹ ਵੀ ਸਭ ਦੇ ਸਾਹਮਣੇ ਹਨ। ਗੁਜਰਾਤ ਦੀ ਸਿਆਸਤ ਦਾ ਕਾਲਾ ਸਫਾ ਅੱਜ ਵੀ ਸਭ ਦਾ ਮੂੰਹ ਚਿੜਾ ਰਿਹਾ ਹੈ, ਜਦੋਂ ਦੇਖਦਿਆਂ-ਦੇਖਦਿਆਂ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ। ਉਸ ਤੋਂ ਬਾਅਦ ਇਹ ਜੋੜੀ ਜਿੱਤਦੀ ਹੀ ਗਈ, ਕਾਰਨ ਸਿਰਫ ਇਕ ਹੀ ਸੀ ਕਿ ਟੱਕਰ ਦੇਣ ਵਾਲੀ ਕੋਈ ਵਿਰੋਧੀ ਧਿਰ ਨਹੀਂ ਸੀ ਅਤੇ ਹੁਣ ਵੀ ਹਾਲਾਤ ਕੋਈ ਵੱਖਰੇ ਨਹੀਂ ਹਨ। ਸਿਰ ਉਤੇ ਚੜ੍ਹੀਆਂ ਆ ਰਹੀਆਂ ਇਨ੍ਹਾਂ ਹਿੰਦੂਤਵੀ ਤਾਕਤਾਂ ਨੂੰ ਠੱਲ੍ਹਣ ਵਾਲੀ ਤਕੜੀ ਵਿਰੋਧੀ ਧਿਰ ਕਿਤੇ ਰੜਕ ਨਹੀਂ ਰਹੀ। ਇਸ ਤੋਂ ਆਉਣ ਵਾਲੇ ਦਿਨਾਂ ਦੀ ਸਿਆਸਤ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਰਵਾਸੀਆਂ ਨੂੰ ਸਦਮਾ!

ਲੈ ਕੇ ਪ੍ਰੇਰਨਾ ਗਦਰੀ ਬਾਬਿਆਂ ਤੋਂ, ਪਹੁੰਚੇ ਸਨ ਪੰਜਾਬ ਦਾ ਦਰਦ ਕਰਕੇ।
ਆਟਾ-ਦਾਲ ਸਕੀਮਾਂ ਤੇ ਨਾਲ ਨਸ਼ਿਆਂ, ਰੱਖ ਦਿੱਤੇ ਪੰਜਾਬੀ ਸੀ ਸਰਦ ਕਰਕੇ।
ਧੂੰਆਂ ਧਾਰ ਪ੍ਰਚਾਰ 'ਤੇ ਜ਼ੋਰ ਲਾਇਆ, ਮਾਰੂ ਨੀਤੀਆਂ ਤਾਈਂ ਬੇਪਰਦ ਕਰਕੇ।
ਵੱਡੀ ਆਸ 'ਚ ਚਿਹਰੇ ਜੋ ਚਮਕਦੇ ਸੀ, ਨਤੀਜਿਆਂ ਰੱਖ'ਤੇ ਜ਼ਰਦ ਕਰਕੇ।
ਔਖਾ ਸਹਾਰਨਾ ਹਾਰਿਆਂ ਲਈ, ਜਿੱਤੀ ਧਿਰ ਦੀਆਂ ਸੁਣਦਿਆਂ ਹਾਸੀਆਂ ਨੂੰ।
ਅਣਕਿਆਸੀ ਹਾਰ ਨਾ ਹਜ਼ਮ ਹੁੰਦੀ, ਸਦਮਾ ਲੱਗਾ ਬਹੁਤ ਪਰਵਾਸੀਆਂ ਨੂੰ।

# ਮਾਰੂਤੀ ਸਜ਼ੂਕੀ ਵਾਲਾ ਕੇਸ, ਸਟੇਟ ਅਤੇ ਅਦਾਲਤ

*ਅਦਾਲਤ ਨੇ ਚਾਰ ਸਾਲ ਪਹਿਲਾਂ ਮਾਰੂਤੀ ਦੇ ਮਾਨੇਸਰ ਪਲਾਂਟ ਅੰਦਰ ਹੋਈ ਹਿੰਸਾ ਦੇ ਸਿਲਸਿਲੇ ਵਿਚ 31 ਜਣਿਆਂ ਨੂੰ ਸਜ਼ਾ ਸੁਣਾਈ ਹੈ। ਇਸ ਫੈਸਲੇ ਵਿਚ ਮਜ਼ਦੂਰਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅਦਾਲਤ ਦੇ ਇਸ ਫੈਸਲੇ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਕੁਝ ਤੱਥਾਂ ਨੂੰ ਉਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਅਦਾਲਤ ਦੇ ਇਸ ਫੈਸਲੇ ਉਤੇ ਇਹ ਉਚੇਚੀ ਟਿੱਪਣੀ ਭੇਜੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਤੋਂ ਮਜ਼ਦੂਰਾਂ ਪ੍ਰਤੀ ਸਰਕਾਰ ਅਤੇ ਸਰਕਾਰੀ ਅਦਾਰਿਆਂ ਦੀ ਨੀਤੀ ਭਲੀਭਾਂਤ ਪਤਾ ਲੱਗ ਜਾਂਦੀ ਹੈ। -ਸੰਪਾਦਕ*

ਆਖਰਕਾਰ ਗੁੜਗਾਓਂ ਸੈਸ਼ਨਜ਼ ਅਦਾਲਤ ਵਲੋਂ ਸਟੇਟ ਆਫ ਹਰਿਆਣਾ ਬਨਾਮ ਜੀਆ ਲਾਲ ਤੇ ਹੋਰਾਂ ਦੇ ਮੁਕੱਦਮੇ ਵਿਚ ਕਸੂਰਵਾਰ ਠਹਿਰਾਏ ਗਏ 31 ਮੁਲਜ਼ਮਾਂ ਨੂੰ 18 ਮਾਰਚ ਨੂੰ ਸਜ਼ਾ ਸੁਣਾ ਦਿੱਤੀ ਗਈ। 13 ਯੂਨੀਅਨ ਆਗੂਆਂ ਨੂੰ ਉਮਰ ਕੈਦ, ਚਾਰ ਨੂੰ ਪੰਜ ਸਾਲ ਕੈਦ ਅਤੇ ਬਾਕੀਆਂ ਨੂੰ ਜੇਲ੍ਹ ਵਿਚ ਗੁਜ਼ਾਰੇ ਸਮੇਂ ਦੀ ਸਜ਼ਾ ਦਿੱਤੀ ਗਈ। ਮੁਕੱਦਮੇ ਦਾ ਪੱਖਪਾਤ ਇਥੋਂ ਸਾਫ਼ ਹੋ ਜਾਂਦਾ ਹੈ ਕਿ ਜੱਜ ਵਲੋਂ ਸਿਰਫ਼ ਮਜ਼ਦੂਰਾਂ ਨੂੰ ਕਸੂਰਵਾਰ ਠਹਿਰਾਇਆ ਗਿਆ ਹੈ। ਇਹ ਮੁਕੱਦਮਾ 18 ਜੁਲਾਈ 2012 ਨੂੰ ਮਾਰੂਤੀ ਦੇ ਮਾਨੇਸਰ ਪਲਾਂਟ ਵਿਚ ਹੋਈ ਹਿੰਸਾ, ਅੱਗਜ਼ਨੀ ਅਤੇ ਇਸ ਦੌਰਾਨ ਦਮ ਘੁੱਟਣ ਨਾਲ ਐਚ.ਆਰ. ਮੈਨੇਜਰ ਦੀ ਮੌਤ ਹੋਣ ਦੇ ਪ੍ਰਸੰਗ ਵਿਚ ਦਾਇਰ ਕੀਤਾ ਗਿਆ ਸੀ।

ਯਾਦ ਰਹੇ ਕਿ ਮਾਰੂਤੀ ਦੇ ਮਾਨੇਸਰ ਪਲਾਂਟ ਵਿਚ ਮਜ਼ਦੂਰਾਂ ਨੂੰ ਆਪਣੀ ਯੂਨੀਅਨ ਬਣਾਉਣ ਦੇ ਸੰਵਿਧਾਨਕ ਹੱਕ ਲਈ ਲੰਮਾ ਸੰਘਰਸ਼ ਕਰਨਾ ਪਿਆ ਸੀ। 2012 ਵਿਚ ਸਥਾਪਨਾ ਕੀਤੇ ਜਾਣ ਦੇ ਸਮੇਂ ਤੋਂ ਹੀ ਮਾਰੂਤੀ ਸੁਜ਼ੂਕੀ ਵਰਕਰਜ਼ ਯੂਨੀਅਨ ਕੰਪਨੀ ਮੈਨੇਜਮੈਂਟ ਕੋਲ ਮਜ਼ਦੂਰਾਂ ਦੀਆਂ ਮੰਗਾਂ ਉਠਾਉਂਦੀ ਰਹੀ ਹੈ ਜਿਸ ਵਿਚ ਠੇਕਾ ਮਜ਼ਦੂਰਾਂ ਦੀਆਂ ਮੰਗਾਂ ਵੀ ਸ਼ਾਮਿਲ ਹਨ। 18 ਜੁਲਾਈ 2012 ਨੂੰ ਸੁਪਰਵਾਈਜ਼ਰ ਅਤੇ ਦਲਿਤ ਮਜ਼ਦੂਰ ਦਰਮਿਆਨ ਹੋਏ ਝਗੜੇ ਤੋਂ ਬਾਅਦ ਇਕ ਮਜ਼ਦੂਰ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਵਕਤ ਯੂਨੀਅਨ ਮੈਂਬਰਾਂ ਅਤੇ ਮੈਨੇਜਮੈਂਟ ਦਰਮਿਆਨ ਮਜ਼ਦੂਰਾਂ ਦੇ ਲਟਕਦੇ ਮੁੱਦਿਆਂ ਉਪਰ ਮੀਟਿੰਗ ਚੱਲ ਰਹੀ ਸੀ। ਯੂਨੀਅਨ ਨੇ ਇਸ ਮਜ਼ਦੂਰ ਦੀ ਗ਼ੈਰਕਾਨੂੰਨੀ ਮੁਅੱਤਲੀ ਰੱਦ ਕਰਨ ਦੀ ਮੰਗ ਕੀਤੀ। ਉਸ ਦਿਨ ਕੰਪਨੀ ਦੇ ਅੰਦਰ ਕਾਫ਼ੀ ਵੱਡੀ ਤਾਦਾਦ ਵਿਚ ਬਾਊਂਸਰ ਲਗਾਏ ਗਏ ਸਨ ਅਤੇ ਨਾਲ ਹੀ ਉਥੇ ਵੱਡੀ ਤਾਦਾਦ ਵਿਚ ਪੁਲਿਸ ਵੀ ਸੱਦੀ ਹੋਈ ਸੀ। ਮਜ਼ਦੂਰ ਦੀ ਮੁਅੱਤਲੀ ਵਾਪਸ ਲੈਣ ਦੇ ਮੁੱਦੇ ਉਪਰ ਮੈਨੇਜਮੈਂਟ ਦੇ ਟਾਲਮਟੋਲ ਵਾਲੇ ਰਵੱਈਏ ਅਤੇ ਕਿਰਤ ਵਿਭਾਗ ਦੇ ਹਾਜ਼ਰ ਅਧਿਕਾਰੀਆਂ ਦੇ ਮਜ਼ਦੂਰ ਵਿਰੋਧੀ ਵਤੀਰੇ ਕਾਰਨ ਉਥੇ ਤਣਾਓ ਵਾਲੀ ਹਾਲਤ ਬਣ ਗਈ ਸੀ। ਇਸ ਤੋਂ ਬਾਅਦ ਉਥੇ ਹੋਏ ਝਗੜੇ ਵਿਚ ਮੈਨੇਜਮੈਂਟ ਦੇ ਕੁਝ ਬੰਦਿਆਂ ਅਤੇ ਕੁਝ ਮਜ਼ਦੂਰਾਂ ਨੂੰ ਸੱਟਾਂ ਵੱਜੀਆਂ। ਇਸ ਦੌਰਾਨ ਲੱਗੀ ਅੱਗ ਵਿਚ ਦਮ ਘੁੱਟ ਕੇ ਐਚ.ਆਰ. ਮੈਨੇਜਰ ਦੀ ਮੌਤ ਹੋ ਗਈ ਅਤੇ ਅੱਗਜ਼ਨੀ ਦਾ ਇਲਜ਼ਾਮ ਮਜ਼ਦੂਰਾਂ ਉਪਰ ਲਾ ਦਿੱਤਾ ਗਿਆ।

ਘਟਨਾ ਦੇ ਪਹਿਲੇ ਹੀ ਦਿਨ ਤੋਂ ਪੁਲਿਸ ਵਲੋਂ ਮੈਨੇਜਮੈਂਟ ਨਾਲ ਮਿਲ ਕੇ ਮਨਮਾਨੇ ਤਰੀਕੇ ਨਾਲ ਜਾਂਚ ਕੀਤੀ ਗਈ। ਪੁਲਿਸ ਨੇ ਮੈਨੇਜਮੈਂਟ ਦੁਆਰਾ ਦਿੱਤੀ ਗਈ ਨਾਵਾਂ ਦੀ ਸੂਚੀ ਦੇ ਆਧਾਰ ਉਤੇ 148 ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਵਿਚ ਉਚੇਚੇ ਤੌਰ 'ਤੇ ਯੂਨੀਅਨ ਦੇ ਅਹੁਦੇਦਾਰਾਂ ਅਤੇ ਸਰਗਰਮ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਜਾਂਚ ਵਿਚ ਬਹੁਤ ਸਾਰੀਆਂ ਚੀਜ਼ਾਂ ਨਜ਼ਰਅੰਦਾਜ਼ ਕਰ ਦਿੱਤੀਆਂ ਗਈਆਂ, ਜਿਵੇਂ ਮੈਨੇਜਮੈਂਟ ਦੇ ਆਪਾ-ਵਿਰੋਧੀ ਬਿਆਨ, ਕੰਪਨੀ ਦੇ ਬਾਊਂਸਰਾਂ ਦੀ ਮੌਜੂਦਗੀ ਅਤੇ ਉਸ ਦਿਨ ਮਜ਼ਦੂਰਾਂ ਦਾ ਜ਼ਖ਼ਮੀ ਹੋਣਾ। ਇਸ ਤੋਂ ਬਾਅਦ ਪੁਲਿਸ ਨੇ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਤੌਰ 'ਤੇ ਕਾਰਵਾਈ ਕੀਤੀ। ਹਿਰਾਸਤ ਵਿਚ ਲਏ ਜਾਣ 'ਤੇ ਤਮਾਮ ਸੁਰੱਖਿਆ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਗ੍ਰਿਫ਼ਤਾਰ ਕੀਤੇ ਮਜ਼ਦੂਰਾਂ ਨੂੰ ਤਸੀਹੇ ਦਿੱਤੇ ਗਏ, ਉਨ੍ਹਾਂ ਦੇ ਪਰਿਵਾਰਾਂ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਵਾਰ-ਵਾਰ ਉਨ੍ਹਾਂ ਮਜ਼ਦੂਰਾਂ ਉਪਰ ਹਮਲੇ ਕੀਤੇ ਗਏ ਜੋ ਇਨ੍ਹਾਂ ਗਿਰਫ਼ਤਾਰੀਆਂ ਦਾ ਵਿਰੋਧ ਕਰ ਰਹੇ ਸਨ। ਪੁਲਿਸ ਦੇ ਇਸ ਵਤੀਰੇ ਅਤੇ ਬੇਤਹਾਸ਼ਾ ਉਤਸ਼ਾਹ ਤੋਂ ਸਪਸ਼ਟ ਹੈ ਕਿ ਪੁਲਿਸ ਮੈਨੇਜਮੈਂਟ ਦੇ ਇਸ਼ਾਰੇ ਉਪਰ ਕੰਮ ਕਰ ਰਹੀ ਸੀ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਜਾਂਚ ਵਿਚ ਪਹਿਲਾਂ ਤੋਂ ਹੀ ਇਹ ਧਾਰਨਾ ਬਣਾ ਲਈ ਗਈ ਸੀ ਕਿ ਹਿੰਸਾ ਮਜ਼ਦੂਰਾਂ ਨੇ ਹੀ ਕੀਤੀ ਹੈ ਅਤੇ ਇਸ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਕਿ ਕੰਪਨੀ ਦੇ ਅਧਿਕਾਰੀ, ਮੈਨੇਜਮੈਂਟ ਅਤੇ ਮੌਜੂਦ ਬਾਊਂਸਰ ਵੀ ਇਸ ਦੇ ਲਈ ਜ਼ਿੰਮੇਵਾਰ ਹੋ ਸਕਦੇ ਹਨ।

ਇਸ ਮੁਕੱਦਮੇ ਦੀ ਸੁਣਵਾਈ ਦੌਰਾਨ 139 ਮੁਲਜ਼ਮਾਂ ਨੂੰ ਤਿੰਨ ਤੋਂ ਚਾਰ ਸਾਲ ਜੇਲ੍ਹ ਵਿਚ ਗੁਜ਼ਾਰਨ ਤੋਂ ਬਾਅਦ ਹਾਈ ਕੋਰਟ ਵਲੋਂ ਜ਼ਮਾਨਤ ਦਿੱਤੀ ਗਈ ਅਤੇ 9 ਮੁਲਜ਼ਮ ਤਾਂ ਇਹ ਸਾਰਾ ਵਕਤ ਜੇਲ੍ਹ ਵਿਚ ਹੀ ਰਹੇ। 117 ਮੁਲਜ਼ਿਮਾਂ ਨੂੰ ਅਦਾਲਤ ਵਲੋਂ ਬਰੀ ਕਰਨ ਦਾ ਤੱਥ ਦਰਸਾਉਂਦਾ ਹੈ ਕਿ ਇਨ੍ਹਾਂ ਨੂੰ ਬਿਨਾ ਕਿਸੇ ਆਧਾਰ 'ਤੇ ਐਨੇ ਸਾਲ ਕੈਦ ਰੱਖਿਆ ਗਿਆ। ਬਾਰੀਕੀ ਨਾਲ ਮੁਕੱਦਮੇ ਦਾ ਅਧਿਐਨ 31 ਮਜ਼ਦੂਰਾਂ ਨੂੰ ਕਸੂਰਵਾਰ ਠਹਿਰਾਉਣ ਉਪਰ ਗੰਭੀਰ ਸ਼ੱਕ ਪੈਦਾ ਕਰਦਾ ਹੈ। ਇਨ੍ਹਾਂ ਵਿਚੋਂ 13 ਮੁਲਜ਼ਮਾਂ ਨੂੰ ਹੱਤਿਆ ਦਾ ਕਸੂਰਵਾਰ ਮੰਨਿਆ ਗਿਆ ਹੈ। ਗ਼ੌਰਤਲਬ ਹੈ ਕਿ ਇਹ ਸਾਰੇ ਯੂਨੀਅਨ ਦੇ ਅਹੁਦੇਦਾਰ ਅਤੇ ਸਰਗਰਮ ਮੈਂਬਰ ਸਨ।

ਇਹ ਕਸੂਰਵਾਰ ਠਹਿਰਾਇਆ ਜਾਣਾ ਨਾ ਸਿਰਫ਼ ਸਿਆਸੀ ਕਾਰਨਾਂ ਤੋਂ ਪ੍ਰੇਰਤ ਹੈ, ਨਾਲ ਹੀ ਬੇਹੱਦ ਨਾਕਸ ਮੁਕੱਦਮੇ ਦਾ ਨਤੀਜਾ ਵੀ ਹੈ। ਇਸਤਗਾਸਾ ਪੱਖ ਦੇ ਗਵਾਹਾਂ ਨੇ ਤਮਾਮ ਮੁਲਜ਼ਮਾਂ ਦੇ ਨਾਮ ਅੱਖਰੀ ਤਰਤੀਬ ਅਨੁਸਾਰ ਦੱਸੇ, ਗਵਾਹ ਮੁਲਜ਼ਮਾਂ ਦੀ ਸ਼ਨਾਖ਼ਤ ਕਰਨ 'ਚ ਨਾਕਾਮ ਰਹੇ ਅਤੇ ਹਿੰਸਾ ਵਿਚ ਉਨ੍ਹਾਂ ਦੀ ਖ਼ਾਸ ਭੂਮਿਕਾ ਨਹੀਂ ਦੱਸ ਸਕੇ, ਐਫ.ਆਈ.ਆਰ. ਤੋਂ ਸੁਣਵਾਈ ਦਰਮਿਆਨ ਹਮਲੇ ਲਈ ਵਰਤੇ ਗਏ ਹਥਿਆਰ ਬਦਲੇ ਗਏ, ਘਟਨਾ ਤੋਂ ਕਈ ਦਿਨਾਂ ਬਾਅਦ ਮੁਲਜ਼ਮਾਂ ਦੇ ਘਰੋਂ ਹਥਿਆਰਾਂ ਦੀ ਬਰਾਮਦਗੀ ਕੀਤੀ ਗਈ, ਪਰ ਇਨ੍ਹਾਂ ਪੱਖਾਂ ਨੂੰ ਅਦਾਲਤ ਨੇ ਨਜ਼ਰਅੰਦਾਜ਼ ਕਰ ਦਿੱਤਾ। ਇਸਤਗਾਸਾ ਪੱਖ ਇਹ ਸਾਬਤ ਨਹੀਂ ਕਰ ਸਕਿਆ ਕਿ ਅੱਗ ਕਿਵੇਂ ਅਤੇ ਕਿਸਨੇ ਲਗਾਈ। ਮਾਰੇ ਗਏ ਮੈਨੇਜਰ ਉੱਪਰ ਕਿਸੇ ਵੀ ਜਾਨਲੇਵਾ ਹਮਲੇ ਦੇ ਪੁਖ਼ਤਾ ਸਬੂਤ ਦੀ ਅਣਹੋਂਦ, ਉੱਥੇ ਮੌਜੂਦ ਹੋਰ ਪ੍ਰਬੰਧਕੀ ਸਟਾਫ਼ ਨੂੰ ਕੋਈ ਸੱਟ ਨਾ ਲੱਗਣਾ ਵਗੈਰਾ ਇਹ ਸਪਸ਼ਟ ਕਰਨ ਲਈ ਕਾਫ਼ੀ ਹੈ ਕਿ ਅਦਾਲਤ ਵਿਚ ਇਹ ਸਾਬਤ ਨਹੀਂ ਹੋ ਸਕਿਆ ਕਿ ਇਹ ਮਜ਼ਦੂਰ ਹੱਤਿਆ ਅਤੇ ਅੱਗ ਲਾਉਣ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਿਚ ਸ਼ਾਮਲ ਸਨ।

> *ਪੇਸ਼ ਕੀਤੇ ਸਬੂਤਾਂ ਵਿਚ ਗੰਭੀਰ ਕਮੀਆਂ ਦੇ ਬਾਵਜੂਦ ਮਜ਼ਦੂਰਾਂ ਨੂੰ ਕਸੂਰਵਾਰ ਕਰਾਰ ਦੇਣਾ ਪੱਖਪਾਤੀ ਫ਼ੈਸਲਾ ਹੈ। ਇਹ ਅਨਿਆਂਪੂਰਨ ਅਦਾਲਤੀ ਕਾਰਵਾਈ 'ਤੇ ਆਧਾਰਤ ਹੈ ਜੋ ਰਾਜਸੱਤਾ ਦੇ ਅਦਾਰਿਆਂ ਅਤੇ ਕੰਪਨੀ ਦੀ ਮਿਲੀਭੁਗਤ ਦਾ ਨਤੀਜਾ ਹੈ ਜਿਸ ਵਿਚ ਪੁਲਿਸ, ਪ੍ਰਸ਼ਾਸਨ, ਅਦਾਲਤ; ਸਾਰੇ ਮਾਰੂਤੀ ਮੈਨੇਜਮੈਂਟ ਨਾਲ ਮਿਲੇ ਹੋਏ ਹਨ। ਇਹ ਸਾਰੇ ਮਜ਼ਦੂਰ ਹੱਕਾਂ ਦੇ ਘਾਣ, ਉਨ੍ਹਾਂ ਨਾਲ ਹੋਏ ਅਨਿਆਂ ਅਤੇ ਉਨ੍ਹਾਂ ਨੂੰ ਦਿੱਤੇ ਗਏ ਜਿਸਮਾਨੀ ਅਤੇ ਮਾਨਸਿਕ ਤਸੀਹਿਆਂ ਦੇ ਦੋਸ਼ੀ ਹਨ। ਇਹ ਮਾਮਲਾ ਰਾਜਸੱਤਾ ਅਤੇ ਸਰਮਾਏਦਾਰੀ ਜਮਾਤ ਦੀ ਮਿਲੀਭੁਗਤ ਦੀ ਜ਼ਾਹਰਾ ਮਿਸਾਲ ਹੈ। ਹਾਈਕੋਰਟ ਦੇ ਇਕ ਫ਼ੈਸਲੇ ਵਿਚ ਮਾਰੂਤੀ ਮਜ਼ਦੂਰਾਂ ਦੀ ਜ਼ਮਾਨਤ ਦੀ ਦਰਖ਼ਾਸਤ ਨੂੰ ਖਾਰਜ ਕਰਦੇ ਹੋਏ ਇਥੋਂ ਤਕ ਕਿਹਾ ਗਿਆ ਸੀ ਕਿ ਇਨ੍ਹਾਂ ਨੂੰ ਜ਼ਮਾਨਤ ਦਿੱਤੇ ਜਾਣ ਨਾਲ ਸਿੱਧੇ ਵਿਦੇਸ਼ੀ ਪੂੰਜੀਨਿਵੇਸ਼ ਲਈ ਮਾੜੀ ਲੀਹ ਪੈ ਜਾਵੇਗੀ।*

ਅਦਾਲਤ ਸਾਹਮਣੇ ਪੇਸ਼ ਕੀਤੇ ਗਏ ਸਬੂਤਾਂ ਵਿਚ ਉਪਰੋਕਤ ਗੰਭੀਰ ਕਮੀਆਂ ਦੇ ਬਾਵਜੂਦ ਮਜ਼ਦੂਰਾਂ ਨੂੰ ਕਸੂਰਵਾਰ ਕਰਾਰ ਦੇਣਾ ਪੂਰੀ ਤਰ੍ਹਾਂ ਪੱਖਪਾਤੀ ਫ਼ੈਸਲਾ ਹੈ। ਇਹ ਅਨਿਆਂਪੂਰਨ ਅਦਾਲਤੀ ਕਾਰਵਾਈ 'ਤੇ ਆਧਾਰਤ ਹੈ ਜੋ ਰਾਜਸੱਤਾ ਦੇ ਅਦਾਰਿਆਂ ਅਤੇ ਕੰਪਨੀ ਦੀ ਮਿਲੀਭੁਗਤ ਦਾ ਨਤੀਜਾ ਹੈ ਜਿਸ ਵਿਚ ਪੁਲਿਸ, ਪ੍ਰਸ਼ਾਸਨ, ਅਦਾਲਤ; ਇਹ ਸਾਰੇ ਮਾਰੂਤੀ ਮੈਨੇਜਮੈਂਟ ਨਾਲ ਮਿਲੇ ਹੋਏ ਹਨ। ਇਹ ਸਾਰੇ ਮਿਲ ਕੇ ਮਜ਼ਦੂਰ ਹੱਕਾਂ ਦੇ ਘਾਣ, ਉਨ੍ਹਾਂ ਨਾਲ ਹੋਏ ਅਨਿਆਂ ਅਤੇ ਉਨ੍ਹਾਂ ਨੂੰ ਦਿੱਤੇ ਗਏ ਜਿਸਮਾਨੀ ਅਤੇ ਮਾਨਸਿਕ ਤਸੀਹਿਆਂ ਦੇ ਦੋਸ਼ੀ ਹਨ। ਇਹ ਮਾਮਲਾ ਰਾਜਸੱਤਾ ਅਤੇ ਸਰਮਾਏਦਾਰੀ ਜਮਾਤ ਦੀ ਮਿਲੀਭੁਗਤ ਦੀ ਜ਼ਾਹਰਾ ਮਿਸਾਲ ਹੈ। ਹਾਈਕੋਰਟ ਦੇ ਇਕ ਫ਼ੈਸਲੇ ਵਿਚ ਮਾਰੂਤੀ ਮਜ਼ਦੂਰਾਂ ਦੀ ਜ਼ਮਾਨਤ ਦੀ ਦਰਖ਼ਾਸਤ ਨੂੰ ਖਾਰਜ ਕਰਦੇ ਹੋਏ ਇਥੋਂ ਤਕ ਕਿਹਾ ਗਿਆ ਸੀ ਕਿ ਇਨ੍ਹਾਂ ਨੂੰ ਜ਼ਮਾਨਤ ਦਿੱਤੇ ਜਾਣ ਨਾਲ ਸਿੱਧੇ ਵਿਦੇਸ਼ੀ ਪੂੰਜੀਨਿਵੇਸ਼ ਲਈ ਮਾੜੀ ਲੀਹ ਪੈ ਜਾਵੇਗੀ।

ਇਸ ਫ਼ੈਸਲੇ ਦੁਆਰਾ ਸਨਅਤੀ ਖੇਤਰਾਂ ਵਿਚ ਕੰਮ ਕਰਦੇ ਕਾਮਿਆਂ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਉਹ ਆਪਣੇ ਸੰਵਿਧਾਨਕ ਹੱਕਾਂ ਲਈ ਸੰਘਰਸ਼ ਨਾ ਕਰਨ। ਲਗਾਤਾਰ 'ਮਾਰੂਤੀ ਵਰਗੀ ਹਾਲਤ' ਦੀਆਂ ਧਮਕੀਆਂ ਦੇਣਾ, ਲਗਾਤਾਰ ਦਫ਼ਾ 144 ਲਗਾਈ ਰੱਖਣਾ, ਮਜ਼ਦੂਰਾਂ ਨੂੰ ਕਸੂਰਵਾਰ ਕਰਾਰ ਦੇਣਾ, ਗੁੜਗਾਓਂ-ਮਾਨੇਸਰ-ਧਾਰੂਹੇੜਾ ਅਤੇ ਬਾਵਲ ਸਨਅਤੀ ਖੇਤਰ ਵਿਚ ਰੋਜ਼ਮੱਰਾ ਗੱਲ ਹੋ ਗਈ ਹੈ। ਇਹ ਫ਼ੈਸਲਾ ਸਮੁੱਚੇ ਹਿੰਦੁਸਤਾਨ ਦੀ ਮਜ਼ਦੂਰ ਜਮਾਤ ਨੂੰ ਇਹ ਸੰਦੇਸ਼ ਹੈ ਕਿ ਨਿਆਂ ਪ੍ਰਬੰਧ ਸਰਮਾਏਦਾਰੀ ਜਮਾਤ ਦੇ ਹੱਕ ਵਿਚ ਝੁਕਿਆ ਹੋਇਆ ਹੈ ਜੋ ਮਜ਼ਦੂਰਾਂ ਦੇ ਹੱਕਾਂ ਨੂੰ ਖੋਹਣ ਲਈ ਮੈਨੇਜਮੈਂਟ ਨੂੰ ਹੋਰ ਤਾਕਤਵਰ ਬਣਾਉਂਦਾ ਹੈ। ਇਹ ਪ੍ਰਬੰਧ ਐਨਾ ਪੱਖਪਾਤੀ ਅਤੇ ਮਜ਼ਦੂਰ ਵਿਰੋਧੀ ਹੈ ਕਿ ਅਦਾਲਤ ਵਲੋਂ ਜਿਨ੍ਹਾਂ 117 ਮਜ਼ਦੂਰਾਂ ਨੂੰ ਬਰੀ ਕੀਤਾ ਗਿਆ ਹੈ, ਉਨ੍ਹਾਂ ਨੂੰ ਗ਼ੈਰਕਾਨੂੰਨੀ ਤੌਰ 'ਤੇ ਕੈਦ ਰੱਖਣ, ਜੇਲ੍ਹ ਵਿਚ ਵਿਅਰਥ ਗਏ ਉਨ੍ਹਾਂ ਦੇ ਜ਼ਿੰਦਗੀ ਦੇ ਬਹੁਮੁੱਲੇ ਸਾਲਾਂ ਅਤੇ ਜੀਵਨ-ਗੁਜ਼ਾਰੇ ਲਈ ਕੋਈ ਮੁਆਵਜ਼ਾ ਦੇਣ ਲਈ ਵੀ ਤਿਆਰ ਨਹੀਂ। ਇਸ ਫ਼ੈਸਲੇ ਤੋਂ ਪਤਾ ਲਗਦਾ ਹੈ ਕਿ ਮੁਲਕ ਵਿਚ ਮਜ਼ਦੂਰਾਂ ਲਈ ਅਦਾਲਤਾਂ ਦੇ ਦਰਵਾਜ਼ੇ ਵੀ ਬੰਦ ਹਨ ਅਤੇ ਮਜ਼ਦੂਰ ਜਮਾਤ ਅੱਗੇ ਆਪਣੇ ਹਿੱਤਾਂ ਦੀ ਰਾਖੀ ਲਈ ਸਮੂਹਿਕ ਸੰਘਰਸ਼ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ ਹੈ।

# ਯੋਗੀ ਅਦਿਤਿਆਨਾਥ ਦੀ ਤਾਜਪੋਸ਼ੀ ਦਾ ਮਤਲਬ

ਜਦੋਂ ਕੁਲ ਆਲਮ ਵਿਚ ਹੀ ਘੋਰ ਸੱਜੇਪੱਖੀ ਤਾਕਤਾਂ ਬੇਲਗਾਮ ਮੰਡੀ ਆਰਥਿਕਤਾ ਦੇ ਪਸਾਰੇ ਅਤੇ ਰਾਜ ਪ੍ਰਬੰਧ ਦੇ ਫਾਸ਼ੀਕਰਨ ਦੇ ਏਜੰਡੇ ਤਹਿਤ ਸੱਤਾ ਉਪਰ ਕਾਬਜ਼ ਹੋ ਰਹੀਆਂ ਹਨ ਤਾਂ ਭਾਜਪਾ ਦਾ ਯੂ.ਪੀ. ਵਿਚ ਸੱਤਾਧਾਰੀ ਹੋ ਕੇ ਮਹੰਤ ਯੋਗੀ ਅਦਿਤਿਆਨਾਥ ਨੂੰ ਮੁੱਖ ਮੰਤਰੀ ਬਣਾਉਣਾ ਅਤੇ ਤੇਜਿੰਦਰ ਬੱਗਾ ਨੂੰ ਦਿੱਲੀ ਤੋਂ ਭਾਜਪਾ ਦਾ ਮੀਡੀਆ ਤਰਜਮਾਨ ਥਾਪਣਾ ਹੈਰਤਅੰਗੇਜ਼ ਨਹੀਂ। ਇਹ ਅਹਿਮ ਰਾਜਸੀ ਬਦਲਾਓ ਦਾ ਸੂਚਕ ਹੈ ਕਿ ਸਾਂਸਕ੍ਰਿਤਿਕ ਵੰਨ-ਸੁਵੰਨਤਾ ਵਾਲਾ ਮੁਲਕ ਸੰਘ ਪ੍ਰਚਾਰਕਾਂ ਦੀ ਰਾਜਸੀ ਕਮਾਨ ਹੇਠ ਸਿਲਸਿਲੇਵਾਰ

**ਬੂਟਾ ਸਿੰਘ**
ਫੋਨ: +91-94634-74342

ਤਰੀਕੇ ਨਾਲ ਭਗਵੇਂ ਰੰਗ ਵਿਚ ਰੰਗ ਕੇ 'ਹਿੰਦੂ ਰਾਸ਼ਟਰ' ਬਣਨ ਵੱਲ ਵਧ ਰਿਹਾ ਹੈ। ਯੋਗੀ ਅਦਿਤਿਆਨਾਥ ਮੁਸਲਿਮ ਭਾਈਚਾਰੇ ਵਿਰੁਧ ਆਪਣੀਆਂ ਜ਼ਹਿਰ ਉਗਲਦੀਆਂ ਟਿੱਪਣੀਆਂ ਕਾਰਨ ਅਤੇ ਤੇਜਿੰਦਰ ਬੱਗਾ ਵਕੀਲ ਪ੍ਰਸ਼ਾਂਤ ਭੂਸ਼ਣ, ਅਰੁੰਧਤੀ ਰਾਏ ਆਦਿ ਅਗਾਂਹਵਧੂ ਬੁੱਧੀਜੀਵੀਆਂ ਉਪਰ ਹਿੰਸਕ ਹਮਲੇ ਕਰਨ ਅਤੇ ਸੋਸ਼ਲ ਮੀਡੀਆ ਉਪਰ ਧਮਕਾਊ ਟਿੱਪਣੀਆਂ ਪਾਉਣ ਕਾਰਨ ਨਾਮਣਾ ਖੱਟਦੇ ਆ ਰਹੇ ਹਨ। ਅਦਿਤਿਯਾਨਾਥ ਮਾਮੂਲੀ ਯੋਗੀ ਨਹੀਂ, ਸਗੋਂ ਤਾਕਤਵਰ ਹਿੰਦੂ ਮੱਠ ਗੋਰਖਨਾਥ ਪੀਠ ਦਾ ਮੁਖੀ ਹੈ ਅਤੇ ਦੋ ਦਰਜਨ ਤੋਂ ਉਪਰ ਸਿੱਖਿਆ ਸੰਸਥਾਵਾਂ ਦੀਆਂ ਇੰਤਜ਼ਾਮੀਆ ਕਮੇਟੀਆਂ ਵਿਚ ਸ਼ਾਮਲ ਹੈ। ਫਿਰਕੂ ਨਫਰਤ ਫੈਲਾਉਣ ਦੀ ਅਸਾਧਾਰਨ ਕਾਬਲੀਅਤ ਰੱਖਦਾ ਹੋਣ ਕਰ ਕੇ ਸੰਘ ਪਰਿਵਾਰ ਵਿਚ ਉਸ ਦੀ ਖਾਸ ਥਾਂ ਹੈ। ਉਸ ਨੇ 'ਰਾਸ਼ਟਰੀ ਰਕਸ਼ਾ ਅਭਿਆਨ' ਨਾਂ ਦਾ ਖਾਸ ਬ੍ਰਿਗੇਡ ਬਣਾਇਆ ਹੋਇਆ ਹੈ ਜੋ 'ਲਵ ਜਹਾਦ', ਗਊ ਰੱਖਿਆ ਅਤੇ 'ਕੌਮੀ ਸੁਰੱਖਿਆ' ਵਰਗੇ ਮੁੱਦਿਆਂ ਉਪਰ ਲਗਾਤਾਰ ਨਫਰਤ ਦਾ ਜਹਾਦ ਚਲਾਉਂਦਾ ਹੈ। ਉਸ ਦੇ ਖਿਲਾਫ ਕਤਲ, ਫਿਰਕੂ ਫਸਾਦ ਭੜਕਾਉਣ, ਸਮਾਜੀ ਬਦਅਮਨੀ ਫੈਲਾਉਣ ਵਰਗੇ ਸੰਗੀਨ ਫ਼ੌਜਦਾਰੀ ਮੁਕੱਦਮੇ ਦਰਜ ਹਨ। ਦੋ ਸਾਲ ਪਹਿਲਾਂ ਹਾਲਤ ਇਹ ਸੀ ਕਿ ਉਸ ਦੇ ਹਮਾਇਤੀਆਂ ਨੇ ਆਪਣੇ ਵਾਹਨਾਂ ਦੀਆਂ ਨੰਬਰ ਪਲੇਟਾਂ ਉਪਰ ਵਾਹਨ ਨੰਬਰ ਦੀ ਬਜਾਏ 'ਯੋਗੀ ਸੇਵਕ' ਲਿਖਵਾਇਆ ਹੁੰਦਾ ਸੀ। ਗੋਰਖਪੁਰ ਲੋਕ ਸਭਾ ਸੀਟ ਤੋਂ ਲਗਾਤਾਰ ਪੰਜ ਵਾਰ ਸੰਸਦ ਮੈਂਬਰ ਚੁਣੇ ਜਾਣ ਤੋਂ ਉਸ ਦੀ ਰਾਜਸੀ ਪਕੜ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਮੁਲਕ ਦੀ ਕੇਂਦਰੀ ਸੱਤਾ ਲਈ 80 ਲੋਕ ਸਭਾ ਨੁਮਾਇੰਦੇ ਚੁਣ ਕੇ ਭੇਜਣ ਵਾਲੇ ਸੂਬੇ ਵਿਚ ਉਸ ਵਕਤ ਸੰਘ ਪਰਿਵਾਰ ਦੀ ਹੁੰਝਾਫੇਰੂ ਜਿੱਤ ਡੂੰਘੀ ਰਾਜਸੀ ਅਹਿਮੀਅਤ ਰੱਖਦੀ ਹੈ ਜਦੋਂ ਨੋਟਬੰਦੀ ਦੇ ਤਾਨਾਸ਼ਾਹ ਫ਼ੈਸਲੇ ਦੇ ਵਿਰੁੱਧ ਅਵਾਮ ਅੰਦਰ ਤਿੱਖੀ ਬੇਚੈਨੀ ਫੈਲੀ ਹੋਈ ਸੀ, ਪਰ ਸੰਘੀ ਨੀਤੀਘਾੜਿਆਂ ਦੀ ਚੋਣ ਯੁੱਧਨੀਤੀ ਮੋਦੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਵਿਆਪਕ ਬਦਜ਼ਨੀ ਨੂੰ ਬੇਅਸਰ ਕਰ ਕੇ ਯੂ.ਪੀ. ਵਿਚ ਸੱਤਾਧਾਰੀ ਯਾਦਵ ਗੁੱਟ ਦੇ ਰਾਜ ਤੋਂ ਅਵਾਮ ਦੀ ਬਦਜ਼ਨੀ ਦਾ ਲਾਹਾ ਲੈਣ ਵਿਚ ਕਾਮਯਾਬ ਰਹੀ। ਆਰਥਿਕਤਾ ਉਪਰ ਘਾਤਕ ਅਸਰਾਂ ਦੇ ਬਾਵਜੂਦ ਨੋਟਬੰਦੀ ਅਤੇ ਮੋਦੀ ਸਰਕਾਰ ਦੇ ਹੋਰ ਫ਼ੈਸਲੇ ਕੋਈ ਮੁੱਦਾ ਨਹੀਂ ਬਣੇ, ਬਹੁਗਿਣਤੀ ਹਿੰਦੂ ਅਵਾਮ ਨੂੰ ਸੰਘ ਪਰਿਵਾਰ ਵਲੋਂ ਪ੍ਰਚਾਰੇ ਬਹੁਗਿਣਤੀ ਨਾਲ ਵਿਤਕਰੇ ਦੇ ਮਸਨੂਈ ਮੁੱਦਿਆਂ ਨੇ ਕੀਲਿਆ ਹੋਇਆ ਸੀ।

ਯੂ.ਪੀ. ਗੁਜਰਾਤ ਤੋਂ ਵੀ ਪਹਿਲਾਂ ਹਿੰਦੁਤਵ ਦੀ ਰਾਜਸੀ ਪ੍ਰਯੋਗਸ਼ਾਲਾ ਰਿਹਾ ਹੈ ਜਿਥੋਂ ਬਾਬਰੀ ਮਸਜਿਦ ਵਾਲੀ ਥਾਂ ਰਾਮ ਮੰਦਰ ਬਣਾਉਣ ਦੇ ਮੁੱਦੇ ਉਪਰ ਡੂੰਘੀ ਫਿਰਕੂ ਪਾਲਾਬੰਦੀ ਦੀ ਵਿਆਪਕ ਜ਼ਮੀਨ ਤਿਆਰ ਕੀਤੀ ਗਈ। ਇਹੀ ਜ਼ਮੀਨ ਸੰਘ ਪਰਿਵਾਰ ਲਈ ਜ਼ਬਰਦਸਤ ਵੋਟ ਬੈਂਕ ਮੁਹੱਈਆ ਕਰ ਰਹੀ ਹੈ। ਸੰਘ ਪਰਿਵਾਰ ਦੀ ਚੋਣ ਯੁੱਧਨੀਤੀ ਦੀ ਮੁੱਖ ਟੇਕ ਫਿਰਕੂ ਪਾਲਾਬੰਦੀ ਅਤੇ ਜਾਤ ਆਧਾਰਤ ਸਮਾਜੀ ਵਿਉਂਤਬੰਦੀ ਦਾ ਕਾਰਗਰ ਮਿਸ਼ਰਣ ਸੀ ਅਤੇ ਇਸ ਨੂੰ ਬਾਰੀਕੀ ਨਾਲ ਅਮਲ ਵਿਚ ਲਿਆਉਣ ਲਈ 88000 ਬੂਥ ਟੀਮਾਂ ਬਣਾਈਆਂ ਗਈਆਂ ਸਨ। ਹਿੰਦੂਤਵੀ ਸਿਆਸਤ ਦੀ ਖਿੱਚ ਉਚ ਜਾਤੀ ਹਿੰਦੂ ਵੋਟ ਬੈਂਕ ਨੂੰ ਆਪਣੇ ਏਜੰਡੇ ਦੇ ਹੱਕ ਵਿਚ ਭੁਗਤਾਉਣ ਵਿਚ ਕਾਮਯਾਬ ਹੋਈ। ਮੋਦੀ-ਅਮਿਤਸ਼ਾਹ ਦਾ 'ਸਭ ਕਾ ਸਾਥ, ਸਭ ਕਾ ਵਿਕਾਸ' ਮਹਿਜ਼ ਵਿਖਾਵੇ ਦਾ ਨਾਅਰਾ ਸੀ, ਚੋਣ ਮੁਹਿੰਮ ਦਾ ਧੁਰਾ ਸੰਘ ਪਰਿਵਾਰ ਦਾ ਹਿੰਦੂਤਵੀ ਏਜੰਡਾ ਸੀ। ਇਸ ਚੋਣ ਯੁੱਧਨੀਤੀ ਨੇ ਬਾਕੀ 'ਮੁੱਖਧਾਰਾ' ਚੋਣ ਖਿਡਾਰੀਆਂ ਦੇ ਚੋਣ ਗੱਠਜੋੜ ਅਤੇ ਵਿਉਂਤਬੰਦੀਆਂ ਬੇਅਸਰ ਬਣਾ ਦਿੱਤੇ। ਦਲਿਤ ਅਤੇ ਪਿਛੜੀਆਂ ਸ਼੍ਰੇਣੀਆਂ ਦੇ ਵੋਟ ਬੈਂਕ ਉਪਰ ਟੇਕ ਰੱਖਣ ਵਾਲੇ ਰਵਾਇਤੀ ਗੱਠਜੋੜ ਸੰਘ ਪਰਿਵਾਰ ਦੇ ਕੁਟੱਲਿਆ ਸ਼ਾਸਤਰ ਨੇ ਬੁਰੀ ਤਰ੍ਹਾਂ ਮਾਤ ਪਾ ਦਿੱਤੇ। ਯਾਦਵ-ਕਾਂਗਰਸ ਗੱਠਜੋੜ ਅਤੇ ਬੀ.ਐਸ.ਪੀ. ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਜਿਸ ਤੋਂ ਇਹ ਵੀ ਸਾਬਤ ਹੋ ਗਿਆ ਕਿ ਪਾਰਲੀਮੈਂਟਰੀ ਸਿਆਸਤ ਹਿੰਦੁਤਵ ਦੇ ਹਮਲਾਵਰ ਰੱਥ ਨੂੰ ਰੋਕਣ ਲਈ ਕਾਰਆਮਦ ਨਹੀਂ।

ਇਹ ਨੋਟਬੰਦੀ ਅਤੇ ਮੋਦੀ ਰਾਜ ਦੀ ਕਾਰਗੁਜ਼ਾਰੀ ਦੇ ਹੱਕ ਵਿਚ ਅਵਾਮੀ ਫ਼ਤਵਾ ਨਹੀਂ ਜਿਵੇਂ ਮੋਦੀ ਵਜ਼ਾਰਤ ਵਲੋਂ ਆਪਣੀ ਭਗਵੇਂਕਰਨ ਦੀ ਮੁਹਿੰਮ ਤੋਂ ਧਿਆਨ ਹਟਾਉਣ ਲਈ ਦਾਅਵੇ ਕੀਤੇ ਜਾ ਰਹੇ ਹਨ। ਇਸ ਤੋਂ ਐਨ ਉਲਟ ਇਹ ਗੁਜਰਾਤ ਦੀ ਤਰਜ਼ 'ਤੇ ਨਫ਼ਰਤ ਦੀ ਸਿਆਸਤ ਦਾ ਕ੍ਰਿਸ਼ਮਾ ਹੈ। ਹਾਲੀਆ ਚੋਣਾਂ ਵਿਚ ਭਾਜਪਾ ਗੱਠਜੋੜ ਨੇ 403 ਸੀਟਾਂ ਉਪਰ ਚੋਣ ਲੜੀ, ਪਰ ਇਕ ਵੀ ਉਮੀਦਵਾਰ ਮੁਸਲਿਮ ਨਹੀਂ ਬਣਾਇਆ, ਹਾਲਾਂਕਿ ਸੂਬੇ ਦੀ ਸਾਢੇ ਬਾਈ ਕਰੋੜ ਆਬਾਦੀ ਵਿਚ ਮੁਸਲਿਮ ਭਾਈਚਾਰਾ 19 ਫ਼ੀਸਦੀ ਹੈ।



ਦਰਅਸਲ ਸੰਘ ਪਰਿਵਾਰ ਵਲੋਂ ਚੋਣ ਲੜੀ ਹੀ ਇਸ ਮੁੱਦੇ ਉਪਰ ਗਈ ਸੀ ਕਿ ਘੱਟਗਿਣਤੀਆਂ ਨੂੰ ਖੁਸ਼ ਕਰਨ ਵਾਲਿਆਂ ਨੂੰ ਸੱਤਾ ਨੂੰ ਲਾਂਭੇ ਕਰਨਾ ਜ਼ਰੂਰੀ ਹੈ, ਫਿਰ ਹੀ ਬਹੁਗਿਣਤੀ ਹਿੰਦੂਆਂ ਨਾਲ ਵਿਤਕਰਾ ਬੰਦ ਕੀਤਾ ਜਾ ਸਕਦਾ ਹੈ। ਮੋਦੀ ਦੀਆਂ ਤਕਰੀਰਾਂ ਵਿਚ ਮੁਸਲਿਮ 'ਕਬਰਸਤਾਨਾਂ' ਦੇ ਨਾਲ-ਨਾਲ ਹਿੰਦੂ 'ਸ਼ਮਸ਼ਾਨਘਾਟਾਂ' ਦੇ ਵਿਕਾਸ ਕੀਤੇ ਜਾਣ ਦਾ ਆਮ ਜ਼ਿਕਰ ਕੀਤਾ ਜਾਂਦਾ ਸੀ।

ਚੋਣਾਂ ਵਿਚ ਭਾਜਪਾ ਦੀ ਜਿੱਤ ਜਾਂ ਹਾਰ ਨਾਲੋਂ ਵਧੇਰੇ ਅਹਿਮ ਇਸ ਦੇ ਸਮਾਜੀ ਅਧਾਰ ਦਾ ਵਧਾਰਾ-ਪਸਾਰਾ ਹੈ। 2004 ਅਤੇ 2009 ਦੀਆਂ ਚੋਣਾਂ ਵਿਚ ਭਾਜਪਾ ਦੀ ਹਾਰ ਦੇ ਬਾਵਜੂਦ ਸੰਘ ਪਰਿਵਾਰ ਸਮਾਜ ਵਿਚ ਆਪਣਾ ਫਿਰਕੂ ਅਧਾਰ ਅਤੇ ਰਸੂਖ ਤੇਜ਼ੀ ਨਾਲ ਵਧਾਉਣ ਵਿਚ ਕਾਮਯਾਬ ਹੋਇਆ। ਹੁਣ ਵੀ ਭਾਜਪਾ ਦੀ ਜਿੱਤ ਨਾਲੋਂ ਇਹ ਪੱਖ ਵਧੇਰੇ ਤਵੱਜੋ ਦਿੱਤੇ ਜਾਣ ਦੀ ਮੰਗ ਕਰਦਾ ਹੈ ਕਿ ਸੱਤਾਧਾਰੀ ਹੋਣ ਦਾ ਲਾਹਾ ਲੈ ਕੇ ਸੰਘ ਪਰਿਵਾਰ ਮੁਲਕ ਦੀ ਸਾਂਸਕ੍ਰਿਤਿਕ ਵੰਨ-ਸੁਵੰਨਤਾ ਨੂੰ ਢਾਹ ਲਾਉਣ ਲਈ ਸਮਾਜੀ ਬਣਤਰ ਅੰਦਰ ਜ਼ਮੀਨੀ ਪੱਧਰ 'ਤੇ ਕੀ ਕੀ ਬਦਲਾਓ ਲਿਆ ਰਿਹਾ ਹੈ। ਇਹ ਬਦਲਾਓ ਸਮਾਜ ਦੀ ਜ਼ਿਹਨੀਅਤ ਉਪਰ ਕਿਸ ਕਦਰ ਅਸਰਅੰਦਾਜ਼ ਹੋ ਰਹੇ ਹਨ ਅਤੇ ਇਨ੍ਹਾਂ ਦੀਆਂ ਭਵਿਖੀ ਅਰਥ ਸੰਭਾਵਨਾਵਾਂ ਕੀ ਹਨ।

ਨਰੇਂਦਰ ਮੋਦੀ ਅਤੇ ਯੋਗੀ ਅਦਿਤਿਆਨਾਥ ਵਰਗੇ ਆਰ.ਐਸ.ਐਸ. ਲਈ ਆਪਣੇ ਏਜੰਡੇ ਨੂੰ ਅਮਲ ਵਿਚ ਲਿਆਉਣ ਲਈ ਵੱਡੀ ਟੇਕ ਹਨ। ਉਸ ਨੂੰ ਮੈਂਬਰ ਪਾਰਲੀਮੈਂਟ ਤੋਂ ਮੁੱਖ ਮੰਤਰੀ ਬਣਾਇਆ ਜਾਣਾ ਆਰ.ਐਸ.ਐਸ. ਵਲੋਂ ਉਸ ਦੇ ਕੰਮਾਂ ਦਾ ਇਨਾਮ ਹੈ। ਮੋਦੀ ਵਾਂਗ ਉਹ ਆਰ.ਐਸ.ਐਸ. ਦੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਮੁਲਕ ਉਪਰ ਥੋਪਣ ਵਿਚ ਬਹੁਤ ਹੀ ਕਾਰਗਰ ਸਾਬਤ ਹੋ ਰਿਹਾ ਹੈ। ਉਸ ਦੀਆਂ ਫਿਰਕੂ ਜ਼ਹਿਰ ਨਾਲ ਲਬਰੇਜ਼ ਟਿੱਪਣੀਆਂ ਹਿੰਦੂ ਉਚ ਜਾਤੀ ਹਜੂਮ ਨੂੰ ਭੜਕਾਉਣ ਲਈ ਅੱਗ ਉਪਰ ਤੇਲ ਦਾ ਕੰਮ ਕਰਦੀਆਂ ਹਨ। ਉਹ ਘੱਟਗਿਣਤੀਆਂ ਅਤੇ ਪਛੜੀਆਂ ਜਾਤਾਂ ਅੰਦਰ ਖ਼ੌਫ਼ ਭਰਨ ਅਤੇ ਹਿੰਦੂ ਉਚ ਜਾਤਾਂ ਨੂੰ ਆਪਣਾ ਖੁੱਸਿਆ 'ਗੌਰਵ' ਮੁੜ ਹਾਸਲ ਕਰਨ ਲਈ ਉਕਸਾਉਣ ਦਾ ਮਾਹਰ ਹੈ। ਇਸੇ ਲਈ ਯੂ.ਪੀ. ਦੇ ਰਾਜਭਾਗ ਦੀ ਕਮਾਨ ਉਸ ਦੇ ਹਵਾਲੇ ਕੀਤੀ ਗਈ ਹੈ। ਬੀਤੇ ਵਿਚ ਉਸ ਨੇ ਸੰਘ ਪਰਿਵਾਰ ਦੇ ਟੀਚੇ ਅਨੁਸਾਰ ਮੁਸਲਿਮ ਧਾਰਮਿਕ ਘੱਟਗਿਣਤੀ ਫਿਰਕੇ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਅੰਦਰ ਖ਼ੌਫ਼ ਅਤੇ ਦਹਿਸ਼ਤ ਪੈਦਾ ਕਰ ਕੇ ਬਹੁਗਿਣਤੀ ਹਿੰਦੂ ਉਚ ਜਾਤਾਂ ਦਾ ਦਬਦਬਾ ਵਧਾਉਣ ਲਈ ਖਾਸ ਤਰੱਦਦ ਕੀਤਾ ਹੈ। ਜਨਵਰੀ 2014 ਵਿਚ ਚੋਣਾਂ ਦੀ ਤਿਆਰੀ ਦੌਰਾਨ ਗੋਰਖਪੁਰ ਵਿਖੇ ਇਕ ਰੈਲੀ ਵਿਚ ਮੋਦੀ ਨੇ ਉਸ ਨੂੰ 'ਹਰਮਨਪਿਆਰਾ ਅਤੇ ਜੁਝਾਰੂ ਸੰਸਦ ਮੈਂਬਰ' ਕਹਿ ਕੇ ਉਸ ਦੀ ਤਾਰੀਫ਼ ਕੀਤੀ ਸੀ। ਉਨ੍ਹਾਂ ਚੋਣਾਂ ਵਿਚ ਉਸ ਨੂੰ ਪੂਰਬੀ ਯੂ.ਪੀ. ਦੇ ਮੁਸਲਿਮ ਬਹੁਗਿਣਤੀ ਜ਼ਿਲ੍ਹਿਆਂ ਅੰਦਰ ਚੋਣ ਪ੍ਰਚਾਰ ਲਈ ਭਾਜਪਾ ਹਾਈਕਮਾਨ ਵਲੋਂ ਹੈਲੀਕਾਪਟਰ ਮੁਹੱਈਆ ਕਰਾਇਆ ਗਿਆ ਸੀ। ਹਾਲੀਆ ਚੋਣਾਂ ਵਿਚ ਵੀ ਉਹ ਭਾਜਪਾ ਦਾ ਸਟਾਰ ਮੁਹਿੰਮਬਾਜ਼ ਸੀ ਜਿਸ ਨੇ ਹਰ ਹਲਕੇ ਵਿਚ ਜਾ ਕੇ ਚੋਣ ਪ੍ਰਚਾਰ ਕੀਤਾ। ਚੋਣ ਮੁਹਿੰਮ ਦਾ ਆਗਾਜ਼ ਵੀ ਉਸ ਨੇ ਭਾਜਪਾ ਦੇ ਸੂਬਾ ਸਦਰ ਮੁਕਾਮ ਵਿਚ ਬੁਲਾਈ ਪ੍ਰੈੱਸ ਕਾਨਫਰੰਸ ਵਿਚ ਇਹ ਧਮਾਕਾ ਕਰ ਕੇ ਕੀਤਾ ਸੀ ਕਿ ਜੇ ਸਮਾਜਵਾਦੀ ਪਾਰਟੀ ਸੱਤਾ ਵਿਚ ਰਹੀ ਤਾਂ ਯੂ.ਪੀ. ਨੂੰ ਕਸ਼ਮੀਰ ਬਣਾ ਦਿੱਤਾ ਜਾਵੇਗਾ। ਕੈਰਾਨਾ ਇਲਾਕੇ ਵਿਚੋਂ ਮੁਸਲਮਾਨਾਂ ਦੀ ਦਹਿਸ਼ਤ ਕਾਰਨ ਹਿੰਦੂਆਂ ਦੀ ਹਿਜਰਤ ਦਾ ਝੂਠ ਫੈਲਾਉਂਦਿਆਂ ਉਸ ਨੇ ਕਿਹਾ ਸੀ ਕਿ 'ਯੋਗੀ ਵਰਤਮਾਨ ਦੀ ਨਹੀਂ, ਭਵਿੱਖ ਦੀ ਗੱਲ ਕਰ ਰਿਹਾ ਹੈ। ਹਿਜਰਤ ਸਾਡੇ ਲਈ ਬਹੁਤ ਵੱਡਾ ਮੁੱਦਾ ਹੈ। ਭਾਜਪਾ ਪੱਛਮੀ ਯੂ.ਪੀ. ਨੂੰ ਇਕ ਹੋਰ ਕਸ਼ਮੀਰ ਨਹੀਂ ਬਣਨ ਦੇਵੇਗੀ'।

ਉਸ ਨੇ ਫ਼ਸਾਦਾਂ ਲਈ ਮੁਸਲਿਮ ਫਿਰਕੇ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਸੀ ਕਿ ਸਮਾਜਵਾਦੀ ਪਾਰਟੀ ਦੇ ਰਾਜ ਅੰਦਰ ਪੱਛਮੀ ਯੂ.ਪੀ. ਵਿਚ ਢਾਈ ਸਾਲਾਂ ਵਿਚ 450 ਫ਼ਸਾਦ ਹੋਏ, ਕਿਉਂਕਿ ਇਕ ਖ਼ਾਸ ਫਿਰਕੇ ਦੀ ਆਬਾਦੀ ਨੂੰ ਜ਼ਰਬਾਂ ਆ ਰਹੀਆਂ ਹਨ। ਪੂਰਬੀ ਯੂ.ਪੀ. ਵਿਚ ਫ਼ਸਾਦ ਕਿਉਂ ਨਹੀਂ ਹੁੰਦੇ, ਕਿਉਂਕਿ ਉਥੇ ਇਹ ਬਹੁਗਿਣਤੀ ਹਨ। 'ਜਿਥੇ ਤਾਂ ਇਨ੍ਹਾਂ ਦੀ ਆਬਾਦੀ 10-20 ਫ਼ੀਸਦੀ ਹੈ, ਉਥੇ ਇੱਕਾ-ਦੁੱਕਾ ਘਟਨਾਵਾਂ ਹੁੰਦੀਆਂ ਹਨ, ਜਿਥੇ ਇਹ 20-35 ਫ਼ੀਸਦੀ ਹਨ, ਉਥੇ ਗੰਭੀਰ ਫ਼ਸਾਦ ਹੁੰਦੇ ਹਨ ਅਤੇ ਜਿਥੇ ਇਹ 35 ਫ਼ੀਸਦੀ ਤੋਂ ਵਧੇਰੇ ਹਨ, ਉਥੇ ਗ਼ੈਰਮੁਸਲਮਾਨਾਂ ਲਈ ਕੋਈ ਜਗ੍ਹਾ ਨਹੀਂ ਹੁੰਦੀ'।

ਯੋਗੀ ਅਦਿਤਿਆਨਾਥ ਅਨੁਸਾਰ ਮਦਰ ਟੈਰੇਸਾ ਹਿੰਦੁਸਤਾਨ ਦੇ ਈਸਾਈਕਰਨ ਦੀ ਸਾਜ਼ਿਸ਼ ਦਾ ਹਿੱਸਾ ਸੀ। ਮਨੁੱਖਤਾ ਦੀ ਸੇਵਾ ਦੇ ਨਾਂ ਹੇਠ ਹਿੰਦੂਆਂ ਦਾ ਧਰਮ-ਬਦਲ ਕੇ ਉਨ੍ਹਾਂ ਨੂੰ ਈਸਾਈ ਬਣਾਇਆ ਗਿਆ। ਯੋਗ ਬਾਰੇ ਉਸ ਨੇ ਫ਼ਰਮਾਇਆ ਕਿ ਭਗਵਾਨ ਸ਼ੰਕਰ ਸਭ ਤੋਂ ਵੱਡਾ ਯੋਗੀ ਸੀ ਜਿਸ ਨੇ ਯੋਗ ਦੀ ਸ਼ੁਰੂਆਤ ਕੀਤੀ। ਮਹਾਦੇਵ ਇਸ ਮੁਲਕ ਦੇ ਕਣ-ਕਣ ਵਿਚ ਹੈ। ਜੋ ਵੀ ਕੋਈ ਯੋਗ ਅਤੇ ਭਗਵਾਨ ਸ਼ੰਕਰ ਤੋਂ ਪਾਸਾ ਵੱਟਣਾ ਚਾਹੁੰਦਾ ਹੈ, ਉਹ ਹਿੰਦੁਸਤਾਨ ਛੱਡ ਕੇ ਜਾ ਸਕਦਾ ਹੈ। ਉਸ ਨੇ ਸ਼ਾਹਰੁਖ ਖ਼ਾਨ ਨੂੰ ਤਾੜਨਾ ਕਰਦਿਆਂ ਕਿਹਾ ਸੀ ਕਿ ਜੇ ਲੋਕ ਉਸ ਦੀਆਂ ਫਿਲਮਾਂ ਦਾ ਬਾਈਕਾਟ ਕਰ ਦੇਣ ਤਾਂ ਉਹ ਵੀ ਆਮ ਮੁਸਲਮਾਨ ਵਾਂਗ ਗਲੀਆਂ ਦੀ ਖ਼ਾਕ ਛਾਣਦਾ ਫਿਰੇਗਾ। ਸ਼ਾਹਰੁਖ ਖ਼ਾਨ ਬਾਰੇ ਉਸ ਨੇ ਕਿਹਾ, 'ਇਹ ਲੋਕ ਦਹਿਸ਼ਤਗਰਦਾਂ ਦੀ ਬੋਲੀ ਬੋਲ ਰਹੇ ਹਨ। ਸ਼ਾਹਰੁਖ ਖ਼ਾਨ ਅਤੇ ਹਾਫ਼ਿਜ਼ ਸਈਦ ਦੀ ਬੋਲੀ ਵਿਚ ਕੋਈ ਫ਼ਰਕ ਨਹੀਂ ਹੈ'।

2019 ਦੀਆਂ ਆਮ ਚੋਣਾਂ ਤਕ ਆਪਣੇ ਹਿੰਦੁਤਵ ਦੇ ਏਜੰਡੇ ਨੂੰ ਵੱਧ ਤੋਂ ਵੱਧ ਥੋਪਣਾ ਸੰਘ ਪਰਿਵਾਰ ਦਾ ਮੁੱਖ ਟੀਚਾ ਹੈ। ਨਰੇਂਦਰ ਮੋਦੀ ਵਾਂਗ ਯੋਗੀ ਦਾ ਮੁੱਖ ਮੰਤਰੀ ਦੇ ਅਹੁਦੇ ਉਪਰ ਬਿਰਾਜਮਾਨ ਹੋਣਾ ਸੰਘ ਪਰਿਵਾਰ ਵਲੋਂ ਚਲਾਏ ਜਾ ਰਹੇ ਫਿਰਕੂ ਜਹਾਦ ਨੂੰ ਵਾਜਬੀਅਤ ਮੁਹੱਈਆ ਕਰਨ ਵਾਲੀ ਸਰਕਾਰੀ ਮੋਹਰ ਦੀ ਭੂਮਿਕਾ ਨਿਭਾਏਗਾ। ਉਸ ਦੀ ਤਾਜਪੋਸ਼ੀ ਨੂੰ ਇਸੇ ਨਜ਼ਰੀਏ ਤੋਂ ਦੇਖਣ ਦੀ ਜ਼ਰੂਰਤ ਹੈ। ਇਹ ਤਾਜਪੋਸ਼ੀ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਉਪਰ ਵੀ ਵੱਡਾ ਵਿਅੰਗ ਹੈ ਜਿਥੇ ਖੁੱਲ੍ਹੇਆਮ ਨਫ਼ਰਤ ਦੀ ਸਿਆਸਤ ਕਰਨ ਵਾਲਾ ਐਨਾ ਵੱਡਾ ਹੁਕਮਰਾਨ ਬਣ ਸਕਦਾ ਹੈ, ਪਰ ਇਕ 90 ਫ਼ੀਸਦੀ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਇਸ ਕਰ ਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ ਕਿ ਉਸ ਦੇ ਖ਼ਿਆਲ ਹਿੰਸਕ ਇਰਾਦੇ ਵਾਲੇ ਹਨ।

# ਉਤਰ ਪ੍ਰਦੇਸ਼ ਦੀ ਸਿਆਸਤ

ਮੈਂ ਉਸ ਜਵਾਨ ਦਾ ਨਾਂ ਇਥੇ ਨਹੀਂ ਲਿਖਾਂਗਾ ਪਰ ਉਸ ਬਾਰੇ ਦੱਸਾਂਗਾ ਜ਼ਰੂਰ। ਉਹ ਨੌਜਵਾਨ ਨਵਾਂ ਚੋਣ-ਸ਼ਾਸਤਰੀ (ਸੈਫੋਲੋਜਿਸਟ) ਹੈ; ਭਾਵ ਉਸ ਨੇ ਚੋਣ ਸਰਵੇਖਣਾਂ ਦੀ ਸਿਖਲਾਈ ਲਈ ਹੈ। ਉਸ ਨੂੰ ਪਤਾ ਹੈ ਕਿ ਸਰਵੇਖਣ ਕਿਵੇਂ ਕੀਤਾ ਜਾਂਦਾ ਹੈ, ਵੋਟਰਾਂ ਨਾਲ ਕਿਵੇਂ ਗੱਲ ਕੀਤੀ ਜਾਂਦੀ ਹੈ, ਵੋਟ ਦਾ ਫ਼ੀਸਦੀ ਕਿਵੇਂ ਕੱਢਿਆ ਜਾਂਦਾ ਹੈ ਅਤੇ ਜਿੱਤ ਜਾਂ ਹਾਰ ਦੀ ਭਵਿੱਖਵਾਣੀ ਕਿਵੇਂ ਕੀਤੀ ਜਾਂਦੀ ਹੈ। ਨੌਜਵਾਨ ਹੋਣ ਦੇ ਨਾਤੇ ਉਸ ਵਿਚ ਉਤਸ਼ਾਹ ਹੈ ਅਤੇ ਨਵਾਂ ਹੋਣ ਕਾਰਨ ਉਸ ਅੰਦਰ ਇਮਾਨਦਾਰੀ ਨਾਲ ਆਪਣਾ ਕੰਮ ਕਰਨ ਦਾ ਜਜ਼ਬਾ ਹੈ। ਉਤਰ ਪ੍ਰਦੇਸ਼ ਦੀ ਚੋਣ ਵਿਚ ਇਸ ਨੌਜਵਾਨ

**ਅਭੈ ਕੁਮਾਰ ਦੂਬੇ**

ਨੇ 30 ਜ਼ਿਲ੍ਹਿਆਂ ਦਾ ਦੌਰਾ ਕੀਤਾ। ਜੇ ਮੰਨ ਲਈਏ ਕਿ ਇਕ ਜ਼ਿਲ੍ਹੇ ਵਿਚ 5 ਵਿਧਾਨ ਸਭਾ ਖੇਤਰ ਹੁੰਦੇ ਹਨ, ਤਾਂ ਅਸੀਂ ਕਹਿ ਸਕਦੇ ਹਾਂ ਕਿ ਉਹ ਘੱਟ ਤੋਂ ਘੱਟ 150 ਚੋਣ ਖੇਤਰਾਂ ਤੋਂ ਗੁਜ਼ਰਿਆ ਹੋਵੇਗਾ, ਪਰ ਜਦੋਂ ਉਹ ਨੌਜਵਾਨ ਮੇਰੇ ਨਾਲ ਐਨ.ਡੀ.ਟੀ.ਵੀ. ਦੇ ਐਗਜ਼ਿਟ ਪੋਲ ਪ੍ਰੋਗਰਾਮ ਵਿਚ ਭਾਗ ਲੈ ਰਿਹਾ ਸੀ, ਤਾਂ ਉਸ ਦਾ ਕਹਿਣਾ ਸੀ ਕਿ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਤੇ ਕਾਂਗਰਸ ਦੇ ਗਠਜੋੜ ਅਤੇ ਭਾਰਤੀ ਜਨਤਾ ਪਾਰਟੀ ਵਿਚ ਕਰਾਰੀ ਟੱਕਰ ਹੈ। ਮਾਮਲਾ ਨਜ਼ਦੀਕ ਦਾ ਹੈ, ਪਰ ਕੁੱਲ ਮਿਲਾ ਕੇ ਗਠਜੋੜ ਥੋੜ੍ਹਾ ਜਿਹਾ ਅੱਗੇ ਹੈ।

ਜ਼ਾਹਰ ਹੈ ਕਿ ਜਦੋਂ ਚੋਣ ਨਤੀਜੇ ਆਏ ਤਾਂ ਉਸ ਨੌਜਵਾਨ ਦੀਆਂ ਸਾਰੀਆਂ ਗੱਲਾਂ ਗ਼ਲਤ ਨਿਕਲੀਆਂ। ਅਗਲੇ ਦਿਨ ਉਹ ਮੈਨੂੰ ਮਿਲਣ ਆਇਆ। ਮੈਂ ਪੁੱਛਿਆ ਕਿ 30 ਜ਼ਿਲ੍ਹਿਆਂ ਤੇ 150 ਚੋਣ ਖੇਤਰਾਂ ਵਿਚ ਘੁੰਮਣ ਅਤੇ ਉਥੋਂ ਦੇ ਵੋਟਰਾਂ ਨਾਲ ਗੱਲਬਾਤ ਕਰਨ ਦੇ ਬਾਵਜੂਦ ਉਹ ਉਤਰ ਪ੍ਰਦੇਸ਼ ਵਿਚ ਚੱਲ ਰਹੀ ਭਾਰਤੀ ਜਨਤਾ ਪਾਰਟੀ ਦੀ ਲਹਿਰ ਕਿਉਂ ਨਹੀਂ ਦੇਖ ਸਕੇ? ਉਸ ਨੇ ਇਮਾਨਦਾਰੀ ਨਾਲ ਜਵਾਬ ਦਿਤਾ ਕਿ ਉਸ ਨੂੰ ਗ਼ੈਰ-ਯਾਦਵ ਪਛੜੀ ਜਾਤੀਆਂ ਦੇ ਅਜਿਹੇ ਕਈ ਵੋਟਰ ਮਿਲੇ ਜੋ ਭਾਜਪਾ ਨੂੰ ਵੋਟ ਦੇਣਾ ਚਾਹੁੰਦੇ ਸਨ, ਪਰ ਜਿਵੇਂ ਹੀ ਕਿਸੇ ਦੂਜੇ ਇਲਾਕੇ ਵਿਚ ਉਸ ਨੂੰ ਇਨ੍ਹਾਂ ਜਾਤੀਆਂ ਦੇ ਅਜਿਹੇ ਵੋਟਰ ਮਿਲਦੇ ਸਨ ਜੋ ਸਮਾਜਵਾਦੀ ਪਾਰਟੀ ਜਾਂ ਬਹੁਜਨ ਸਮਾਜ ਪਾਰਟੀ ਨੂੰ ਵੋਟ ਦੇਣਾ ਚਾਹੁੰਦੇ ਸਨ, ਤਾਂ ਉਹ ਭਰਮ ਵਿਚ ਪੈ ਜਾਂਦੇ ਸਨ। ਕੁੱਲ ਮਿਲਾ ਕੇ ਉਸ ਨੂੰ ਭਾਜਪਾ ਦੀ ਲਹਿਰ ਦਾ ਸਿੱਟਾ ਕੱਢਣ ਵਿਚ ਸੰਕੋਚ ਹੁੰਦਾ ਸੀ। ਦਰਅਸਲ, ਕੇਵਲ ਉਸ ਨੌਜਵਾਨ ਅਤੇ ਮੇਰੇ ਲਈ ਹੀ ਨਹੀਂ, ਸਗੋਂ ਮੇਰੇ ਵਰਗੇ ਸਾਰੇ ਦਰਸ਼ਕਾਂ ਲਈ ਉਤਰ ਪ੍ਰਦੇਸ਼ ਦੀ ਚੋਣ ਨੇ ਗੰਭੀਰ ਸਵਾਲ ਪੇਸ਼ ਕੀਤਾ ਹੈ। ਅਖੀਰ ਸਾਨੂੰ ਇਸ ਸੂਬੇ ਵਿਚ ਭਾਰਤੀ ਜਨਤਾ ਪਾਰਟੀ ਜਾਂ ਨਰੇਂਦਰ ਮੋਦੀ ਦੇ ਪ੍ਰਬਲ ਸਮਰਥਨ ਦੀ ਲਹਿਰ ਕਿਉਂ ਨਹੀਂ ਦਿਖਾਈ ਦਿੱਤੀ?

ਹੁਣ ਮੈਂ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਸਾਡੀਆਂ ਅੱਖਾਂ ਉਤੇ ਤਿੰਨ ਕਾਰਨਾਂ ਕਰ ਕੇ ਪੱਟੀ ਬੱਝੀ ਹੋਈ ਸੀ। ਪਹਿਲਾ, ਅਸੀਂ ਇਹ ਮੰਨ ਲਿਆ ਸੀ ਕਿ ਅਖਿਲੇਸ਼ ਯਾਦਵ ਨੇ ਸਫਲਤਾਪੂਰਵਕ ਆਪਣੇ ਪੰਜ ਸਾਲ ਦੇ ਕੁਸ਼ਾਸਨ ਤੋਂ ਪੈਦਾ ਹੋਏ ਸਥਾਪਤੀ ਵਿਰੋਧੀ ਰੁਝਾਨ ਨੂੰ ਆਪਣੇ ਚਾਚਾ ਸ਼ਿਵਪਾਲ ਸਿੰਘ ਯਾਦਵ ਦੇ ਮੱਥੇ ਮੜ੍ਹ ਦਿੱਤਾ ਹੈ ਅਤੇ ਹੁਣ ਉਨ੍ਹਾਂ ਦੀ ਨੌਜਵਾਨ ਅਗਵਾਈ ਦਾ ਦਾਮਨ ਧੋ ਹੋ ਕੇ ਸਾਫ਼ ਹੋ ਗਿਆ ਹੈ। ਇਹ ਵੀ ਮੰਨ ਲਿਆ ਸੀ ਕਿ ਅਖਿਲੇਸ਼ ਦੇ ਰੂਪ ਵਿਚ ਉਤਰ ਪ੍ਰਦੇਸ਼ ਵਿਚ ਨਵੀਂ ਅਗਵਾਈ ਉਭਰ ਆਈ ਹੈ ਜਿਸ ਪ੍ਰਤੀ ਲੋਕਾਂ ਵਿਚ ਜਾਤੀ-ਧਰਮ ਦੇ ਘੇਰੇ ਤੋਂ ਬਾਹਰ ਜਾ ਕੇ ਖਿੱਚ ਹੈ। ਇਹ ਧਾਰਨਾ ਏਨੀ ਪ੍ਰਬਲ ਸੀ ਕਿ ਅਸੀਂ ਉਤਰ ਪ੍ਰਦੇਸ਼ ਦੇ ਗ਼ੈਰ-ਯਾਦਵ ਸਮਾਜ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਦੌਰਾਨ ਚੱਲੀ ਤਿੱਖੀ ਯਾਦਵਸ਼ਾਹੀ ਵਿਰੁਧ ਉਭਰੇ ਗੁੱਸੇ ਭਰੇ ਪ੍ਰਤੀਕਰਮ ਨੂੰ ਨਜ਼ਰਅੰਦਾਜ਼ ਕਰ ਦਿੱਤਾ।

ਦੂਜਾ, ਅਤੀਤ ਤੋਂ ਪ੍ਰਾਪਤ ਖੋਖਲੀ ਧਰਮ-ਨਿਰਪੱਖ ਰਾਜਨੀਤੀ ਦੇ ਪ੍ਰਭਾਵ ਵਿਚ ਅਸੀਂ ਇਹ ਸਮਝਣ ਵਿਚ ਅਸਫਲ ਰਹੇ ਕਿ ਖੁੱਲ੍ਹੀ ਅਤੇ ਵਿਵੇਕਹੀਣ ਮੁਸਲਮਾਨਪ੍ਰਸਤੀ, ਹਿੰਦੂ ਸਮਾਜ ਵਿਚ ਪ੍ਰਤੀਕਿਰਿਆ ਵੀ ਪੈਦਾ ਕਰ ਸਕਦੀ ਹੈ। ਮਾਇਆਵਤੀ ਬਿਨਾ ਝਿਜਕ ਮੰਚਾਂ ਤੋਂ ਅਪੀਲ ਕਰਦੀ ਰਹੀ ਕਿ ਮੁਸਲਮਾਨਾਂ ਨੂੰ ਸਮਾਜਵਾਦੀ ਪਾਰਟੀ ਨੂੰ ਵੋਟ ਨਹੀਂ ਦੇਣਾ ਚਾਹੀਦਾ, ਵਰਨਾ ਭਾਜਪਾ ਜਿੱਤ ਜਾਵੇਗੀ। ਭੈਣ ਜੀ ਦੀ ਦਲੀਲ ਸੀ ਕਿ ਉਹ ਸਭ ਤੋਂ ਵੱਡੀ ਮੁਸਲਮਾਨ ਸਮਰਥਕ ਹੈ ਅਤੇ ਇਸ ਦਾ ਸਬੂਤ ਮੁਸਲਮਾਨਾਂ ਨੂੰ ਉਨ੍ਹਾਂ ਵਲੋਂ ਦਿੱਤੇ 25 ਫ਼ੀਸਦੀ ਟਿਕਟ (ਉਨ੍ਹਾਂ ਦੀ ਆਬਾਦੀ ਤੋਂ ਵੀ ਜ਼ਿਆਦਾ) ਹਨ। ਉਧਰ ਸਮਾਜਵਾਦੀ ਪਾਰਟੀ ਇਹ ਦਾਅਵਾ ਕਰਦੀ ਰਹੀ ਕਿ ਕਾਂਗਰਸ ਨਾਲ ਗਠਜੋੜ ਕਰ ਕੇ ਉਸ ਨੇ ਮੁਸਲਮਾਨਾਂ ਦੇ ਵੋਟ ਆਪਣੀ ਜੇਬ ਵਿਚ ਪਾ ਲਏ ਹਨ। ਯਾਦਵ ਵੋਟ ਪਹਿਲਾਂ ਤੋਂ ਹੀ ਉਸ ਦੀ ਜੇਬ ਵਿਚ ਹਨ, ਬਸ ਜਿੱਤਣ ਲਈ ਥੋੜ੍ਹੇ ਬਹੁਤ ਵੋਟ ਹੋਰ ਚਾਹੀਦੇ ਹਨ। ਸਪਾ-ਬਸਪਾ ਦੇ ਇਸ ਰਵੱਈਏ ਨੂੰ ਅਸੀਂ ਘੱਟ-ਗਿਣਤੀ ਸੰਪਰਦਾਇਕਤਾ ਦੀ ਮਿਸਾਲ ਮੰਨ ਕੇ ਭਾਜਪਾ ਦੀ ਬਹੁਗਿਣਤੀ ਸੰਪਰਦਾਇਕਤਾ ਦਾ ਤੋੜ ਮੰਨਿਆ। ਇਸ ਮਾਮਲੇ ਵਿਚ ਸਾਡੇ ਵਰਗੇ ਲੋਕਾਂ ਦੀ ਚਿੰਤਾ ਜ਼ਿਆਦਾ ਤੋਂ ਜ਼ਿਆਦਾ ਇਹ ਸਮਝਣ ਦੀ ਰਹੀ ਕਿ ਮੁਸਲਮਾਨ ਵੋਟ ਕਿਥੇ ਅਤੇ ਕਿੰਨੇ ਵੰਡੇ ਜਾ ਰਹੇ ਹਨ?

ਤੀਜਾ, ਸਾਨੂੰ ਇਹ ਤਾਂ ਦਿਖਾਈ ਦੇ ਰਿਹਾ ਸੀ ਕਿ ਭਾਜਪਾ ਯਾਦਵਸ਼ਾਹੀ ਤੋਂ ਦੁਖੀ ਅਤੇ ਵਾਂਝੀ ਮਹਿਸੂਸ ਕਰਨ ਵਾਲੀ ਅਤਿ-ਪਛੜੀ ਅਤੇ ਜਾਟਵਸ਼ਾਹੀ ਤੋਂ ਪੀੜਤ ਮਹਿਸੂਸ ਕਰਨ ਵਾਲੀ ਅਤਿ-ਦਲਿਤ ਜਾਤੀਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਸੀਂ ਇਹ ਮੰਨ ਕੇ ਚੱਲ ਰਹੇ ਸੀ ਕਿ ਇਹ ਛੋਟੀਆਂ-ਛੋਟੀਆਂ ਜਾਤੀਆਂ ਕਿਸੇ ਇਕ ਪਾਰਟੀ ਦੇ ਪੱਖ ਵਿਚ ਵੋਟਾਂ ਨਹੀਂ ਦੇਣਗੀਆਂ, ਕਿਉਂਕਿ ਇਨ੍ਹਾਂ ਨੂੰ ਕਿਸੇ ਇਕ ਧਰੁਵ 'ਤੇ ਲਿਆਉਣ ਲਈ ਇਨ੍ਹਾਂ ਵਿਚ ਕੋਈ ਰਾਜਨੀਤਕ ਅਗਵਾਈ ਵਿਕਸਤ ਨਹੀਂ ਹੋਈ ਹੈ।

ਖ਼ਾਸ ਗੱਲ ਇਹ ਹੈ ਕਿ ਅਸੀਂ ਅਤਿ-ਪਛੜੀ ਅਤੇ ਅਤਿ-ਦਲਿਤ ਜਾਤੀਆਂ ਦੀ ਧਰੁਵੀਕਰਨ ਕਰਨ ਦੀ ਭਾਜਪਾ ਦੀ ਸਮਰੱਥਾ 'ਤੇ ਸ਼ੱਕ ਕੀਤਾ, ਪਰ ਪਹਿਲਾਂ ਤੋਂ ਸਥਾਪਤ ਆ ਰਹੀ ਪਛੜੇ ਵਰਗਾਂ ਦੀ ਅਗਵਾਈ (ਸਪਾ) ਅਤੇ ਦਲਿਤ ਅਗਵਾਈ (ਬਸਪਾ) ਦੀ ਜਨ-ਗੋਲਬੰਦੀ ਦੀ ਸਮਰਥਾ 'ਤੇ ਨਹੀਂ। ਅਸੀਂ ਇਹ ਵੀ ਭੁੱਲ ਗਏ ਕਿ ਸਪਾ ਅਤੇ ਬਸਪਾ ਦੀ ਕਥਿਤ ਸਮਰਥਾ ਦੀ ਪੋਲ ਇਕ ਵਾਰ 2014 ਦੀ ਲੋਕ ਸਭਾ ਚੋਣ ਵਿਚ ਵੀ ਖੁੱਲ੍ਹ ਚੁੱਕੀ ਹੈ। ਇਹ ਠੀਕ ਹੈ ਕਿ ਭਾਜਪਾ ਦੇ ਸਮਰਥਕਾਂ ਨੂੰ ਵੀ ਸਵਾ ਤਿੰਨ ਸੌ ਸੀਟਾਂ ਮਿਲਦੀਆਂ ਨਹੀਂ ਸਨ ਦਿਖਾਈ ਦੇ ਰਹੀਆਂ, ਪਰ ਸਮੱਸਿਆ ਉਨ੍ਹਾਂ ਦੀ ਨਹੀਂ ਹੈ। ਸਮੱਸਿਆ ਸਾਡੀ ਹੈ- ਸਾਡੇ ਉਸ ਧਰਮ-ਨਿਰਪੱਖ ਚਸ਼ਮੇ ਦੀ ਹੈ ਜਿਸ ਨੇ ਸਾਡੀਆਂ ਅੱਖਾਂ ਵਿਚ ਮੋਤੀਆਬਿੰਦ ਪੈਦਾ ਕਰ ਦਿੱਤਾ ਹੈ। ਇਹ ਮੋਤੀਆਬਿੰਦ ਕੇਵਲ ਉਦੋਂ ਖ਼ਤਮ ਹੋਵੇਗਾ ਜਦੋਂ ਅਸੀਂ ਘੱਟ-ਗਿਣਤੀ ਸੰਪਰਦਾਇਕਤਾ ਨੂੰ ਨਜ਼ਰਅੰਦਾਜ਼ ਕਰਨਾ ਬੰਦ ਕਰਾਂਗੇ।

ਉਤਰ ਪ੍ਰਦੇਸ਼ ਦੀ ਚੋਣ ਸਬਕ ਦਿੰਦੀ ਹੈ ਕਿ ਮੁਸਲਮਾਨ ਵੋਟ ਨੂੰ ਧਰਮ-ਨਿਰਪੱਖ ਅਤੇ ਹਿੰਦੂ ਵੋਟ ਨੂੰ ਫਿਰਕੂ ਠਹਿਰਾਉਣ ਦੇ ਦਿਨ ਖ਼ਤਮ ਹੋ ਚੁੱਕੇ ਹਨ। ਇਸ ਰਵੱਈਏ ਨੇ ਭਾਜਪਾ ਨੂੰ ਬਿਨਾ ਕੋਈ ਦੰਗਾ ਕਰਾਏ, ਬਿਨਾ ਘਰ ਵਾਪਸੀ ਜਾਂ ਲਵ-ਧਾਰਮਿਕ ਲੜਾਈ ਜਾਂ ਗਾਂ-ਰੱਖਿਆ ਦੀ ਮੁਹਿੰਮ ਚਲਾਏ, ਹਿੰਦੂ ਸਮਾਜ ਦੇ 40 ਫ਼ੀਸਦੀ ਹਿੱਸੇ ਨੂੰ ਆਪਣੇ ਪੱਖ ਵਿਚ ਲਿਆਉਣ ਦਾ ਮੌਕਾ ਦਿੱਤਾ ਹੈ। ਇਹ ਮੋਤੀਆਬਿੰਦ ਉਦੋਂ ਤੱਕ ਖ਼ਤਮ ਨਹੀਂ ਹੋਵੇਗਾ ਜਦੋਂ ਤੱਕ ਅਸੀਂ ਯਾਦਵਸ਼ਾਹੀ ਅਤੇ ਜਾਟਵਸ਼ਾਹੀ ਨੂੰ ਸਮਾਜਿਕ ਨਿਆਂ ਦੀ ਰਾਜਨੀਤੀ ਸਮਝਦੇ ਰਹਾਂਗੇ। ਇਨ੍ਹਾਂ ਦੋਵਾਂ ਬੁਰਾਈਆਂ ਨੇ ਉਤਰ ਪ੍ਰਦੇਸ਼ ਵਿਚ ਭਾਜਪਾ ਨੂੰ ਅਤਿ-ਪਛੜੀਆਂ ਜਾਤਾਂ ਅਤੇ ਅਤਿ-ਦਲਿਤਾਂ ਦਾ ਨੇਤਾ ਬਣਾ ਦਿੱਤਾ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਚੋਣ ਨਤੀਜੇ ਦੇ ਗਏ ਸਬਕ

ਇਸਲਾਮੀ ਦਾਰਸ਼ਨਿਕ ਸ਼ੇਖ ਸਾਅਦੀ ਨੇ ਇਕ ਹਕਾਇਤ ਵਿਚ ਲਿਖਿਆ ਹੈ ਕਿ ਲੁਕਮਾਨ ਨੂੰ ਕਿਸੇ ਨੇ ਸਵਾਲ ਕੀਤਾ, 'ਤੁਸੀਂ ਏਨੀ ਸਿਆਣਪ ਕਿਥੋਂ ਸਿੱਖੀ ਹੈ?' ਲੁਕਮਾਨ ਦਾ ਜਵਾਬ ਸੀ, 'ਅੰਨ੍ਹਿਆਂ ਤੋਂ।' ਕਿਉਂਕਿ ਬਗੈਰ ਅੱਗਾ ਟੋਹਿਆਂ ਉਹ ਇਕ ਪੈਰ ਵੀ ਨਹੀਂ ਪੁੱਟਦੇ। ਜੇ ਲੁਕਮਾਨ ਜਿਹਾ ਵਿਦਿਆ-ਪ੍ਰਬੀਨ ਮਨੁੱਖ, ਅੱਖਾਂ ਦੀ ਜੋਤ ਵਿਹੂਣਿਆਂ ਤੋਂ ਵੀ ਗੁਣ ਸਿੱਖ ਸਕਦਾ ਹੈ, ਤਾਂ ਸੁਜਾਖਿਆਂ ਦੀ ਦੁਨੀਆਂ ਵਿਚ ਤਾਂ ਅਕਲ ਪੈਰ ਪੈਰ 'ਤੇ ਮਿਲਦੀ ਹੈ, ਪਰ ਜੇ ਕੋਈ ਲੈਣਾ ਚਾਹੇ ਤਾਂ। ਕਹਿੰਦੇ ਨੇ, ਹਰ ਚੜ੍ਹਦਾ ਸੂਰਜ ਮਨੁੱਖਤਾ ਲਈ ਨਵਾਂ ਪੈਗਾਮ ਲੈ ਕੇ ਆਉਂਦਾ ਹੈ, ਇਵੇਂ ਹੀ ਆਲੇ ਦੁਆਲੇ ਵਾਪਰਦੀ ਹਰ ਘਟਨਾ ਤੋਂ ਕੋਈ ਨਾ ਕੋਈ ਨਸੀਹਤ ਜ਼ਰੂਰ ਮਿਲ ਜਾਂਦੀ ਹੈ।

ਪੰਜਾਬ ਵਿਚ ਹੁਣੇ ਹੁਣੇ ਹੋਈਆਂ ਚੋਣਾਂ ਦੌਰਾਨ ਧੂੰਆਂ-ਧਾਰ ਚੋਣ ਪ੍ਰਚਾਰ ਹੋਇਆ। ਮੁੱਖ ਤੌਰ 'ਤੇ ਜ਼ੋਰ ਬੇਸ਼ੱਕ ਤਿੰਨਾਂ ਪਾਰਟੀਆਂ ਦਾ ਹੀ ਲੱਗਾ ਹੋਇਆ ਸੀ, ਪਰ ਦੇਸ਼-ਵਿਦੇਸ਼ ਵਿਚ ਚਾਰੇ ਪਾਸੇ 'ਆਪ ਆਪ' ਜਾਂ ਇਸ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਨਾਂ ਬਹੁਤਾ ਹੀ ਗੂੰਜਦਾ ਰਿਹਾ। ਇਸ 'ਗੂੰਜ' ਤੋਂ ਵੀ ਅਗਾਂਹ ਲੰਘ ਕੇ 'ਆਪ' ਦੀ ਜਿੱਤ ਨੂੰ ਇਕ ਤਰ੍ਹਾਂ ਨਾਲ ਵੱਟ 'ਤੇ ਪਈ ਜਿੱਤ ਹੀ ਮੰਨ ਲਿਆ ਗਿਆ। ਇਥੋਂ ਤੱਕ ਕਿ ਵਿਰੋਧੀ ਪਾਰਟੀਆਂ ਦੇ ਹਮਾਇਤੀ ਵੀ ਦੱਬਵੀਂ ਜੀਭੇ ਇਸੇ ਪਾਰਟੀ ਦੀ ਜਿੱਤ ਸਵੀਕਾਰ ਕਰਨ ਲੱਗ ਪਏ ਸਨ। ਪਰਵਾਸੀ ਪੰਜਾਬੀਆਂ ਦੇ ਵਿਸ਼ਵਾਸ ਦੀ ਤਾਂ ਗੱਲ ਹੀ ਕਿਆ ਕਰਨੀ ਹੈ! ਪਰ ਗਿਆਰਾਂ ਮਾਰਚ ਨੂੰ ਸਾਹਮਣੇ ਆਏ ਨਤੀਜਿਆਂ ਨੇ ਸਭ ਨੂੰ ਹੈਰਾਨ (ਬਹੁਤਿਆਂ ਨੂੰ ਪ੍ਰੇਸ਼ਾਨ ਵੀ) ਕਰ ਕੇ ਰੱਖ ਦਿੱਤਾ। ਕਈ ਤਾਂ ਕਈ ਕਈ ਦਿਨ ਉਦਾਸੀ ਦੇ ਦੌਰ ਵਿਚ ਹੀ ਫਸੇ ਰਹੇ।

ਤਬਦੀਲੀ ਦੇ ਤਲਬਗਾਰ ਹੋਰ ਲੋਕਾਂ ਵਾਂਗ ਇਨ੍ਹਾਂ ਸਤਰਾਂ ਦਾ ਲੇਖਕ ਵੀ ਨਤੀਜੇ ਸੁਣ ਕੇ ਸੁੰਨ ਰਹਿ ਗਿਆ। ਗਿਆਰਾਂ ਮਾਰਚ ਦੀ ਰਾਤ ਨੂੰ ਹੀ ਮੈਨੂੰ ਪਏ ਪਏ ਨੂੰ ਬਚਪਨ ਵਿਚ ਆਪਣੇ ਪਿੰਡ ਦੇ ਬਜ਼ੁਰਗਾਂ ਪਾਸੋਂ ਸੁਣੀ ਗੱਲ ਯਾਦ ਆ ਗਈ। ਉਦੋਂ ਸਾਡੇ ਪਿੰਡ ਵਿਚ ਇਕ ਟੱਬਰ ਨਾਲ ਅਣਹੋਣੀ ਜਿਹੀ ਹੋ ਗਈ ਸੀ ਤੇ ਬੋਹੜ ਥੱਲੇ ਬੈਠੇ ਬਾਬੇ ਗੱਲਾਂ ਕਰ ਰਹੇ ਸਨ ਕਿ 'ਖੜ੍ਹੀ ਖੇਤੀ ਖਾਣੀ' ਸਿਆਣਪ ਨਹੀਂ ਹੁੰਦੀ। ਇਕ ਬਜ਼ੁਰਗ ਨੇ 'ਕਣਕ ਖੇਤ ਕੁੜੀ ਪੇਟ, ਆ ਜਵਾਈਆ ਮੰਡੇ ਖਾਹ' ਵਾਲੀ ਕਹਾਵਤ ਬੋਲ ਕੇ ਇਹ ਕਹਾਣੀ ਛੋਹ ਲਈ:

ਸੰਨ ਸੰਤਾਲੀ ਤੋਂ ਪਹਿਲਾਂ ਦੇ ਸਮਿਆਂ ਦੀ




ਗੱਲ ਹੈ, ਜਦੋਂ ਪਿੰਡਾਂ ਵਿਚੋਂ ਪਾਲਤੂ ਪਸ਼ੂ ਚਰਾਉਣ ਲਈ ਵੱਗ ਛੁੱਟਦੇ ਹੁੰਦੇ ਸਨ। ਪਿੰਡ ਦੇ ਬਾਹਰਵਾਰ ਸਾਰੇ ਪਸ਼ੂ ਇਕ ਥਾਂ ਇਕੱਠੇ ਕਰ ਕੇ ਵਾਗੀ ਉਨ੍ਹਾਂ ਨੂੰ ਹੱਕਦਿਆਂ ਦੂਰ ਨੇੜੇ ਦੀਆਂ ਖੁੱਲ੍ਹੀਆਂ ਚਰਾਂਦਾਂ ਵਿਚ ਲੈ ਜਾਇਆ ਕਰਦੇ। ਲੋੜ ਮੁਤਾਬਕ ਵੱਗ ਵਿਚ ਸਾਨ੍ਹ ਜਾਂ ਮਾਲੀ (ਝੋਟਾ) ਵੀ ਜ਼ਰੂਰ ਸ਼ਾਮਲ ਹੁੰਦਾ ਸੀ। ਇੰਜ ਸਾਡੇ ਪਿੰਡ ਦਾ ਵੱਗ ਵੀ ਰੋਜ਼ਾਨਾ ਦਰਿਆ ਸਤਲੁਜ ਵੱਲ ਬੇਟ ਦੀਆਂ ਚਰਾਂਦਾਂ ਵਿਚ ਚੁਗਣ ਜਾਂਦਾ ਹੁੰਦਾ ਸੀ।

ਉਦੋਂ ਸਾਡੇ ਪਿੰਡ ਵਿਚ ਹਿੰਦੂਆਂ-ਸਿੱਖਾਂ ਤੋਂ ਇਲਾਵਾ ਮੁਸਲਮਾਨ ਭਰਾਵਾਂ ਦੇ ਵੀ ਕਾਫੀ ਘਰ ਹੁੰਦੇ ਸਨ। ਖੁਸ਼ੀਆ ਨਾਂ ਦੇ ਮੀਰਜ਼ਾਦੇ ਦੇ ਕੁਝ ਪਸ਼ੂ ਵੀ ਵੱਗ ਵਿਚ ਚਰਨ ਜਾਂਦੇ ਸਨ। ਇਕ ਦਿਨ ਕਿਤੇ ਵਾਗੀ ਨੇ ਖੁਸ਼ੀਏ ਨੂੰ ਆ ਕੇ ਦੱਸਿਆ, ਮੈਨੂੰ ਜਾਪਦੈ, ਤੇਰੀ ਝੋਟੀ ਅੱਜ ਨਵੇਂ ਦੁੱਧ ਹੋ ਗਈ। ਪਸ਼ੂ ਧਨ ਦੀ ਸਾਂਭ-ਸੰਭਾਲ ਕਰਨ ਵਾਲੇ ਸੱਜਣ ਜਾਣਦੇ ਹਨ ਕਿ ਪੁਰਾਣੇ ਪੇਂਡੂ ਸਭਿਆਚਾਰ ਵਿਚ ਗੱਭਣ ਮੱਝ-ਗਾਂ ਦੀ ਦੇਖ-ਰੇਖ ਕੁਝ ਵੱਖਰੇ ਤਰੀਕੇ ਨਾਲ ਕੀਤੀ ਜਾਂਦੀ। ਇੰਜ ਖੁਸ਼ੀਆ ਵੀ ਉਸ ਝੋਟੀ ਦੀ ਸੇਵਾ ਸੰਭਾਲ ਬੜੀ ਰੀਝ ਨਾਲ ਕਰਨ ਲੱਗ ਪਿਆ। ਸਮੇਂ ਸਮੇਂ ਹੁੰਦੀ ਨਲ੍ਹਾਈ-ਧੁਲਾਈ ਤੋਂ ਝੋਟੀ ਵੀ ਦੇਖਦਿਆਂ ਦੇਖਦਿਆਂ ਦੇਹੀ-ਪਿੰਡੇ ਵੱਲੋਂ ਲਿਸ਼ਕਣ ਲੱਗ ਪਈ। ਪੱਠੇ-ਦੱਥੇ ਪੱਖੋਂ ਦੂਜੇ ਪਸ਼ੂਆਂ ਨਾਲੋਂ ਉਸ ਦਾ ਵੱਧ ਖਿਆਲ ਰੱਖਿਆ ਜਾਣ ਲੱਗਾ। ਖੁਸ਼ੀਏ ਦਾ ਸਾਰਾ ਟੱਬਰ ਚਾਅ ਨਾਲ ਗੱਭਣ ਝੋਟੀ ਦੇ ਸੂਣ ਦੀ ਤਰੀਕ ਉਡੀਕਣ ਲੱਗ ਪਿਆ। ਉਂਗਲਾਂ 'ਤੇ ਮਹੀਨੇ ਗਿਣਦਿਆਂ ਟੱਬਰ ਦਾ ਜੀਆ-ਜੰਤ ਪਸ਼ੂਆਂ ਨਾਲ ਪਸ਼ੂ ਹੋਇਆ ਰਹਿੰਦਾ। ਖੁਸ਼ੀ ਵਿਚ ਖੀਵੇ ਹੋਏ ਖੁਸ਼ੀਏ ਨੇ ਇਹ ਵੀ ਅੰਦਾਜ਼ਾ ਲਾ ਲਿਆ ਕਿ ਕਿਸ ਮਹੀਨੇ ਸੂਣ ਤੋਂ ਬਾਅਦ ਝੋਟੀ ਕਿੰਨੇ ਕੁ ਮੁੱਲ ਦੀ ਵਿਕ ਜਾਵੇਗੀ। ਕਹਿੰਦੇ ਨੇ, ਉਸ ਨੇ ਇਹ ਗਿਣਤੀ-ਮਿਣਤੀ ਕਰ ਕੇ ਆਪਣੀ ਮੰਗੀ ਹੋਈ ਇਕ ਕੁੜੀ ਦੇ ਵਿਚੋਲੇ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਉਹ ਕੁੜਮਾਂ ਨੂੰ ਵਿਆਹ ਦੀ ਤਿਆਰੀ ਬਾਰੇ ਦੱਸ ਆਵੇ।

ਸੂਣ ਵਾਲੀਆਂ ਮੱਝਾਂ ਵਾਂਗ ਸੱਤਵੇਂ-ਅੱਠਵੇਂ ਮਹੀਨੇ ਵਿਚ ਜਾ ਕੇ ਝੋਟੀ, ਦੇਹੀ-ਪਿੰਡੇ ਪੂਰੀ ਘੁਲ-ਮਿਲ ਗਈ ਤੇ ਉਸ ਦਾ ਪਿੰਡਾ ਲਿਸ਼ਕਣ ਲੱਗ ਪਿਆ। ਗਲੀ-ਗੁਆਂਢ ਦੇ ਲੋਕ ਖੁਸ਼ੀਏ ਨੂੰ ਸਲਾਹਾਂ ਦੇਣ ਲੱਗੇ ਕਿ ਭਾਈ, ਤੇਰੀ ਝੋਟੀ ਦੇਹੀ-ਪਿੰਡੇ ਪੱਖੋਂ ਸਭ ਦਾ ਧਿਆਨ ਖਿੱਚਦੀ ਹੈ, ਇਸ ਕਰ ਕੇ ਨਜ਼ਰ-ਟਪਾਰ ਤੋਂ ਬਚਾਉਣ ਲਈ ਤੂੰ ਇਹਦੇ ਗਲ ਨਜ਼ਰ-ਵੱਟੂ ਜ਼ਰੂਰ ਪਾ ਦੇ। ਅੰਦਰੋ-ਅੰਦਰ ਖੁਸ਼ ਹੁੰਦਿਆਂ ਖੁਸ਼ੀਏ ਨੇ ਵੀ ਹੁੱਤ ਨਾ ਕੀਤੀ... ਫਟਾ-ਫਟ ਟੁੱਟਾ ਛਿੱਤਰ ਰੱਸੀ ਨਾਲ ਬੰਨ੍ਹ ਕੇ ਝੋਟੀ ਦੇ ਗਲ ਲਟਕਾ ਦਿੱਤਾ।

ਇਕ ਦਿਨ ਕਿਤੇ ਆਂਢ-ਗੁਆਂਢ ਵਿਚ ਕਿਸੇ ਘਰੇ ਬਿਮਾਰ-ਸ਼ਮਾਰ ਪਸ਼ੂ ਦੇ ਇਲਾਜ ਲਈ ਆਏ ਸਲੋਤਰੀ ਨੇ ਖੁਸ਼ੀਏ ਦੀ ਝੋਟੀ ਨੂੰ ਗਹੁ ਨਾਲ ਦੇਖਦਿਆਂ ਕਹਿ ਦਿੱਤਾ, ਇਹ ਗੱਭਣ ਨਹੀਂ, ਖਾਲੀ ਹੈ! ਕਹਿੰਦੇ ਨੇ, ਉਦੋਂ ਉਸ ਝੋਟੀ ਨੂੰ ਅੱਠਵਾਂ ਮਹੀਨਾ ਲੱਗਾ ਹੋਇਆ ਸੀ। ਆਪਣੇ ਘਰ ਦੀ ਪਾਲੀ ਹੋਈ ਝੋਟੀ ਦਾ ਚੁਗਾਠਾ ਦੇਖਦਿਆਂ, ਖੁਸ਼ੀਏ ਨੇ ਸਲੋਤਰੀ ਦਾ ਯਕੀਨ ਨਾ ਕੀਤਾ, ਪਰ ਜਦੋਂ ਹਫਤੇ ਦੋ ਹਫਤੇ ਬਾਅਦ ਉਨ੍ਹਾਂ ਦੇ ਆਪਣੇ ਘਰੇ ਹੀ ਪਸ਼ੂਆਂ ਦੇ ਓਹੜ-ਪੋਹੜ ਜਾਣਨ ਵਾਲਾ ਕੋਈ ਸਿਆਣਾ ਆਇਆ, ਤਾਂ ਉਸ ਨੇ ਗਾਰੰਟੀ ਨਾਲ ਦੱਸ ਦਿੱਤਾ ਕਿ ਝੋਟੀ ਸੱਚ-ਮੁੱਚ ਹੀ ਫੰਡਰ ਹੈ! ਤਦ ਬਾਕੀ ਦਾ ਸਾਰਾ ਟੱਬਰ ਤਾਂ ਨਿਰਾਸ਼ ਮਾਯੂਸ ਜਿਹਾ ਹੋ ਗਿਆ, ਪਰ ਸਿਰੇ ਦਾ ਮਜ਼ਾਕੀਆ ਖੁਸ਼ੀਆ ਸਾਰੇ ਪਿੰਡ ਵਿਚ ਕਹਿੰਦਾ ਫਿਰੇ, "ਓ ਬਈ ਭਰਾਵੋ! ਮੈਂ ਤਾਂ ਖੁੰਡਰਾਈ ਹੋਈ (ਭਾਵ ਸੂਣ ਵੇਲੇ ਪਸ਼ੂ ਦੀ ਖਾਸ ਹਾਲਤ) ਮੱਝ-ਗਾਂ ਨੂੰ ਵੀ 'ਸੂਣ ਵਾਲੀ' ਨਹੀਂ ਮੰਨਾਂਗਾ!... ਜਦ ਕਟੜੂ-ਵਛੜੂ ਉਠ ਕੇ ਚੁੰਘਣ ਲੱਗ ਪਏ, ਤਦ ਕਹੂੰਗਾ ਕਿ ਹਾਂ! ਸੂਅ ਪਈ ਐ।"

ਕਬੀਰ ਦਾਵੈ ਦਾਝਨੁ ਹੋਤ ਹੈ
ਨਿਰਦਾਵੈ ਰਹੈ ਨਿਸੰਕ॥

# ਵੱਡਮੁਲੀਆਂ ਗੱਲਾਂ ਦਾ ਖਜਾਨਾ ਹੈ, 'ਬਾਬੇ ਦਾਦੇ ਰੱਬ ਰਜਾਦੇ'

## ਪੁਸਤਕ ਚਰਚਾ

ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਦੀ ਪਲੇਠੀ ਪੁਸਤਕ 'ਬਾਬੇ ਦਾਦੇ ਰੱਬ ਰਜਾਦੇ' ਭਾਵੇਂ ਬਹੁਤ ਸਰਲ ਪੁਸਤਕ ਹੈ ਪਰ ਜ਼ਿੰਦਗੀ ਦੀਆਂ ਜਟਿਲਤਾਵਾਂ ਨੂੰ ਪੂਰੀ ਤਰ੍ਹਾਂ ਪੇਸ਼ ਕਰਦੀ ਹੈ। ਇਸ ਪੁਸਤਕ ਰਾਹੀਂ ਸਿੱਧੇ ਸਾਦੇ ਸ਼ਬਦਾਂ ਵਿਚ ਪੰਜਾਬੀ ਲੋਕਾਂ ਦੇ ਜੀਵਨ ਦੀਆਂ ਉਨ੍ਹਾਂ ਪਰਤਾਂ ਨੂੰ ਖੋਲ੍ਹਿਆ ਗਿਆ ਹੈ ਜਿਸ ਵਿਚ ਹਰ ਮਨੁੱਖ ਲਪੇਟਿਆ ਪਿਆ ਹੈ। ਸਮਾਜਿਕ ਸਰੋਕਾਰਾਂ ਨੂੰ ਛੂੰਹਦਿਆਂ ਲੇਖਕ ਨੇ ਦੱਸਿਆ ਹੈ ਕਿ ਹਰ ਮਨੁੱਖ ਵਿਚ ਜਿਥੇ ਖੂਬੀਆਂ ਹਨ, ਉਥੇ ਉਸ ਦੇ ਅੰਦਰ ਵਸੀ ਕੜਵਾਹਟ, ਉਦਾਸੀ, ਹੀਣਭਾਵਨਾ, ਕੁਰਖਤਾ ਅਤੇ ਖੁਦਗਰਜ਼ੀ ਵਰਗੀਆਂ ਅਲਾਮਤਾਂ ਰਿਸ਼ਤਿਆਂ ਦਾ ਘਾਣ ਵੀ ਕਰਦੀਆਂ ਹਨ। ਇਹ ਇਕ ਚਿੰਤਾ ਦੀ ਗੱਲ ਹੈ।

ਪੰਜਾਬ ਦੇ ਵੱਖ ਵੱਖ ਕਾਲਜਾਂ ਵਿਚ ਫਿਜ਼ਿਕਸ ਦੇ ਅਧਿਆਪਨ ਤੋਂ ਸੇਵਾਮੁਕਤੀ ਉਪਰੰਤ ਅਮਰੀਕਾ ਜਾ ਕੇ ਪੱਛਮੀ ਸੰਸਕ੍ਰਿਤੀ ਵਿਚ ਪੰਜਾਬੀਆਂ ਦੀ ਉਪਰਾਮਤਾ ਅਤੇ ਉਦਾਸੀ ਨੂੰ ਬਹੁਤ ਨੇੜਿਓਂ ਮਹਿਸੂਸ ਕਰਨ ਵਾਲੇ ਲੇਖਕ ਦਾ ਕਥਨ ਹੈ ਕਿ ਕਈ ਚੀਜ਼ਾਂ ਵਿਗਿਆਨ ਦੀ ਪਹੁੰਚ ਤੋਂ ਬਾਹਰ ਹਨ ਜੋ ਸਾਧਾਰਨ ਬੁੱਧੀ ਦੇ ਵੱਸ ਵਿਚ ਨਹੀਂ ਹਨ ਅਤੇ ਕੇਵਲ 'ਸਾਹਿਬ ਹੱਥ ਵਡਿਆਈਆਂ' ਹਨ। ਪ੍ਰਿੰ. ਸਿੱਧੂ ਦੀ ਇਹ ਪੁਸਤਕ ਸਾਧਾਰਨ ਅਤੇ ਦਿਲਚਸਪ ਗੱਲਾਂ ਦਾ ਜ਼ਖੀਰਾ ਹੈ। ਇਸ ਸਾਧਾਰਨ ਜਾਪਦੀ ਪੁਸਤਕ ਵਿਚਲੇ ਸਾਰੇ ਲੇਖ ਪਾਠਕ ਦੇ ਜਿਹਨ ਨੂੰ ਟੁੰਬਦੇ ਹਨ ਅਤੇ ਸਵਾਦ ਵੀ ਦਿੰਦੇ ਹਨ। ਲੇਖਕ ਦੀ ਖੂਬੀ ਹੈ ਕਿ ਇਸ ਵਿਚ ਸਿਆਣੀਆਂ ਤੇ ਸੰਜੀਦਾ ਗੱਲਾਂ ਨਾਲ ਜ਼ਿੰਦਗੀ ਦੀ ਹਕੀਕਤ ਦੀਆਂ ਸਾਧਾਰਨ ਘਟਨਾਵਾਂ ਦੀ ਬਾਤ ਪਾ ਕੇ ਪਾਠਕ ਲਈ ਰਸ ਬਰਕਰਾਰ ਰੱਖਿਆ ਗਿਆ ਹੈ। ਲੇਖਕ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਪਦਾਰਥਕ ਦੌੜ ਵਿਚ ਲੱਗੇ ਲੋਕਾਂ ਦੀਆਂ ਆਸ਼ਾਵਾਂ



ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ

ਆਸਮਾਨ ਛੂਹ ਰਹੀਆਂ ਹਨ ਪਰ ਜਿਊਣਾ ਤੇ ਮੁਸਕਰਾਉਣਾ ਦੂਰ ਹੁੰਦਾ ਜਾ ਰਿਹਾ ਹੈ। ਇਹੋ ਅੱਜ ਦੇ ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਹੈ। ਸਾਡੇ ਵਿਚ ਮੋਹ-ਪਿਆਰ ਘਟਦਾ ਜਾ ਰਿਹਾ ਹੈ ਜੋ ਫਿਕਰ ਵਾਲੀ ਗੱਲ ਹੈ।

ਪ੍ਰਿੰ. ਸਿੱਧੂ ਨੇ ਸਮਾਜ ਦੇ ਕਈ ਪਹਿਲੂ ਛੂਹੇ ਹਨ ਜਿਨ੍ਹਾਂ ਵਿਚ ਇਕ ਕਿਸਾਨ ਦੀ ਤ੍ਰਾਸਦੀ ਨੂੰ ਖੂਬਸੂਰਤੀ ਨਾਲ ਪੇਸ਼ ਕਰਕੇ ਇਹ ਕਹਿਣ ਦਾ ਯਤਨ ਕੀਤਾ ਹੈ ਕਿ ਪੰਜਾਬ ਦੀ ਸਰਕਾਰ ਕਿਸਾਨ ਨੂੰ ਮੁਫਤਖੋਰੀ ਵਿਚ ਪਾ ਕੇ ਉਸ ਦੀ ਸਮੱਸਿਆ ਜਟਿਲ ਕਰ ਰਹੀ ਹੈ ਤੇ ਅਜਿਹੀਆਂ ਪ੍ਰਸਥਿਤੀਆਂ ਨਾਲ ਜੂਝਦਾ ਹੋਇਆ 'ਜੱਟ ਗੰਨਾ ਨਹੀਂ, ਭੇਲੀ ਦੇ ਬਹਿੰਦਾ ਹੈ।' ਇਸ ਤਰ੍ਹਾਂ ਕਿਸਾਨ ਪੀੜਿਆ ਜਾ ਰਿਹਾ ਹੈ। ਪੰਜਾਬ ਵਿਚ ਕਿਸਾਨਾਂ ਦੇ ਕਰਜ਼ਿਆਂ ਦੀ ਗੱਲ ਕਰਦਿਆਂ ਲੇਖਕ ਨੇ ਕਿਸਾਨਾਂ ਨੂੰ ਵੀ ਇਸ ਦਾ ਜ਼ਿੰਮੇਵਾਰ ਠਹਿਰਾਇਆ ਹੈ ਤੇ ਸੰਦੇਸ਼ ਦਿੱਤਾ ਹੈ ਕਿ ਕਿਸਾਨ ਨੂੰ ਫਾਲਤੂ ਖਰਚਿਆਂ ਤੋਂ ਬਚਣ ਦੀ ਲੋੜ ਹੈ। ਕਿਸਾਨੀ ਨਾਲ ਜੁੜੀ ਦੂਜੀ ਵੱਡੀ ਸਮੱਸਿਆ ਉਤੇ ਉਂਗਲ ਧਰਦਿਆਂ ਲੇਖਕ ਸਿੱਧੇ ਤੌਰ 'ਤੇ ਇਹ ਵੀ ਸਪਸ਼ਟ ਕਰ ਗਿਆ ਹੈ ਕਿ ਕਿਸਾਨ ਆਪਣੇ ਅਸਲ ਕਿੱਤੇ ਤੋਂ ਦੂਰ ਹੋ ਰਿਹਾ ਹੈ, ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਗਿਆ ਹੈ। ਵਿਦੇਸ਼ ਜਾ ਕੇ ਕੰਮ ਕਰਨ ਦੀਆਂ ਜ਼ਮੀਨੀ ਹਕੀਕਤਾਂ ਦੀ ਸਮਝ ਉਸ ਤੋਂ ਦੂਰ ਹੈ ਅਤੇ ਏਜੰਟਾਂ ਦੇ ਹੱਥੀਂ ਲੁੱਟ ਹੋ ਰਿਹਾ ਹੈ। ਵਿਦੇਸ਼ਾਂ ਵਿਚ ਜਿਸ ਵਧੀਆ ਜ਼ਿੰਦਗੀ ਦਾ ਸੁਪਨਾ ਨੌਜਵਾਨ ਲੈ ਕੇ ਠੀਕ-ਗਲਤ ਰਾਸਤੇ ਵਿਦੇਸ਼ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਥੇ ਡਾਲਰ-ਪੌਂਡ ਰੁੱਖਾਂ ਨੂੰ ਨਹੀਂ ਲੱਗਦੇ।

ਅੱਜ ਦੇ ਯੁਗ ਵਿਚ ਜਦੋਂ ਲੋਕ ਸਾਂਝ ਤੋਂ ਦੂਰ ਹੋ ਰਹੇ ਹਨ ਤਾਂ ਲੋਕਾਂ ਨੂੰ ਸਾਂਝੇ ਸੰਦਾਂ ਨਾਲ ਖੇਤੀ ਕਰਨ ਦਾ ਸੰਦੇਸ਼ ਸਪਸ਼ਟ ਹੋ ਰਿਹਾ ਹੈ ਕਿ ਕਿਸਾਨ ਲਈ ਚੰਗੇ ਤੇ ਸੁਖਾਲੇ ਜੀਵਨ ਲਈ ਇਹ ਰਾਹ ਅਪਨਾਉਣਾ ਜ਼ਰੂਰੀ ਹੋ ਗਿਆ ਹੈ। ਲੇਖਕ ਦਾ ਕਥਨ ਹੈ ਕਿ ਇਹ ਸੁਣੀਆਂ ਸੁਣਾਈਆਂ ਗੱਲਾਂ ਹੀ ਨਹੀਂ ਹਨ, ਸਗੋਂ ਨੇੜਿਓਂ ਤੱਕਿਆ ਸੱਚ ਹੈ। ਜੀਵਨ ਦੇ ਡੂੰਘੇ ਤਜਰਬੇ ਤੇ ਹੱਡੀਂ ਹੰਢਾਈ ਪੀੜ ਉਸ ਦੀਆਂ ਲਿਖਤਾਂ ਵਿਚੋਂ ਸਾਫ ਝਲਕਾਂ ਮਾਰਦੀ ਹੈ। ਕੱਚੇ ਕੋਠਿਆਂ, ਫਲਿਆਂ ਦੇ ਗਾਹ ਅਤੇ ਰੁੱਖਾਂ ਦੀ ਛਾਂ ਆਦਿ ਗੱਲਾਂ ਅਤੀਤ ਦੇ ਰੰਗ ਪ੍ਰਗਟ ਕਰਦੀਆਂ ਹਨ। ਪੁਸਤਕ ਵਿਚਲੇ ਹਰ ਨਿਬੰਧ ਵਿਚ ਕੋਈ ਨਾ ਕੋਈ ਸੰਦੇਸ਼ ਜ਼ਰੂਰ ਮਿਲਦਾ ਹੈ। 'ਪੈਰਾਂ ਦੀ ਪੁਕਾਰ' ਲੇਖ ਕੇਵਲ ਸਾਡੀ ਸਮੁਚੇ ਸਰੀਰ ਦੀ ਤੰਦਰੁਸਤੀ ਤੇ ਸਫਾਈ ਤਕ ਹੀ ਸੀਮਤ ਨਹੀਂ ਬਲਕਿ ਇਸ ਗੱਲ ਦਾ ਵੀ ਸੰਕੇਤ ਹੈ ਕਿ ਸਾਡੇ ਪੈਰ ਮਜਬੂਤ ਹੋਣੇ ਚਾਹੀਦੇ ਹਨ ਤੇ ਇਕ ਇਕ ਕਦਮ ਸਾਨੂੰ ਬਹੁਤ ਅਹਿਮ ਪੜਾਅ ਵਿਚ ਲੈ ਜਾਂਦਾ ਹੈ।

'ਪਸ਼ੂ ਬਿਰਤੀ ਅਤੇ ਭੇਡਚਾਲ' ਲੇਖ ਵਿਚ ਮਨੁੱਖ ਅਤੇ ਪਸ਼ੂ ਬਿਰਤੀ ਦਾ ਨਿਖੇੜ ਕਰਦਿਆਂ ਮਨੁਖ ਅੰਦਰਲੀ ਲਾਲਸਾ, ਭੁੱਖ ਅਤੇ ਬੇਸਬਰੀ ਪ੍ਰਗਟਾ ਕੇ ਉਨ੍ਹਾਂ ਸੰਦੇਸ਼ ਦਿੱਤਾ ਹੈ ਕਿ ਸਾਰੇ ਮਾੜੇ ਕੰਮ ਬੰਦਾ ਕਰਦਾ ਹੈ ਪਰ ਤੁਲਨਾ ਉਨ੍ਹਾਂ ਪਸ਼ੂਆਂ ਨਾਲ ਕੀਤੀ ਜਾਂਦੀ ਹੈ ਜੋ ਹਰ ਥਾਂ ਬੰਦੇ ਦੇ ਕੰਮ ਆਉਂਦੇ ਹਨ। ਕਾਮ ਅਤੇ ਹਉਮੈ ਗ੍ਰਸੀ ਮਨੁੱਖੀ ਫਿਤਰਤ ਆਪਣੇ ਮਾੜੇ ਕਰਮ ਆਪਣੇ ਸਿਰ ਲੈਣ ਲਈ ਰਾਜੀ ਨਹੀਂ। 'ਬੇਜ਼ੁਬਾਨ ਗਰੀਬਾਂ ਦਾ ਸਰੀਰਕ ਅਤੇ ਸਮਾਜਕ ਸੋਸ਼ਣ ਕਰਨ ਵਿਚ ਖਚਰਾ ਆਦਮੀ ਕੋਈ ਕਸਰ ਨਹੀਂ ਛੱਡਦਾ' ਵਰਗੀ ਸੱਚਾਈ ਨੂੰ ਪੇਸ਼ ਕਰਕੇ ਲੇਖਕ ਨੇ ਦਰਸਾਇਆ ਹੈ ਕਿ ਮਨੁੱਖ




ਪਸ਼ੂਆਂ ਦੇ ਹੱਕਾਂ 'ਤੇ ਡਾਕਾ ਮਾਰ ਰਿਹਾ ਹੈ ਤੇ ਇਸ ਨੂੰ ਰੋਕੇ ਜਾਣ ਦੀ ਲੋੜ ਹੈ।

ਲੇਖ 'ਬਾਬਲ ਤੇਰੇ ਮਹਿਲਾਂ ਵਿਚੋਂ, ਅਸੀਂ ਨਹੀਂਓਂ ਦੂਰ ਜਾਣਾ' ਵਿਚ ਲੇਖਕ ਦੀ ਦੂਰਅੰਦੇਸ਼ੀ ਵਿਚ ਤਿੜਕ ਰਹੇ ਰਿਸ਼ਤਿਆਂ ਵਿਚ ਕੇਵਲ ਭੈਣਾਂ ਦਾ ਰਿਸ਼ਤਾ ਹੈ ਜਿਸ ਵਿਚ ਕਦੇ ਭਰਾ ਭਾਵੇਂ ਦੂਰ ਹੋ ਜਾਵੇ ਪਰ ਭੈਣਾਂ ਦਾ ਮੋਹ ਦੂਰ ਨਹੀਂ ਹੁੰਦਾ। ਹਰ ਲੇਖ ਵਿਚ ਲੇਖਕ ਸਹਿਜ ਭਾਅ ਗੱਲ ਕਰਦਾ ਕਰਦਾ ਅਗਲੀ ਗੱਲ ਤੋਰ ਲੈਂਦਾ ਹੈ, ਆਪਣੀ ਲਿਖਤ ਨੂੰ ਰਵਾਨੀ ਦੇਣ ਲਈ ਲੇਖਕ ਦਾ ਇਹ ਨਵਾਂ ਪ੍ਰਯੋਗ ਕਿਹਾ ਜਾ ਸਕਦਾ ਹੈ। 'ਗੁਸਤਾਖੀ ਮਾਫ' ਲੇਖ ਵਿਚ ਉਦੋਂ ਇਸ ਦੀ ਮਿਸਾਲ ਸਪਸ਼ਟ ਹੋ ਜਾਂਦੀ ਹੈ ਜਦੋਂ ਲੇਖਕ ਲਿਖਦਾ ਹੈ, 'ਚਲੋ ਪਿਛਲੀਆਂ ਗੱਲਾਂ ਨੂੰ ਪਿੱਛੇ ਛੱਡੀਏ, ਅਗਾਂਹਵਧੂ ਖਿਆਲਾਂ ਦੀ ਗੱਲ ਨੂੰ ਅੱਗੇ ਤੋਰੀਏ।' ਉਸ ਨੇ ਖੱਬੀਆਂ ਧਿਰਾਂ ਦੀ ਕਰਨੀ ਤੇ ਕਥਨੀ ਦੇ ਅੰਤਰ ਨੂੰ ਪਛਾਣ ਕੇ ਇਸ ਜਮਾਤ ਨੂੰ ਵੀ ਹਲੂਣਿਆ ਹੈ। ਆਪਣੇ ਇਸ ਲੇਖ ਵਿਚ ਸਿਆਸੀ ਤੇ ਸਮਾਜਿਕ ਸਰੋਕਾਰਾਂ ਦੀ ਗੱਲ ਕਰਦਿਆਂ ਵਿਅੰਗ ਕੱਸੇ ਹਨ।

'ਸਾਧ ਕੀ ਸੋਭਾ ਕਾ ਨਹੀਂ ਅੰਤ...' ਲੇਖ ਵਿਚ ਡੇਰਿਆਂ ਦੇ ਵਿਹਲੜ ਸਾਧਾਂ ਬਾਰੇ ਲੇਖਕ ਕਮਾਲ ਦੀ ਗੱਲ ਕਰਕੇ ਸੋਚਣ ਲਈ ਮਜਬੂਰ ਕਰ ਦਿੰਦਾ ਹੈ, 'ਸੰਤ ਕਹਿਣਗੇ, ਭਲਿਆ ਲੋਕਾ ਤੇਰੇ ਖੰਗਰ ਵਰਗੇ ਹੱਥਾਂ ਨੇ ਸਾਡੇ ਪੈਰ ਛਿੱਲ ਦਿੱਤੇ।' ਨਿਸਚਿਤ ਤੌਰ 'ਤੇ ਅੱਜ ਦੀ ਹਫੜਾ-ਦਫੜੀ ਦੀ ਜ਼ਿੰਦਗੀ ਵਿਚ ਮਨੁੱਖ ਕਿਤੋਂ ਨਾ ਕਿਤੋਂ ਸਕੂਨ ਦੀ ਭਾਲ ਵਿਚ ਹੈ ਅਤੇ ਇਸੇ ਕਾਰਨ ਡੇਰਿਆਂ ਵਿਚ ਸਾਧਾਂ ਦੇ ਹੱਥੋਂ ਲੁੱਟਿਆ ਜਾ ਰਿਹਾ ਹੈ।

'ਬੇਕਿਰਕ ਦਿਲਾਂ ਨੂੰ ਕੌਣ ਜਾਣੇ' ਲੇਖ ਵਿਚ ਬੇਦਰਦ, ਬੇਕਿਰਕ ਅਤੇ ਜਾਲਮ ਲੋਕਾਂ ਦੀ ਦਰਿੰਦਗੀ ਨੂੰ ਛੋਟੇ ਛੋਟੇ ਹਵਾਲਿਆਂ ਨਾਲ ਬਾਖੂਬੀ ਪੇਸ਼ ਕੀਤਾ ਹੈ। 'ਭਰੂਣ ਹਤਿਆ ਨਾ ਕਰੋ' ਲੇਖ ਵਿਚ ਰਿਸ਼ਤਿਆਂ ਦੀ ਮਹੱਤਤਾ ਨੂੰ ਪ੍ਰਗਟਾ ਕੇ ਬੇਟੀ ਤੇ ਬੇਟੇ ਦਾ ਅੰਤਰ ਨਿਖੇੜਿਆ ਹੈ। ਉਸ ਦੀਆਂ ਸਹਿਜ ਸੁਭਾਅ ਗੱਲਾਂ ਸਾਡੀਆਂ ਇਖਲਾਕੀ ਕਦਰਾਂ ਕੀਮਤਾਂ ਨੂੰ ਟੁੰਬਦੀਆਂ ਹਨ।

'ਬੜੇ ਭਲੇ ਸਨ ਪ੍ਰਾਹੁਣਚਾਰੀਆਂ ਦੇ ਉਹ ਦਿਨ' ਲੇਖਕ ਦੀ ਯਕਲਖਤ ਗੱਲ ਨਹੀਂ, ਇਹ ਸਮੇਂ ਦੇ ਵਹਾਅ ਦੇ ਨਾਲ ਬਦਲ ਗਈਆਂ ਕਦਰਾਂ ਕੀਮਤਾਂ ਦੀ ਬਾਤ ਹੈ। ਇਸੇ ਤਰ੍ਹਾਂ 'ਭੁਰਦੇ ਖੁਰਦੇ ਰਿਸ਼ਤੇ ਨਾਤੇ' ਵਿਚ ਲੇਖਕ ਨੇ ਰਿਸ਼ਤਿਆਂ ਦੇ ਟੁੱਟਣ ਪ੍ਰਤੀ ਚਿੰਤਾ ਇਹ ਆਖ ਕੇ ਪ੍ਰਗਟਾਈ ਹੈ ਕਿ ਵਿਦੇਸ਼ਾਂ ਦੇ ਲਾਲਚ ਵਿਚ ਪੰਜਾਬੀਆਂ ਨੇ ਰਿਸ਼ਤਿਆਂ ਨੂੰ ਗੰਧਲਾ ਕਰ ਲਿਆ ਹੈ। ਲੇਖਕ ਨੂੰ ਵਿਦੇਸ਼ਾਂ ਵਿਚ ਪੰਜਾਬੀਆਂ ਦਾ ਰੁਲਦਾ ਬੁਢਾਪਾ ਪ੍ਰੇਸ਼ਾਨ ਕਰਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਦੀ ਇਸ ਪੁਸਤਕ ਵਿਚਲੇ ਨਿਬੰਧ ਦਿਲਚਸਪ ਵਿਸ਼ਿਆਂ ਵਿਚ ਪੀੜਿਆ ਤੇ ਨਪੀੜਿਆ ਜ਼ਿੰਦਗੀ ਦਾ ਉਹ ਨਿਚੋੜ ਹੈ ਜੋ ਲੇਖਕ ਨੇ ਹੱਡੀਂ ਹੰਢਾਇਆ ਤੇ ਬਹੁਤ ਨੇੜਿਓਂ ਤੱਕਿਆ ਹੈ।

ਪੁਸਤਕ ਗੋਰਕੀ ਪਬਲਿਸ਼ਰਜ, ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਹੈ ਅਤੇ ਇਸ ਦੀ ਕੀਮਤ 150 ਰੁਪਏ ਹੈ।

*-ਬਲਵਿੰਦਰ ਜੰਮੂ ਜ਼ੀਰਕਪੁਰ*
*ਫੋਨ: 91-97799-21999*

## ਲਤੀਫੇ

ਪੰਜਾਬੀ ਜਵਾਨਾਂ ਦਾ ਇਕ ਗੋਰਾ ਦੋਸਤ ਉਨ੍ਹਾਂ ਦੀ ਮਹਿਫਿਲ ਦਾ ਅਨੰਦ ਮਾਣਨ ਲਈ ਆ ਗਿਆ। ਗਲਾਸਾਂ ਵਿਚ ਵਿਸਕੀ ਪਾ ਕੇ ਮੇਜ਼ਬਾਨ ਬੋਲਿਆ, "ਚੁੱਕੋ।" ਸਭ ਨੇ ਆਪਣੇ ਆਪਣੇ ਗਲਾਸ ਚੁੱਕੇ ਅਤੇ ਤੁਰੰਤ ਪੀ ਕੇ ਗਲਾਸ ਖਾਲੀ ਕਰ ਕੇ ਮੇਜ 'ਤੇ ਰੱਖ ਦਿੱਤੇ। ਬੀਅਰ ਪੀਣ ਵਾਲੇ ਗੋਰੇ ਨੇ ਚੁਸਕੀਆਂ ਲਾ ਲਾ ਪੀਤੀ ਤਾਂ ਇਕ ਪੰਜਾਬੀ ਬੋਲਿਆ, "ਚੁੱਕੋ ਮਿਸਟਰ।"

ਗੋਰਾ ਵੀ ਉਨ੍ਹਾਂ ਦੀ ਤਰ੍ਹਾਂ ਚਾਰ ਕੁ ਪੈਗ ਲਾ ਕੇ ਟੱਲੀ ਹੋ ਗਿਆ। ਗੋਰਾ ਕੁਰਸੀ ਤੋਂ ਉਠਣ ਲੱਗਾ ਡਿੱਗ ਪਿਆ। ਪੰਜਾਬੀ ਉਸ ਨੂੰ ਚੁੱਕ ਕੇ ਕਾਰ 'ਚ ਪਾਉਣ ਲੱਗੇ ਤੇ ਫਿਰ ਬੋਲੇ, "ਚੁੱਕੋ ਚੁੱਕੋ।"

ਗੋਰਾ ਬੋਲਿਆ, "ਨੋ ਮੋਰ ਚੁੱਕੋ ਚੁੱਕੋ, ਆਈ ਐਮ ਆਲਰੈਡੀ ਡਰੰਕ।"

---


ਇਕ ਗਾਹਕ ਨੇ ਦਰਜੀ ਤੋਂ ਪੁੱਛਿਆ, ਭਾਈ ਪੈਂਟ ਦੀ ਸਵਾਈ ਕਿੰਨੀ ਅਤੇ ਨਿੱਕਰ ਦੀ ਕਿੰਨੀ ਲੈਂਦਾ ਏਂ। ਦਰਜੀ ਨੇ ਕਿਹਾ, ਪੈਂਟ ਦੀ ਦੋ ਸੌ ਰੁਪਏ ਅਤੇ ਨਿੱਕਰ ਦੀ ਇਕ ਸੌ ਰੁਪਏ।

ਗਾਹਕ ਬੋਲਿਆ, "ਮੈਨੂੰ ਨਿੱਕਰ ਹੀ ਸੀ ਦੇ, ਪਰ ਨਿੱਕਰ ਦੀ ਲੰਬਾਈ ਪੈਂਟ ਜਿੰਨੀ ਰੱਖ ਦਈਂ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਚੋਣਾਂ ਹਾਰਨ ਵਾਲਿਆਂ ਨੂੰ ਹਕੀਕਤ ਦਾ ਸ਼ੀਸ਼ਾ ਵੇਖਣਾ ਚਾਹੀਦੈ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਚ 'ਆਮ ਆਦਮੀ ਪਾਰਟੀ ਜਿੱਤੀ ਪਈ' ਸਮਝੀ ਜਾਣ ਮਗਰੋਂ ਉਸ ਦੇ ਹਾਰ ਜਾਣ ਅਤੇ ਕਾਂਗਰਸ ਦੇ ਜਿੱਤ ਜਾਣ ਤੋਂ ਬਾਅਦ ਦਾ ਇੱਕ ਹਫਤਾ ਸਾਨੂੰ ਬਹੁਤ ਕੁਝ ਸੁਣਨ ਨੂੰ ਮਿਲਿਆ ਹੈ। ਇਸ ਵਿਚ ਹਾਸੋਹੀਣੀ ਦੁਹਾਈ ਵੀ ਸ਼ਾਮਲ ਹੈ ਕਿ ਇਲੈਕਟਰਾਨਿਕ ਵੋਟਿੰਗ ਮਸ਼ੀਨਾਂ ਦੇ ਸਾਫਟਵੇਅਰ ਵਿਚ ਛੇੜ-ਛਾੜ ਕਰ ਕੇ ਕਿਸੇ ਧਿਰ ਦੀ ਜਿੱਤ ਨੂੰ ਹਾਰ ਵਿਚ ਬਦਲ ਦਿੱਤਾ ਹੋਵੇਗਾ। 'ਹਾਸੋਹੀਣਾ' ਸ਼ਬਦ ਇਸ ਲਈ ਢੁਕਵਾਂ ਹੈ ਕਿ





ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਤੇ ਕਾਂਗਰਸ ਦੇ ਕੁਝ ਆਗੂ ਇਹੋ ਜਿਹੇ ਬਿਆਨਾਂ ਨਾਲ ਖੁਦ ਫਸ ਜਾਂਦੇ ਹਨ। ਰਾਹੁਲ ਗਾਂਧੀ ਦਾ ਇੱਕ ਬਿਆਨ ਆਇਆ ਕਿ ਉਤਰ ਪ੍ਰਦੇਸ਼ ਦੀਆਂ ਚੋਣਾਂ ਦੇ ਨਤੀਜਿਆਂ ਬਾਰੇ ਵੋਟਿੰਗ ਮਸ਼ੀਨਾਂ ਵਿਚ ਗੜਬੜ ਦਾ ਕਈ ਲੋਕਾਂ ਨੂੰ ਸ਼ੱਕ ਹੈ। ਬਿਆਨ ਛਪਣ ਤੋਂ ਬਾਅਦ ਉਸੇ ਦਿਨ ਪੰਜਾਬ ਦੀ ਸਰਕਾਰ ਬਣਾਉਣ ਵਾਸਤੇ ਕੈਪਟਨ ਅਮਰਿੰਦਰ ਸਿੰਘ ਦੀ ਉਸ ਨਾਲ ਮੀਟਿੰਗ ਸੀ। ਬਾਹਰ ਨਿਕਲਦੇ ਕੈਪਟਨ ਅਮਰਿੰਦਰ ਸਿੰਘ ਨੂੰ ਇਹੋ ਸਵਾਲ ਪੱਤਰਕਾਰਾਂ ਨੇ ਪੁੱਛ ਲਿਆ ਤਾਂ ਉਨ੍ਹਾ ਨੇ ਅੱਗੋਂ ਸਾਫ ਆਖਿਆ ਕਿ ਜਿਹੜੇ ਹਾਰ ਜਾਣ, ਉਹ ਫਿਰ ਵੋਟਿੰਗ ਮਸ਼ੀਨਾਂ ਦਾ ਬਹਾਨਾ ਬਣਾਉਣ ਲੱਗਦੇ ਹਨ। ਰਾਹੁਲ ਗਾਂਧੀ ਦੀ ਹਾਲਤ ਇਸ ਨਾਲ ਹਾਸੋਹੀਣੀ ਬਣ ਗਈ। ਕੇਜਰੀਵਾਲ ਨੇ ਜਦੋਂ ਇਹੋ ਗੱਲ ਕਹੀ ਤਾਂ ਅੱਗੋਂ ਇਹ ਸੁਣਨ ਨੂੰ ਮਿਲ ਗਿਆ ਕਿ ਅੱਜ ਤੱਕ ਦਿੱਲੀ ਵਿਚ ਕਿਸੇ ਪਾਰਟੀ ਨੂੰ ਸੱਤਰਾਂ ਵਿਚੋਂ ਸਤਾਹਠ ਸੀਟਾਂ ਨਹੀਂ ਸੀ ਮਿਲੀਆਂ, ਜਦੋਂ ਕੇਜਰੀਵਾਲ ਨੂੰ ਏਨੀਆਂ ਸੀਟਾਂ ਮਿਲੀਆਂ ਸਨ, ਉਦੋਂ ਮਸ਼ੀਨਾਂ ਦੀ ਗੜਬੜ ਹੋਈ ਹੋਵੇਗੀ, ਉਹ ਮੁੱਖ ਮੰਤਰੀ ਦਾ ਅਹੁਦਾ ਛੱਡ ਕੇ ਦੋਬਾਰਾ ਚੋਣਾਂ ਕਰਵਾ ਲਵੇ ਤਾਂ ਜ਼ਿਆਦਾ ਠੀਕ ਰਹੇਗਾ। ਫਿਰ ਵੀ ਕਿਸੇ ਪਾਰਟੀ ਨੂੰ ਇਸ ਤਰ੍ਹਾਂ ਦਾ ਸ਼ੱਕ ਹੈ ਤਾਂ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਜਾਣਾ ਚਾਹੀਦਾ ਹੈ, ਪਰ ਕੋਈ ਗਿਆ ਨਹੀਂ।

ਹਾਲਾਤ ਨੂੰ ਸਮਝਣਾ ਹੋਵੇ ਤਾਂ ਪੰਜੇ ਰਾਜਾਂ ਦੇ ਚੋਣ ਨਤੀਜੇ ਇਸ ਦਾ ਕਾਰਨ ਸਮਝਾ ਸਕਦੇ ਹਨ। ਉਤਰਾ ਖੰਡ ਦੇ ਕੁਝ ਕਾਂਗਰਸੀ ਆਗੂ ਸੱਤਾ ਦੇ ਲੋਭ ਵਿਚ ਹਰ ਸੇਠ ਦੇ ਕਿੱਲੇ ਬੱਝਣ ਨੂੰ ਤਿਆਰ ਸਨ। ਭਾਜਪਾ ਉਥੇ ਜਿੱਤਣ ਨਾਲ ਖੁਸ਼ ਹੈ, ਪਰ ਉਸ ਦੇ ਅੱਧੇ ਵਿਧਾਇਕ ਪੁਰਾਣੇ ਕਾਂਗਰਸੀ ਹਨ, ਜਦੋਂ ਕਿਸੇ ਹੋਰ ਪਾਸੇ ਦਾਅ ਲੱਗਾ, ਭਾਜਪਾ ਨੂੰ ਛੱਡ ਕੇ ਉਸ ਚੁਬਾਰੇ ਉਤੇ ਜਾਣ ਨੂੰ ਤਿਆਰ ਹੋ ਜਾਣਗੇ। ਅਗਲੀਆਂ ਪਾਰਲੀਮੈਂਟ ਚੋਣਾਂ ਪਿੱਛੋਂ ਇਹੋ ਜਿਹਾ ਅਸਰ ਦਿਖਾਈ ਦੇ ਸਕਦਾ ਹੈ।

ਮਨੀਪੁਰ ਵਿਚ ਵੀ ਇਹੋ ਹੋਇਆ ਹੈ। ਉਥੇ ਭਾਜਪਾ ਨੇ ਉਸ ਬੀਰੇਨ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਹੈ, ਜਿਹੜਾ ਪਿਛਲੇ ਪੰਦਰਾਂ ਸਾਲਾਂ ਤੋਂ ਕਾਂਗਰਸੀ ਸਰਕਾਰਾਂ ਦਾ ਮੰਤਰੀ ਹੁੰਦਾ ਸੀ ਤੇ ਤਾਜ਼ਾ ਚੋਣਾਂ ਤੋਂ ਚਾਰ ਕੁ ਮਹੀਨੇ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿਚ ਗਿਆ ਸੀ। ਨਰਿੰਦਰ ਮੋਦੀ ਨੇ ਇੱਕ ਨਾਅਰਾ 'ਕਾਂਗਰਸ ਮੁਕਤ ਭਾਰਤ' ਦਾ ਦਿੱਤਾ, ਪਰ ਉਸ ਦੇ ਉਲਟ ਹੁਣ 'ਕਾਂਗਰਸ ਯੁਕਤ ਭਾਜਪਾ' (ਕਾਂਗਰਸੀ ਤੱਤਾਂ ਨਾਲ ਭਰਪੂਰ ਭਾਜਪਾ) ਬਣਾ ਕੇ ਸਾਰੇ ਦੇਸ਼ ਨੂੰ ਲੋਕਤੰਤਰ ਦੀ ਇੱਕ ਹੋਰ ਵਿਗੜੀ ਹੋਈ ਲੀਹੇ ਪਾ ਦਿੱਤਾ ਹੈ। ਗੋਆ ਵਿਚ ਕਾਂਗਰਸ ਵਾਲੇ ਆਪਣੀ ਗੁੱਟਬੰਦੀ ਨਾਲ ਹਾਰੇ ਹਨ ਅਤੇ ਹਾਰ ਪਿਛੋਂ ਵੀ ਅੰਦਰੂਨੀ ਲੜਾਈ ਸਿਖਰਾਂ ਛੋਹ ਰਹੀ ਹੈ।

ਉਤਰ ਪ੍ਰਦੇਸ਼ ਦਾ ਕੇਸ ਵੱਖਰਾ ਹੈ। ਉਥੇ ਜਿੱਤ ਭਾਜਪਾ ਦੀ ਨਹੀਂ, ਹਿੰਦੂਤਵ ਦੇ ਨਵੇਂ ਉਬਾਲੇ ਦੀ ਸਮਝੀ ਜਾ ਰਹੀ ਹੈ। ਜਿਹੜੀ ਭਾਜਪਾ ਕਦੇ ਦੇਸ਼ ਦੀ ਪਾਰਲੀਮੈਂਟ ਵਿਚ ਮਸਾਂ ਦੋ ਸੀਟਾਂ ਉਤੇ ਖੜੋ ਗਈ ਸੀ, ਬਾਬਰੀ ਮਸਜਿਦ ਢਾਹੁਣ ਦੇ ਨਾਅਰੇ ਨਾਲ ਦੋ ਤੋਂ ਛਿਆਸੀ ਤੇ ਫਿਰ ਛਿਆਸੀ ਤੋਂ ਇੱਕ ਸੌ ਸੋਲਾਂ ਹੁੰਦੀ ਹੋਈ ਇੱਕ ਹੋਰ ਦੌੜ



*ਉਤਰ ਪ੍ਰਦੇਸ਼ ਦਾ ਨਵਾਂ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਪ੍ਰਧਾਨ ਮੰਤਰੀ ਮੋਦੀ ਨਾਲ*

ਵਿਚ ਇੱਕ ਸੌ ਬਿਆਸੀ ਸੀਟਾਂ ਤੱਕ ਪਹੁੰਚ ਕੇ ਪਹਿਲੀ ਵਾਰੀ ਸਰਕਾਰ ਦੀ ਅਗਵਾਈ ਸਾਂਭਣ ਜੋਗੀ ਹੋ ਗਈ ਸੀ। ਅੱਗੋਂ ਉਸ ਦੀ ਗੱਡੀ ਰਾਮ ਮੰਦਿਰ ਦੀ ਉਸਾਰੀ ਵਾਲੇ ਸਪੀਡ ਬਰੇਕਰ ਉਤੇ ਜਾ ਖੜੋਤੀ। ਪਹਿਲਾਂ ਉਸ ਦੇ ਲੀਡਰਾਂ ਨੇ ਕਿਹਾ ਕਿ ਜਦੋਂ ਕੇਂਦਰ ਵਿਚ ਸਾਡੀ ਸਰਕਾਰ ਬਣੀ, ਉਦੋਂ ਮੰਦਿਰ ਬਣਾ ਦਿੱਤਾ ਜਾਵੇਗਾ। ਵਾਜਪਾਈ ਸਰਕਾਰ ਬਣੀ ਤਾਂ ਕਹਿ ਦਿੱਤਾ ਕਿ ਗੱਠਜੋੜ ਦੀ ਸਰਕਾਰ ਅੱਗੇ ਮਜਬੂਰੀਆਂ ਹਨ, ਨਿਰੋਲ ਆਪਣੀ ਬਹੁ-ਸੰਮਤੀ ਮਿਲੇਗੀ ਤਾਂ ਮੰਦਿਰ ਬਣੇਗਾ। ਨਰਿੰਦਰ ਮੋਦੀ ਦੀ ਅਗਵਾਈ ਹੇਠ ਆਪਣੀ ਬਹੁ-ਸੰਮਤੀ ਆਈ ਤਾਂ ਕਹਿ ਦਿੱਤਾ ਕਿ ਅਮਨ-ਕਾਨੂੰਨ ਰਾਜ ਸਰਕਾਰ ਕੋਲ ਹੈ, ਜਦੋਂ ਉਤਰ ਪ੍ਰਦੇਸ਼ ਵਿਚ ਨਿਰੋਲ ਆਪਣੀ ਸਰਕਾਰ ਬਣ ਗਈ, ਉਦੋਂ ਰਾਮ ਮੰਦਿਰ ਬਣਾਉਣ ਦਾ ਕੰਮ ਹੋਵੇਗਾ। ਤਾਜ਼ਾ ਚੋਣਾਂ ਦੌਰਾਨ ਨਰਿੰਦਰ ਮੋਦੀ ਦੇ 'ਪਿੰਡ ਵਿਚ ਕਬਰਿਸਤਾਨ ਹੈ ਤਾਂ ਸ਼ਮਸ਼ਾਨ ਘਾਟ ਵੀ ਚਾਹੀਦਾ ਹੈ ਤੇ ਰਮਜ਼ਾਨ ਵਿਚ ਬਿਜਲੀ ਆਉਂਦੀ ਹੈ ਤਾਂ ਦੀਵਾਲੀ ਮੌਕੇ ਵੀ ਚਾਹੀਦੀ ਹੈ' ਵਾਲੇ ਟੋਟਕੇ ਇਸੇ ਭਾਵਨਾ ਨੂੰ ਅੱਗੇ ਵਧਾ ਰਹੇ ਸਨ। ਉਨ੍ਹਾਂ ਦੇ ਸਾਥੀਆਂ ਵਿਚੋਂ ਯੋਗੀ ਅਦਿੱਤਿਆ ਨਾਥ, ਸਾਧਵੀ ਨਿਰੰਜਨ ਜੋਤੀ ਤੇ ਸਾਕਸ਼ੀ ਮਹਾਰਾਜ ਸਾਫ ਸਿੱਧਾ ਕਹਿ ਰਹੇ ਸਨ ਕਿ ਇਸ ਵਾਰ ਆਪਣੀ ਬਹੁ-ਸੰਮਤੀ ਆ ਜਾਵੇ ਤਾਂ ਰਾਮ ਮੰਦਿਰ ਦਾ ਕੰਮ ਸ਼ੁਰੂ ਕਰਾਂਗੇ। ਧਰਮ ਨਿਰਪੱਖਤਾ ਵਾਲੀਆਂ ਧਿਰਾਂ ਨੇ ਸਾਰਾ ਜ਼ੋਰ ਮੁਸਲਿਮ ਵੋਟਾਂ ਨੂੰ ਆਪੋ ਆਪਣੇ ਵੱਲ ਖਿੱਚਣ ਵੱਲ ਲਾਈ ਰੱਖਿਆ ਤੇ ਮੁਸਲਿਮ ਭਾਈਚਾਰੇ ਤੋਂ ਚੌਗੁਣੀ ਹਿੰਦੂ ਬਹੁ-ਗਿਣਤੀ ਅੰਦਰ ਚੁੱਪ-ਚੁਪੀਤੇ ਹੁੰਦੇ ਰਾਮ ਮੁੱਦੇ ਵਾਲੇ ਪ੍ਰਚਾਰ ਦਾ ਚੇਤਾ ਹੀ ਨਹੀਂ ਕੀਤਾ। ਸਿਆਸੀ ਤੇ ਸਮਾਜੀ ਪੱਖ ਤੋਂ ਇਹੋ ਅਵੇਸਲਾਪਣ ਉਨ੍ਹਾਂ ਦੇ ਜੜ੍ਹੀਂ ਬੈਠਾ ਤੇ ਬਹੁਤ ਬੁਰੀ ਹਾਰ ਦਾ ਕਾਰਨ ਬਣਿਆ ਹੈ।

ਰਹੀ ਗੱਲ ਪੰਜਾਬ ਦੀ, ਇਥੇ ਆਮ ਆਦਮੀ ਪਾਰਟੀ ਨੇ ਲੋੜ ਤੋਂ ਵੱਧ ਹਮਲਾਵਰੀ ਵੀ ਵਿਖਾਈ, ਹੱਦੋਂ ਬਾਹਲੀ ਗੈਰ-ਗੰਭੀਰਤਾ ਵੀ ਅਤੇ ਵਿਦੇਸ਼ ਬੈਠੇ ਕੁਝ ਬੰਦਿਆਂ ਨੇ ਦੂਜੀਆਂ ਪਾਰਟੀਆਂ ਦੇ ਆਗੂਆਂ ਦੀਆਂ ਪੱਗਾਂ ਲਾਹੁਣ ਦੀ ਹੱਦ ਤੱਕ ਜਾਂਦੀਆਂ ਉਹ ਟਿੱਪਣੀਆਂ ਕੀਤੀਆਂ, ਜੋ ਸਾਊ ਵੋਟਰ ਨੂੰ ਚੰਗੀਆਂ ਨਹੀਂ ਸਨ ਲੱਗੀਆਂ। ਲੰਬੀ ਵਿਚ ਇੱਕ ਦਿਨ ਮੁੱਖ ਮੰਤਰੀ ਬਾਦਲ ਵੱਲ ਆਮ ਆਦਮੀ ਪਾਰਟੀ ਦੇ ਇੱਕ ਹਮਾਇਤੀ ਨੇ ਜੁੱਤੀ ਸੁੱਟੀ ਤਾਂ ਇਸ ਨੂੰ ਬੜਾ ਕਾਰਨਾਮਾ ਸਮਝਿਆ ਗਿਆ। ਉਥੇ ਪਾਰਟੀ ਦਾ ਉਹ ਉਮੀਦਵਾਰ ਖੜਾ ਸੀ, ਜਿਸ ਦੀ ਇੱਕੋ ਯੋਗਤਾ ਇੱਕ ਮੰਤਰੀ ਵੱਲ ਜੁੱਤੀ ਸੁੱਟਣ ਦੀ ਸੁਣੀ ਜਾਂਦੀ ਸੀ। ਤਾਜ਼ਾ ਘਟਨਾ ਮੁੱਖ ਮੰਤਰੀ ਬਾਦਲ ਲਈ ਹਮਦਰਦੀ ਤੇ ਆਮ ਆਦਮੀ ਪਾਰਟੀ ਤੋਂ ਸਾਊ ਲੋਕਾਂ ਨੂੰ ਦੂਰ ਕਰਨ ਦਾ ਕਾਰਨ ਬਣੀ। ਬਾਕੀ ਦਾ ਕੰਮ ਸੱਚੇ ਸੌਦੇ ਵਾਲੀ ਵੋਟ ਨੇ ਕਰ ਦਿੱਤਾ ਤੇ ਅਕਾਲੀਆਂ ਨੂੰ ਹਾਰਦੀਆਂ ਹੋਈਆਂ ਕੁਝ ਸੀਟਾਂ ਵੀ ਜਿੱਤਣ ਦਾ ਸਬੱਬ ਬਣ ਗਿਆ। ਕਾਂਗਰਸ ਵੀ ਇਸ ਤੋਂ ਫਾਇਦੇ ਵਿਚ ਰਹੀ।

ਦੂਸਰੇ ਪਾਸੇ ਕਾਂਗਰਸ ਦੀ ਚੋਣ ਮੁਹਿੰਮ ਇਸ ਵਾਰੀ ਕੈਪਟਨ ਅਮਰਿੰਦਰ ਸਿੰਘ ਦੀ ਟੀਮ ਨੇ ਪਿਛਲਾ ਤਜਰਬਾ ਚੇਤੇ ਰੱਖ ਕੇ ਏਦਾਂ ਚਲਾਈ ਕਿ ਲੋਕ ਉਸ ਵੱਲ ਮੋੜਾ ਕੱਟਦੇ ਗਏ। ਆਮ ਆਦਮੀ ਪਾਰਟੀ ਤਾਂ ਪਟਿਆਲੇ ਤੋਂ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਆਪਣੇ ਡਾ. ਬਲਬੀਰ ਸਿੰਘ ਨੂੰ ਜਿੱਤਿਆ ਮੰਨਦੀ ਤੇ ਬਿਕਰਮ ਸਿੰਘ ਮਜੀਠੀਆ ਦੇ ਮੁਕਾਬਲੇ ਕਾਂਗਰਸ ਦੇ ਸੁਖਜਿੰਦਰ ਰਾਜ ਸਿੰਘ ਮਜੀਠੀਆ ਦੀ ਥਾਂ ਆਪਣੇ ਹਿੰਮਤ ਸਿੰਘ ਦੀ ਜਿੱਤ ਦੇ ਦਾਅਵੇ ਕਰ ਰਹੀ ਸੀ। ਨਤੀਜੇ ਵਿਚ ਬਿਕਰਮ ਸਿੰਘ ਮਜੀਠੀਆ ਦੀਆਂ 63 ਹਜ਼ਾਰ ਵੋਟਾਂ ਮੂਹਰੇ ਕਾਂਗਰਸ ਦੀਆਂ 43 ਹਜ਼ਾਰ ਤਾਂ ਆਮ ਜਿਹੀ ਹਾਰ ਮੰਨੀ ਜਾਵੇਗੀ, ਪਰ ਆਪ ਪਾਰਟੀ ਦਾ ਹਿੰਮਤ ਸਿੰਘ ਗਿਆਰਾਂ ਹਜ਼ਾਰ ਤੋਂ ਵੀ ਹੇਠਾਂ ਅੜ ਕੇ ਰਹਿ ਗਿਆ। ਭਗਵੰਤ ਮਾਨ ਦੇ ਸਾਥੀ ਦਾਅਵਾ ਕਰਦੇ ਸਨ ਕਿ ਸੁਖਬੀਰ ਸਿੰਘ ਬਾਦਲ ਦੀ ਜ਼ਮਾਨਤ ਜ਼ਬਤ ਕਰਵਾ ਦੇਣੀ ਹੈ, ਪਰ ਨਤੀਜਾ ਆਇਆ ਤਾਂ ਸ਼ੀਸ਼ਾ ਵੇਖਣ ਦੇ ਬਾਅਦ ਭੌਂਚੱਕੇ ਹੋ ਗਏ ਸਨ।

ਜਿਹੜੀ ਗੱਲ ਹਰ ਕੋਈ ਨੋਟ ਕਰਦਾ ਸੀ, ਪਰ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਸ ਨੂੰ ਗੌਲਣ ਲਈ ਤਿਆਰ ਨਹੀਂ ਸੀ, ਉਹ ਦਿੱਲੀਓਂ ਲਿਆ ਕੇ ਬਿਠਾਏ ਦੋ ਆਗੂਆਂ ਦੀ ਭੱਦੀ ਭੂਮਿਕਾ ਸੀ। ਉਨ੍ਹਾਂ ਨੇ ਚੰਡੀਗੜ੍ਹ ਆਣ ਕੇ ਪਹਿਲੇ ਦਿਨ ਉਸ ਬੰਦੇ ਨਾਲ ਸਾਂਝ ਪਾਈ, ਜਿਹੜਾ ਕਦੇ ਕੈਪਟਨ ਅਮਰਿੰਦਰ ਸਿੰਘ ਦਾ ਕਾਰਿੰਦਾ ਸੀ ਤੇ ਉਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਹਰ ਗੱਲ ਦੀ ਸੂਹ ਦੇਣ ਲਈ ਦਿਨ ਵਿਚ ਕਈ ਵਾਰ ਅਕਾਲੀ ਲੀਡਰਸ਼ਿਪ ਨੂੰ ਫੋਨ ਕਰਦਾ ਰਿਹਾ ਸੀ। ਇਸੇ ਲਈ ਉਥੋਂ ਉਸ ਦੀ ਛੁੱਟੀ ਹੋਈ ਸੀ। ਇਨ੍ਹਾਂ ਨੇ ਉਸ ਨੂੰ ਇੱਕ ਹਲਕੇ ਤੋਂ ਟਿਕਟ ਦੇ ਦਿੱਤੀ ਤੇ ਉਸ ਹਲਕੇ ਵਿਚਲੇ ਆਮ ਆਦਮੀ ਪਾਰਟੀ ਦੇ ਵਰਕਰ ਬਾਗੀ ਹੋਣ ਦੀ ਵੀ ਪ੍ਰਵਾਹ ਨਾ ਕੀਤੀ। ਨਤੀਜਾ ਜਦੋਂ ਨਿਕਲਿਆ ਤਾਂ ਜਿੱਤਣ ਵਾਲੇ ਕਾਂਗਰਸੀ ਉਮੀਦਵਾਰ ਦੀਆਂ 80 ਹਜ਼ਾਰ ਤੋਂ ਵੀ ਵੱਧ ਵੋਟਾਂ ਤੇ ਹਾਰਨ ਵਾਲੇ ਅਕਾਲੀ ਦੀਆਂ 60 ਹਜ਼ਾਰ ਤੋਂ ਵੱਧ ਸਨ, ਪਰ ਇਨ੍ਹਾਂ ਦੇ ਖੜੇ ਕੀਤੇ ਉਸ ਬੰਦੇ ਦੇ ਪੱਲੇ ਸਿਰਫ ਸਾਢੇ ਛੇ ਹਜ਼ਾਰ ਵੋਟਾਂ ਪਈਆਂ।

ਆਪਣੀ ਬੇੜੀ ਦਾ ਪੱਥਰ ਬਣੇ ਉਨ੍ਹਾਂ ਦੋ ਸੱਜਣਾਂ ਦਾ ਖਹਿੜਾ ਅਰਵਿੰਦ ਕੇਜਰੀਵਾਲ ਅਜੇ ਵੀ ਨਹੀਂ ਛੱਡਦਾ ਤੇ ਵੋਟਿੰਗ ਮਸ਼ੀਨਾਂ ਦੇ ਨੁਕਸ ਦੱਸੀ ਜਾਂਦਾ ਹੈ। ਉਤਰ ਪ੍ਰਦੇਸ਼ ਵਿਚ ਰਾਹੁਲ ਗਾਂਧੀ ਤੇ ਪੰਜਾਬ ਵਿਚ ਕੇਜਰੀਵਾਲ ਸਿਰਫ ਦੰਭ ਦੇ ਨਾਲ ਲੋਕਾਂ ਨੂੰ ਬੇਵਕੂਫ ਬਣਾਉਣਾ ਚਾਹੁੰਦੇ ਹਨ। ਇਹ ਹਕੀਕਤ 'ਨੱਚਣਾ ਨਾ ਆਵੇ ਅਤੇ ਵਿਹੜਾ ਵਿੰਗਾ' ਦੀ ਪੰਜਾਬੀ ਕਹਾਵਤ ਨਾਲ ਸੌਖੀ ਸਮਝ ਆ ਸਕਦੀ ਹੈ। ਉਨ੍ਹਾਂ ਦੋਵਾਂ ਨੂੰ ਪੰਜਾਬ ਦੇ ਤਜਰਬੇ ਤੋਂ ਕੁਝ ਸਿੱਖਣ ਦੀ ਲੋੜ ਹੈ। ਭੁੱਲਾਂ ਸਾਰਿਆਂ ਤੋਂ ਹੁੰਦੀਆਂ ਹਨ, ਕੇਜਰੀਵਾਲ ਕੋਈ ਏਦਾਂ ਦੀ ਹਸਤੀ ਨਹੀਂ, ਜਿਸ ਤੋਂ ਕੋਈ ਭੁੱਲ ਨਾ ਹੋ ਸਕੇ। ਉਸ ਨੂੰ ਹਵਾਈ ਕਿਲ੍ਹੇ ਉਸਾਰਨੇ ਛੱਡ ਕੇ ਹਕੀਕਤਾਂ ਦੇ ਮੰਚ ਉਤੇ ਉਤਰਨ ਦਾ ਯਤਨ ਕਰਨ ਦੀ ਲੋੜ ਹੈ।

ਪੰਜਾਬ ਵਿਚ ਇੱਕ ਸਰਕਾਰ ਬਣ ਗਈ ਹੈ। ਇਸ ਦੇ ਚੰਗੇ-ਮੰਦੇ ਹੋਣ ਬਾਰੇ ਚਰਚਾ ਬਾਅਦ ਵਿਚ ਹੋਵੇਗੀ ਤੇ ਇਸ ਦੇ ਲਈ ਕਾਫੀ ਸਮਾਂ ਮਿਲ ਸਕਦਾ ਹੈ। ਅੱਜ ਦੀ ਘੜੀ ਮੰਨਣ ਵਾਲੀ ਵੱਡੀ ਗੱਲ ਇਹ ਹੈ ਕਿ ਨਵਾਂ ਰਾਜ ਆਉਣ ਦਾ ਲੋਕਾਂ ਨੂੰ ਓਨਾ ਚਾਅ ਸ਼ਾਇਦ ਨਾ ਚੜ੍ਹਿਆ ਹੋਵੇ, ਜਿੰਨਾ ਅਕਾਲੀ-ਭਾਜਪਾ ਸਰਕਾਰ ਦੇ ਡੁੱਬ ਜਾਣ ਦਾ ਹੈ। ਅਗਲੇ ਸਮੇਂ ਦੌਰਾਨ ਇਸ ਸਰਕਾਰ ਨੂੰ ਕੁਝ ਠੋਸ ਕੰਮ ਕਰ ਕੇ ਵਿਖਾਉਣੇ ਹੋਣਗੇ। ਸਿਰਫ ਦੋ ਸਾਲ ਬਾਅਦ ਜਦੋਂ ਪਾਰਲੀਮੈਂਟ ਚੋਣਾਂ ਹੋਈਆਂ, ਉਦੋਂ ਪੰਜਾਬ ਦੇ ਲੋਕਾਂ ਨੇ ਓਨਾ ਨਰਿੰਦਰ ਮੋਦੀ ਦੀ ਸਰਕਾਰ ਦੇ ਕੀਤੇ ਕੰਮਾਂ ਵੱਲ ਨਹੀਂ ਵੇਖਣਾ, ਜਿੰਨਾ ਪੰਜਾਬ ਦੀ ਇਸ ਸਰਕਾਰ ਦੇ ਸਿਰਫ ਦੋ ਸਾਲਾਂ ਦੇ ਕੀਤੇ-ਕੱਤਰੇ ਦੀ ਚਰਚਾ ਕਰਨੀ ਹੈ। ਹਾਲ ਦੀ ਘੜੀ ਸਿਰਫ ਆਸ ਕੀਤੀ ਜਾ ਸਕਦੀ ਹੈ ਕਿ ਸਰਕਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਖਜ਼ਾਨੇ ਨੂੰ ਮਨਪ੍ਰੀਤ ਸਿੰਘ ਬਾਦਲ ਏਦਾਂ ਸੰਭਾਲਣਗੇ ਕਿ ਲੋਕਾਂ ਨੂੰ ਸਰਕਾਰ ਬਦਲਣ ਦੇ ਨਾਲ ਕੁਝ ਨੁਹਾਰ ਬਦਲੀ ਵੀ ਮਹਿਸੂਸ ਹੋ ਸਕੇ।

# ਛੱਡੀਏ ਪੰਜਾਬ ਦੀ ਸਿਆਸਤ ਤੇ ਬਣੀਏ ਓਥੋਂ ਦੇ, ਜਿਥੇ ਵਸਦੇ ਹਾਂ

ਵਿਚਾਰ ਆਪੋ-ਆਪਣਾ

ਭਾਰਤ ਵਿਚ ਕਿਸੇ ਵਕਤ ਰਾਜਨੀਤੀ ਕਰਨ ਵਾਲੇ ਜਨਤਾ ਦੇ ਸੇਵਾਦਾਰ ਜਾਣੇ ਜਾਂਦੇ ਸਨ। ਉਦੋਂ ਰਾਜਨੀਤੀ ਦਾ ਵਪਾਰੀਕਰਨ ਪੂਰੀ ਤਰ੍ਹਾਂ ਨਹੀਂ ਸੀ ਹੋਇਆ। ਹੁਣ ਤਾਂ ਆਲਮ ਇਹ ਹੈ ਕਿ ਪੰਚਾਇਤੀ ਚੋਣਾਂ ਤੋਂ ਲੈ ਕੇ ਪਾਰਲੀਮੈਂਟ ਚੋਣਾਂ ਤੱਕ ਲੜਨ ਲਈ ਕਰੋੜਾਂ ਰੁਪਏ ਲੱਗਦੇ ਹਨ। ਪਹਿਲਾਂ ਲੀਡਰ ਪਾਵਰ 'ਚ ਆਉਣ ਵਾਸਤੇ ਕਰੋੜਾਂ ਖਰਚ ਕਰਦੇ ਹਨ ਤੇ ਬਾਅਦ 'ਚ ਕਈ ਗੁਣਾ ਵੱਧ ਹੇਰਾਫੇਰੀ ਨਾਲ ਇਕੱਠਾ ਕਰਦੇ ਹਨ। ਹਾਲਾਤ ਇਹ ਹਨ ਕਿ ਭਾਰਤ 'ਚ ਇਮਾਨਦਾਰੀ ਦਾ ਬੀਜ ਨਾਸ ਹੋਣ ਕਿਨਾਰੇ ਹੈ।

ਗੱਲ ਪੰਜਾਬ ਦੀ ਕਰਦੇ ਹਾਂ। ਆਜ਼ਾਦੀ ਪਿਛੋਂ ਰਾਜ ਦੋ ਪਾਰਟੀਆਂ ਨੇ ਹੀ ਕੀਤਾ ਹੈ-ਕਾਂਗਰਸ ਤੇ ਅਕਾਲੀਆਂ ਨੇ। ਸੈਂਟਰ 'ਚ ਕਾਂਗਰਸ ਨੇ। ਹਾਂ, ਪਿਛਲੇ ਦੋ ਸਾਲ ਤੋਂ ਸੈਂਟਰ 'ਚ ਭਾਜਪਾ ਕਾਬਜ ਹੈ ਜੋ ਘੱਟ ਗਿਣਤੀਆਂ ਵਾਸਤੇ ਸਭ ਤੋਂ ਖਤਰਨਾਕ ਸਿੱਧ ਹੋ ਰਹੀ ਹੈ ਜਿਸ ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਪੰਜਾਬ ਦਾ ਭਲਾ ਸੈਂਟਰ ਵਾਲੀ ਕਿਸੇ ਪਾਰਟੀ ਨੇ ਨਹੀਂ ਕੀਤਾ, ਪੰਜਾਬ ਨਾਲ ਸੈਂਟਰ ਦੀਆਂ ਸਰਕਾਰਾਂ ਨੇ ਮਤਰੇਈ ਮਾਂ ਵਾਲਾ ਸਲੂਕ ਹੀ ਕੀਤਾ ਹੈ ਜਾਂ ਸਾਡੇ ਚੁਣੇ ਨੁਮਾਇੰਦੇ ਕਰਵਾ ਨਹੀਂ ਸਕੇ। ਆਉਣ ਵਾਲੇ ਸਮੇਂ 'ਚ ਪੰਜਾਬੀ ਭੁੱਲ ਜਾਣ ਸੈਂਟਰ ਗੌਰਮਿੰਟ ਤੋਂ ਪੰਜਾਬ ਨੂੰ ਕੋਈ ਰਾਹਤ ਮਿਲੂ।

ਪਿਛਲੇ ਦਸ ਸਾਲਾਂ 'ਚ ਪੰਜਾਬ ਦਾ ਜੋ ਹਾਲ ਅਕਾਲੀ-ਭਾਜਪਾ ਸਰਕਾਰ ਨੇ ਕੀਤਾ, ਸਭ ਦੇ ਸਾਹਮਣੇ ਹੈ। ਬੇਰੁਜ਼ਗਾਰੀ, ਡਰੱਗ ਮਾਫੀਆ, ਲੈਂਡ ਮਾਫੀਆ, ਬਜਰੀ-ਰੇਤਾ ਮਾਫੀਆ, ਟਰਾਂਸਪੋਰਟ ਮਾਫੀਆ, ਕੇਬਲ ਮਾਫੀਆ, ਫਾਹੇ ਲੱਗ ਰਹੀ ਕਿਰਸਾਨੀ-ਇਹ ਸਮੱਸਿਆਵਾਂ ਪੰਜਾਬ ਦੇ ਲੋਕਾਂ ਦਾ ਲਹੂ ਪੀ ਰਹੀਆਂ ਹਨ। ਇਹਦਾ ਸਿੱਧਾ ਜਾਂ ਅਸਿੱਧਾ ਅਸਰ ਭਾਰਤ ਤੋਂ ਬਾਹਰ ਵੱਸਦੇ ਪਰਵਾਸੀ ਪੰਜਾਬੀਆਂ 'ਤੇ ਵੀ ਪੈਂਦਾ ਹੈ। ਪਹਿਲਾਂ ਪਹਿਲ ਜਿਹੜੇ ਪਰਵਾਸੀ ਬਾਹਰ ਆਏ, ਬਹੁਤਿਆਂ ਦੇ ਮਨਾਂ 'ਚ ਇਹੀ ਸੀ ਕਿ ਕਮਾਈ ਕਰਕੇ ਵਾਪਸ ਪੰਜਾਬ ਚਲੇ ਜਾਣਾ ਹੈ। ਦਿਨ ਰਾਤ ਸਖਤ ਮਿਹਨਤ ਕਰਕੇ ਪਹਿਲਾਂ ਪਿਛੇ ਪੰਜਾਬ ਵੱਸਦੇ ਆਪਣੇ ਪਰਿਵਾਰਾਂ ਨੂੰ ਸੁਖੀ ਕੀਤਾ ਤੇ ਫਿਰ ਜ਼ਮੀਨ-ਜਾਇਦਾਦ ਖਰੀਦੀ। ਸਮਾਂ ਪਾ ਕੇ ਉਨ੍ਹਾਂ ਦੀ ਅਗਲੀ ਪੀੜ੍ਹੀ ਪੰਜਾਬ ਮੁੜਨ ਨੂੰ ਤਿਆਰ ਨਾ ਹੋਈ ਤੇ ਕੁਝ ਇਥੋਂ ਦੀਆਂ ਸੁੱਖ-ਸਹੂਲਤਾਂ ਨੇ ਪਰਦੇਸੀਆਂ ਨੂੰ ਪੱਕੇ ਰਹਿਣ ਲਈ ਮਜਬੂਰ ਕਰ ਦਿੱਤਾ। ਹੌਲੀ ਹੌਲੀ ਹਾਲਾਤ ਇਹ ਹੋ ਗਏ ਕਿ ਪਰਦੇਸੀਆਂ ਦੇ ਆਪਣੇ ਭੈਣ-ਭਰਾਵਾਂ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੇ ਭੂ ਮਾਫੀਏ ਨੇ ਇਨ੍ਹਾਂ ਦੀਆਂ ਜਾਇਦਾਦਾਂ 'ਤੇ ਕਬਜੇ ਕਰਨੇ ਸ਼ੁਰੂ ਕਰ ਦਿੱਤੇ। ਇਥੋਂ ਸ਼ੁਰੂ ਹੋ ਗਈ ਪਰਦੇਸੀਆਂ ਦੀ ਖੱਜਲ ਖੁਆਰੀ।

2008 PUNJABI NRI Sammelan
ਪੰਜਾਬੀ ਐਨ. ਆਰ. ਆਈ. ਸੰਮੇਲਨ

ਸਮੇਂ ਦੀਆਂ ਸਰਕਾਰਾਂ ਨੇ ਐਨ. ਆਰ. ਆਈ. ਸਭਾਵਾਂ ਬਣਾਈਆਂ ਪਰ ਉਹ ਕੋਈ ਕਾਰਗਰ ਸਿੱਧ ਨਾ ਹੋਈਆਂ ਜਾਂ ਇਉਂ ਕਹਿ ਲਓ ਕਿ ਜਿਹੜੇ ਉਨ੍ਹਾਂ ਸਭਾਵਾਂ ਦੇ ਚੌਧਰੀ ਬਣੇ, ਉਨ੍ਹਾਂ ਆਪਣੇ ਨਿਜੀ ਫਾਇਦੇ ਉਠਾਏ ਜਾਂ ਸਰਕਾਰਾਂ ਕੋਲੋਂ ਆਉਭਗਤ ਕਰਵਾਈ। ਪਰ ਪਿਛਲੇ ਦਸ ਸਾਲਾਂ 'ਚ ਪੰਜਾਬ ਦੇ ਹਾਲਾਤ ਅਕਾਲੀ ਸਰਕਾਰ ਨੇ ਏਡੇ ਮਾੜੇ ਕਰ ਦਿਤੇ ਹਨ ਕਿ ਪਰਦੇਸੀ ਵੀ ਤ੍ਰਾਹ ਤ੍ਰਾਹ ਕਰ ਉਠੇ ਹਨ।

ਵਿਧਾਨ ਸਭਾ ਚੋਣਾਂ ਵਿਚ ਦੋਵੇਂ ਰਵਾਇਤੀ ਪਾਰਟੀਆਂ-ਕਾਂਗਰਸ ਤੇ ਅਕਾਲੀ ਦਲ ਨੂੰ ਛੱਡ ਕੇ ਪਰਵਾਸੀਆਂ ਨੇ ਨਵੀਂ ਉਠੀ ਆਮ ਆਦਮੀ ਪਾਰਟੀ ਦਾ ਤਨੋਂ ਮਨੋਂ ਤੇ ਧਨੋਂ ਪੂਰਾ ਸਾਥ ਦਿੱਤਾ, ਤਾਂਕਿ ਹਰ ਪਾਸੇ ਤੋਂ ਤਬਾਹ ਹੋ ਰਿਹਾ ਪੰਜਾਬ ਮੁੜ ਖੁਸ਼ਹਾਲ ਹੋ ਸਕੇ। ਇਸ ਪਾਰਟੀ ਨੂੰ ਦੋਹਾਂ ਰਵਾਇਤੀ ਪਾਰਟੀਆਂ ਨੇ ਇਹ ਕਹਿ ਕੇ ਭੰਡਿਆ ਕਿ ਇਸ ਪਾਰਟੀ ਦੇ ਲੀਡਰ ਦਿੱਲੀ ਤੋਂ ਜਾਂ ਉਤਰ ਪ੍ਰਦੇਸ਼ ਤੋਂ ਹਨ। ਕੋਈ ਪੁੱਛੇ, ਸੋਨੀਆ ਗਾਂਧੀ ਲੁਧਿਆਣੇ ਜੰਮੀ ਸੀ? ਰਾਜੀਵ ਗਾਂਧੀ ਤੇ ਆਸ਼ਾ ਕੁਮਾਰੀ ਕਿਥੋਂ ਦੀਆਂ ਹਨ? ਪਰ ਪੰਜਾਬ ਦੇ ਲੋਕ ਆਦੀ ਹੋ ਚੁਕੇ ਹਨ, ਇਸ ਸਿਸਟਮ ਵਿਚ ਵਿਚਰਨ ਦੇ।

ਕਾਂਗਰਸ ਅਤੇ ਅਕਾਲੀ ਫਰੈਂਡਲੀ ਮੈਚ ਖੇਡਦੀਆਂ ਆ ਰਹੀਆਂ ਹਨ। ਦਸ ਸਾਲ ਅਕਾਲੀਆਂ ਨੇ ਪੰਜਾਬ ਦੀ ਜਨਤਾ ਨੂੰ ਲੁੱਟਿਆ ਤੇ ਕੁੱਟਿਆ। ਅਕਾਲੀਆਂ ਨੇ ਆਪਣੇ ਰਾਜ ਵਿਚ ਕਾਂਗਰਸ ਦੇ ਗੁਨਾਹਾਂ ਤੋਂ ਪਰਦਾ ਨਹੀਂ ਚੁਕਿਆ ਅਤੇ ਸ਼ਾਇਦ ਹੁਣ ਕਾਂਗਰਸੀ ਵੀ ਅਕਾਲੀਆਂ ਨਾਲ ਇਹੋ ਲਿਹਾਜ ਪਾਲਣਗੇ। ਲੋਕੋ, ਦੱਸ ਸਾਲ ਇੰਤਜਾਰ ਕਰਨਾ ਕਿਤੇ ਸੌਖਾ ਸੀ, ਹੁਣ ਛਕਣਗੇ ਦੋਹੀਂ ਹੱਥੀਂ ਤੇ ਮੁਆਫ ਹੋਣਗੇ ਅਕਾਲੀਆਂ ਦੇ ਕੀਤੇ ਬੱਜਰ ਗੁਨਾਹ। ਪਰਦੇਸੀ ਬਹੁਤ ਮਾਯੂਸ ਹੋਏ ਹਨ, ਪੰਜਾਬੀਆਂ ਦੇ ਚੋਣਾਂ 'ਚ ਨਿਭਾਏ ਕਿਰਦਾਰ ਤੋਂ। ਹੋ ਸਕਦੈ 'ਆਪ' ਵਾਲਿਆਂ ਵਿਚ ਵੀ ਕਿਤੇ ਖਾਮੀਆਂ ਰਹਿ ਗਈਆਂ ਹੋਣ। ਇਸ ਤੋਂ ਵੱਧ ਪਰਦੇਸੀ ਆਪਣੇ ਪੰਜਾਬ ਤੇ ਆਪਣੇ ਲੋਕਾਂ ਵਾਸਤੇ ਹੋਰ ਕੀ ਕਰ ਸਕਦੇ ਹਨ।

ਮੇਰਾ ਆਪਣਾ ਯਕੀਨ ਹੈ ਕਿ ਸਾਨੂੰ ਇਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ ਕਿ ਸਾਡਾ ਦੇਸ਼ ਇਹੀ ਹੈ, ਜਿਥੇ ਅਸੀਂ ਤੇ ਸਾਡੇ ਬੱਚੇ ਵੱਸ ਰਹੇ ਹਨ। ਜਿਸ ਦੇਸ਼ ਨੇ ਸਾਨੂੰ ਜਿਊਣ ਦੀਆਂ ਉਹ ਸਭ ਸੁੱਖ-ਸਹੂਲਤਾਂ ਦਿੱਤੀਆਂ, ਜੋ ਸਾਨੂੰ ਨਾਂ ਦੇ ਆਪਣੇ ਦੇਸ਼ ਨੇ ਨਹੀਂ ਸੀ ਦਿੱਤੀਆਂ। ਇਥੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੇ ਰਹਿਣਾ ਹੈ। ਅਸੀਂ ਇਥੋਂ ਦੀ ਸਿਆਸਤ ਵਿਚ ਦਿਲਚਸਪੀ ਲਈਏ। ਪੰਜਾਬ ਦਾ ਮੋਹ ਤਿਆਗ ਕੇ ਜਿਥੇ ਵੱਸਦੇ ਹਾਂ, ਉਥੋਂ ਦੇ ਹੋ ਕੇ ਰਹੀਏ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਗੁਰਦੁਆਰਾ ਸੈਨ ਹੋਜ਼ੇ ਵਿਚ ਹੱਲਾ ਮਹੱਲਾ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਖੇ ਲੰਘੇ ਐਤਵਾਰ ਖਾਲਸਾਈ ਜਾਹੋ ਜਲਾਲ ਨਾਲ ਮਨਾਏ ਗਏ ਹੋਲਾ ਮਹੱਲਾ ਤਿਓਹਾਰ



ਮੌਕੇ 20,000 ਤੋਂ ਵੱਧ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਭਰੀ। ਗੁਰਦੁਆਰਾ ਸੈਨ ਹੋਜ਼ੇ ਅਨੰਦਪੁਰ ਸਾਹਿਬ ਵਾਂਗੂੰ ਪਹਾੜੀਆਂ ਵਿਚ ਸਥਿਤ ਹੈ। ਗੁਰਦੁਆਰੇ ਦੇ ਅਹਾਤੇ ਵਿਚ ਸੰਗਤਾਂ ਦਾ ਇਕੱਠ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਜਿਹਾ ਦ੍ਰਿਸ਼ ਸਿਰਜ ਰਿਹਾ ਸੀ।

ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਤੋਂ ਮਹੱਲਾ ਬਾਹਰ ਖੁੱਲ੍ਹੇ ਅਹਾਤੇ ਵਿਚ ਲਿਆਂਦਾ ਗਿਆ ਜਿਥੇ ਨਿਹੰਗ ਬਾਣੇ ਵਿਚ ਸਜੀਆਂ ਗਤਕਾ ਟੀਮਾਂ ਸ਼ਸਤਰ ਵਿਦਿਆ ਦੇ ਜੌਹਰ ਦਿਖਾ ਰਹੀਆਂ ਸਨ। ਘੋੜ ਸਵਾਰ 'ਕਿੱਲਾ ਪੁੱਟਣ' ਦੀ ਖੇਡ ਰਾਹੀਂ ਦਰਸ਼ਕਾਂ ਦਾ ਧਿਆਨ ਖਿੱਚ ਰਹੇ ਸਨ। ਇਸ ਖੇਡ ਦਾ ਅਨੰਦ ਹਰ ਉਮਰ ਦੇ ਦਰਸ਼ਕਾਂ ਨੇ ਮਾਣਿਆ। ਨੌਜਵਾਨ ਬਾਸਕਿਟਬਾਲ ਦੀ ਖੇਡ ਵਿਚ ਮਸਤ ਸਨ। ਵਾਲੀਬਾਲ ਟੂਰਨਾਮੈਂਟ ਗੁਰਦੁਆਰਾ ਸਾਹਿਬ ਵਿਚ ਸੇਵਾਦਾਰਾਂ ਵਲੋਂ ਬਣਾਏ ਗਏ ਨਵੇਂ ਵਾਲੀਬਾਲ ਗਰਾਊਂਡ ਵਿਚ ਚੱਲ ਰਿਹਾ ਸੀ ਅਤੇ ਦਰਸ਼ਕ ਹਰ ਪੁਆਇੰਟ 'ਤੇ ਤਾੜੀਆਂ ਮਾਰ ਰਹੇ ਸਨ।

ਇਸੇ ਦੌਰਾਨ ਬੱਚਿਆਂ ਅਤੇ ਵੱਡਿਆਂ ਦੀਆਂ ਦੌੜਾਂ ਵੀ ਖੁੱਲ੍ਹੇ ਮੈਦਾਨ ਵਿਚ ਕਰਵਾਈਆਂ ਗਈਆਂ। ਦਰਸ਼ਕ ਦੌੜਾਕਾਂ ਨੂੰ ਪੂਰੀ ਹੱਲਾਸ਼ੇਰੀ ਦੇ ਕੇ ਇਕ ਦੂਜੇ ਤੋਂ ਅੱਗੇ ਲੰਘਣ ਲਈ ਉਤਸ਼ਾਹਿਤ ਕਰ ਰਹੇ ਸਨ। ਰੱਸਾਕਸ਼ੀ ਦੇ ਆਪਣੇ ਵੱਖਰੇ ਨਜ਼ਾਰੇ ਸਨ। ਛੋਟੇ ਛੋਟੇ ਬੱਚੇ ਘੋੜ ਸਵਾਰੀ ਦਾ ਅਨੰਦ ਮਾਣ ਰਹੇ ਸਨ। ਦੁੜੰਗੇ ਲਾਉਂਦੇ ਬੱਚੇ ਇਉਂ ਜਾਪ ਰਹੇ ਸਨ ਜਿਵੇਂ ਉਹ ਸੱਚ ਮੁੱਚ ਹੀ ਕਿਸੇ ਮੇਲੇ ਵਿਚ ਆਏ ਹੋਣ। ਬਜ਼ੁਰਗ ਹੋਲੇ ਮਹੱਲੇ ਦੀ ਪਵਿੱਤਰਤਾ ਮਨਾਂ ਵਿਚ ਵਸਾਈ ਆਪੋ ਵਿਚ ਗੱਲਾਂ ਕਰ ਕੇ ਦਿਲ ਵੀ ਹੌਲਾ ਕਰ ਰਹੇ ਸਨ।

ਉਧਰ ਮੁੱਖ ਦਰਬਾਰ ਹਾਲ ਵਿਚ ਸਾਰਾ ਦਿਨ ਸ਼ਬਦ ਕੀਰਤਨ ਦਾ ਪ੍ਰਵਾਹ ਚੱਲਦਾ ਰਿਹਾ ਅਤੇ ਸੰਗਤਾਂ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਤੇ ਕੀਰਤਨ ਸਰਵਣ ਕਰ ਕੇ ਜੀਵਨ ਸਫਲੇ ਕਰਦੀਆਂ ਰਹੀਆਂ। ਬਾਹਰ ਖੁੱਲ੍ਹੀ ਸਟੇਜ 'ਤੇ ਢਾਡੀ ਜਥੇ ਬੀਰਰਸੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾ ਕੇ ਸੰਗਤਾਂ ਵਿਚ ਜੋਸ਼ ਭਰ ਰਹੇ ਸਨ।

ਸੈਨ ਹੋਜ਼ੇ ਸਿਟੀ ਦੇ ਬਹੁਤ ਸਾਰੇ ਪ੍ਰਸ਼ਾਸਕੀ

*(ਬਾਕੀ ਅਗਲੇ ਸਫੇ 'ਤੇ)*






























# ਗੁਰਦੁਆਰਾ ਸੈਨ ਹੋਜ਼ੇ ਵਿਚ ਖੂਬ ਭਰਿਆ ਹੱਲਾ ਮਹੱਲਾ

*(ਪਿਛਲੇ ਸਫੇ ਦੀ ਬਾਕੀ)*

ਅਧਿਕਾਰੀ ਵੀ ਹੋਲੇ ਮਹੱਲੇ ਦਾ ਅਨੰਦ ਮਾਣਨ ਅਤੇ ਸਿੱਖ ਸੰਗਤਾਂ ਨੂੰ ਇਸ ਪਵਿਤਰ ਦਿਹਾੜੇ ਦੀ ਵਧਾਈ ਦੇਣ ਲਈ ਪਹੁੰਚੇ ਹੋਏ ਸਨ।

ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਰੋਜ਼ ਦੇ ਆਮ ਲੰਗਰ ਤੋਂ ਇਲਾਵਾ ਗੁਰੂ ਘਰ ਦੇ ਖੁੱਲ੍ਹੇ ਮੈਦਾਨ ਵਿਚ ਗੰਨੇ ਦੇ ਰਸ, ਗਰਮਾ ਗਰਮ ਛੱਲੀਆਂ, ਛੋਟੇ-ਭਠੂਰਿਆਂ, ਨੂਡਲਾਂ, ਫਰੂਟ ਚਾਟ, ਮੈਂਗੋ ਲੱਸੀ, ਨਾਨ-ਸਬਜ਼ੀ, ਗਰਮਾ ਗਰਮ ਕੜੱਕ ਜਲੇਬੀਆਂ, ਚਾਹ-ਪਕੌੜਿਆਂ ਅਤੇ ਪੀਜ਼ੇ ਦਾ ਲੰਗਰ ਸਾਰਾ ਦਿਨ ਜਾਰੀ ਰਿਹਾ ਜਿਸ ਦਾ ਸੰਗਤਾਂ ਨੇ ਖੁੱਲ੍ਹੇ ਮੇਲੇ ਦੀ ਨਿਆਈਂ ਭਰਪੂਰ ਅਨੰਦ ਮਾਣਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਵਿਚ ਮਨਾਏ ਗਏ 6ਵੇਂ ਹੱਲੇ ਮਹੱਲੇ ਵਿਚ ਹਾਜ਼ਰੀ ਭਰਨ ਆਈਆਂ ਸੰਗਤਾਂ ਅਤੇ ਪ੍ਰਬੰਧ ਕਰਨ ਵਿਚ ਮਦਦ ਕਰਨ ਵਾਲੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਹੈ। ਪ੍ਰਬੰਧਕਾਂ ਨੇ ਉਨ੍ਹਾਂ ਪਰਿਵਾਰਾਂ ਦਾ ਵੀ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਲੰਗਰ ਦੀ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ।







# ਪੀ.ਸੀ.ਐਸ. ਸੈਕਰਾਮੈਂਟੋ ਦਾ 28ਵਾਂ ਵਿਸਾਖੀ ਮੇਲਾ 29 ਅਪਰੈਲ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਦਾ ਸਾਲਾਨਾ ਵਿਸਾਖੀ ਮੇਲਾ 29 ਅਪਰੈਲ, ਸ਼ਨਿਚਰਵਾਰ ਨੂੰ ਸਥਾਨਕ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ ਸ਼ਾਮ ਤਿੰਨ ਵਜੇ ਤੋਂ ਹੋਵੇਗਾ। ਇਸ ਸਬੰਧੀ ਫੈਸਲਾ ਲੰਘੀ 18 ਮਾਰਚ ਨੂੰ ਸੰਸਥਾ ਵਲੋਂ ਐਲਕਗਰੋਵ ਵਿਚ ਰਾਜਿੰਦਰ ਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਮੀਟਿੰਗ ਦੇ ਅਰੰਭ ਵਿਚ ਇਸ ਸੰਸਥਾ ਦੇ ਬਾਨੀ ਰਛਪਾਲ ਸਿੰਘ ਫਰਵਾਲਾ ਨੇ ਸੰਸਥਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਮੇਂ ਨਾਲ ਬਦਲਦੀਆਂ ਸਮਾਜਿਕ ਤੇ ਸਭਿਆਚਾਰਕ ਪ੍ਰਸਥਿਤਿਆਂ ਦੌਰਾਨ ਨਵੀਂ ਪੀੜ੍ਹੀ ਨੂੰ ਆਪਣੇ ਪੰਜਾਬੀ ਵਿਰਸੇ ਨਾਲ ਜੋੜੀ ਰੱਖਣ ਲਈ ਸੰਸਥਾ ਲਗਾਤਾਰ ਯਤਨ ਕਰਦੀ ਆ ਰਹੀ ਹੈ। ਸ. ਫਰਵਾਲਾ ਨੇ ਪਿਛਲੇ ਸਾਲ ਦੇ ਆਮਦਨ-ਖਰਚ ਦਾ ਵੇਰਵਾ ਵੀ ਦਿੱਤਾ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਾਲ ਵੀ ਮੇਲੇ ਵਿਚ ਗਿੱਧੇ-ਭੰਗੜੇ, ਨ੍ਰਿਤ ਆਈਟਮਾਂ ਅਤੇ ਸਕਿਟਾਂ ਆਦਿ ਪੇਸ਼ ਕੀਤੀਆਂ ਜਾਣਗੀਆਂ। ਗੀਤ-ਸੰਗੀਤ ਵੀ ਹੋਵੇਗਾ। ਪੰਜਾਬੀ ਭਾਈਚਾਰੇ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰਛਪਾਲ ਫਰਵਾਲਾ, ਹਰਜਿੰਦਰ ਪੰਧੇਰ, ਜਸਵੰਤ ਸਿੰਘ ਸ਼ਾਦ, ਰਾਜਿੰਦਰਪਾਲ ਸਿੰਘ, ਜਤਿੰਦਰ ਸਿੰਘ ਬੀਸਲਾ, ਸੁਖਦੇਵ ਸਿੰਘ ਦੇਬੀ, ਅਜੈਬ ਸਿੰਘ ਕਾਹਲੋਂ, ਲਖਵਿੰਦਰ ਸਿੰਘ, ਬਖਸ਼ੀਸ ਸਿੰਘ ਗਿੱਲ, ਮੱਖਣ ਸਿੰਘ, ਪਰਮਜੀਤ ਸਿੰਘ ਢਿਲੋਂ, ਤੀਰਥ ਸਿੰਘ ਸਹੋਤਾ, ਪ੍ਰੇਮ ਕੁਮਾਰ ਚੁੰਬਰ, ਅਵਤਾਰ ਡੌਡ ਅਤੇ ਵਰਿੰਦਰ ਸਿੰਘ ਸ਼ਾਮਲ ਸਨ। ਹੋਰ ਜਾਣਕਾਰੀ ਲਈ ਸ. ਫਰਵਾਲਾ ਨਾਲ ਫੋਨ: 916-880-0531 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



## ਰਾਣਾ ਕੰਵਰਪਾਲ ਸਿੰਘ ਬਣੇ ਪੰਜਾਬ ਦੇ ਆਰਜ਼ੀ ਸਪੀਕਰ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਸੀਨੀਅਰ ਵਿਧਾਇਕ ਰਾਣਾ ਕੰਵਰਪਾਲ ਸਿੰਘ ਨੂੰ 15ਵੀਂ ਵਿਧਾਨ ਸਭਾ ਦੇ ਮੈਂਬਰ ਵਜੋਂ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਉਣ ਪਿੱਛੋਂ ਪ੍ਰੋਟਮ ਸਪੀਕਰ ਨਿਯੁਕਤ ਕੀਤਾ ਹੈ।

ਕੰਵਰਪਾਲ ਸਿੰਘ ਅਨੰਦਪੁਰ ਸਾਹਿਬ ਤੋਂ ਵਿਧਾਇਕ ਹਨ। ਰਾਜਪਾਲ ਨੇ ਭਾਰਤੀ ਸੰਵਿਧਾਨ ਦੀ ਧਾਰਾ 188 ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਰਾਣਾ ਕੰਵਰਪਾਲ ਸਿੰਘ ਨੂੰ ਪ੍ਰੋਟਮ ਸਪੀਕਰ ਨਿਯੁਕਤ ਕੀਤਾ ਹੈ।


**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਬਾਦਲ ਸਰਕਾਰ ਦੀਆਂ ਬੇਨੇਮੀਆਂ ਵਿਰੁਧ ਜ਼ੋਰਦਾਰ ਮੁਹਿੰਮ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲਾਂ ਦੇ ਰਾਜ ਰੂਪ ਵਿਚ ਹੋਏ ਘਪਲੇ ਦਾ ਆਮ ਆਦਮੀ ਪਾਰਟੀ ਨੇ ਖੁਲਾਸਾ ਕੀਤਾ ਹੈ। ਇਹ ਘਪਲਾ ਅਨੁਸੂਚਿਤ ਜਾਤੀ ਵਰਗ ਦੇ ਫੰਡਾਂ ਵਿਚ ਹੋਇਆ ਹੈ। ਇਸ ਦਾ ਖੁਲਾਸਾ ਆਪ ਦੇ ਆਪ ਦੇ ਉਪ ਪ੍ਰਧਾਨ ਅਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਕੰਮ ਕਰਨ ਵਾਲੇ ਪਰਮਜੀਤ ਸਿੰਘ ਕੈਂਥ ਨੇ ਕੀਤਾ ਹੈ।



ਕੈਂਥ ਮੁਤਾਬਕ ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ 10 ਸਾਲਾਂ ਵਿਚ ਲਗਭਗ 40,000 ਕਰੋੜ ਦੀ ਰਕਮ ਪੰਜਾਬ ਦੇ 3.21 ਲੱਖ ਅਨੁਸੂਚਿਤ ਜਾਤੀ ਪਰਵਾਰਾਂ ਤੇ ਵਿਦਿਆਰਥੀਆਂ ਦੇ ਵਜ਼ੀਫ਼ਿਆਂ ਲਈ ਕੇਂਦਰ ਵੱਲੋਂ ਭੇਜੀ ਗਈ ਸੀ, ਜਿਸ ਵਿਚੋਂ ਇਕ ਅੰਦਾਜ਼ੇ ਮੁਤਾਬਕ ਚੌਥਾ ਹਿੱਸਾ ਯਾਨੀ 9000 ਤੋਂ 10,000 ਕਰੋੜ ਖੁਰਦ ਬੁਰਦ ਹੋ ਗਈ। ਇਸ ਵੱਡੇ ਫਰਕ ਅਤੇ ਘਪਲੇ ਦੀ ਜਾਂਚ ਪੜਤਾਲ ਦੀ ਮੰਗ ਕਰਦਿਆਂ 'ਆਪ' ਦੇ ਉਪ ਪ੍ਰਧਾਨ ਅਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਝੰਡਾ ਬਰਦਾਰ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਕਾਂਗਰਸ ਸਰਕਾਰ ਇਸ ਸਬੰਧੀ ਇਕ ਉਚ ਪੱਧਰੀ ਕਮਿਸ਼ਨ ਬਣਾਏ ਅਤੇ ਵਿਸ਼ੇਸ਼ ਕਰ ਕੇ ਸਾਲ 2012-17 ਦੇ ਸਮੇਂ ਵਾਸਤੇ ਰੱਖੀ ਰਕਮ ਅਤੇ ਅਸਲੀਅਤ ਵਿਚ ਕੀਤੇ ਖਰਚ ਬਾਰੇ ਵ੍ਹਾਈਟ ਪੇਪਰ ਜਾਰੀ ਕਰੇ। ਕੈਂਥ ਨੇ ਕਿਹਾ ਕਿ ਪੰਜਾਬ ਦੇ ਕੁਲ 12168 ਪਿੰਡਾਂ 'ਚੋਂ 57 ਪਿੰਡ 100 ਫੀਸਦੀ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਦੇ ਪਿੰਡ ਹਨ, 2800 ਪਿੰਡਾਂ 'ਚ ਅੱਧੀ ਆਬਾਦੀ ਇਨ੍ਹਾਂ ਪਰਿਵਾਰਾਂ ਦੀ ਹੈ, 4800 ਪਿੰਡਾਂ 'ਚ 40% ਇਨ੍ਹਾਂ ਦੀ ਆਬਾਦੀ ਹੈ ਜਦਕਿ ਪੰਜਾਬ ਦੇ ਕੁਲ 5.23 ਪਰਿਵਾਰਾਂ ਵਿਚੋਂ 3.21 ਲੱਖ ਪਰਿਵਾਰ ਗਰੀਬ ਹਨ।

ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿਚ 32 ਫੀਸਦੀ ਅਨੁਸੂਚਿਤ ਜਾਤੀ ਆਬਾਦੀ ਵਾਲੇ ਪੰਜਾਬ ਵਿਚ ਇਨ੍ਹਾਂ ਲੋਕਾਂ ਦੀ ਹਾਲਤ ਹੋਰ ਖਰਾਬ ਹੋਈ ਹੈ। 2012-13 ਵਿਚ 4039 ਕਰੋੜ ਦੀ ਰੱਖੀ ਰਕਮ ਵਿਚੋਂ 2725.65 ਕਰੋੜ ਖਰਚੇ ਗਏ, 2013-14 ਵਿਚ 4653 ਕਰੋੜ 'ਚੋਂ 3371.74 ਕਰੋੜ ਹੀ ਖਰਚੇ ਗਏ। ਜਦੋਂ ਕਿ 2014-15 ਵਿਚ 6432 ਕਰੋੜ ਦੀ ਰਕਮ ਵਿਚੋਂ ਸਿਰਫ 4320.68 ਕਰੋੜ ਦਾ ਹੀ ਹਿਸਾਬ ਕਿਤਾਬ ਮਿਲਿਆ। ਪਿਛਲੇ ਸਾਲ 2015-16 ਵਿਚ 6764.10 ਕਰੋੜ 'ਚੋਂ 6428 ਕਰੋੜ ਖਰਚੇ ਜਦੋਂ ਕਿ 2016-17 ਯਾਨੀ ਇਸ ਚਾਲੂ ਸਾਲ 'ਚ 8624.55 ਕਰੋੜ ਦੀ ਰਕਮ ਰੱਖੀ ਗਈ, ਪਰ ਖਰਚੇ ਦਾ ਵੇਰਵਾ ਅਜੇ ਤੱਕ ਨਹੀਂ ਆਇਆ। ਕੁੱਲ 21888 ਕਰੋੜ ਦੀ ਨਿਰਧਾਰਤ ਰਕਮ 'ਚੋਂ ਸਿਰਫ 16846 ਕਰੋੜ ਹੀ ਖਰਚਣ ਦਾ ਵੇਰਵਾ ਦੱਸਦੇ ਹੋਏ ਕੈਂਥ ਨੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਤਾਂ ਹਾਰ ਗਈ, ਪਰ ਹੁਣ ਕਾਂਗਰਸ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੜਤਾਲ ਕਰਾਵੇ, ਵ੍ਹਾਈਟ ਪੇਪਰ ਜਾਰੀ ਕਰੇ ਅਤੇ ਕੇਂਦਰ ਸਰਕਾਰ ਤੇ ਲੋਕਾਂ ਨੂੰ ਜਵਾਬ ਦੇਵੇ। ਆਪ ਦੇ ਉਪ ਪ੍ਰਧਾਨ ਦਾ ਮੰਨਣਾ ਹੈ ਕਿ ਇਸ ਸਾਲ ਦੇ ਕੇਂਦਰੀ ਵਜੀਫ਼ਾ ਸਕੀਮ ਦੇ ਵੀ 370 ਕਰੋੜ ਦੀ ਰਕਮ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵੰਡੀ ਨਹੀਂ ਗਈ। ਇਸ ਵੇਲੇ 4 ਲੱਖ ਗਰੀਬ ਵਿਦਿਆਰਥੀ ਸਕੂਲਾਂ ਕਾਲਜਾਂ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ 12ਵੀਂ ਪੰਜ ਸਾਲਾ ਯੋਜਨਾ ਦੀ ਸਕੀਮ ਤਹਿਤ ਗਰੀਬਾਂ ਲਈ ਆਈ ਕਰੋੜਾਂ ਅਰਬਾਂ ਦੀ ਰਕਮ 'ਚ ਵੱਡੀ ਘਪਲੇਬਾਜ਼ੀ, ਹੇਰਾਫੇਰੀ, ਖ਼ੁਰਦ ਬੁਰਦ ਹੋਈ ਹੈ ਅਤੇ ਅਕਾਲੀ ਭਾਜਪਾ ਸਰਕਾਰ ਨੇ ਸ਼ਰੇਆਮ ਇਸ ਰਕਮ ਨੂੰ ਦੂਜੇ ਪਾਸੇ ਲਾਇਆ ਹੈ ਜਿਸ ਦੀ ਪੜਤਾਲ ਲਈ ਕਮਿਸ਼ਨ ਬਣਾ ਕੇ ਦੋਸ਼ੀਆਂ ਨੂੰ ਸਜ਼ਾ ਮਿਲੇ।

## ਸੰਗਤ ਦਰਸ਼ਨਾਂ ਉਤੇ ਸ਼ਿਕੰਜਾ

**ਪਟਿਆਲਾ:** ਬਾਦਲ ਸਰਕਾਰ ਦੇ ਸੰਗਤ ਦਰਸ਼ਨ ਵੀ ਸ਼ੱਕ ਦੇ ਘੇਰੇ ਵਿਚ ਆ ਗਏ ਹਨ। ਨਵੀਂ ਸਰਕਾਰ ਇਸ ਦੀ ਜਾਂਚ ਕਰਾਉਣ ਬਾਰੇ ਵਿਚਾਰ ਕਰ ਰਹੀ ਹੈ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਦਾ ਕਹਿਣਾ ਹੈ ਕਿ ਬਾਦਲ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੇ ਅਖੀਰਲੇ ਮਹੀਨਿਆਂ ਦੌਰਾਨ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਪੈਸੇ ਦੀ ਅੰਨ੍ਹੀ ਦੁਰਵਰਤੋਂ ਕੀਤੀ ਗਈ ਹੈ। ਇਸ ਮਾਮਲੇ ਦੀ ਸਰਕਾਰ ਵੱਲੋਂ ਉਚ ਪੱਧਰੀ ਜਾਂਚ ਕਰਵਾਈ ਜਾਵੇਗੀ। ਸੰਗਤ ਦਰਸ਼ਨ ਪ੍ਰੋਗਰਾਮ ਲਈ ਫੰਡ ਦਾ ਪੈਸਾ ਦੋ ਪ੍ਰਾਈਵੇਟ ਬੈਂਕਾਂ ਵੱਲੋਂ ਦਿੱਤਾ ਗਿਆ ਹੈ। ਇਹ ਸੰਭਵ ਹੈ ਕਿ ਬੈਂਕਾਂ ਤੋਂ ਪੈਸਾ ਲੈਣ ਲਈ ਸਰਕਾਰੀ ਜਾਇਦਾਦਾਂ ਗਾਰੰਟੀ ਵਜੋਂ ਰੱਖੀਆਂ ਗਈਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਇਸ ਪੈਸੇ ਦੀ ਅੰਨ੍ਹੀ ਦੁਰਵਰਤੋਂ ਹੋਈ ਹੈ ਜੋ ਫੌਜਦਾਰੀ ਅਪਰਾਧ ਹੈ।

ਕਾਬਲੇਗੌਰ ਹੈ ਕਿ ਕੈਪਟਨ ਅਮਰਿੰਦਰ ਸਰਕਾਰ ਨੇ ਪਿਛਲੀ ਸਰਕਾਰ ਵੇਲੇ ਹੋਈਆਂ ਬੇਨੇਮੀਆਂ ਨੂੰ ਬੇਨਕਾਬ ਕਰਨ ਦੀ ਯੋਜਨਾ ਬਣਾ ਰਹੀ ਹੈ। ਕੈਪਟਨ ਨੇ ਪਿਛਲੀ ਵਾਰ ਬਾਦਲ ਪਰਿਵਾਰ ਨੂੰ ਜੇਲ੍ਹ ਵਿਚ ਸੁੱਟ ਕੇ ਅਕਾਲੀ ਦਲ ਨੂੰ ਇਕਮੁੱਠ ਕਰ ਦਿੱਤਾ ਸੀ। ਇਸ ਵਾਰ ਕਾਂਗਰਸ ਕਾਨੂੰਨੀ ਢੰਗ ਨਾਲ ਵਿਰੋਧੀਆਂ ਦਾ ਮੱਕੂ ਠੱਪੇਗੀ। ਨਵੀਂ ਸਰਕਾਰ ਨੇ ਟਰਾਂਸਪੋਰਟ ਨੀਤੀ ਦੀ ਨਜ਼ਰਸਾਨੀ ਕਰਨ ਦਾ ਫੈਸਲਾ ਕੀਤਾ ਹੈ। ਆਬਕਾਰੀ ਨੀਤੀ ਬਦਲ ਦਿੱਤੀ ਹੈ। ਨਵੀਂ ਮੀਡੀਆ ਪਾਲਿਸੀ ਬਣਨ ਜਾ ਰਹੀ ਹੈ।

## ਕੈਪਟਨ ਸਰਕਾਰ ਭੇਜੇਗੀ ਨੌਜਵਾਨਾਂ ਨੂੰ ਵਿਦੇਸ਼

**ਜਲੰਧਰ:** ਪੰਜਾਬ ਦੇ ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਵਿਭਾਗ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਿਦੇਸ਼ਾਂ ਵਿਚ ਭੇਜਣ ਦੇ ਨਾਂ ਉਤੇ ਏਜੰਟਾਂ ਵੱਲੋਂ ਕੀਤੀ ਜਾ ਰਹੀ ਲੁੱਟ ਉਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਨੌਜਵਾਨਾਂ ਨੂੰ ਖੱਜਲ ਖਰਾਬੀ ਹੋਣ ਤੋਂ ਬਚਾਉਣ ਲਈ ਸਰਕਾਰ ਵੱਲੋਂ ਹੀ ਨੌਜਵਾਨਾਂ ਨੂੰ ਪੜ੍ਹਨ ਜਾਣ ਤੇ ਰੁਜ਼ਗਾਰ ਦੇ ਮਾਮਲੇ 'ਚ ਵਿਦੇਸ਼ ਭੇਜਿਆ ਜਾਏਗਾ। ਇਸ ਨਾਲ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਰੁਜ਼ਗਾਰ ਲੈਣ ਲਈ ਭਟਕਣਾ ਨਹੀਂ ਪਏਗਾ ਤੇ ਇਸ ਯੋਜਨਾ 'ਤੇ ਵਿਭਾਗ ਨੂੰ ਕੰਮ ਕਰਨ ਲਈ ਕਹਿ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕਈ ਮਾਮਲੇ ਸਾਹਮਣੇ ਆਏ ਹਨ ਕਿ ਨੌਜਵਾਨਾਂ ਤੋਂ ਵੱਡੀਆਂ ਰਕਮਾਂ ਲੈ ਕੇ ਵਿਦੇਸ਼ ਭੇਜਿਆ ਜਾਂਦਾ ਹੈ, ਪਰ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਨੌਜਵਾਨ ਵਿਦੇਸ਼ ਵਿਚ ਕੰਮ ਕਰਨ ਜਾਣ ਲਈ ਤੇ ਪੜ੍ਹਨ ਲਈ ਜਾਣਾ ਚਾਹੁੰਦਾ ਹੈ, ਉਸ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਏਗਾ। ਉਨ੍ਹਾਂ ਦਾ ਵਿਭਾਗ ਵੱਲੋਂ ਨੌਜਵਾਨਾਂ ਨੂੰ ਕਿੱਤਾ ਮੁਖੀ ਸਿਖਲਾਈ ਦੇਣ ਲਈ ਚੰਗੇ ਪ੍ਰੋਗਰਾਮ ਸ਼ੁਰੂ ਕਰਵਾਏਗਾ। ਇਸ ਲਈ ਭਾਰਤੀ ਤੇ ਵਿਦੇਸ਼ੀ ਕੰਪਨੀਆਂ ਨਾਲ ਵੀ ਸੰਪਰਕ ਕੀਤਾ ਜਾਏਗਾ।

## ਸ਼ਗਨ ਤੇ ਪੈਨਸ਼ਨ ਸਕੀਮ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਧਿਕਾਰੀਆਂ ਤੋਂ ਪੈਨਸ਼ਨਾਂ ਤੇ ਸ਼ਗਨ ਸਕੀਮ ਵਿਚ ਬੇਨਿਯਮੀਆਂ ਸਬੰਧੀ ਰਿਪੋਰਟ ਤਲਬ ਕਰ ਲਈ ਹੈ। ਜਾਣਕਾਰੀ ਮੁਤਾਬਕ ਅਨੁਸੂਚਿਤ ਜਾਤੀਆਂ ਅਤੇ ਪਛੜੇ ਵਰਗਾਂ ਦੀ ਭਲਾਈ ਬਾਰੇ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਆਪਣੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਦੋਵਾਂ ਸਕੀਮਾਂ ਵਿਚ ਕਥਿਤ ਬੇਨਿਯਮੀਆਂ ਦੀ ਰਿਪੋਰਟ ਦੇਣ ਲਈ ਕਿਹਾ ਹੈ। ਯਾਦ ਰਹੇ ਕਿ ਕੁਝ ਜ਼ਿਲ੍ਹਿਆਂ ਵਿਚ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਹਨ ਕਿ ਜਿਨ੍ਹਾਂ ਨੂੰ ਪੈਨਸ਼ਨਾਂ ਲੱਗਣੀਆਂ ਚਾਹੀਦੀਆਂ ਸਨ, ਉਨ੍ਹਾਂ ਨੂੰ ਨਹੀਂ ਲੱਗੀਆਂ ਤੇ ਸਕੀਮਾਂ ਦਾ ਫ਼ਾਇਦਾ ਰਸੂਖ਼ਵਾਨ ਹੀ ਲੈ ਗਏ ਹਨ। ਇਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਸ਼ਗਨ ਸਕੀਮ ਬਾਰੇ ਵੀ ਸਨ।

# ਕਿਸਾਨ ਕਰਜ਼ਿਆਂ ਬਾਰੇ ਮੋਦੀ ਸਰਕਾਰ ਦਾ ਯੂ-ਟਰਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਕਿਸਾਨਾਂ ਦੇ ਕਰਜ਼ਿਆਂ ਉਤੇ ਸਿਆਸਤ ਖੇਡ ਰਹੀ ਹੈ। ਸਰਕਾਰ ਦੀ ਦੋਗਲੀ ਨੀਤੀ ਬੇਨਕਾਬ ਹੋ ਗਈ ਹੈ। ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫੀ ਬਾਰੇ ਸਰਕਾਰ ਨੇ ਯੂ-ਟਰਨ ਲੈਂਦਿਆਂ ਕਿਹਾ ਹੈ ਕਿ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਵੱਲੋਂ ਖੇਤੀ ਕਰਜ਼ੇ ਮੁਆਫ ਕਰਨ ਬਾਰੇ ਦਿੱਤਾ ਗਿਆ ਭਰੋਸਾ 'ਵਿਸ਼ੇਸ਼ ਤੌਰ ਉਤੇ ਇਸ ਰਾਜ' ਲਈ ਸੀ। ਇਹ ਕੇਂਦਰ ਸਰਕਾਰ ਦੀ 'ਕੌਮੀ ਨੀਤੀ' ਨਹੀਂ ਹੈ। ਹੈਦਰਾਬਾਦ ਵਿਚ ਕੇਂਦਰੀ ਮੰਤਰੀ ਐਮ. ਵੈਂਕਈਆ ਨਾਇਡੂ ਨੇ ਕਿਹਾ ਕਿ ਯੂ.ਪੀ. ਵਿਚ ਚੋਣ ਮੁਹਿੰਮ ਦੌਰਾਨ ਭਾਜਪਾ ਲੀਡਰਸ਼ਿਪ ਨੇ ਕਿਸਾਨਾਂ ਦੇ ਫਸਲੀ ਕਰਜ਼ੇ ਮੁਆਫ ਕਰਨ ਬਾਰੇ ਦਿੱਤਾ ਗਿਆ ਭਰੋਸਾ ਵਿਸ਼ੇਸ਼ ਤੌਰ 'ਤੇ ਇਸ ਸੂਬੇ ਲਈ ਸੀ।



ਸੂਬੇ ਵਿਚ ਸਰਕਾਰ ਬਣਨ ਬਾਅਦ ਉਹ ਇਸ ਬਾਰੇ ਯਕੀਨੀ ਤੌਰ 'ਤੇ ਸਕਾਰਾਤਮਕ ਢੰਗ ਨਾਲ ਸੋਚਣਗੇ ਤੇ ਇਸ ਨੂੰ ਲਾਗੂ ਕਰਨ ਦਾ ਯਤਨ ਕਰਨਗੇ। ਇਹ ਸਰਕਾਰ ਦੀ ਕੌਮੀ ਨੀਤੀ ਨਹੀਂ ਹੈ। ਇਹ ਵਿਸ਼ੇਸ਼ ਤੌਰ 'ਤੇ ਸੂਬੇ ਲਈ ਸੀ। ਇਸ ਤਰ੍ਹਾਂ ਕੇਂਦਰ ਸਰਕਾਰ ਨੇ ਕਰਜ਼ਿਆਂ ਦਾ ਮਾਮਲਾ ਸੂਬਾ ਸਰਕਾਰਾਂ ਦੇ ਪਾਲੇ ਵਿਚ ਸੁੱਟ ਦਿੱਤਾ ਹੈ।

ਕਾਬਲੇਗੌਰ ਹੈ ਕਿ ਹਾਲ ਹੀ ਵਿਚ ਸੰਸਦ ਦੇ ਹੇਠਲੇ ਸਦਨ ਵਿਚ ਬਹਿਸ ਦੌਰਾਨ ਕਈ ਪਾਰਟੀਆਂ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਯੂ.ਪੀ. ਚੋਣਾਂ ਦੌਰਾਨ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਕੀਤੇ ਐਲਾਨ ਦਾ ਵਿਰੋਧ ਕਰਦਿਆਂ ਮੰਗ ਕੀਤੀ ਸੀ ਕਿ ਅੰਨਦਾਤੇ ਦੀਆਂ ਖੁਦਕੁਸ਼ੀਆਂ ਰੋਕਣ ਲਈ ਸਰਕਾਰ ਦੇਸ਼ ਭਰ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕਰੇ। ਹੋਰ ਸੂਬਿਆਂ ਵੱਲੋਂ ਇਸੇ ਤਰ੍ਹਾਂ ਕਰਜ਼ੇ ਮੁਆਫ ਕਰਨ ਬਾਰੇ ਕੀਤੀ ਜਾ ਰਹੀ ਮੰਗ ਦਾ ਜ਼ਿਕਰ ਕਰਦਿਆਂ ਭਾਜਪਾ ਨੇ ਕਿਹਾ ਕਿ ਇਹ (ਕਰਜ਼ਾ ਮੁਆਫੀ) ਸੂਬੇ ਦੇ ਸ੍ਰੋਤਾਂ ਤੇ ਆਰਥਿਕ ਹਾਲਤ ਉਤੇ ਨਿਰਭਰ ਕਰਦਾ ਹੈ। ਉਹ (ਸੂਬੇ) ਆਪਣੇ ਫੈਸਲੇ ਲੈਣ ਲਈ ਆਜ਼ਾਦ ਹਨ।

## ਕਿਸਾਨਾਂ ਦੀ ਆਮਦਨ ਦੁੱਗਣੀ ਹੋਵੇਗੀ: ਰਾਜਨਾਥ

**ਸੂਰਜਕੁੰਡ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਭਰੋਸਾ ਦਿੱਤਾ ਕਿ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਉਨ੍ਹਾਂ ਨੇ ਵੱਡੀਆਂ ਸੰਭਾਵਨਾਵਾਂ ਭਰਪੂਰ ਖੇਤੀਬਾੜੀ ਸੈਕਟਰ ਨੂੰ 21ਵੀਂ ਸਦੀ ਦਾ ਚੜ੍ਹਦਾ ਸੂਰਜ ਕਰਾਰ ਦਿੱਤਾ। ਉਨ੍ਹਾਂ ਨੇ ਫਸਲਾਂ 'ਤੇ ਖਰਚ ਵਧਣ ਤੇ ਜਿਣਸ ਦਾ ਘੱਟ ਭਾਅ ਮਿਲਣ ਵਰਗੀਆਂ ਸਮੱਸਿਆਵਾਂ ਬਾਰੇ ਵੀ ਗੱਲ ਕੀਤੀ।

## ਅੰਮ੍ਰਿਤਸਰ ਤੋਂ ਬਰਮਿੰਘਮ ਉਡਾਣ ਛੇਤੀ

**ਨਵੀਂ ਦਿੱਲੀ:** ਏਅਰ ਇੰਡੀਆ ਵੱਲੋਂ ਜਲਦੀ ਹੀ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇਗੀ। ਇਹ ਜਾਣਕਾਰੀ ਸ਼ਹਿਰੀ ਹਵਾਬਾਜ਼ੀ ਬਾਰੇ ਰਾਜ ਮੰਤਰੀ ਜੈਯੰਤ ਸਿਨਹਾ ਨੇ ਰਾਜ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਲਿਖਤੀ ਜਵਾਬ ਵਿਚ ਦਿੱਤੀ। ਸ੍ਰੀ ਸਿਨਹਾ ਨੇ ਕਿਹਾ ਕਿ ਉਡਾਣ ਸ਼ੁਰੂ ਕਰਨ ਲਈ ਰੂਪ-ਰੇਖਾ ਉਲੀਕੀ ਜਾ ਰਹੀ ਹੈ। ਸਰਕਾਰੀ ਅਦਾਰੇ ਏਅਰ ਇੰਡੀਆ ਵੱਲੋਂ ਫ਼ਿਲਹਾਲ ਅੰਮ੍ਰਿਤਸਰ ਤੋਂ ਬਰਮਿੰਘਮ ਉਡਾਣ ਦਿੱਲੀ ਰਸਤੇ ਚਲਾਈ ਜਾਂਦੀ ਹੈ।

## ਗੁਰਦੁਆਰਾ ਧਮਾਕਾ ਕੇਸ 'ਚ ਜਰਮਨ ਮੁੰਡਿਆਂ ਨੂੰ ਸਜ਼ਾ

**ਬਰਲਿਨ:** ਅਦਾਲਤ ਨੇ ਜਰਮਨੀ ਦੇ ਤਿੰਨ ਕੱਟੜਵਾਦੀ ਮੁੰਡਿਆਂ ਯੂਸੂਫ਼ ਟੀ, ਮੁਹੰਮਦ ਬੀ ਅਤੇ ਤੋਲਗਾ ਆਈ ਨੂੰ ਗੁਰਦੁਆਰੇ ਵਿਚ ਕੀਤੇ ਬੰਬ ਧਮਾਕੇ ਲਈ ਬਾਲ ਸੁਧਾਰ ਘਰ ਵਿਚ ਨਜ਼ਰਬੰਦ ਰੱਖੇ ਜਾਣ ਦੀ ਸਜ਼ਾ ਸੁਣਾਈ ਹੈ। ਮੁਲਜ਼ਮਾਂ ਵਿਚੋਂ ਇਕ ਨੂੰ ਸੱਤ ਸਾਲ, ਦੂਜੇ ਨੂੰ ਛੇ ਸਾਲ ਨੌਂ ਮਹੀਨੇ ਜਦਕਿ ਤੀਜੇ ਨੂੰ ਛੇ ਸਾਲ ਲਈ ਬਾਲ ਸੁਧਾਰ ਗ੍ਰਹਿ ਵਿਚ ਰਹਿਣਾ ਪਏਗਾ।

ਇਸ ਹਮਲੇ 'ਚ ਗੁਰਦੁਆਰੇ ਦੇ ਭਾਈ ਸਮੇਤ ਤਿੰਨ ਜਣੇ ਜ਼ਖ਼ਮੀ ਹੋ ਗਏ ਸਨ। ਅਦਾਲਤ ਨੇ ਮੁੰਡਿਆਂ ਦੀ ਇਸ ਕਾਰਵਾਈ ਨੂੰ ਹੋਰ ਧਰਮਾਂ ਪ੍ਰਤੀ ਨਫ਼ਰਤ ਦੇ ਨਜ਼ਰੀਏ ਤੋਂ ਕੀਤਾ ਕਾਰਾ ਦੱਸਿਆ ਹੈ। ਯਾਦ ਰਹੇ ਕਿ ਇਥੋਂ ਦੇ ਗੁਰਦੁਆਰਾ ਨਾਨਕਸਰ ਵਿਖੇ ਦੋ ਮੁੰਡਿਆਂ ਨੇ ਪਿਛਲੇ ਸਾਲ 16 ਅਪਰੈਲ ਨੂੰ ਵਿਆਹ ਪਾਰਟੀ ਲਈ ਜੁੜੇ ਇਕੱਠ ਮੌਕੇ ਬੰਬ ਧਮਾਕਾ ਕਰ ਦਿੱਤਾ ਸੀ। ਮੁਲਜ਼ਮਾਂ ਨੇ ਇਹ ਬੰਬ ਘਰ ਵਿਚ ਤਿਆਰ ਕੀਤਾ ਸੀ। ਇਸ ਧਮਾਕੇ 'ਚ ਗੁਰਦੁਆਰੇ ਦੇ ਭਾਈ ਸਮੇਤ ਤਿੰਨ ਜਣੇ ਜ਼ਖ਼ਮੀ ਹੋ ਗਏ ਸਨ।

## ਹਿਜਾਬ ਪਹਿਨਣ 'ਤੇ ਮੁਸਲਿਮ ਖਿਡਾਰਨ ਨੂੰ ਕੱਢਿਆ

**ਵਾਸ਼ਿੰਗਟਨ:** ਅਮਰੀਕਾ ਵਿਚ ਹਾਈ ਸਕੂਲ ਦੀ ਇਕ 16 ਸਾਲਾ ਮੁਸਲਿਮ ਲੜਕੀ ਨੂੰ ਹਿਜਾਬ ਪਹਿਨਣ ਕਾਰਨ ਰਿਜਨਲ ਬਾਸਕਟਬਾਲ ਫਾਈਨਲ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ। ਵਾਟਕਿੰਸ ਮਿੱਲ ਹਾਈ ਸਕੂਲ, ਗੇਦਰਜ਼ਬਰਗ ਮੈਰੀਲੈਂਡ ਦੀ ਵਿਦਿਆਰਥਣ ਜੇਨਾਨ ਹੇਅਸ ਜੋ ਸੀਜ਼ਨ ਦੇ ਪਹਿਲੇ 24 ਮੈਚ ਬਿਨਾਂ ਕਿਸੇ ਰੁਕਾਵਟ ਦੇ ਖੇਡਦੀ ਰਹੀ ਸੀ, ਨੂੰ ਹਿਜਾਬ ਪਹਿਨਣ ਕਾਰਨ ਸਕੂਲ ਵਿਚ ਬਾਸਕਟਬਾਲ ਖੇਡਣ ਤੋਂ ਰੋਕ ਦਿੱਤਾ ਗਿਆ। ਹੇਅਸ ਦੇ ਕੋਚ ਡੋਨਿਥਾ ਐਡਮਜ਼ ਨੇ ਦੱਸਿਆ ਕਿ ਉਨ੍ਹਾਂ ਨੂੰ ਨਵੇਂ ਕਾਨੂੰਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਉਸ ਨੇ ਦੱਸਿਆ ਉਸ ਕੋਲ ਉਸ ਨੂੰ ਬਾਹਰ ਕਰਨ ਤੋਂ ਇਲਾਵਾ ਹੋਰ ਕੋਈ ਦੂਜਾ ਰਸਤਾ ਨਹੀਂ ਸੀ। ਹੇਅਸ ਨੇ ਭਰੇ ਮਨ ਨਾਲ ਕਿਹਾ ਕਿ ਉਹ ਬਹੁਤ ਦੁਖੀ, ਗੁੱਸੇ ਵਿਚ ਹੈ ਅਤੇ ਉਸ ਅੰਦਰ ਕਈ ਭਾਵਨਾਵਾਂ ਹਨ। ਨੇਮਾਂ ਅਨੁਸਾਰ ਹੇਅਸ ਨੂੰ ਮੁੜ ਖੇਡਣ ਲਈ ਧਾਰਮਿਕ ਚਿਨ੍ਹ ਵਜੋਂ ਹਿਜਾਬ ਪਹਿਨਣ ਦੇ ਦਸਤਾਵੇਜ਼ੀ ਸਬੂਤ ਪੇਸ਼ ਕਰਨੇ ਪੈਣਗੇ। ਉਸ ਨੇ ਕਿਹਾ ਕਿ ਇਸ ਤਰ੍ਹਾਂ ਦਾ ਫੈਸਲਾ ਪੱਖਪਾਤ ਪੂਰਨ ਹੈ। ਦੱਸਣਯੋਗ ਹੈ ਕਿ ਹੇਅਸ ਦੀ ਟੀਮ ਚੈਂਪੀਅਨਸ਼ਿਪ ਵਿਚ ਹਾਰ ਗਈ ਸੀ।






# ਹਰਜਿੰਦਰ ਪੰਧੇਰ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਬਣੇ

**ਸਟਾਕਟਨ (ਬਿਊਰੋ):** ਹਰਜਿੰਦਰ ਪੰਧੇਰ ਸਥਾਨਕ ਪੰਜਾਬੀ ਸਾਹਿਤ ਸਭਾ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ। ਸਭਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਹਰਨੇਕ ਸਿੰਘ ਉਪ ਪ੍ਰਧਾਨ, ਤ੍ਰਿਪਤ ਸਿੰਘ ਭੱਟੀ ਮੀਤ ਪ੍ਰਧਾਨ, ਮਨਦੀਪ ਗੋਰਾ ਜਨਰਲ ਸਕੱਤਰ, ਚਰਨਜੀਤ ਸਾਹੀ ਸਕੱਤਰ, ਹਰਪ੍ਰੀਤ



ਕੌਰ ਧੂਤ ਸਹਾਇਕ ਸਕੱਤਰ ਅਤੇ ਗੁਰਪ੍ਰੀਤ ਕੌਰ ਪ੍ਰਬੰਧਕ ਚੁਣੇ ਗਏ। ਕਾਰਜਕਾਰੀ ਕਮੇਟੀ ਦੇ ਸਥਾਈ ਮੈਂਬਰਾਂ ਵਿਚ ਪ੍ਰੋ. ਹਰਭਜਨ ਸਿੰਘ, ਤਾਰਾ ਸਿੰਘ ਸਾਗਰ, ਡਾ. ਰਵੀ ਸ਼ੇਰਗਿੱਲ, ਡਾ. ਹਰਭਜਨ ਸ਼ੇਰਗਿੱਲ, ਪਰਮਜੀਤ ਸਿੰਘ ਰਾਣੂੰ, ਮਨਜੀਤ ਕੌਰ ਸੰਧੂ, ਅਮਰਪਾਲ ਸਿੰਘ ਕੰਬੋਜ ਨੂੰ ਸ਼ਾਮਲ ਕੀਤਾ ਗਿਆ।

ਮੀਟਿੰਗ ਵਿਚ 16 ਜੁਲਾਈ ਨੂੰ ਸਟਾਕਟਨ 'ਚ ਇਕ ਪੰਜਾਬੀ ਕਹਾਣੀ ਦਰਬਾਰ ਕਰਨ ਅਤੇ ਗਜ਼ਲ ਸੰਗ੍ਰਿਹ 'ਕਿਤਾਬ ਆਸਮਾਨ ਦੀ' ਦਾ ਲੋਕ-ਅਰਪਣ ਕਰਨ ਸਮੇਤ ਕਈ ਹੋਰ ਫੈਸਲੇ ਵੀ ਲਏ ਗਏ। ਇਸ ਮੌਕੇ ਸਾਹਿਤ ਪ੍ਰੇਮੀਆਂ ਨੇ ਆਪਣੀਆਂ ਮੌਲਿਕ ਸਾਹਿਤਕ ਰਚਨਾਵਾਂ ਸਾਂਝੀਆਂ ਕੀਤੀਆਂ। ਸੰਵੇਦਨਸ਼ੀਲ ਲੇਖਕ ਸੁਰਿੰਦਰ ਸੋਹਲ ਦੇ ਗਜ਼ਲ ਸੰਗ੍ਰਿਹ 'ਕਿਤਾਬ ਆਸਮਾਨ ਦੀ' ਵਿਚੋਂ ਕੁਝ ਚੋਣਵੀਆਂ ਗਜ਼ਲਾਂ ਵੀ ਪੜ੍ਹੀਆਂ ਗਈਆਂ। ਹਰਜਿੰਦਰ ਪੰਧੇਰ, ਜਸਵੰਤ ਸ਼ਾਦ ਅਤੇ ਮਨਦੀਪ ਗੋਰਾ ਨੇ ਸੁਰਿੰਦਰ ਸੋਹਲ ਦੇ ਕਾਵਿਕ ਜੀਵਨ ਦੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਸਭਾ ਵਲੋਂ ਇਕ ਨਵਾਂ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ ਛਾਪਣ ਲਈ ਪਰਵਾਸੀ ਸਰੋਕਾਰ ਅਤੇ ਗਲੋਬਲੀ ਚੇਤਨਾ ਵਾਲੀਆਂ ਮੌਲਿਕ ਤੇ ਅਣਛਪੀਆਂ ਕਹਾਣੀਆਂ ਦੀ ਮੰਗ ਕੀਤੀ ਗਈ ਹੈ। ਕਹਾਣੀਆਂ ਭੇਜਣ ਦੀ ਅੰਤਿਮ ਤਾਰੀਖ 31 ਦਸੰਬਰ 2017 ਮਿਥੀ ਗਈ ਹੈ। ਇਸ ਸੰਗ੍ਰਿਹ ਦੇ ਸੰਪਾਦਕੀ ਮੰਡਲ ਵਿਚ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮੁਹਿੰਦਰ ਚਹਿਲ ਸ਼ਾਮਲ ਹੋਣਗੇ।

ਸਭਾ ਵਲੋਂ ਜਾਰੀ ਬਿਆਨ ਅਨੁਸਾਰ ਦਰਸ਼ਨ ਬੁਲੰਦਵੀ, ਅਜ਼ੀਮ ਸ਼ੇਖਰ ਅਤੇ ਕੁਲਵੰਤ ਕੌਰ ਢਿੱਲੋਂ ਦਾ ਸੰਪਾਦਿਤ ਪਰਵਾਸੀ ਪੰਜਾਬੀ ਕਾਵਿ-ਸੰਗ੍ਰਿਹ 'ਵਰਤਮਾਨ ਦੇ ਆਰ-ਪਾਰ' ਛਪਣ ਲਈ ਜਾ ਚੁਕਾ ਹੈ। ਇਸ ਵਿਚ 77 ਪਰਵਾਸੀ ਪੰਜਾਬੀ ਸ਼ਾਇਰਾਂ ਦੀਆਂ ਕਾਵਿ-ਰਚਨਾਵਾਂ ਹਨ। ਇਹ ਕਾਵਿ-ਸੰਗ੍ਰਿਹ ਅਤੇ ਕੁਝ ਹੋਰ ਨਵ-ਪ੍ਰਕਾਸ਼ਿਤ ਪੁਸਤਕਾਂ 16 ਜੁਲਾਈ ਦੇ ਸਮਾਗਮ ਦੌਰਾਨ ਰਿਲੀਜ਼ ਕੀਤੀਆਂ ਜਾਣਗੀਆਂ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ (ਫੋਨ: 209 610 5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੌਮਾਂਤਰੀ ਮਹਿਲਾ ਦਿਵਸ ਮਨਾਇਆ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਇਸਤਰੀ ਵਿੰਗ ਵਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਮੀਟਿੰਗ ਵਿਚ ਨਾਰੀ ਚੇਤਨਾ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਜਥੇਬੰਦੀ ਦੀ ਮੀਟਿੰਗ ਵਿਚ 2 ਅਪਰੈਲ ਨੂੰ ਹੋਣ ਵਾਲੇ ਮੇਲੇ ਸਬੰਧੀ ਵਿਚਾਰ ਕੀਤੀ ਗਈ। ਮੀਟਿੰਗ ਵਿਚ ਸਿਮਰਨ ਹੇਅਰ, ਹਰਵਿੰਦਰ ਕੌਰ ਜੌਹਲ, ਬਲਬੀਰ ਕੌਰ ਧਾਲੀਵਾਲ, ਹਰਪ੍ਰੀਤ ਕੌਰ, ਸੁੱਖੀ ਧਾਲੀਵਾਲ, ਨਵਨੀਤ ਧਾਲੀਵਾਲ, ਰਵਿੰਦਰ ਕੌਰ ਧਾਹ, ਸੁਖਵਿੰਦਰ ਕੌਰ ਢਿੱਲੋਂ, ਕੁਲਵਿੰਦਰ ਕੌਰ ਢਿੱਲੋਂ, ਹਰਜਿੰਦਰ ਕੌਰ, ਭੁਪਿੰਦਰ ਕੌਰ ਬਦੇਸ਼ਾ, ਪ੍ਰੇਮ ਕੌਰ ਢੇਸੀ, ਹਰਕਿਰਨ ਕੌਰ ਢੇਸੀ, ਨਵਨੀਤ ਕੌਰ ਢੇਸੀ, ਪਰਮਜੀਤ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ ਸਹੋਤਾ, ਛੋਟੀ ਬੱਚੀ ਆਂਚਲ ਹੇਅਰ ਆਦਿ ਸ਼ਾਮਲ ਸਨ।



ਮੀਟਿੰਗ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ 2 ਅਪਰੈਲ ਨੂੰ ਕਰਵਾਏ ਜਾ ਰਹੇ 17ਵੇਂ ਗਦਰੀ ਬਾਬਿਆਂ ਦੇ ਮੇਲੇ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਫੈਸਲਾ ਕੀਤਾ ਗਿਆ।


**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*



# ਫਿਲਮ 'ਸ਼ਹੀਦ' ਅਮਰੀਕਾ ਵਿਚ 25 ਮਾਰਚ ਨੂੰ ਰਿਲੀਜ਼ ਹੋਵੇਗੀ

**ਸੈਨ ਹੋਜ਼ੇ (ਬਿਊਰੋ):** ਸਿੱਖ ਫਲਸਫੇ ਵਿਚ ਸ਼ਹਾਦਤ ਦੇ ਸੰਕਲਪ ਅਤੇ 17ਵੀਂ ਸਦੀ 'ਚ ਗੁਰੂ ਕੇ ਸਿੱਖਾਂ ਵਲੋਂ ਜ਼ਬਰ ਜ਼ੁਲਮ ਵਿਰੁਧ ਦਿੱਤੀਆਂ ਅਣਗਿਣਤ ਸ਼ਹੀਦੀਆਂ ਦੀ ਲਹੂ ਵੀਟਵੀਂ ਗਾਥਾ ਨੂੰ ਰੂਪਮਾਨ ਕਰਦੀ ਦਸਤਾਵੇਜ਼ੀ ਫਿਲਮ 'ਸ਼ਹੀਦ' 25 ਮਾਰਚ ਨੂੰ ਅਮਰੀਕਾ ਵਿਚ ਪਹਿਲੀ ਵਾਰ ਦਿਖਾਈ ਜਾਵੇਗੀ।

ਇਹ ਜਾਣਕਾਰੀ ਦਿੰਦਿਆਂ ਫਿਲਮ ਦੇ ਲੇਖਕ ਤੇ ਡਾਇਰੈਕਟਰ ਜਗਜੀਤ ਸਿੰਘ ਸਮੁੰਦਰੀ ਨੇ ਦੱਸਿਆ ਕਿ ਉਨ੍ਹਾਂ ਦੀ ਦੋ ਸਾਲਾਂ ਦੀ ਘਾਲਣਾ ਨਾਲ ਤਿਆਰ ਹੋਈ ਇਹ ਫਿਲਮ ਵਿਸ਼ੇਸ਼ ਕਰਕੇ ਬੱਚਿਆਂ ਤੇ ਨੌਜਵਾਨਾਂ ਨੂੰ ਆਪਣੇ ਮਾਣਮੱਤੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਹੈ। ਪਰਵਾਸੀ ਨੌਜਵਾਨ ਪੀੜ੍ਹੀ ਦੀ ਸਹੂਲਤ ਲਈ ਇਹ ਫਿਲਮ ਅੰਗਰੇਜ਼ੀ ਵਿਚ ਵੀ ਡੱਬ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸ. ਸਮੁੰਦਰੀ ਫਿਲਮ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' ਬਣਾ ਚੁਕੇ ਹਨ।


ਸਿੱਖ ਧਰਮ ਨੂੰ ਸਮਰਪਿਤ ਆਪਣੇ ਕੈਰੀਅਰ ਬਾਰੇ ਗੱਲ ਕਰਦਿਆਂ ਸ. ਸਮੁੰਦਰੀ ਨੇ ਦੱਸਿਆ ਕਿ ਨਿਊ ਯਾਰਕ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਦਿਖਾਈ ਗਈ ਪ੍ਰਸਿਧ ਫਿਲਮ 'ਰਾਈਜ਼ ਆਫ ਦਾ ਖਾਲਸਾ' ਲਈ ਉਨ੍ਹਾਂ ਨੂੰ ਬੈਸਟ ਡਾਇਰੈਕਟਰ ਦਾ ਐਵਾਰਡ ਮਿਲਿਆ ਸੀ ਜਿਸ ਤੋਂ ਉਨ੍ਹਾਂ ਨੂੰ ਸਿੱਖ ਇਤਿਹਾਸ ਦੇ ਅਦੁੱਤੀ ਅਤੇ ਸੂਰਬੀਰ ਪੱਖਾਂ ਨੂੰ ਪਰਦਾਪੇਸ਼ ਕਰਨ ਦਾ ਹੋਰ ਹੌਸਲਾ ਮਿਲਿਆ।

ਸ. ਸਮੁੰਦਰੀ ਖੁਦ ਆਪਣੀ ਟੀਮ ਲੈ ਕੇ ਅਮਰੀਕਾ ਪਹੁੰਚ ਰਹੇ ਹਨ ਅਤੇ ਫਿਲਮ 'ਸ਼ਹੀਦ' ਦਾ ਪਹਿਲਾ ਸ਼ੋਅ 25 ਮਾਰਚ, ਸਨਿਚਰਵਾਰ ਨੂੰ ਸ਼ਾਮ 6 ਵਜੇ ਟਰਲਕ ਸਿਟੀ ਵਿਚ ਹੋਵੇਗਾ ਅਤੇ 26 ਮਾਰਚ, ਐਤਵਾਰ ਨੂੰ ਬਾਅਦ ਦੁਪਹਿਰ 12:15 ਵਜੇ ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ ਹੋਵੇਗਾ। ਇਸ ਤੋਂ ਇਲਾਵਾ 29 ਮਾਰਚ ਸ਼ਾਮ 5:30 ਵਜੇ ਐਲ ਸਬਰਾਂਟੇ ਅਤੇ 2 ਅਪਰੈਲ ਬਾਅਦ ਦੁਪਹਿਰ 12:30 ਵਜੇ




ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਸ਼ੋਅ ਹੋਵੇਗਾ। ਹੋਰਨਾਂ ਸਟੇਟਾਂ-ਲੁਸਿਆਨਾ, ਫਲੋਰਿਡਾ, ਕਨੈਕਟੀਕਟ ਅਤੇ ਫੀਨਿਕਸ ਸਮੇਤ ਕੈਨੇਡਾ ਦੇ ਗੁਰੂ ਘਰਾਂ ਵਿਚ ਵੀ ਇਹ ਫਿਲਮ ਦਿਖਾਈ ਜਾਵੇਗੀ। ਸ. ਸਮੁੰਦਰੀ ਨਾਲ ਸੰਪਰਕ ਵਟਸਐਪ ਨੰਬਰ 91-99679-73004 ਰਾਹੀਂ ਕੀਤਾ ਜਾ ਸਕਦਾ ਹੈ।

## ਪਾਕਿਸਤਾਨ 'ਚ ਲਾਪਤਾ ਭਾਰਤੀ ਮੌਲਵੀ ਕਰਾਚੀ 'ਚੋਂ ਮਿਲੇ



**ਸਤਲਾਣੀ ਸਾਹਿਬ:** ਪਾਕਿਸਤਾਨ ਗਏ ਦਿੱਲੀ ਦੇ 2 ਮੌਲਵੀ ਸੂਬਾ ਸਿੰਧ ਤੋਂ ਮਿਲ ਗਏ ਹਨ। ਹਜ਼ਰਤ ਨਿਜ਼ਾਮੁਦੀਨ ਦਰਗਾਹ ਦੇ ਮੌਲਵੀ ਸਈਅਦ ਆਸਿਫ ਅਲੀ ਨਿਜ਼ਾਮੀ ਅਤੇ ਉਨ੍ਹਾਂ ਦਾ ਭਤੀਜਾ ਨਿਜ਼ਾਮ ਨਿਜ਼ਾਮੀ 6 ਮਾਰਚ ਨੂੰ ਭਾਰਤ ਤੋਂ ਅਟਾਰੀ-ਵਾਹਗਾ ਸਰਹੱਦ ਰਸਤੇ ਆਪਣੇ ਪਾਕਿਸਤਾਨ ਰਹਿੰਦੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਗਏ ਸਨ। 14 ਮਾਰਚ ਨੂੰ ਇਨ੍ਹਾਂ ਦੇ ਮੋਬਾਈਲ ਬੰਦ ਹੋ ਜਾਣ 'ਤੇ ਦਿੱਲੀ ਰਹਿੰਦੇ ਪਰਿਵਾਰਕ ਮੈਂਬਰਾਂ ਨੇ ਦੋਵੇਂ ਮੌਲਵੀਆਂ ਦੇ ਗੁੰਮ ਹੋ ਜਾਣ ਦੇ ਸ਼ੱਕ 'ਚ ਮੀਡੀਆ ਨੂੰ ਜਾਣਕਾਰੀ ਦਿੱਤੀ ਸੀ। ਹੁਣ ਪਤਾ ਲੱਗਾ ਹੈ ਕਿ ਦੋਵੇਂ ਮੌਲਵੀ ਸਹੀ ਸਲਾਮਤ ਹਨ ਤੇ ਸਿੰਧ ਕਰਾਚੀ ਦਾ ਵੀਜ਼ਾ ਨਾ ਹੋਣ ਕਾਰਨ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਨੇ ਪੁੱਛਗਿੱਛ ਕਰ ਕੇ ਉਨ੍ਹਾਂ ਨੂੰ ਛੱਡ ਦਿੱਤਾ ਹੈ।


**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**
**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**
www.Transportationfunding.com
**Transportation Funding Group, Inc.**
Minneapolis , MN 55426

# ਰੂਸ ਦੀ ਮੈਂਡਲਸਟਾਮ ਜੋੜੀ ਦਾ ਵਿਆਹ



**ਕਲਾ ਪਰਿਕਰਮਾ**

**ਪਤਨੀ ਨਾਦੀਆ ਦੀ ਕਲਮ ਤੋਂ**

*ਮੈਂਡਲਸਟਾਮ ਨੂੰ ਸਟਾਲਿਨ ਖਿਲਾਫ਼ ਨਜ਼ਮ ਲਿਖਣ ਦੇ ਜੁਰਮ ਵਿਚ ਤਿੰਨ ਸਾਲ ਲਈ ਮਾਸਕੋ ਤੋਂ ਜਲਾਵਤਨ ਕਰ ਦਿੱਤਾ ਗਿਆ ਸੀ ਅਤੇ ਨਾਦੀਆ ਨੇ ਉਹਦੇ ਨਾਲ ਰਹਿਣ ਲਈ ਸਵੈ-ਜਲਾਵਤਨੀ (1934 ਤੋਂ 1937 ਤੱਕ) ਕਬੂਲ ਕੀਤੀ ਸੀ। ਇਸ ਤੋਂ ਬਾਅਦ ਜਦੋਂ 1938 ਵਿਚ ਮੈਂਡਲਸਟਾਮ ਨੂੰ ਜੇਲ੍ਹ ਵਿਚ ਪਾ ਦਿੱਤਾ ਗਿਆ ਜਿਥੇ ਦਸੰਬਰ 'ਚ ਉਹਦੀ ਮੌਤ ਹੋ ਗਈ।*

ਮੇਰੀ ਚੜ੍ਹਦੀ ਜਵਾਨੀ ਦੇ ਦਿਨ ਮੇਰੇ ਵਤਨ ਕੀਵ (ਯੂਕਰੇਨ ਦੀ ਰਾਜਧਾਨੀ) ਦੇ ਇਨਕਲਾਬੀ ਦਿਨ ਸਨ। ਲੈਫਟ ਵਿੰਗ ਦੇ ਆਰਟਿਸਟਾਂ ਨਾਲ ਰਲ ਕੇ ਮੈਂ ਪੋਸਟਰ ਬਣਾਉਂਦੀ ਸਾਂ, ਤੇ ਸਾਨੂੰ ਸਾਰਿਆਂ ਆਰਟਿਸਟਾਂ ਨੂੰ ਪੋਸਟਰਾਂ ਤੋਂ ਜਿੰਨੇ ਕੁ ਪੈਸੇ ਮਿਲਦੇ ਸਨ, ਉਹਦੇ ਨਾਲ ਅਸੀਂ ਸਾਰੇ ਰਲ ਕੇ ਕਾਫੀ ਪੀ ਸਕਦੇ ਸਾਂ। 'ਜੰਕਸ਼ਾਪ' ਇਕ ਤਰ੍ਹਾਂ ਦੀ ਨਾਈਟ ਕਲੱਬ ਸੀ ਜਿਥੇ ਵੇਲੇ ਦੇ ਚਿਤਰਕਾਰ, ਲੇਖਕ, ਐਕਟਰ ਅਤੇ ਸੰਗੀਤਕਾਰ ਮਿਲਦੇ ਸਨ। ਇਹ ਸ਼ਹਿਰ ਦੇ ਇਕ ਵੱਡੇ ਹੋਟਲ ਦਾ ਤਹਿਖਾਨਾ ਸੀ। ਇਥੇ ਮੈਂ ਪਹਿਲੀ ਵਾਰ ਮੈਂਡਲਸਟਾਮ ਨੂੰ ਵੇਖਿਆ ਸੀ, ਤੇ ਅਸੀਂ ਪਹਿਲੇ ਦਿਨ ਹੀ ਇੰਜ ਦੋਸਤ ਹੋ ਗਏ, ਜਿਵੇਂ ਇਹ ਦੁਨੀਆਂ ਦੀ ਸਭ ਤੋਂ ਸੁਭਾਵਿਕ ਗੱਲ ਸੀ...।

ਇਹ ਪਹਿਲੀ ਮਈ 1919 ਦਾ ਦਿਨ ਸੀ ਤੇ ਇਸੇ ਦਿਨ ਨੂੰ ਮੈਂ ਅਤੇ ਮੈਂਡਲਸਟਾਮ ਹਮੇਸ਼ਾ ਆਪਣੀ ਜ਼ਿੰਦਗੀ ਦਾ ਪਹਿਲਾ ਦਿਨ ਆਖਦੇ ਰਹੇ...।

ਉਸ ਦਿਨ ਤੋਂ ਬਾਅਦ ਕੋਈ ਡੇਢ ਵਰ੍ਹਾ ਸਾਨੂੰ ਇਕੱਲਿਆਂ ਇਕੱਲਿਆਂ ਰਹਿਣਾ ਪਿਆ, ਪਰ ਦੋ ਗੱਲਾਂ ਸਾਨੂੰ ਜਿਵੇਂ ਮੁੱਢ ਤੋਂ ਹੀ ਪਤਾ ਲੱਗ ਗਈਆਂ-ਇਕ, ਹਰ ਔਖੀ ਘੜੀ ਵੇਲੇ ਸਾਡੇ ਦੋਹਾਂ ਦੇ ਸੁਭਾਅ ਵਿਚ ਰਚੀ ਹੋਈ ਬੇਪ੍ਰਵਾਹੀ ਅਤੇ ਦੂਜੀ, ਜ਼ਿੰਦਗੀ ਦਾ ਕੋਈ ਭਿਆਨਕ ਅੰਤ।

ਬਦਲਦੇ ਸਮੇਂ ਦੀ ਭਿਆਨਕਤਾ ਦਾ ਜਿਹੜਾ ਖੌਫ ਸਾਡੇ ਵੱਡ-ਵਡੇਰਿਆਂ ਨੇ ਸੁੰਘ ਲਿਆ ਸੀ, ਅਸੀਂ ਉਸ ਤੋਂ ਜਾਣੂ ਨਹੀਂ ਸਾਂ। ਯੂਕਰੇਨ ਵਿਚ ਫੈਲੇ ਖੌਫ ਅਤੇ ਕਾਲ ਤੋਂ ਘਬਰਾ ਕੇ ਉਤਰੀ ਲੋਕਾਂ ਦੇ ਕਾਫਲੇ ਰੋਜ਼ ਆ ਰਹੇ ਸਨ, ਤੇ ਪੈਸੇ ਦੀ ਕੀਮਤ ਦਿਨੋ-ਦਿਨ ਡਿੱਗਣ ਲਗ ਪਈ ਸੀ...।

ਮੇਰੇ ਵਾਂਗ ਮੈਂਡਲਸਟਾਮ ਵੀ ਯਹੂਦੀ ਸੀ, ਜਿਸ ਨੂੰ ਕਤਲ, ਖੂਨ ਅਤੇ ਲਾਸ਼ਾਂ ਦੇ ਦ੍ਰਿਸ਼ ਤੋਂ ਅੰਤਾਂ ਦੀ ਨਫਰਤ ਸੀ। ਇਹਦੇ ਬਾਰੇ ਉਹ ਆਪਣੇ ਖਿਆਲਾਂ ਨੂੰ ਛੁਪਾਉਂਦਾ ਨਹੀਂ ਸੀ, ਉਚੀ ਉਚੀ ਕਹਿ ਦਿੰਦਾ ਸੀ ਕਿ ਮਕਸਦ ਕੋਈ ਵੀ ਹੋਵੇ, ਪਰ ਭਿਆਨਕਤਾ ਉਹਦਾ ਰਾਹ ਨਹੀਂ ਹੋ ਸਕਦੀ...। ਉਸ ਵੇਲੇ ਕੀਵ ਵਿਚ ਇਕ ਮੈਂਡਲਸਟਾਮ ਸੀ ਜਿਹਨੇ ਹਾਦਸਿਆਂ ਦੇ ਅਰਥਾਂ ਨੂੰ ਬੜੀ ਨੀਝ ਨਾਲ ਬੜੀ ਦੂਰ ਤੱਕ ਵੇਖ ਲਿਆ...।

ਸ਼ਹਿਰ ਦੇ ਦੁਆਲੇ ਜਦੋਂ ਪੁਲਿਸ ਦਾ ਘੇਰਾ ਪੈ ਗਿਆ... ਅਸਾਂ ਬਾਰੀਆਂ ਵਿਚੋਂ, ਸੂਹੇ ਵਾਲਾਂ ਵਾਲੀਆਂ ਯਹੂਦੀ ਔਰਤਾਂ ਨੂੰ ਦੌੜਦਿਆਂ ਅਤੇ ਬੋਟੀ ਬੋਟੀ ਕਤਲ ਹੁੰਦਿਆਂ ਵੇਖਿਆ... ਇਸ ਵੇਲੇ ਇਸੇ ਤਰ੍ਹਾਂ ਮੈਂਡਲਸਟਾਮ ਨੇ ਸ਼ਹਿਰ ਵਿਚੋਂ ਨਿਕਲਣ ਦਾ ਰਾਹ ਲੱਭ ਲਿਆ। ਲਾਲ ਫੌਜ ਨੇ ਕੁਝ ਘੰਟਿਆਂ ਲਈ ਸ਼ਹਿਰ ਉਤੇ ਕਬਜ਼ਾ ਕਰ ਕੇ ਆਪਣੇ ਕੈਦੀ ਛੁਡਾ ਲਏ, ਪਰ ਪਿਛੋਂ ਸ਼ਹਿਰ ਦੀ ਫੌਜ ਤੋਂ ਹਾਰ ਕੇ ਪਰਤ ਗਏ। ਹੁਣ ਜੇਤੂ ਸਿਪਾਹੀਆਂ ਦਾ ਵੇਲਾ ਸੀ- ਸ਼ਹਿਰ ਨੂੰ ਲੁੱਟਣਾ ਹੈ। ਇਹ ਵਕਤ ਸੀ ਜਦੋਂ ਖਾਨਾਜੰਗੀ ਸ਼ੁਰੂ ਹੋ ਗਈ...।



ਨਾਦੀਆ

ਇਸ ਵਾਰੀ ਮੈਂਡਲਸਟਾਮ ਨੂੰ ਇਕੱਲਿਆਂ ਸ਼ਹਿਰ ਛੱਡਣਾ ਪਿਆ, ਉਹ ਮੈਨੂੰ ਆਪਣੇ ਨਾਲ ਨਹੀਂ ਸੀ ਲਿਜਾ ਸਕਦਾ। ਉਨ੍ਹਾਂ ਦਿਨਾਂ ਵਿਚ ਸਿਫਰ ਇਕੋ ਜਮਾਤ ਸੀ-ਫਿਲਮੀ ਐਕਟਰਾਂ ਦੀ, ਜਿਨ੍ਹਾਂ ਨੂੰ ਕਿਸੇ ਪਾਸੇ ਦੀ ਫੌਜ ਵਲੋਂ ਖਤਰਾ ਨਹੀਂ ਸੀ। ਤੇ ਇਕ ਐਕਟਰ ਜੋ ਉਸ ਵੇਲੇ ਸ਼ਹਿਰ ਛੱਡ ਰਿਹਾ ਸੀ, ਉਹਨੇ ਮੈਂਡਲਸਟਾਮ ਨੂੰ ਆਪਣੇ ਨਾਲ ਲਿਜਾਣ ਲਈ ਪਨਾਹ ਦਿੱਤੀ ਸੀ...।

ਖਾਨਾਜੰਗੀ ਦੇ ਦਿਨਾਂ ਵਿਚ ਮੈਂ ਰੋਜ਼ ਲਾਸ਼ਾਂ ਦੇ ਭਰੇ ਹੋਏ ਗੱਡੇ ਵੇਖਦੀ ਸਾਂ... ਇਹ ਮੇਰੀ ਇਕੱਲ ਦਾ ਡੇਢ ਵਰ੍ਹੇ ਦਾ ਵੇਲਾ ਸੀ ਜਿਹਦੇ ਵਿਚ ਕੋਈ ਖਬਰ ਜਾਂ ਕੋਈ ਖਤ ਵੀ ਸੰਭਵ ਨਹੀਂ ਸੀ... ਪਰ ਡੇਢ ਵਰ੍ਹੇ ਪਿਛੋਂ ਮਾਰਚ ਦੇ ਦਿਨ ਸਨ ਜਦੋਂ ਮੈਂਡਲਸਟਾਮ ਮੈਨੂੰ ਲੱਭਦਾ ਫੇਰ ਮੇਰੇ ਸ਼ਹਿਰ ਆਇਆ... ਤੇ ਅਸਾਂ ਵਿਆਹ ਕਰ ਲਿਆ।

ਇਸ ਵਿਆਹ ਦੀ ਰਸਮ ਇਹ ਸੀ ਕਿ ਗਿਰਜੇ ਕੋਲ ਜਿਹੇ ਜੋ ਨਿੱਕੀਆਂ ਨਿੱਕੀਆਂ ਦੁਕਾਨਾਂ ਹੁੰਦੀਆਂ ਹਨ, ਜਿਥੇ ਈਸਾ ਦੀਆਂ ਮੂਰਤਾਂ, ਪੈਂਫਲਿਟ ਅਤੇ ਰੰਗਦਾਰ ਛੱਲੇ ਤੇ ਸਲੀਬਾਂ ਵਿਕਦੀਆਂ ਹਨ, ਉਥੋਂ ਅਸਾਂ ਇਕ ਕੋਪਿਕ ਦੀਆਂ ਦੋ ਨੀਲ-ਰੰਗੀਆਂ ਮੁੰਦਰੀਆਂ ਖਰੀਦ ਲਈਆਂ। ਅਸਾਂ ਦੋਹਾਂ ਨੇ ਵਿਆਹ ਦੀ ਖਬਰ ਸਿਰਫ ਆਪਣੇ ਤੱਕ ਹੀ ਰੱਖਣੀ ਸੀ, ਇਸ ਲਈ ਉਹ ਮੁੰਦਰੀਆਂ ਅਸੀਂ ਆਪਣੀਆਂ ਉਂਗਲਾਂ ਵਿਚ ਨਹੀਂ ਸਾਂ ਪਾ ਸਕਦੇ। ਮੈਂਡਲਸਟਾਮ ਨੇ ਆਪਣੀ ਮੁੰਦਰੀ ਬੋਝੇ ਦੇ ਬਟੂਏ ਵਿਚ ਰੱਖ ਲਈ, ਤੇ ਮੈਂ ਗਲ ਵਿਚ ਪਾਈ ਜ਼ੰਜੀਰ ਨਾਲ ਬੰਨ੍ਹ ਕੇ ਆਪਣੇ ਝੱਗੇ ਦੇ ਅੰਦਰ ਲੁਕਾ ਲਈ...।

ਉਸ ਦਿਨ ਕਿਹਨੂੰ ਪਤਾ ਸੀ ਕਿ ਅਸੀਂ ਦੋਵੇਂ ਜ਼ਿੰਦਗੀ ਦੀਆਂ ਆਖਰੀ ਘੜੀਆਂ ਤੱਕ ਇਕੱਠੇ ਜੀਵਾਂਗੇ।

1921 ਵਿਚ ਮੈਂ ਅਤੇ ਮੈਂਡਲਸਟਾਮ ਜਾਰਜੀਆ ਚਲੇ ਗਏ। ਅਸਲ ਵਿਚ ਅਸੀਂ ਕੀਵ ਛੱਡ ਕੇ ਅਫਗਾਨਿਸਤਾਨ ਜਾਣਾ ਚਾਹੁੰਦੇ ਸਾਂ, ਪਰ ਰੇਲ ਗੱਡੀਆਂ ਦਾ ਕੁਝ ਇਹੋ ਜਿਹਾ ਹਿਸਾਬ ਸੀ ਕਿ ਅਸੀਂ ਉਥੇ ਨਹੀਂ ਸਾਂ ਜਾ ਸਕੇ; ਇਸ ਲਈ ਜਿਥੋਂ ਦੀ ਗੱਡੀ ਮਿਲ ਗਈ, ਉਥੇ ਚਲੇ ਗਏ... ਉਥੇ ਇਕ ਦੋਸਤ ਦੇ ਯਤਨਾਂ ਸਦਕਾ ਸਾਨੂੰ ਤਰਜਮੇ ਦਾ ਕੁਝ ਕੰਮ ਮਿਲਿਆ, ਕੈਨਟੀਨ ਵਿਚੋਂ ਰੋਟੀ ਵੀ ਮਿਲ ਜਾਂਦੀ ਸੀ, ਪਰ ਉਥੋਂ ਦੀ ਜ਼ੁਬਾਨ ਨਾ ਆਉਣ ਕਰ ਕੇ ਸਾਡੇ ਲਈ ਸਭ ਕੁਝ ਅਜਨਬੀ ਸੀ। ਇਸ ਲਈ ਕੀਵ ਵਾਪਸ ਆ ਗਏ।

ਜਾਪਿਆ, ਜੇ ਯਹੂਦੀ ਹੋਣ ਕਾਰਨ ਮਰਨਾ ਹੀ ਹੈ ਤਾਂ ਕੀਵ ਦੀ ਥਾਂ ਮਾਸਕੋ ਵਿਚ ਮਰਾਂਗੇ। ਸਾਨੂੰ ਦੋਹਾਂ ਨੂੰ ਰੂਸੀ ਜ਼ੁਬਾਨ ਨਾਲ ਮੁਹੱਬਤ ਸੀ, ਸੋਚਿਆ ਮਰਨ ਵੇਲੇ ਜੋ ਗਾਲ੍ਹਾਂ ਵੀ ਸੁਣਾਂਗੇ, ਉਹ ਰੂਸੀ ਵਿਚ ਤਾਂ ਹੋਣਗੀਆਂ, ਇਸ ਲਈ ਅਸੀਂ ਦੋਵੇਂ ਮਾਸਕੋ ਜਾਣ ਲਈ ਤਿਆਰ ਹੋ ਗਏ..., ਪਰ ਮਾਸਕੋ ਦੀ ਟਿਕਟ ਖਰੀਦਣ ਗਏ ਤਾਂ ਉਨ੍ਹਾਂ ਵਿਆਹ ਦਾ ਸਰਟੀਫਿਕੇਟ ਮੰਗਿਆ। ਗੱਡੀ ਦੇ ਗਾਰਡ ਨੇ ਆਖਿਆ ਕਿ ਸਫਰ ਦੀ ਖਾਤਰ ਜੋ ਔਰਤਾਂ 'ਬੀਵੀਆਂ' ਹੁੰਦੀਆਂ ਹਨ, ਉਹ ਅਜਿਹੀਆਂ ਬੀਵੀਆਂ ਤੋਂ ਤੰਗ ਆ ਚੁਕਾ ਹੈ। ਇਸ ਲਈ ਅਸੀਂ ਆਪਣੇ ਵਿਆਹ ਦਾ ਸਰਟੀਫਿਕੇਟ ਉਹਨੂੰ ਵਿਖਾਈਏ, ਤਾਂ ਸਾਨੂੰ ਗੱਡੀ ਦੀ ਟਿਕਟ ਮਿਲੇਗੀ।

ਸਾਨੂੰ ਇਸ ਸਰਟੀਫਿਕੇਟ ਦੀ ਉਕਾ ਲੋੜ ਨਹੀਂ ਸੀ, ਪਰ ਗੱਡੀ ਦੀ ਟਿਕਟ ਲੈਣ ਲਈ ਅਸੀਂ ਦੌੜੇ ਦੌੜੇ ਰਜਿਸਟਰਾਰ ਆਫਿਸ ਵਿਚ ਗਏ, ਪਰ ਜਾਂਦਿਆਂ ਨੂੰ ਜਿਹੜੀ ਵੀ ਅਫਸਰ ਔਰਤ ਸੀ, ਉਹ ਲਿਪਸਟਿਕ ਲਾ ਕੇ ਘਰ ਜਾਣ ਨੂੰ ਤਿਆਰ ਖਲੋਤੀ ਹੋਈ ਸੀ, ਅਸਾਂ ਉਹਦੇ ਤਰਲੇ ਕੀਤੇ ਕਿ ਉਹ ਦੋ ਮਿੰਟ ਹੋਰ ਠਹਿਰ ਜਾਏ ਤੇ ਸਾਨੂੰ ਸਰਟੀਫਿਕੇਟ ਬਣਾ ਦੇਵੇ, ਪਰ ਉਹਨੇ ਦੋ ਮਿੰਟ ਠਹਿਰਨ ਤੋਂ ਨਾਂਹ ਕਰ ਦਿੱਤੀ, ਤੇ ਦਫਤਰ ਦਾ ਬੂਹਾ ਬੰਦ ਕਰ ਦਿੱਤਾ।

ਖੈਰ! ਕਾਗਜ਼ ਦਾ ਉਹ ਟੁਕੜਾ ਸਾਨੂੰ ਦੂਜੇ ਦਿਨ ਮਿਲ ਗਿਆ ਜੋ ਅਸਾਂ ਗਾਰਡ ਨੂੰ ਦਿਖਾ ਕੇ ਮਾਸਕੋ ਦੀ ਟਿਕਟ ਲੈ ਲਈ; ਤੇ ਅਜੀਬ ਗੱਲ ਹੋਈ ਕਿ ਕਾਗਜ਼ ਦਾ ਉਹ ਟੁਕੜਾ ਮਾਸਕੋ ਜਾ ਕੇ ਸਾਥੋਂ ਗੁਆਚ ਗਿਆ। ਪਿਛੋਂ 1950 ਵਿਚ ਮੁਕੱਦਮਿਆਂ ਦੀ ਕਾਰਵਾਈ ਵੇਲੇ ਮੈਨੂੰ ਕਚਹਿਰੀ ਵੱਲੋਂ ਮੈਂਡਲਸਟਾਮ ਦੀ ਕਾਨੂੰਨਨ ਬੀਵੀ ਮੰਨ ਲਿਆ ਗਿਆ ਸੀ...!

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਅਪਰੈਲ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-266



*ਅੱਖਾਂ ਮੀਟੀਆਂ ਗਿਆਨ ਦੇ ਚਾਨਣੇ ਤੋਂ, ਅੰਧ-ਵਿਸ਼ਵਾਸ਼ ਨੇ ਸੰਗਤਾਂ ਕੀਲੀਆਂ ਜੀ।*
*ਪੂਜੇ ਜਾਣ ਦਰਖਤ ਖੜ-ਸੁੱਕ ਜਿੱਥੇ, ਉਥੇ ਆਉਣੀਆਂ ਕਿੱਥੇ ਤਬਦੀਲੀਆਂ ਜੀ।*

### ਕੈਪਸ਼ਨ ਮੁਕਾਬਲਾ-264



ਭਾਵੇਂ ਢੋਲ ਹੈ ਵਿੱਤੋਂ ਵੱਡਾ
ਚਲੋ, ਫੇਰ ਵੀ ਡੱਗਾ ਲਾਵਾਂਗੇ।
ਭੁੱਖੇ ਢਿੱਡ ਨੂੰ ਭਰਨ ਦੀ ਖਾਤਰ
ਆਪਣੀ ਕਲਾ ਦਿਖਾਵਾਂਗੇ।
ਛਿੱਲੜ ਚਾਰ ਬਣਾ ਕੇ ਆਪਾਂ
ਕੁੱਝ ਪਲ ਤਾਂ ਮੌਜ਼ ਮਨਾਵਾਂਗੇ।

***-ਜਗਮੀਤ ਸਿੰਘ ਪੰਧੇਰ***

---

ਬੇਰੁਜ਼ਗਾਰੀ ਸਬਕ ਸਿਖਾਉਂਦੀ
ਪਿਤਾ-ਪੁਰਖੀ ਧੰਦਾ ਅਪਨਾਉਣ ਦਾ।
ਵੱਡਿਆਂ ਕੋਲ ਵਿਹਲ ਨਹੀਂ
ਬੱਚਿਆਂ 'ਚ ਜਨੂੰਨ ਢੋਲ ਵਜਾਉਣ ਦਾ।
ਵੱਧ ਆਬਾਦੀ, ਵਧ ਗਈਆਂ ਚੋਣਾਂ
ਕਦੀ ਜਿੱਤਾਂ ਦੇ ਰੋਜ਼ ਹੀ ਲੱਗਦੇ ਮੇਲੇ।
ਢੋਲ ਵਜਾਉਣ ਵਾਲਿਆਂ ਦੀ
ਨਿੱਤ ਹੀ ਕਾਟੋ ਫੁੱਲਾਂ 'ਤੇ ਖੇਲੇ।

***-ਅਮਰਜੀਤ ਸਿੰਘ ਤੂਰ***

---

ਝੁੱਗੀ-ਝੌਂਪੜੀ 'ਚੋਂ ਸਾਝਰੇ ਉਠ ਕੇ
ਚੱਲੇ ਬਾਜ਼ਾਰੀਂ ਚੁਗਣ ਇਹ ਚੋਗਾ।
ਖੇਡਣ-ਪੜ੍ਹਨ ਦੇ ਦਿਨ ਸਨ ਭਾਵੇਂ
ਨਾਲੇ ਬਚਪਨ ਗਾਉਣ ਨਹੀਂ ਜੋਗਾ।
ਪਰ ਪੇਟ ਨੂੰ ਝੁਲਕਾ ਪਾਵਣ ਖਾਤਰ
ਕਰਨਾ ਪਊ ਕੋਈ ਹੀਲਾ।
ਨਿੱਕੇ ਪੈਰ ਪਰ ਜ਼ਿੰਦਗੀ ਬਿਖੜਾ ਪੈਂਡਾ
ਸ਼ਾਇਦ ਢੋਲਕ ਹੀ ਬਣੂੰ ਵਸੀਲਾ।
ਕਿਉਂਕਿ ਕਾਣੀ ਵੰਡ ਉਲਝਾਈ ਤਾਣੀ
ਆਸ ਬਰਾਬਰੀ ਦੀ ਹੋਈ ਤੀਲਾ ਤੀਲਾ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਗਰੀਬ ਮਾਪੇ ਵੋਟਾਂ ਬਣਦੇ
ਨਾਅਰੇ ਬਣਦੇ ਬਾਲ-ਮਜਦੂਰ।
ਬਾਲ ਵਰੇਸੇ ਬਸਤਿਆਂ ਦੀ ਥਾਂ
ਗਲ ਢੋਲ ਪਾਉਣ ਲਈ ਮਜਬੂਰ।
ਗਲੀਂ-ਬਾਜ਼ਾਰੀਂ ਫਿਰਦਿਆਂ ਦਾ
ਕੋਈ ਰਸਤਾ ਖੁੱਲ੍ਹ ਜਾਊਗਾ।
ਇਸ ਵਜਾਏ ਢੋਲ ਦਾ
ਕਦੇ ਤਾਂ ਕੋਈ ਮੁੱਲ ਪਾਊਗਾ।

***-ਦਵਿੰਦਰ ਕੌਰ***

---

ਕੀ ਮਕਸਦ ਹੈ ਚੋਣਾਂ ਦਾ
ਅੱਕ ਗਏ ਉਡੀਕ ਉਡੀਕ
ਕੀਤੇ ਚੋਣਾਂ ਦੇ ਵਾਅਦਿਆਂ ਤੋਂ।
ਢੋਲ ਚੱਕ ਦੋਹਾਂ ਮਿੱਤਰਾਂ ਨੇ
ਲਾਇਆ ਡਗਾ ਐਸਾ ਦੋਸਾਂਝ ਕਲਾਂ
ਧਮਕ ਪੁੱਜੀ ਲੌਂਡੂਆਲ ਤੀਕ।
ਇਕੱਠੀ ਹੋ ਗਈ ਖਲਕਤ ਸਾਰੀ
ਧੁਰ ਅੰਦਰ ਝੰਜੋੜਨ ਲਈ ਆਵਾਜ਼
ਜਦ ਕੰਨੀਂ ਲੋਕਾਂ ਦੇ ਪਈ।

***-ਦਰਸ਼ਨਪਾਲ ਦੋਸਾਂਝ***

---

ਕਿਸੇ ਅੱਗੇ ਹੱਥ ਨਹੀਂ ਅੱਡਦੇ
ਵਜਾਉਂਦੇ ਅਸੀਂ ਢੋਲ।
ਕਿਸੇ ਦੀ ਮਰਜੀ ਕੁਝ ਦੇ ਦੇਵੇ
ਬੋਲੇ ਨਹੀਂ ਕਦੇ ਮੰਦੇ ਬੋਲ।

***-ਗੋਰਾ ਪ੍ਰਜਾਪਤ, ਨਿਊ ਯਾਰਕ***

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਵਿਆਹ ਵੇਲੇ ਦਾ ਗਿੱਧਾ ਤੇ ਜਾਗੋ

***ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਵਿਆਹ ਵੇਲੇ ਪਾਏ ਜਾਂਦੇ ਗਿੱਧੇ ਅਤੇ ਜਾਗੋ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਵਿਆਹ ਵਾਲੇ ਘਰ ਸੁਹਾਗ, ਘੋੜੀਆਂ ਅਤੇ ਗੀਤ ਗਾਉਂਦੀਆਂ ਪੰਜਾਬਣਾਂ ਨੂੰ ਜਵਾਨੀ ਦਾ ਜੋਸ਼ ਚੜ੍ਹਦਾ ਜਾਂਦਾ ਸੀ। ਪੱਬ ਹੌਲੀ-ਹੌਲੀ ਸਰਕਣ ਲੱਗਦੇ ਸਨ। ਚਾਵਾਂ ਦੀ ਪੀਂਘ ਬੋਲੀਆਂ ਦੇ ਹੁਲਾਰਿਆਂ ਨਾਲ ਅੰਬਰੀਂ ਚੜ੍ਹਦੀ ਸੀ। ਪੰਜਾਬੀ ਦੇ ਮਰਹੂਮ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਤ੍ਰਿੰਵਣ' ਵਿਚ ਗਿੱਧੇ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਕੋਈ ਤੁੰਬਦੀ ਹੈ ਕੋਈ ਕੱਤਦੀ ਹੈ,
ਕੋਈ ਪੀਂਹਦੀ ਹੈ ਕੋਈ ਛੜਦੀ ਹੈ।
ਕੋਈ ਸੀਊਂਦੀ ਕੋਈ ਪਰੋਂਦੀ ਹੈ,
ਕੋਈ ਵੇਲਾਂ ਬੂਟੇ ਕੱਢਦੀ ਹੈ।
ਪਿੱਪਲਾਂ ਦੀ ਛਾਵੇਂ ਪੀਂਘਾਂ ਨੂੰ,
ਕੁੱਦ-ਕੁੱਦ ਕੇ ਮਸਤੀ ਚੜ੍ਹਦੀ ਹੈ।
ਟੁੰਬਦਾ ਹੈ ਜੋਸ਼ ਜਵਾਨੀ ਨੂੰ,
ਇਕ ਛੱਡਦੀ ਹੈ ਇਕ ਫੜਦੀ ਹੈ।
ਜਦ ਰਾਤ ਚਾਨਣੀ ਖਿੜਦੀ ਹੈ,
ਕੋਈ ਰਾਗ ਇਲਾਹੀ ਛਿੜਦਾ ਹੈ।
ਗਿੱਧੇ ਨੂੰ ਲੋਹੜਾ ਆਉਂਦਾ ਹੈ,
ਜੋਬਨ ਤੇ ਬਿਰਹਾ ਭਿੜਦਾ ਹੈ।

ਇਹ ਕਹਿਣਾ ਕੋਈ ਅਤਿ-ਕਥਨੀ ਨਹੀਂ ਕਿ ਧਨੀ ਰਾਮ ਚਾਤ੍ਰਿਕ ਦੀਆਂ ਇਹ ਸਤਰਾਂ ਹਰ ਅਵਸਰ 'ਤੇ ਪਾਏ ਜਾਣ ਵਾਲੇ ਗਿੱਧੇ 'ਤੇ ਪੂਰੀਆਂ ਢੁੱਕਦੀਆਂ ਹਨ, ਕਿਉਂਕਿ ਗਿੱਧਾ ਜੋਬਨ ਤੇ ਬਿਰਹਾ ਦਾ ਭੇੜ ਵੀ ਹੁੰਦਾ ਹੈ। ਪੰਜਾਬ ਲੋਕ ਰੰਗ



ਦੇ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਦੇ ਕਹਿਣ ਅਨੁਸਾਰ, "ਗਿੱਧੇ ਦੀਆਂ ਬੋਲੀਆਂ ਵਿਚ ਔਰਤ ਆਪਣੇ ਗਹਿਣਿਆਂ, ਕੱਪੜਿਆਂ, ਆਪਣੀ ਪਸੰਦ, ਨਾ-ਪਸੰਦ, ਹੁਸਨ ਅਤੇ ਦੁੱਖ਼-ਸੁੱਖ ਦਾ ਪ੍ਰਗਟਾਵਾ ਕਰਦੀ ਹੈ। ਗੱਲ ਕੀ, ਪੰਜਾਬ ਦੀ ਔਰਤ ਨੂੰ ਜਾਣਨਾ ਹੋਵੇ ਤਾਂ ਤੁਸੀਂ ਗਿੱਧੇ ਦੀਆਂ ਬੋਲੀਆਂ ਨੂੰ ਪੜ੍ਹ ਲਓ।"

ਪਹਿਲਾਂ ਪਹਿਲ ਵਿਆਹ ਵਾਲੇ ਘਰ ਗਾਉਣ ਤੋਂ ਬਾਅਦ ਅਤੇ ਹਰ ਰਸਮ ਤੋਂ ਬਾਅਦ ਗਿੱਧਾ ਸਿਰਫ਼ ਮੁੰਡੇ ਵਾਲੇ ਘਰ ਹੀ ਪੈਂਦਾ ਸੀ। ਇਸ ਦੇ ਉਲਟ ਕੁੜੀ ਵਾਲੇ ਘਰ ਉਦਾਸੀ ਹੁੰਦੀ ਸੀ। ਸੁਹਾਗ ਗਾਉਂਦੇ ਸਮੇਂ ਕਈ ਵਾਰੀ ਮਾਂ, ਚਾਚੀਆਂ, ਤਾਈਆਂ ਆਦਿ ਰੋ ਪੈਂਦੀਆਂ ਸਨ। ਅੱਜ ਕੱਲ੍ਹ ਗਿੱਧਾ ਦੋਵੀਂ ਘਰੀਂ ਬਰਾਬਰ ਪੈਂਦਾ ਹੈ।

**ਜਾਗੋ**

ਪਹਿਲੇ ਸਮੇਂ ਵਿਚ ਇਹ ਗਿੱਧਾ ਜਾਗੋ ਤੋਂ ਹੀ ਸ਼ੁਰੂ ਹੁੰਦਾ ਸੀ। ਗਿੱਧੇ ਤੋਂ ਪਹਿਲਾਂ ਰਾਤ ਨੂੰ ਜਾਗੋ ਕੱਢੀ ਜਾਂਦੀ ਸੀ। ਇਸ ਰਸਮ ਵਿਚ ਵੀ ਨਾਨਕਾ ਮੇਲ਼ ਅੱਗੇ ਹੁੰਦਾ ਸੀ। ਨਾਨਕੀਆਂ ਅਤੇ ਦਾਦਕੀਆਂ ਜਾਗੋ ਕੱਢਦੀਆਂ, ਤੁਰੀਆਂ ਜਾਂਦੀਆਂ ਗਾਉਂਦੀਆਂ ਹੋਈਆਂ ਪਿੰਡ ਦੇ ਲੋਕਾਂ ਦੇ ਬੂਹੇ ਖੜਕਾ ਕੇ ਸੁੱਤਿਆਂ ਨੂੰ ਜਗਾ ਕੇ ਜਾਂਦੀਆਂ ਸਨ। ਅੱਜ ਵੀ ਪਿੰਡਾਂ ਵਿਚ ਜਾਗੋ ਕੱਢੀ ਜਾਂਦੀ ਹੈ। ਗਾਗਰ ਦੇ ਗਲਵੇਂ ਤੇ ਪਲੇਟ ਰੱਖ ਕੇ ਉਸ ਵਿਚ ਆਟੇ ਦੇ ਦੀਵੇ ਜਗਾ ਕੇ ਇਕ ਜਣੀ ਸਿਰ ਉਤੇ ਚੁੱਕਦੀ ਹੈ ਅਤੇ ਬਾਕੀ ਦੀਆਂ ਨਾਲ਼-ਨਾਲ਼ ਗਾਉਂਦੀਆਂ ਤੁਰੀਆਂ ਜਾਂਦੀਆਂ ਹਨ (ਹੁਣ ਜਾਗੋ ਦੁਕਾਨਾਂ 'ਤੇ ਬਣੀ ਬਣਾਈ ਮਿਲ ਰਹੀ ਹੈ)। ਪਰਦੇਸਾਂ ਵਿਚ ਜਾਗੋ ਬੈਂਕੁਏਟ ਹਾਲ ਜਾਂ ਰੈਸਟੋਰੈਂਟਾਂ ਵਿਚ ਕੱਢੀ ਜਾਂਦੀ ਹੈ।

ਲੰਬੜਾ ਜ਼ੋਰੋ ਜਗਾ ਲੈ ਵੇ,
ਜਾਗੋ ਆਈ ਆ।
ਪੰਚਾ ਜ਼ੋਰੋ ਜਗਾ ਲੈ ਵੇ ਜਾਗੋ ਆਈ ਆ।
ਪ੍ਰੀਤਾਂ ਪਾ ਲੈ, ਪਿਆਰ ਨਿਭਾ ਲੈ,
ਆਈ ਨੂੰ ਗਲ਼ ਨਾਲ ਲਾ ਲੈ ਬਈ,
ਹੁਣ ਜਾਗੋ ਆਈ ਆ।
ਸ਼ਾਵਾ ਬਈ ਹੁਣ ਜਾਗੋ ਆਈ ਆ।
ਬੱਲੇ ਬਈ ਹੁਣ ਜਾਗੋ ਆਈ ਆ।
ਮਾਮਾ ਮਾਮੀ ਜਗਾ ਲੈ ਵੇ,
ਜਾਗੋ ਆਈ ਆ।
ਉਠ ਨੀ ਮਾਮੀ ਚੁੱਕ ਲੈ ਜਾਗੋ,
ਧਰ ਲੈ ਸਿਰ ਤੇ।
ਪਿੰਡ ਵਿਚ ਦਈਏ ਗੇੜਾ,
ਨੀ ਲੰਬੜਾਂ ਦੇ ਮੇਲ ਆ ਗਿਆ।
ਮੇਲੋਂ ਵੱਖਰਾ ਨਖ਼ਰਾ ਨੀ ਮਾਮੀ ਤੇਰਾ।
ਨੀ ਲੰਬੜਾਂ ਦੇ ਮੇਲ ਆ ਗਿਆ।

ਜਾਗੋ ਕੱਢਣੀ ਮਾਮੀਏ ਛੱਡ ਨਖ਼ਰਾ,
ਦੱਸ ਮੇਰਾ ਤੇਰਾ, ਤੇਰਾ ਮੇਰਾ ਕੀ ਝਗੜਾ।

ਉਪਰੋਕਤ ਗੀਤ ਗਾਉਂਦੇ ਹੋਏ ਜਾਗੋ ਨੂੰ ਵਾਰੀ-ਵਾਰੀ ਸਿਰ ਉਪਰ ਚੁੱਕ ਕੇ ਪਿੰਡ ਵਿਚ ਘੁਮਾਇਆ ਜਾਂਦਾ ਸੀ। ਜਾਗੋ ਨੂੰ ਪਿੰਡ ਵਿਚ ਘੁਮਾਉਣ ਤੋਂ ਬਾਅਦ ਵਿਆਹ ਵਾਲੇ ਘਰ ਪੁੱਜ ਕੇ ਮੇਲਣਾਂ ਚੱਕਰ ਬਣਾ ਕੇ ਖੜ੍ਹਦੀਆਂ ਸਨ। ਦੋ ਜਣੀਆਂ ਵਿਚਕਾਰ ਬੋਲੀਆਂ ਪਾ ਕੇ ਨੱਚਦੀਆਂ ਹੋਈਆਂ ਆਪਣੀ ਕਲਾ ਦੇ ਜੌਹਰ ਦਿਖਾਉਂਦੀਆਂ ਸਨ। ਇਕ ਜਣੀ ਪਰਾਤ ਦੀ ਢੋਲਕੀ ਵਜਾਉਣ ਲੱਗਦੀ ਸੀ। ਗਿੱਧਾ ਪੰਜਾਬਣਾਂ ਦਾ ਮਨ-ਭਾਉਂਦਾ ਨਾਚ ਹੀ ਨਹੀਂ ਸਗੋਂ ਸਰੀਰਕ ਕਸਰਤ ਵੀ ਸੀ। ਆਪਣੀਆਂ ਸਰੀਰਕ ਮੁਦਰਾਵਾਂ ਵਰਤ ਕੇ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਵੀ ਖੁੱਲ੍ਹ ਕੇ ਕਰਦੀਆਂ ਸਨ।

ਇਸ ਗਿੱਧੇ ਵਿਚ ਬੋਲੀਆਂ ਪਾਈਆਂ ਜਾਂਦੀਆਂ ਸਨ। ਬੋਲੀਆਂ ਸਮੂਹਿਕ ਰੂਪ ਵਿਚ ਗਾਇਆ ਜਾਣ ਵਾਲਾ ਲੋਕ ਕਾਵਿ ਹੈ। ਇਹ ਬੋਲੀਆਂ ਸਿਰਫ਼ ਮਨ-ਪ੍ਰਚਾਵਾ ਹੀ ਨਹੀਂ ਕਰਦੀਆਂ ਸਗੋਂ ਥੋੜ੍ਹੇ ਜਿਹੇ ਸ਼ਬਦਾਂ ਵਿਚ ਔਰਤ ਦੀ ਮਨੋ-ਅਵਸਥਾ ਵੀ ਬਾ-ਖ਼ੂਬੀ ਬਿਆਨ ਕਰਦੀਆਂ ਹਨ। ਬੋਲੀਆਂ ਦੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਹੁੰਦੀ ਹੈ ਅਤੇ ਇਹ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੀਆਂ ਹਨ। ਬੋਲੀਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ; ਛੋਟੀਆਂ ਬੋਲੀਆਂ ਅਤੇ ਲੰਮੀਆਂ ਬੋਲੀਆਂ। ਛੋਟੀਆਂ ਬੋਲੀਆਂ ਦੀ ਤੁਕ ਇਕਹਰੀ ਵੀ ਹੁੰਦੀ ਹੈ ਅਤੇ ਇਹ ਬੋਲੀਆਂ ਦੁਹਰੀ ਤੁਕ ਵਿਚ ਵੀ ਮਿਲਦੀਆਂ ਹਨ।

ਪਹਿਲਾਂ ਪਹਿਲ ਜਦੋਂ ਗਿੱਧਾ ਸ਼ੁਰੂ ਹੁੰਦਾ ਸੀ ਤਾਂ ਇਹ ਬੋਲੀਆਂ ਮੁਟਿਆਰਾਂ ਦੇ ਚੇਤਿਆਂ ਦੇ ਅੰਬਰ ਤੋਂ ਸਾਉਣ ਦੀ ਝੜੀ ਬਣ ਕੇ ਵਰ੍ਹਦੀਆਂ ਸਨ। ਇਹ ਭਾਦੋਂ ਦੇ ਛਰਾਟਿਆਂ ਵਾਂਗ ਵੀ ਡਿੱਗਦੀਆਂ ਸਨ। ਬੋਲੀ ਪਾ ਰਹੀ ਹਰ ਮੁਟਿਆਰ ਦੀ ਬੋਲੀ ਤੋਂ ਉਸ ਦੀ ਮਾਨਸਿਕ ਅਵਸਥਾ ਦਾ ਅਨੁਮਾਨ ਸਹਿਜੇ ਹੀ ਲੱਗ ਜਾਂਦਾ ਸੀ। ਇੱਕ ਤੋਂ ਬਾਅਦ ਇਕ ਬੋਲੀ ਪਾਉਂਦੀਆਂ ਮੁਟਿਆਰਾਂ ਲੋੜ ਮੁਤਾਬਿਕ ਗਿੱਧੇ ਵਿਚ ਪੈਂਦੀਆਂ ਬੋਲੀਆਂ ਦਾ ਵਿਸ਼ਾ ਬਦਲਣ ਲਈ ਆਪਣਾ ਰਾਹ ਆਪ ਲੱਭ ਲੈਂਦੀਆਂ ਸਨ। ਇਸ ਕਰ ਕੇ ਮੈਂ ਇਨ੍ਹਾਂ ਬੋਲੀਆਂ ਨੂੰ ਕਿਸੇ ਤਰਤੀਬ ਵਿਚ ਨਹੀਂ ਬੰਨ੍ਹ ਰਹੀ।

ਅੱਜ ਕਲ੍ਹ ਇਹ ਗਿੱਧਾ ਬਹੁਤ ਘੱਟ ਪੈਂਦਾ ਹੈ। ਇਸ ਦੀ ਥਾਂ ਸਟੇਜੀ ਗਿੱਧਾ ਸਿਰ ਕੱਢ ਰਿਹਾ ਹੈ। ਇਸ ਦਾ ਕਾਰਨ ਨਵੀਂ ਪੀੜ੍ਹੀ ਦਾ ਆਪਣੀ ਬੋਲੀ ਅਤੇ ਭਾਸ਼ਾ ਤੇ ਮੁਹਾਰਤ ਨਾ ਹੋਣਾ ਕਿਹਾ ਜਾ ਸਕਦਾ ਹੈ।

ਵਿਹੜਾ ਭਰਿਆ ਸ਼ਗਨਾ ਦਾ ਵਿਹੜਾ ਨੀ,
ਵਿਹੜਾ ਭਰਿਆ ਸ਼ਗਨਾ ਦਾ ਵਿਹੜਾ ਨੀ।

ਵਧਾਈਆਂ ਬੇਬੇ ਤੈਨੂੰ ਵਧਾਈਆਂ ਨੀ,
ਵਧਾਈਆਂ ਤੇਰੇ ਆਰ ਨੂੰ ਪਰਿਵਾਰ ਨੂੰ।
ਤੇਰੇ ਬਾਪ ਵੱਡੇ ਸਰਦਾਰ ਨੂੰ,
ਜਿਨ ਰੱਖਿਆ ਤੇਰਾ ਨਾਂ।
ਵਧਾਈਆਂ ਬੇਬੇ ਤੈਨੂੰ ਵਧਾਈਆਂ ਨੀ।

ਧਾਈਆਂ-ਧਾਈਆਂ-ਧਾਈਆਂ,
ਨੀ ਅੱਜ ਘਰ ਬਾਬਲ ਦੇ,
ਲਾਗੀ ਦੇਣ ਵਧਾਈਆਂ।

ਛੋਲੇ-ਛੋਲੇ-ਛੋਲੇ,
ਨੀ ਅੱਜ ਮੇਰੇ ਵੀਰੇ ਦੇ,
ਕੌਣ ਬਰਾਬਰ ਬੋਲੇ।
ਊਰੀ-ਊਰੀ-ਊਰੀ,
ਇਹ ਦਿਨ ਸ਼ਗਨਾਂ ਦੇ,
ਨੱਚ-ਨੱਚ ਹੋ ਜਾ ਦੂਹਰੀ।

ਹਰਿਆ ਹਰਿਆ ਘਾਹ,
ਮੁੰਡੇ ਦੀ ਬੇਬੇ ਨੂੰ,
ਗੋਡੇ ਗੋਡੇ ਚਾਅ।

ਪੋਣੇ-ਪੋਣੇ-ਪੋਣੇ,
ਇਹ ਦਿਨ ਖ਼ੁਸ਼ੀਆਂ ਦੇ,
ਰੋਜ਼ ਰੋਜ਼ ਨਹੀਂ ਆਉਣੇ।

ਮਾਸੀ ਕੁੜੀ ਦਾ ਸ਼ਾਲ ਮੋਤੀਆਂ ਵਾਲਾ,
ਉਤੇ ਨਾਭਾ ਤੇ ਪਟਿਆਲਾ।
ਪਰ੍ਹਾਂ ਨੂੰ ਹੋ ਲਾ ਲੰਘ ਜਾਣ ਦੇ,
ਤੂੰ ਤਾਂ ਰਾਹ ਹੀ ਰੋਕ ਲਿਆ ਸਾਰਾ।

ਪਹਿਲਾਂ ਤਾਂ ਨੱਚੂ ਮਾਮੀ ਮੁੰਡੇ ਦੀ,
ਫੇਰ ਮਾਸੀ ਨਰੈਣਾਂ।
ਨੀ ਨੱਚ ਲੈ ਕਬੂਤਰੀਏ,
ਰੋਜ਼ ਮੇਲ਼ ਨੀ ਰਹਿਣਾ।

ਮਾਮੀ ਨੱਚੀ ਮਾਸੀ ਨੱਚੀ,
ਨਾਲੇ ਗੁਆਂਢਣ ਬੁੱਢੀ।
ਜਾਗੋ ਨੂੰ ਸਿਰ ਤੇ ਚੁੱਕ ਕੇ,
ਪਾਈ ਮੇਲਣਾਂ ਲੁੱਡੀ।

ਗਲੀ ਗਲੀ ਵਣਜਾਰਾ ਫ਼ਿਰਦਾ,
ਸ਼ੀਸ਼ਾ ਲੈ ਲਓ ਸੁਰਮਾ ਲੈ ਲਓ।
ਮਾਸੀ ਨਖ਼ਰੋ ਲੈਣ ਲੱਗੀ,
ਵੇਖ ਕਬੱਡੀ ਪੈਣ ਲੱਗੀ।
ਕੌਡੀ-ਕੌਡੀ-ਕੌਡੀ...
ਸਿੰਘਾ ਵੇ ਤੇਰੇ ਨਾਨਕੀਂ,
ਮੈਂ ਕੌਡੀ ਵੇਖਣ ਜਾਣਾ।

ਜੇ ਮੁੰਡਿਆ ਵੇ ਮੈਨੂੰ ਨਾਲ ਲੈ ਜਾਣਾ,
ਮਾਂ ਦਾ ਡਰ ਤੂੰ ਛੱਡ ਮੁੰਡਿਆ,
ਮੈਨੂੰ ਰੇਸ਼ਮੀ ਰੁਮਾਲ ਵਾਂਗੂੰ ਰੱਖ ਮੁੰਡਿਆ।

ਕੰਨਾਂ ਨੂੰ ਚੰਨਣ ਸਿਆਂ ਝੁਮਕੇ ਕਰਾਦੇ,
ਨੱਕ ਵਿਚ ਸੱਤ ਰੰਗਾ ਲੌਂਗ ਪੁਆ ਦੇ।
ਪਾ ਕੇ ਗ਼ਲੀਓ ਗ਼ਲੀ ਚਮਕਾਊਂਗੀ,
ਗੁਣ ਤੇਰੇ ਮੈਂ ਚੰਨਣ ਸਿਆਂ ਗਾਊਂਗੀ।

ਪੈਸਾ ਨਾ ਵਾਰਦਾ, ਧੇਲਾ ਨਾ ਵਾਰਦਾ।
ਝੂਠ-ਮੂਠ ਬੋਲੇ, ਐਵੇਂ ਗੱਪਾਂ 'ਨਾ ਸਾਰਦਾ।
ਬਠਿੰਡੇ ਵਾਲਾ ਜੀਜਾ,
ਫੜ੍ਹਾਂ ਫ਼ੋਕੀਆਂ ਮਾਰਦਾ।

ਮੁੱਛਾਂ ਕੁੰਡੀਆਂ ਕਰਾ ਕੇ,
ਜੁੱਤੀ ਤਿੱਲੇ ਵਾਲੀ ਪਾ ਕੇ।
ਜਦੋਂ ਖੜ੍ਹਦਾ ਮੋੜ ਤੇ ਬਣ ਠਣ ਕੇ,
ਤੈਨੂੰ ਪੱਟਣਾ ਵੇ ਮੁੰਡਿਆ ਪਟੋਲਾ ਬਣ ਕੇ।

ਸਿਰਾਂ ਉਤੇ ਸੱਗੀ ਫ਼ੁੱਲ
ਲਹਿੰਗੇ ਫ਼ੁਲਕਾਰੀਆਂ।
ਹੱਥਾਂ ਵਿਚ ਪੱਖੀਆਂ ਸ਼ੂਕਦੀਆਂ,
ਜਿਵੇਂ ਬਾਗੀਂ ਕੋਇਲਾਂ ਕੂਕਦੀਆਂ।

ਆਪ ਤਾਂ ਜਾਂਦਾ ਸੜਕੋ-ਸੜਕੇ,
ਮੈਨੂੰ ਕਹਿੰਦਾ ਨਹਿਰੋ ਨਹਿਰ,
ਹਾਏ ਸੜ ਗਏ ਨਖ਼ਰੋ ਦੇ ਪੈਰ।

ਉਚਾ ਲੰਮਾ ਨੀ ਮੁੰਡਾ ਤੁਰਦਾ ਝੂਮ ਕੇ,
ਮਧਰੇ ਦੀ ਹਿੱਕ ਤੇ ਕਟਾਰੀ ਵੱਜਦੀ,
ਨੀ ਮੈਨੂੰ ਮਧਰੇ ਦੀ ਤੋਰ ਪਿਆਰੀ ਲੱਗਦੀ।

ਮਾਮੀਆਂ ਵੀ ਨੱਚੀਆਂ
ਤੇ ਮਾਸੀਆਂ ਵੀ ਨੱਚੀਆਂ,
ਅੱਗ ਦੇ ਭਬੂਕੇ ਵਾਂਗੂ
ਸਾਰੀਆਂ ਹੀ ਮੱਚੀਆਂ।
ਨੱਚ ਨੱਚ ਪੁੱਟ ਦਿੱਤਾ ਵਿਹੜਾ ਕੁੜੀਓ,
ਅੱਜ ਰੋਕ ਲਊ ਇਨ੍ਹਾਂ ਨੂੰ ਕਿਹੜਾ ਕੁੜੀਓ।

ਕੋਈ ਵੇਚੇ ਸੁੰਢ 'ਜਵੈਣ,
ਕੋਈ ਵੇਚੇ ਰਾਈ।
ਪੀਤਾ ਆਪਣੀ ਜ਼ੋਰੂ ਵੇਚੇ,
ਟਕੇ ਟਕੇ ਸਰਸਾਈ।
ਖ਼ਬਰਦਾਰ ਰਹਿਣਾ ਜੀ,
ਚੌਂਕੀ ਹਾਕਮਾਂ ਦੀ ਆਈ।

ਸੁਣ ਨੀ ਚਾਚੀਏ, ਸੁਣ ਨੀ ਤਾਈਏ,
ਸੁਣ ਵੱਡੀਏ ਭਰਜਾਈਏ।
ਰੋਟੀ ਦਾਲ ਬਿਨਾਂ ਨਾ ਖਾਈਏ,
ਪੇਕੇ ਵੀਰ ਬਿਨਾ ਨਾ ਆਈਏ।
ਸਹੁਰੇ ਕੰਤ ਬਿਨਾ ਨਾ ਜਾਈਏ,
ਰੰਗ ਦੇ ਕਾਲੇ ਨੂੰ।
ਮੋਗਿਓਂ ਕਲੀ ਕਰਾਈਏ...

ਦੋ ਪਿੱਤਲ ਦੇ ਕੁੰਡੇ, ਦੋ ਲੋਹੇ ਦੇ ਕੁੰਡੇ।
ਟੁੱਟ ਪੈਣੀ ਅਮਰੀਕਾ,
ਲੈ ਗਈ ਛਾਂਟ ਕੇ ਮੁੰਡੇ।
ਕਦੋਂ ਆਉਣਗੇ ਰੱਬਾ,
ਵੇ ਸਾਡੇ ਹਾਣ ਦੇ ਮੁੰਡੇ।



ਸੁਣ ਵੇ ਦਿਓਰਾ ਛਮਲੇ ਵਾਲਿਆ,
ਲੱਗੇਂ ਜਾਨ ਤੋਂ ਮਹਿੰਗਾ।
ਵੇ ਲੈ ਜਾ ਮੇਰਾ ਲੱਕ ਮਿਣ ਕੇ,
ਮੇਲੇ ਗਿਆ ਤਾਂ ਲਿਆ ਦਈਂ ਲਹਿੰਗਾ।

ਸੁਣ ਨੀ ਭਾਬੀ ਨਖ਼ਰੇ ਵਾਲੀਏ,
ਤੇਰੇ ਤੋਂ ਕੀ ਮਹਿੰਗਾ।
ਨੀ ਤੇਰੇ ਅੱਗੇ ਥਾਨ ਸੁੱਟਿਆ,
ਭਾਵੇਂ ਸੁੱਥਣ ਸੰਵਾ ਲੈ ਭਾਵੇਂ ਲਹਿੰਗਾ।

ਦਿਓਰ ਤਾਂ ਭਾਬੀ ਰੋਟੀ ਖਾਂਦੇ,
ਉਤੋਂ ਪੀ ਲਈ ਲੱਸੀ।
ਦਿਓਰ ਦੇ ਢਿੱਡ ਪੀੜ,
ਹਾਏ ਭਾਬੀ ਦੀ ਵੱਖੀ।

ਵੜੀਆਂ ਵੜੀਆਂ ਵੜੀਆਂ,
ਵਿਚ ਕਚਿਹਰੀ ਦੇ,
ਭੂਆ ਭਤੀਜੀ ਲੜੀਆਂ।

ਚੱਲ ਵੇ ਦਿਓਰਾ ਪੱਠਿਆਂ ਨੂੰ ਚੱਲੀਏ,
ਭਰੀ ਲਿਆਈਏ ਆਗਾਂ ਦੀ।
ਇਹ ਜੋੜੀ ਏ,
ਜੋੜੀ ਆਸ਼ਕ ਨਾਗ਼ਾਂ ਦੀ।

ਜਾਂ ਦਿਓਰਾ ਤੂੰ ਕੰਧ ਕਢਵਾ ਲੈ,
ਜਾਂ ਹੋ ਜਾ ਤੂੰ ਅੱਡ ਵੇ,
ਮੈਂ ਬੁਰੀ ਕਰਾਂਗੀ
ਆਕੜ ਕੇ ਨਾ ਲੰਘ ਵੇ।

ਨਾ ਭਾਬੀ ਮੈਂ ਵਿਆਹ ਕਰਵਾਉਣਾ,
ਨਾ ਕਢਵਾਉਣੀ ਕੰਧ ਨੀ।
ਤੇਰੀ ਭਰੀ ਜਵਾਨੀ,
ਆਊ ਦਿਓਰ ਦੇ ਕੰਮ ਨੀ।

ਸੱਸ ਮੇਰੀ ਦੇ ਮਾਤਾ ਨਿਕਲੀ,
ਨਿਕਲੀ ਕੋਈ ਕੋਈ ਦਾਣਾ।
ਮਾਤਾ ਮਿਹਰ ਕਰੀਂ,
ਮੈਂ ਪੂਜਣ ਨਹੀਂ ਜਾਣਾ।

ਸੱਸ ਮੇਰੀ ਦੇ ਮਾਤਾ ਨਿਕਲੀ,
ਮਾਤਾ ਨਿਕਲੀ ਕਾਲੀ।
ਸਹੁਰਾ ਮੇਰਾ ਪੂਜਣ ਚੱਲਿਆ,
ਲੈ ਕੇ ਲਾਲ ਫ਼ੁਲਕਾਰੀ।
ਜੋਤ ਜਗਾਉਂਦੇ ਨੇ,
ਦਾੜ੍ਹੀ ਫੂਕ ਲਈ ਸਾਰੀ।

ਲੱਪ-ਲੱਪ ਸੋਨੇ ਦੀਆਂ
ਡੰਡੀਆਂ ਘੜਾਉਂਨੀ ਆਂ,
ਨੱਕ ਨੂੰ ਘੜਾਉਂਨੀ ਆਂ ਮੈਂ
ਤੀਲ ਬੀਬੀ ਨਣਦੇ,
ਸਾਨੂੰ ਆਂ ਪਸੰਦ ਤੇਰਾ ਵੀਰ ਬੀਬੀ ਨਣਦੇ।

ਨਵੀਂ ਬਹੂ ਮੁਕਲਾਵੇ ਆਈ,
ਆਈ ਸਰੂ ਦਾ ਫ਼ੁੱਲ ਬਣ ਕੇ।
ਗਲ ਉਹਦੇ ਵਿਚ ਗ਼ਾਨੀ ਸੋਂਹਦੀ,
ਬਾਹੀਂ ਚੂੜਾ ਛਣਕੇ।
ਰੂਪ ਉਹਨੂੰ ਰੱਬ ਨੇ ਦਿੱਤਾ,
ਉਹ ਨੱਚਦੀ ਪਟੋਲਾ ਬਣ ਕੇ।

ਬੱਲੇ ਬੱਲੇ ਬਈ ਪੇਕੇ ਭੈਣਾਂ-ਭੈਣਾਂ ਨੱਚੀਏ,
ਸਹੁਰੇ ਨੱਚੀਏ ਦਰਾਣੀਆਂ ਜਠਾਣੀਆਂ।

ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਲੋਕ ਗੀਤ, ਟੱਪੇ ਅਤੇ ਲੋਕ-ਕਾਵਿ ਦੇ ਹੋਰ ਰੂਪ ਹਨ ਜਿਹੜੇ ਅਜਿਹੇ ਮੌਕਿਆਂ ਉਤੇ ਗਾਏ ਜਾਂਦੇ ਹਨ। ਇਨ੍ਹਾਂ ਨਾਲ ਵਿਆਹ ਵਾਲਾ ਪਿੜ ਖ਼ੂਬ ਬੱਝ ਜਾਂਦਾ ਹੈ ਅਤੇ ਵਿਹੜਾ ਸਜ ਜਾਂਦਾ ਹੈ। ਹਰ ਪਾਸੇ ਖ਼ੁਸ਼ੀਆਂ ਤੇ ਖੇੜੇ ਲੁੱਡੀਆਂ ਪਾਉਂਦੇ ਜਾਪਦੇ ਹਨ।

# ਬਰਤਾਨੀਆ 'ਚ ਦਾਖਲੇ ਲਈ ਸਿੱਖਾਂ ਦੇ ਪਾਸਪੋਰਟਾਂ ਦੀ ਦੁਰਵਰਤੋਂ

## ਪੁਲਿਸ ਵੱਲੋਂ ਗਰੋਹ ਦਾ ਪਰਦਾਫਾਸ਼, ਤਿੰਨ ਸਿੱਖਾਂ ਨੇ ਦੋਸ਼ ਕਬੂਲੇ

**ਲੰਡਨ:** ਬਰਤਾਨੀਆ ਪੁਲਿਸ ਮੁਤਾਬਕ ਸੈਂਕੜੇ ਅਫਗਾਨ ਸ਼ਰਨਾਰਥੀ ਬ੍ਰਿਟਿਸ਼ ਸਿੱਖਾਂ ਦੇ ਪਾਸਪੋਰਟ ਦੀ ਦੁਰਵਰਤੋਂ ਕਰ ਕੇ ਯੂ.ਕੇ. ਵਿਚ ਦਾਖਲ ਹੁੰਦੇ ਹਨ। ਪੁਲਿਸ ਨੇ ਅਜਿਹੇ ਗਰੋਹ ਦਾ ਪਰਦਾਫਾਸ਼ ਕੀਤਾ ਹੈ, ਜੋ ਸਿੱਖਾਂ ਦੇ ਪਾਸਪੋਰਟ ਦੀ ਦੁਰਵਰਤੋਂ ਕਰ ਕੇ ਕਈ ਅਫਗਾਨ ਨਾਗਰਿਕਾਂ ਨੂੰ ਬਰਤਾਨੀਆ ਲਿਆਉਂਦੇ ਸਨ।

ਇਸ ਮਾਮਲੇ ਵਿਚ ਦਲਜੀਤ ਕਪੂਰ, ਹਰਮਿਤ ਕਪੂਰ ਤੇ ਦਵਿੰਦਰ ਚਾਵਲਾ ਨਾਂ ਦੇ ਤਿੰਨ ਅਫਗਾਨੀ ਸਿੱਖਾਂ ਵਿਰੁੱਧ ਲੰਡਨ ਕਰਾਊਨ ਕੋਰਟ 'ਚ ਮੁਕੱਦਮੇ ਦੀ ਸੁਣਵਾਈ ਹੋਈ, ਜਿਨ੍ਹਾਂ ਨੇ ਆਪਣਾ ਦੋਸ਼ ਕਬੂਲ ਵੀ ਕਰ ਲਿਆ। ਇਨ੍ਹਾਂ ਦੋਸ਼ੀਆਂ ਨੂੰ ਅਗਲੇ ਮਹੀਨੇ ਸਜ਼ਾ ਸੁਣਾਈ ਜਾਵੇਗੀ। ਦੋਸ਼ੀਆਂ ਨੇ ਖੁਦ ਮੰਨਿਆ ਹੈ ਕਿ ਉਹ ਜੰਗਗ੍ਰਸਤ ਇਲਾਕੇ 'ਚ ਫਸੇ ਸਿੱਖਾਂ ਨੂੰ ਬ੍ਰਿਟੇਨ ਲਿਆਉਣ ਲਈ ਪਾਸਪੋਰਟ ਮੁਹੱਈਆ ਕਰਵਾਉਂਦੇ ਸਨ। ਫਿਰ ਉਸੇ ਪਾਸਪੋਰਟ 'ਤੇ ਮੁੜ ਅਫਗਾਨੀ ਨਾਗਰਿਕਾਂ ਨੂੰ ਬ੍ਰਿਟੇਨ ਲਿਆਂਦੇ ਸਨ।

ਦੱਸਿਆ ਜਾ ਰਿਹਾ ਹੈ ਕਿ ਇਸ ਜਾਅਲਸਾਜ਼ੀ ਲਈ ਹਰ ਪਰਿਵਾਰ ਨੇ ਇਨ੍ਹਾਂ ਤਿੰਨਾਂ ਨੂੰ 12 ਹਜ਼ਾਰ ਪੌਂਡ ਦਾ ਭੁਗਤਾਨ ਕੀਤਾ ਸੀ। ਗਰੋਹ ਦਾ ਇਕ ਮੈਂਬਰ ਸ਼ਰਨਾਰਥੀਆਂ ਦੇ ਪਰਿਵਾਰ ਦੇ ਮੈਂਬਰਾਂ ਕੋਲ ਅਸਲ ਪਾਸਪੋਰਟ ਲੈ ਕੇ ਜਾਂਦਾ ਸੀ। ਉਨ੍ਹਾਂ ਵਿਅਕਤੀਆਂ, ਔਰਤਾਂ ਤੇ ਬੱਚਿਆਂ ਨੂੰ ਸੌਂਪ ਦਿੰਦਾ ਸੀ ਤਾਂ ਜੋ ਉਹ ਹਵਾਈ ਅੱਡੇ ਦੀ ਸੁਰੱਖਿਆ ਕੋਲੋਂ ਆਸਾਨੀ ਨਾਲ ਨਿਕਲ ਸਕਣ। ਸ਼ਰਨਾਰਥੀਆਂ ਦੇ ਸੁਰੱਖਿਅਤ ਤਰੀਕੇ ਨਾਲ ਦੇਸ਼ 'ਚ ਪਹੁੰਚਣ ਤੋਂ ਬਾਅਦ ਗੈਂਗ ਮੈਂਬਰ ਪਾਸਪੋਰਟ ਲੈ ਲੈਂਦੇ ਸਨ ਤੇ ਉਸ ਨੂੰ ਦੁਬਾਰਾ ਨਵੇਂ ਸਮੂਹਾਂ ਅਤੇ ਪਰਿਵਾਰਾਂ ਨੂੰ ਲੰਡਨ ਲਿਆਉਣ ਲਈ ਵਰਤਦੇ ਸਨ।

ਅਧਿਕਾਰੀਆਂ ਦਾ ਮੰਨਣਾ ਹੈ ਕਿ ਲੰਡਨ 'ਚ ਅਜਿਹੇ ਸੈਂਕੜੇ ਲੋਕ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋ ਚੁੱਕੇ ਹੋਣਗੇ ਕਿਉਂਕਿ ਇਹ ਘੁਟਾਲਾ ਕਈ ਸਾਲਾਂ ਤੋਂ ਚੱਲ ਰਿਹਾ ਸੀ। ਇਸ ਬਾਰੇ ਹਾਲੇ ਤੱਕ ਕਿਸੇ ਨੂੰ ਭਿਣਕ ਨਹੀਂ ਸੀ। ਤਿੰਨਾਂ ਦੋਸ਼ੀਆਂ ਨੂੰ ਤਸਕਰੀ ਰੈਕਟ 'ਚ ਸ਼ਾਮਲ ਹੋਣ ਤੋਂ ਬਾਅਦ ਲੰਡਨ ਕ੍ਰਾਊਨ ਕੋਰਟ ਵਿਚ ਸਜ਼ਾ ਸੁਣਾਈ ਜਾਵੇਗੀ।

## ਆਸਟਰੇਲੀਅਨ ਸਿੱਖਿਆ ਮੰਤਰੀ ਵੱਲੋਂ ਸਿੱਖ ਬੱਚਿਆਂ ਦੇ ਮਾਮਲੇ 'ਚ ਦਖਲ ਦੇਣ ਤੋਂ ਇਨਕਾਰ

**ਮੈਲਬਰਨ:** ਵਿਕਟੋਰੀਆ ਦੇ ਸੱਤ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਕੁਝ ਸਮਾਂ ਪਹਿਲਾਂ ਇਸ ਕਰ ਕੇ ਸਕੂਲਾਂ ਵਿਚ ਦਾਖਲਾ ਨਹੀਂ ਦਿੱਤਾ ਗਿਆ ਕਿ ਉਨ੍ਹਾਂ ਦੇ ਬੱਚਿਆਂ ਦਾ ਪਟਕਾ ਜਾਂ ਪੱਗ ਸਕੂਲ ਦੀ (ਯੂਨੀਫਾਰਮ) ਵਰਦੀ ਨਾਲ ਮੇਲ ਨਹੀਂ ਖਾਂਦੀ ਸੀ। ਇਸ ਸਬੰਧੀ ਇਕ ਬੱਚੇ ਦੇ ਪਿਤਾ ਸਾਗਰਦੀਪ ਸਿੰਘ ਅਰੋੜਾ ਸਮੇਤ ਬਾਕੀ ਪਰਿਵਾਰਾਂ ਨੇ ਇਨ੍ਹਾਂ ਸਕੂਲਾਂ ਸਬੰਧੀ ਵਿਕਟੋਰੀਅਨ ਸਿਵਲ ਅਤੇ ਐਡਮਨਿਸਟ੍ਰੇਟਿਵ ਟ੍ਰਿਬਿਊਨਲ ਕੋਲ ਭੇਦਭਾਵ ਕਰਨ ਦੀ ਸ਼ਿਕਾਇਤ ਕੀਤੀ ਸੀ। ਇਸ ਸਬੰਧੀ ਵਿਕਟੋਰੀਅਨ ਮੰਤਰੀ ਰੋਬਨ ਸਕੋਟ (ਮਲਟੀਕਲਚਰ) ਅਤੇ ਸਿੱਖਿਆ ਮੰਤਰੀ ਜੇਮਸ ਮਰਲੀਨੋ ਨੇ ਇਸ ਮਾਮਲੇ ਵਿਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਮੰਤਰੀ ਨੇ ਕਿਹਾ ਕਿ ਇਹ ਮਾਮਲਾ ਟ੍ਰਿਬਿਊਨਲ ਦੇ ਅਧੀਨ ਹੋਣ ਕਰ ਕੇ ਮੈਂ ਕੋਈ ਟਿੱਪਣੀ ਨਹੀਂ ਕਰਾਂਗਾ, ਜਦੋਂ ਕਿ ਪਰਿਵਾਰਾਂ ਦਾ ਕਹਿਣਾ ਹੈ ਕਿ ਜੇ ਬੱਚੇ ਛੋਟੇ ਹੁੰਦੇ ਪੱਗ ਜਾਂ ਪਟਕਾ ਨਹੀਂ ਬੰਨ੍ਹਣਗੇ ਤਾਂ ਅੱਗੇ ਜਾ ਕੇ ਕਿਵੇਂ ਸਿੱਖ ਮਰਿਆਦਾ ਦਾ ਪਾਲਣ ਕਰਨਗੇ ਜਦੋਂਕਿ ਪਟਕਾ ਜਾਂ ਪੱਗ ਬੰਨ੍ਹਣ ਨਾਲ ਕਿਸੇ ਦੂਜੇ ਵਿਦਿਆਰਥੀ ਜਾਂ ਅਧਿਆਪਕ ਨੂੰ ਕੋਈ ਵੀ ਪਰੇਸ਼ਾਨੀ ਜਾਂ ਸਮੱਸਿਆ ਨਹੀਂ ਆਉਂਦੀ।



# ਜਗਤਾਰ ਸਿੰਘ ਤਾਰਾ ਨੇ ਸਵੈ ਇੱਛਾ ਮੌਤ ਮੰਗੀ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕੇਸ ਦਾ ਸਾਹਮਣਾ ਕਰ ਰਹੇ ਜਗਤਾਰ ਸਿੰਘ ਤਾਰਾ ਨੇ ਸਵੈ ਇੱਛਾ ਨਾਲ ਮਰਨ ਦੀ ਇਜਾਜ਼ਤ ਮੰਗੀ ਹੈ। ਇਸ ਸਬੰਧੀ ਉਸ ਨੇ ਵਧੀਕ ਸੈਸ਼ਨ ਜੱਜ ਚੰਡੀਗੜ੍ਹ ਨੂੰ ਬਾਕਾਇਦਾ ਪੱਤਰ ਲਿਖ ਕੇ ਮਰਨ ਦੀ ਇੱਛਾ ਜ਼ਾਹਰ ਕੀਤੀ ਹੈ। ਤਾਰਾ ਦੇ ਕਨੂੰਨੀ ਸਲਾਹਕਾਰ ਐਡਵੋਕੇਟ ਸਿਮਰਨਜੀਤ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ।

ਬੁੜੈਲ ਜੇਲ੍ਹ ਵਿਚ ਬੰਦ ਜਗਤਾਰ ਤਾਰਾ ਗੰਭੀਰ ਪਿੱਠ ਦਰਦ ਨਾਲ ਜੂਝ ਰਿਹਾ ਹੈ। ਤਾਰਾ ਨੇ ਪੱਤਰ ਵਿਚ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਵਾਰ-ਵਾਰ ਜੇਲ੍ਹ ਪ੍ਰਸ਼ਾਸਨ ਅਤੇ ਜੇਲ੍ਹ ਵਿਚਲੇ ਡਾਕਟਰਾਂ ਨੂੰ ਇਸ ਬਾਰੇ ਦੱਸਿਆ ਜਾ ਚੁੱਕਾ ਹੈ, ਪਰ ਇਲਾਜ ਦੇ ਨਾਂ ਉਤੇ ਉਸ ਨੂੰ 'ਪੇਨ-ਕਿੱਲਰ' ਗੋਲੀਆਂ ਹੀ ਦਿੱਤੀਆਂ ਜਾ ਰਹੀਆਂ ਹਨ। ਤਾਰਾ ਨੇ ਇਹ ਸਭ ਕੁਝ ਕੇਂਦਰੀ ਏਜੰਸੀਆਂ ਦੇ ਇਸ਼ਾਰੇ ਉਤੇ ਹੋਣ ਦਾ ਦੋਸ਼ ਲਾਇਆ ਹੈ।

ਤਾਰਾ ਨੇ ਕਿਹਾ ਕਿ ਉਸ ਦਾ ਦਰਦ ਇੰਨਾ ਅਸਹਿ ਹੋ ਚੁੱਕਾ ਹੈ ਕਿ ਉਸ ਦੀਆਂ ਲੱਤਾਂ ਵੀ ਸੁੰਨ ਰਹਿਣ ਲੱਗ ਪਈਆਂ ਹਨ। ਜੇਲ੍ਹ ਵਿਚ ਕੀਤੇ



ਉਸ ਦੇ ਐਕਸਰੇ ਵਿਚ ਵੀ ਉਸ ਦੇ ਰੋਗ ਦੇ ਲੱਛਣ ਆ ਚੁੱਕੇ ਹਨ। ਤਾਰਾ ਨੇ ਖਦਸ਼ਾ ਜ਼ਾਹਰ ਕੀਤਾ ਕਿ ਜੇ ਉਸ ਦਾ ਜਲਦ ਢੁਕਵਾਂ ਇਲਾਜ ਨਾ ਕਰਵਾਇਆ ਗਿਆ ਤਾਂ ਉਸ ਦੇ ਸਰੀਰ ਦਾ ਲੱਕ ਤੋਂ ਹੇਠਲਾ ਹਿੱਸਾ ਨਕਾਰਾ ਵੀ ਸਕਦਾ ਹੈ। ਤਾਰਾ ਨੇ ਫੌਰੀ ਅਪਣਾ ਸਹੀ ਇਲਾਜ ਕਰਵਾਏ ਜਾਣ ਦੀ ਮੰਗ ਕਰਦਿਆਂ ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿਚ ਸਵੈ ਇੱਛਾ ਨਾਲ ਮਰਨ ਦੀ ਇਜਾਜ਼ਤ ਮੰਗੀ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂ ਐਸ ਏ ਨੇ ਭਾਈ ਤਾਰਾ ਦੀ ਵਿਗੜ ਰਹੀ ਸਿਹਤ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਜਦੋਂ ਭਾਰਤ ਸਰਕਾਰ ਇੰਟਰਪੋਲ ਰਾਹੀਂ ਥਾਈਲੈਂਡ ਤੋਂ ਭਾਰਤ ਲੈ ਕੇ ਆਈ ਸੀ ਤਾਂ ਇਸ ਨੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਦਾ ਵਾਅਦਾ ਕੀਤਾ ਸੀ ਪਰ ਅੱਜ ਇਸ ਵਾਅਦੇ 'ਤੇ ਪੂਰੀ ਨਹੀਂ ਉਤਰ ਰਹੀ। ਇਲਾਜ ਨਾ ਹੋਣ ਕਾਰਨ ਭਾਈ ਤਾਰਾ ਨੂੰ ਜ਼ਬਰਦਸਤ ਕਮਰ ਦਰਦ ਹੋ ਰਹੀ ਹੈ।

ਪਾਰਟੀ ਦੀ ਇਕਾਈ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਮੀਤ ਪ੍ਰਧਾਨ ਰੇਸ਼ਮ ਸਿੰਘ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ-ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ, ਯੂਥ ਪ੍ਰਧਾਨ ਅਮਨਦੀਪ ਸਿੰਘ ਤੇ ਅਮਰਜੀਤ ਸਿੰਘ ਨੇ ਇਕ ਬਿਆਨ ਰਾਹੀਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਈ ਤਾਰਾ ਦਾ ਜਲਦ ਤੋਂ ਜਲਦ ਸਹੀ ਤਰੀਕੇ ਨਾਲ ਇਲਾਜ ਕਰਵਾਇਆ ਜਾਵੇ।

# ਸੀਰੀਅਲ 'ਸ਼ੇਰੇ-ਏ-ਪੰਜਾਬ' ਵਿਵਾਦਾਂ 'ਚ ਘਿਰਿਆ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ 'ਲਾਈਫ ਓਕੇ' ਟੀ.ਵੀ. ਚੈਨਲ ਤੋਂ ਸ਼ੁਰੂ ਹੋ ਰਹੇ ਲੜੀਵਾਰ 'ਸ਼ੇਰੇ-ਏ-ਪੰਜਾਬ: ਮਹਾਰਾਜਾ ਰਣਜੀਤ ਸਿੰਘ' ਬਾਰੇ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਆਖਿਆ ਹੈ ਕਿ ਉਹ ਲੜੀਵਾਰ ਦੇ ਪ੍ਰਬੰਧਕਾਂ ਨਾਲ ਗੱਲਬਾਤ ਕਰ ਕੇ ਪਹਿਲਾਂ ਇਸ ਦੀ ਘੋਖ ਕਰੇ।

'ਲਾਈਫ ਓਕੇ' ਦਾ ਇਹ ਸੀਰੀਅਲ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਉਤੇ ਆਧਾਰਤ ਹੈ, ਜੋ ਸ਼ੁਰੂ ਵਿਚ ਹੀ ਵਿਵਾਦ ਦੇ ਘੇਰੇ 'ਚ ਆ ਗਿਆ ਹੈ। ਸਿੱਖ ਸੰਗਤ ਵੱਲੋਂ ਇਸ ਸਬੰਧੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੋਲ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਇਨ੍ਹਾਂ ਸ਼ਿਕਾਇਤਾਂ ਵਿਚ ਮਹਾਰਾਜਾ ਰਣਜੀਤ ਸਿੰਘ ਸਮੇਤ ਹੋਰ ਸਿੱਖ ਜਰਨੈਲਾਂ ਦੇ ਕਿਰਦਾਰ ਨਿਭਾਉਣ ਵਾਲਿਆਂ ਦੇ ਸਿਰ 'ਤੇ ਸਜਾਈਆਂ ਦਸਤਾਰਾਂ ਉਤੇ ਇਤਰਾਜ਼ ਕੀਤਾ ਗਿਆ ਹੈ। ਸਿੱਖ ਸੰਗਤ ਨੂੰ ਇਤਰਾਜ਼ ਹੈ ਕਿ ਇਹ ਦਸਤਾਰਾਂ ਟੋਪੀਨੁਮਾ ਹਨ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਮੱਥੇ 'ਤੇ ਦਸਤਾਰ ਦੇ ਨਾਲ ਤਿਲਕ ਵੀ ਦਿਖਾਇਆ ਗਿਆ ਹੈ, ਜੋ ਕਿ ਸਿੱਖ ਧਰਮ ਦੀ ਰਵਾਇਤ ਨਹੀਂ ਹੈ।

ਇਨ੍ਹਾਂ ਇਤਰਾਜ਼ਾਂ ਤੋਂ ਬਾਅਦ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਭੇਜਿਆ ਹੈ ਅਤੇ ਆਖਿਆ ਹੈ ਕਿ ਸੀਰੀਅਲ ਦੇ ਨਿਰਮਾਤਾ ਨਾਲ ਗੱਲਬਾਤ ਕਰ ਕੇ ਪਹਿਲਾਂ ਇਤਿਹਾਸ ਸਬੰਧੀ ਸਾਰੀ ਘੋਖ-ਪੜਤਾਲ ਕਰਾਈ ਜਾਵੇ, ਜਿਸ ਨਾਲ ਸੰਗਤ ਦੇ ਮਨ ਵਿਚ ਕੋਈ ਦੁਬਿਧਾ ਨਾ ਰਹੇ। ਉਨ੍ਹਾਂ ਫਿਲਮਾਂ ਅਤੇ ਟੀਵੀ ਲੜੀਵਾਰ ਬਣਾਉਣ ਵਾਲੇ ਨਿਰਮਾਤਾ, ਨਿਰਦੇਸ਼ਕਾਂ ਤੇ ਪ੍ਰਬੰਧਕਾਂ ਨੂੰ ਕਿਹਾ ਕਿ ਉਹ ਸਿੱਖ ਧਰਮ ਜਾਂ ਇਤਿਹਾਸ ਸਬੰਧੀ ਕੋਈ ਵੀ ਫਿਲਮ ਜਾਂ ਟੀਵੀ ਲੜੀਵਾਰ ਬਣਾਉਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨਾਲ ਜ਼ਰੂਰ ਸੰਪਰਕ ਕਰਨ ਅਤੇ ਕਮੇਟੀ ਦੀ ਪ੍ਰਵਾਨਗੀ ਨਾਲ ਹੀ ਅਜਿਹੇ ਲੜੀਵਾਰ ਜਾਂ ਫਿਲਮ ਬਣਾਏ ਜਾਣ। ਉਨ੍ਹਾਂ ਕਿਹਾ ਕਿ ਪ੍ਰਬੰਧਕ ਆਪਣੀ ਮਰਜ਼ੀ ਮੁਤਾਬਕ ਇਤਿਹਾਸ ਨੂੰ ਤੋੜ-ਮਰੋੜ ਕੇ ਸੰਗਤ ਸਾਹਮਣੇ ਪੇਸ਼ ਕਰਦੇ ਹਨ, ਜੋ ਗਲਤ ਹੈ।

ਬਟਾਲਾ ਦੇ ਇਕ ਗੁਰਦੁਆਰੇ ਵਿਚ ਪ੍ਰਸ਼ਾਦ ਵਿਚ ਜ਼ਹਿਰੀਲੀ ਚੀਜ਼ ਮਿਲਾਉਣ ਦੀ ਘਟਨਾ ਬਾਰੇ ਉਨ੍ਹਾਂ ਆਖਿਆ ਕਿ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਗੁਰੂ ਘਰ ਵਿਚ ਗ੍ਰੰਥੀ ਜਾਂ ਸੇਵਾਦਾਰ ਰੱਖਣ ਤੋਂ ਪਹਿਲਾਂ ਉਨ੍ਹਾਂ ਦੇ ਪਿਛੋਕੜ ਦੀ ਜਾਂਚ ਪੜਤਾਲ ਕੀਤੀ ਜਾਵੇ। ਇਸ ਘਟਨਾ ਸਬੰਧੀ ਵੀ ਪੂਰੀ ਪੜਤਾਲ ਕੀਤੀ ਜਾਵੇ।




## ਕਾਮਾਗਾਟਾ ਮਾਰੂ ਬਾਰੇ ਦਸਤਖਤੀ ਮੁਹਿੰਮ ਚਲਾਉਣ ਵਾਲੇ ਦਾ ਸਨਮਾਨ

**ਸਰੀ:** ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਮਾਮਲੇ ਵਿਚ ਮੁਆਫੀ ਮੰਗਵਾਉਣ ਲਈ ਦਸਤਖਤ ਮੁਹਿੰਮ ਚਲਾਉਣ ਵਾਲੇ ਸਾਹਿਬ ਥਿੰਦ ਨੂੰ ਵੈਨਕੂਵਰ ਦੇ ਸਟੇਨਲੇਅ ਪਾਰਕ ਦੇ ਟੀਹਾਊਸ ਵਿਚ ਵਿਸ਼ੇਸ਼ ਸਮਾਗਮ ਦੌਰਾਨ ਗੁਡ ਸਿਟੀਜ਼ਨਸ਼ਿਪ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ।

ਸਾਹਿਬ ਥਿੰਦ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਆਗੂ ਹਨ ਤੇ ਕਾਮਾਗਾਟਾ ਮਾਰੂ ਦਸਤਖਤੀ ਮੁਹਿੰਮ ਦੇ ਮੋਹਰੀ ਆਗੂ ਰਹੇ ਹਨ। ਇਸ ਮੁਹਿੰਮ ਨੂੰ ਵੱਡੇ ਪੱਧਰ 'ਤੇ ਸਮਰਥਨ ਮਿਲਿਆ ਸੀ। ਇਸ ਮੁਹਿੰਮ ਦੀ ਬਦੌਲਤ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਪਿਛਲੇ ਸਾਲ ਸੰਸਦ ਵਿਚ ਕਾਮਾਗਾਟਾ ਮਾਰੂ ਮਾਮਲੇ ਵਿਚ ਮੁਆਫੀ ਮੰਗੀ ਸੀ। ਵੈਨਕੂਵਰ ਵਿਚ ਹੋਏ ਇਸ ਸਮਾਗਮ ਵਿਚ ਬੀਸੀ ਲਿਬਰਲਜ਼ ਅਤੇ ਐਨ.ਡੀ.ਪੀ. ਦੇ ਆਗੂ ਵੀ ਸ਼ਾਮਲ ਹੋਏ।

# ਭਗਤ ਸਿੰਘ ਦੇ ਪਿਸਤੌਲ ਬਾਰੇ ਕੇਂਦਰ ਤੇ ਪੰਜਾਬ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਸ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਬੀ.ਐਸ.ਐਫ. ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਵਿਚ ਇੰਦੌਰ ਸਥਿਤ ਬੀ.ਐਸ.ਐਫ. ਦੇ ਅਜਾਇਬਘਰ ਵਿਚ ਪਏ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਖਟਕੜ ਕਲਾਂ ਸਥਿਤ ਅਜਾਇਬਘਰ ਵਿਚ ਰੱਖਣ ਦੀ ਮੰਗ ਕੀਤੀ ਗਈ ਹੈ। ਬੈਂਚ ਨੇ ਵਕੀਲ ਐਚ.ਸੀ. ਅਰੋੜਾ ਵੱਲੋਂ ਦਾਇਰ ਇਸ ਪਟੀਸ਼ਨ ਦੀ ਅਗਲੀ ਸੁਣਵਾਈ 19 ਅਪਰੈਲ ਨੂੰ ਰੱਖੀ ਹੈ। ਸੁਣਵਾਈ ਦੌਰਾਨ ਸ੍ਰੀ ਅਰੋੜਾ ਨੇ ਬੈਂਚ ਨੂੰ ਦੱਸਿਆ ਕਿ ਭਗਤ ਸਿੰਘ ਨੇ ਇਹ ਪਿਸਤੌਲ ਬਰਤਾਨੀਆ ਸਰਕਾਰ ਦੇ ਏ.ਐਸ.ਪੀ. ਜੇ. ਸਾਂਡਰਸ ਨੂੰ ਮਾਰਨ ਲਈ ਵਰਤਿਆ ਸੀ। ਭਗਤ ਸਿੰਘ ਨਾਲ ਸਬੰਧਤ ਹੋਰ ਚੀਜ਼ਾਂ ਖਟਕੜ ਕਲਾਂ ਸਥਿਤ ਅਜਾਇਬਘਰ ਵਿਚ ਪਈਆਂ ਹਨ, ਜੋ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਸਥਾਨ ਹੈ।

ਉਨ੍ਹਾਂ ਕਿਹਾ ਕਿ ਬੀ.ਐਸ.ਐਫ. ਨੇ ਇਹ ਪਿਸਤੌਲ ਅਕਤੂਬਰ 1969 ਵਿਚ ਫਿਲੌਰ ਸਥਿਤ ਪੰਜਾਬ ਪੁਲਿਸ ਅਕੈਡਮੀ ਤੋਂ ਲਿਆ ਸੀ, ਜਿਥੇ ਇਹ 1944 ਵਿਚ ਲਾਹੌਰ ਦੇ ਐਸ.ਐਸ.ਪੀ. ਤੋਂ ਲੈ ਕੇ ਰੱਖਿਆ ਗਿਆ ਸੀ।

# ਹਰਿਮੰਦਰ ਸਾਹਿਬ ਵਿਖੇ ਸੋਨੇ ਦੇ ਪੱਤਰਿਆਂ ਦੀ ਧੁਆਈ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ 'ਤੇ ਲੱਗੇ ਸੋਨੇ ਦੇ ਪੱਤਰਿਆਂ ਦੀ ਚਮਕ ਬਰਕਰਾਰ ਰੱਖਣ ਵਾਸਤੇ ਇਨ੍ਹਾਂ ਦੀ ਧੁਆਈ ਦੀ ਕਾਰ ਸੇਵਾ ਸਿੱਖ ਰਹੁ-ਰੀਤਾਂ ਨਾਲ ਆਰੰਭ ਕੀਤੀ ਗਈ। ਇਹ ਸੇਵਾ ਇੰਗਲੈਂਡ ਦੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ (ਯੂ.ਕੇ.) ਵੱਲੋਂ ਕੀਤੀ ਜਾ ਰਹੀ ਹੈ।

ਇਹ ਸੇਵਾ ਇੰਗਲੈਂਡ ਤੋਂ ਜਥੇ ਦੇ ਇੰਚਾਰਜ ਭਾਈ ਇੰਦਰਜੀਤ ਸਿੰਘ ਦੀ ਅਗਵਾਈ ਹੇਠ ਪੁੱਜੇ 25 ਮੈਂਬਰਾਂ ਵੱਲੋਂ ਸ਼ੁਰੂ ਕੀਤੀ ਗਈ ਹੈ। ਸੇਵਾ ਦੀ ਸ਼ੁਰੂਆਤ ਤੋਂ ਪਹਿਲਾਂ ਭਾਈ ਰਾਜਦੀਪ ਸਿੰਘ ਨੇ ਅਰਦਾਸ ਕੀਤੀ ਤੇ ਮਗਰੋਂ ਸੇਵਕ ਜਥੇ ਦੇ ਮੈਂਬਰਾਂ ਨੇ ਧੁਆਈ ਦੀ ਸੇਵਾ ਆਰੰਭ ਕੀਤੀ। ਜਥੇ ਦੇ ਆਗੂ ਸੁਖਬੀਰ ਸਿੰਘ ਨੇ ਦੱਸਿਆ ਕਿ ਇਹ ਸੇਵਾ ਤਕਰੀਬਨ 10 ਦਿਨਾਂ ਵਿਚ ਮੁਕੰਮਲ ਹੋ ਜਾਵੇਗੀ ਅਤੇ ਇਸ ਨਾਲ ਸੋਨੇ ਦੇ ਪੱਤਰਿਆਂ ਦੀ ਚਮਕ ਬਰਕਰਾਰ ਰਹੇਗੀ। ਸੋਨੇ ਦੀ ਚਮਕ ਨੂੰ ਪ੍ਰਦੂਸ਼ਣ ਪ੍ਰਭਾਵਿਤ ਕਰ ਰਿਹਾ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਰ ਵਰ੍ਹੇ ਸੋਨੇ ਦੀ ਧੁਆਈ ਦੀ ਸੇਵਾ ਕਰਾਈ ਜਾਂਦੀ ਹੈ। ਇਸੇ ਕੜੀ ਤਹਿਤ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਨੂੰ ਸੌਂਪੀ ਗਈ ਸੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਦੂਸ਼ਣ ਦੀ ਰੋਕਥਾਮ ਲਈ ਕੀਤੇ ਜਾ ਰਹੇ ਕੰਮਾਂ ਦੀ ਵੀ ਸ਼ਲਾਘਾ ਕੀਤੀ।





ਦੱਸਣਯੋਗ ਹੈ ਕਿ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਵੀ ਇਸੇ ਜਥੇ ਵੱਲੋਂ ਲਗਭਗ ਦੋ ਦਹਾਕੇ ਪਹਿਲਾਂ ਕੀਤੀ ਗਈ ਸੀ। ਇਹ ਸੇਵਾ ਉਸ ਵੇਲੇ 1999 ਵਿਚ ਮੁਕੰਮਲ ਹੋਈ ਸੀ, ਪਰ ਕੁਝ ਸਮੇਂ ਬਾਅਦ ਹੀ ਸੋਨੇ ਦੇ ਪੱਤਰਿਆਂ ਦਾ ਰੰਗ ਬਦਲਣ ਲੱਗ ਪਿਆ ਸੀ। ਉਸ ਤੋਂ ਬਾਅਦ ਹਰ ਵਰ੍ਹੇ ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਪੱਤਰਿਆਂ ਦੀ ਧੁਆਈ ਦੀ ਸੇਵਾ ਕਰਾਈ ਜਾਂਦੀ ਹੈ। ਇਹ ਧੁਆਈ ਵਾਸਤੇ ਕੁਦਰਤੀ ਵਸਤਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਸੋਨੇ ਦੀ ਚਮਕ ਮੁੜ ਕਾਇਮ ਹੋ ਜਾਂਦੀ ਹੈ। ਇਸ ਇਲਾਕੇ ਵਿਚ ਵਧ ਰਹੇ ਪ੍ਰਦੂਸ਼ਣ ਕਾਰਨ ਵੀ ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਲੱਗਾ ਸੋਨਾ ਪ੍ਰਭਾਵਿਤ ਹੋ ਰਿਹਾ ਹੈ।

## ਪਾਵਰਕੌਮ ਦਾ ਵਾਲ ਵਾਲ ਕਰਜ਼ੇ ਵਿਚ

**ਪਟਿਆਲਾ:** ਪਾਵਰਕੌਮ ਸਿਰ 29 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਨੇ ਅਦਾਰੇ ਦੀਆਂ ਚੂਲਾਂ ਹਿਲਾ ਰੱਖੀਆਂ ਹਨ। ਵੇਰਵਿਆਂ ਮੁਤਾਬਕ 2015-16 ਦੌਰਾਨ 1500 ਕਰੋੜ ਦੇ ਕਰੀਬ ਵਿਆਜ ਅਦਾ ਕਰਨਾ ਪਿਆ ਹੈ। ਇਸ ਚਾਲੂ ਸਾਲ ਵਿਚ ਵਿਆਜ ਦੀ ਪੰਡ ਭਾਰੀ ਹੈ। ਸਰਪਲੱਸ ਬਿਜਲੀ ਦੀ ਵਰਤੋਂ ਜਾਂ ਵੇਚ ਸਬੰਧੀ ਵੀ ਠੋਸ ਨੀਤੀ ਨਹੀਂ ਘੜੀ ਜਾ ਸਕੀ, ਲਿਹਾਜ਼ਾ 2015-16 ਦੌਰਾਨ ਬਿਜਲੀ ਦੀ ਖਰੀਦ ਦੇ ਮਾਮਲੇ 'ਤੇ ਫਿਕਸ ਰਕਮ ਵਜੋਂ 1300 ਕਰੋੜ ਰੁਪਏ ਅਦਾ ਕਰਨੇ ਪਏ ਹਨ। ਬਿਜਲੀ ਪ੍ਰਾਈਵੇਟ ਪਲਾਂਟਾਂ ਤੋਂ ਖਰੀਦਣ ਦੀ ਆੜ ਹੇਠ ਆਪਣੇ ਥਰਮਲ ਦੀ ਬੰਦੀ ਉਤੇ ਵੀ ਪਿਛਲੇ ਸਾਲ 800 ਕਰੋੜ ਰੁਪਏ ਫਾਲਤੂ ਖਰਚ ਕਰਨੇ ਪਏ ਹਨ।

# ਵੱਡੇ ਮਾਇਨਿਆਂ ਵਾਲਾ ਹੈ ਪੰਜਾਬ ਦਾ ਫਤਵਾ



ਪੰਜਾਬ ਦੇ ਚੋਣ ਨਤੀਜੇ ਸਾਡੇ ਸਾਹਮਣੇ ਹਨ। ਇਹ ਪੰਜਾਬ ਦੇ ਕਈ ਰੰਗਾਂ ਦੀ ਤਰਜਮਾਨੀ ਕਰਦੇ ਹਨ। ਇਨ੍ਹਾਂ ਵਿਚ ਨਿਹੋਰਾ ਵੀ ਹੈ, ਗੁੱਸਾ ਵੀ ਅਤੇ ਬਿਹਤਰੀ ਲਈ ਤਬਦੀਲੀ ਦੀ ਕਨਸੋਅ ਵੀ। ਇਹ ਪੰਜਾਬ ਦੇ ਇਤਿਹਾਸ ਦੀ ਸ਼ਾਇਦ ਵਿਕੋਲਿਤਰੀ ਚੋਣ ਹੀ ਹੋਵੇਗੀ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਇਸ

ਨਵਚੇਤਨ

ਕਾਬਲ ਵੀ ਨਹੀਂ ਸਮਝਿਆ ਕਿ ਉਸ ਦੇ ਹੱਥ ਵਿਰੋਧੀ ਧਿਰ ਦੀ ਜ਼ਿੰਮਵਾਰੀ ਵੀ ਸੌਂਪੀ ਜਾਵੇ। ਇਹ ਇਕ ਪਰਿਵਾਰ ਦੇ ਰਾਜ ਦੀ ਚੱਕੀ ਵਿਚ ਪਿਸ ਰਹੇ ਪੰਜਾਬ ਦੇ ਲੋਕਾਂ ਦਾ ਜਵਾਬ ਹੈ, ਉਨ੍ਹਾਂ ਰਹਿਨੁਮਾਵਾਂ ਨੂੰ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਹਿਤਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ, ਪਰ ਉਹ ਆਪਣੇ ਆਪ ਨੂੰ ਲੋਕਾਂ ਦੇ ਮਾਲਕ ਹੋਣ ਦਾ ਭਰਮ ਪਾਲ ਬੈਠੇ ਸਨ। ਇਹ ਨਿਹੋਰਾ ਸਿਰਫ਼ ਉਸ ਪਾਰਟੀ ਲਈ ਨਹੀਂ ਹੈ ਜਿਸ ਨੂੰ ਉਨ੍ਹਾਂ ਨੇ ਨਾ ਸਿਰਫ਼ ਸੱਤਾ ਤੋਂ ਲਾਂਭੇ ਕੀਤਾ, ਬਲਕਿ ਉਸ ਪਾਰਟੀ ਨਾਲ ਵੀ ਹੈ ਜੋ ਉਨ੍ਹਾਂ ਲਈ ਤਬਦੀਲੀ ਦਾ ਮੁਹਾਵਰਾ ਲੈ ਕਿ ਆਈ ਸੀ, ਪਰ ਇਸ ਤਬਦੀਲੀ ਦੇ ਮੁਹਾਵਰੇ ਨੂੰ ਘੜਦਿਆਂ ਉਹ ਖ਼ੁਦ ਹੀ ਇੰਨੀ ਤਬਦੀਲ ਹੋ ਗਈ ਕਿ ਉਸ ਤੇ ਰਵਾਇਤੀ ਪਾਰਟੀਆਂ ਵਿਚਲਾ ਫ਼ਰਕ ਹੀ ਧੁੰਦਲਾ ਹੋ ਗਿਆ ਤੇ ਇਹੋ ਹੀ ਜਿੱਤ ਤੇ ਹਾਰ ਵਿਚਲਾ ਫ਼ਰਕ ਹੋ ਨਿਬੜਿਆ। ਇਹ ਇਸ ਕਰ ਕੇ ਹੈ ਕਿ ਪੰਜਾਬ ਦਾ ਨੌਜਵਾਨ ਸਿਰਫ਼ ਪੱਕੀਆਂ ਗਲੀਆਂ, ਨਾਲੀਆਂ, ਸੜਕਾਂ ਤੇ ਬਿਜਲੀ ਨੂੰ ਵਿਕਾਸ ਨਹੀਂ ਮੰਨਦਾ। ਉਸ ਦੀਆਂ ਅੱਖਾਂ ਵਿਚਲੇ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਦੇ ਮਾਪਦੰਡ ਕੁਝ ਹੋਰ ਹਨ। ਉਸ ਨੂੰ ਨਾ ਸਿਰਫ਼ ਇਜ਼ਤ ਦੀ ਰੋਟੀ ਚਾਹੀਦੀ ਹੈ, ਸਗੋਂ ਇਕ ਅਮਨ ਪਸੰਦ ਵਿਤਕਰਾ ਰਹਿਤ ਨਿਜ਼ਾਮ ਵੀ ਚਾਹੀਦਾ ਹੈ।

ਜੇ 2014 ਦੀਆਂ ਚੋਣਾਂ ਨੂੰ ਇਕ ਮਾਪਦੰਡ ਮੰਨ ਲਿਆ ਜਾਵੇ ਤਾਂ ਜੋ ਤਸਵੀਰ ਸਾਹਮਣੇ ਆਉਂਦੀ ਹੈ, ਉਸ ਮੁਤਾਬਿਕ ਕਾਂਗਰਸ ਨੇ ਘਟੋ ਘਟ ਪੰਜ ਫ਼ੀਸਦੀ ਵੋਟ ਵੱਧ ਲਈ ਹੈ, ਆਮ ਆਦਮੀ ਪਾਰਟੀ ਦੀ ਵੋਟ 2 ਫ਼ੀਸਦੀ ਘਟੀ ਹੈ ਤੇ ਅਕਾਲੀ ਭਾਜਪਾ ਦੀ ਵੋਟ ਲਗਭਗ 5 ਫ਼ੀਸਦੀ ਘਟੀ ਹੈ। ਮਾਇਨੇ ਸਾਫ਼ ਹਨ ਕਿ ਜਿਹੜੇ ਲੋਕ ਮੌਜੂਦਾ ਸਰਕਾਰ ਤੋਂ ਉਪਰਾਮ ਸਨ, ਉਨ੍ਹਾਂ ਦੀ ਨਜ਼ਰ ਵਿਚ ਕਾਂਗਰਸ ਆਮ ਆਦਮੀ ਪਾਰਟੀ ਨਾਲੋਂ ਬਿਹਤਰ ਬਦਲ ਸੀ।

ਇਸ ਫਤਵੇ ਦੇ ਮਾਇਨੇ ਵੱਖੋ ਵੱਖ ਪਾਰਟੀਆਂ ਲਈ ਵੇਖੋ ਵੱਖ ਹਨ। ਸਭ ਤੋਂ ਵੱਡਾ ਸਬਕ ਸੱਤਾਧਾਰੀ ਧਿਰ ਲਈ ਹੈ। ਉਹ ਧਿਰ ਜਿਹੜੀ ਹਾਲੇ ਕੁਝ ਅਰਸੇ ਤਕ ਪੰਜਾਬ 'ਤੇ ਢਾਈ ਦਹਾਕੇ ਰਾਜ ਕਰਨ ਦੇ ਦਮਗਜੇ ਮਾਰਦੀ ਸੀ, ਉਸ ਨੂੰ ਲੋਕਾਂ ਨੇ ਇਸ ਕਾਬਲ ਵੀ ਨਹੀਂ ਸਮਝਿਆ ਕਿ ਉਹ ਪੰਜਾਬ ਦੀ ਵਿਰੋਧੀ ਧਿਰ ਦੇ ਤੌਰ 'ਤੇ ਲੋਕਾਂ ਦੀ ਤਰਜਮਾਨੀ ਕਰ ਸਕੇ। ਇਹ ਨਮੋਸ਼ੀ ਇਸ ਤੋਂ ਪਹਿਲਾਂ ਸ਼ਾਇਦ ਪੰਜਾਬ ਦੀ ਕਿਸੇ ਪਾਰਟੀ ਦੇ ਹਿੱਸੇ ਨਹੀਂ ਆਈ ਹੈ। ਇਹ ਇਸ ਸਭ ਦੇ ਬਾਵਜੂਦ ਹੋਇਆ ਜਦੋਂ ਕਿ ਆਮ ਲੋਕ ਇਹ ਕਹਿੰਦੇ ਸੁਣੇ ਕਿ ਅਜਿਹਾ ਨਹੀਂ ਹੈ ਕਿ ਵਿਕਾਸ ਨਹੀਂ ਹੋਇਆ, ਪਰ ਗਲੀਆਂ-ਨਾਲੀਆਂ ਪੱਕੀਆਂ ਕਰ ਕੇ ਵਿਕਾਸ ਦਾ ਭਰਮ ਪਾਲ ਲੈਣਾ ਅਤੇ ਇਹ ਸੋਚ ਲੈਣਾ ਕਿ ਹਾਕਮ ਧਿਰ ਨੂੰ ਲੋਕਾਂ ਨਾਲ ਧੱਕੇਸ਼ਾਹੀ ਕਰਨ ਦਾ ਲਾਇਸੈਂਸ ਮਿਲ ਗਿਆ ਹੈ। ਪੰਜਾਬ ਦਾ ਇਕ ਅਜਿਹਾ ਹਿੱਸਾ ਜੋ ਪੰਜਾਬ ਦੇ ਨਹਿਰੀ ਤੰਤਰ ਦੇ ਸਹਾਰੇ 'ਤੇ ਖੜ੍ਹਾ ਹੈ ਤੇ ਜਿਸ ਦਾ ਵੱਡਾ ਹਿੱਸਾ ਸਿੱਧੇ ਤੇ ਅਸਿੱਧੇ ਤੌਰ 'ਤੇ ਕਿਸਾਨੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ, ਨੂੰ ਜਦੋਂ ਕੁਦਰਤੀ ਕਰੋਪੀ ਦੇ ਨਾਲ ਨਾਲ ਨਕਲੀ ਬੀਜਾਂ ਤੇ ਨਕਲੀ ਦਵਾਈਆਂ ਰੂਪੀ ਬੰਦੇ ਦੀ ਸਹੇੜੀ ਹੋਈ ਕਰੋਪੀ ਵੀ ਝੱਲਣੀ ਪਵੇ ਤਾਂ ਮੌਕੇ ਦੇ ਹਾਕਮਾਂ ਲਈ ਉਪਰਾਮਤਾ ਲਾਜ਼ਮੀ ਹੈ। ਇਸ ਨਾਲ ਜਦੋਂ ਵਿਸ਼ਵਾਸ ਨੂੰ ਵੀ ਠੇਸ ਲੱਗਦੀ ਹੈ ਤੇ ਮੁਕੱਦਸ ਪੰਨਿਆਂ ਦੀ ਬੇਅਦਬੀ ਦੀਆਂ ਉਲਝੀਆਂ ਤੰਦਾਂ ਵੀ ਜਦੋਂ ਹਾਕਮਾਂ ਦੀਆਂ ਬਰੂਹਾਂ ਤਕ ਪਹੁੰਚਦੀਆਂ ਹਨ ਤਾਂ ਇਹ ਉਪਰਾਮਤਾ ਲੋਕ ਰੋਹ ਵਿਚ ਬਦਲ ਜਾਂਦੀ ਹੈ। ਇਹ ਲੋਕ ਰੋਹ ਇਨ੍ਹਾਂ ਨਤੀਜਿਆਂ ਵਿਚ ਨਜ਼ਰ ਆਉਂਦਾ ਹੈ। ਫਿਰ ਜਦੋਂ ਆਪਣੀਆਂ ਨਾਲਾਇਕੀਆਂ ਦੀ ਭਰਪਾਈ ਲਈ ਉਨ੍ਹਾਂ ਡੇਰਿਆਂ ਦੀ ਹਮਾਇਤ ਲਈ ਲਿਲਕੜੀਆਂ ਕੱਢੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਆਪਣਾ ਇਖ਼ਲਾਕੀ ਕਿਰਦਾਰ ਸ਼ੱਕ ਦੇ ਘੇਰੇ ਵਿਚ ਹੈ ਤਾਂ ਇਸ ਦਾ ਵੀ ਹਾਕਮ ਪਾਰਟੀ ਨੂੰ ਫਾਇਦੇ ਨਾਲੋਂ ਨੁਕਸਾਨ ਹੀ ਹੋਇਆ ਹੈ।

***ਪੰਜਾਬ ਵਿਚ ਕਾਂਗਰਸ ਦੀ ਜਿੱਤ ਬਹੁਤ ਵੱਡੀ ਹੈ। ਖ਼ਾਸ ਕਰ ਕੇ ਉਦੋਂ ਜਦੋਂ ਇਹ ਮੁਲਕ ਵਿਚ ਚਲ ਰਹੇ ਵਹਾਅ ਦੇ ਉਲਟ ਹੈ। ਵਿਰੋਧੀ ਧਿਰ ਵਿਚ ਬੈਠੀ ਤੇ ਨਵੀਆਂ ਪਾਰਟੀਆਂ ਦੀ ਆਮਦ ਨਾਲ ਜੂਝ ਰਹੀ ਕਾਂਗਰਸ ਕੋਲ ਵਕਤ ਬਹੁਤ ਘੱਟ ਹੈ ਤੇ ਕਰ ਕੇ ਦਿਖਾਉਣ ਨੂੰ ਬਹੁਤ ਕੁਝ ਹੈ। ਕੁਝ ਅਜਿਹਾ ਜਿਸ ਦੇ ਸਿੱਟੇ ਨਾ ਸਿਰਫ਼ ਪੰਜਾਬ ਸਗੋਂ ਸਾਰੇ ਮੁਲਕ ਲਈ ਵੀ ਬਹੁਤ ਦੂਰਗਾਮੀ ਸਾਬਤ ਹੋ ਸਕਦੇ ਹਨ। ਇਹੋ ਜਿਹੇ ਵੇਲੇ ਹਾਕਮ ਪਾਰਟੀ ਨੂੰ ਸਿਰਫ਼ ਸ਼ੁਭ ਕਾਮਨਾਵਾਂ ਹੀ ਦਿੱਤੀਆਂ ਜਾ ਸਕਦੀਆਂ ਹਨ।***

ਦੂਜਾ ਸਭ ਤੋਂ ਵੱਡਾ ਸਬਕ ਆਮ ਆਦਮੀ ਪਾਰਟੀ ਤੇ ਇਸ ਦੇ ਰਹਿਨੁਮਾਵਾਂ ਲਈ ਹੈ। ਦਿੱਲੀ ਦੀ ਧਮਾਕੇਦਾਰ ਜਿੱਤ ਤੋਂ ਬਾਅਦ ਪੰਜਾਬ ਇਸ ਦਾ ਪਹਿਲਾ ਇਮਤਿਹਾਨ ਸੀ। ਇਹ ਕਹਿਣਾ ਗ਼ੈਰ ਵਾਜਿਬ ਹੋਵੇਗਾ ਕਿ ਇਹ ਆਪਣੇ ਇਮਤਿਹਾਨ ਵਿਚ ਬਿਲਕੁਲ ਹੀ ਅਸਫ਼ਲ ਰਹੀ, ਕਿਉਂਕਿ ਆਪਣੀ ਪਹਿਲੀ ਹੀ ਚੋਣ ਵਿੱਚ ਕਈ ਦਹਾਕੇ ਪੁਰਾਣੀ ਪਾਰਟੀ ਨੂੰ ਮੁੱਖ ਵਿਰੋਧੀ ਧਿਰ ਬਣਨ ਲਈ ਪਟਕਣੀ ਦੇਣਾ ਕੋਈ ਨਿੱਕਾ ਕਾਰਨਾਮਾ ਨਹੀਂ ਕਿਹਾ ਜਾ ਸਕਦਾ, ਪਰ ਆਪ ਨਤੀਜਿਆਂ ਪੱਖੋਂ ਆਪਣੀਆਂ ਹੀ ਬਣਾਈਆਂ ਹੋਈਆਂ ਇੱਛਾਵਾਂ ਤੇ ਮਿਆਰਾਂ ਦੀ ਕੈਦੀ ਹੈ। ਆਪਣੇ ਚੋਣ ਪ੍ਰਚਾਰ ਵਿਚ ਅਕਸਰ ਹੀ ਸੌ ਤੋਂ ਵੱਧ ਸੀਟਾਂ ਜਿੱਤਣ ਦੀ ਦੁਹਾਈ ਦੇਣ ਵਾਲੀ ਪਾਰਟੀ ਜਦੋਂ ਇਕ ਚੌਥਾਈ ਸੀਟਾਂ ਵੀ ਨਾ ਲੈ ਸਕੇ ਤਾਂ ਇਸ ਦੇ ਦਾਅਵਿਆਂ ਦੀ ਨਿਸ਼ਚੇ ਹੀ ਨਜ਼ਰਸਾਨੀ ਕਰਨੀ ਬਣਦੀ ਹੈ।

ਇਸ ਸਬੰਧ ਵਿਚ ਸਭ ਤੋਂ ਅਹਿਮ ਪੱਖ ਹੈ ਕਿ ਬਦਲਵੀਂ ਸਿਆਸਤ ਦਾ ਮੁਹਾਵਰਾ ਜੋ ਆਮ ਆਦਮੀ ਪਾਰਟੀ ਲੈ ਕੇ ਆਈ ਸੀ, ਜਿੱਤ ਦਰਜ ਕਰਨ ਦੀ ਕਾਹਲ ਵਿਚ ਦੂਸਰੀਆਂ ਪਾਰਟੀਆਂ ਤੋਂ ਆਏ ਝੋਲਾਛਾਪ ਲੀਡਰਾਂ ਦਾ ਜਮਘਟਾ ਬਣ ਗਈ। ਇਸ ਵਰਤਾਰੇ ਨੇ ਨਾ ਸਿਰਫ਼ ਤਬਦੀਲੀ ਦੇ ਮੁਹਾਵਰੇ ਨੂੰ ਖੁੰਢਾ ਕੀਤਾ ਸਗੋਂ ਆਮ ਆਦਮੀ ਪਾਰਟੀ ਦੇ ਦੂਸਰੀਆਂ ਪਾਰਟੀਆਂ ਤੋਂ ਵੱਖ ਹੋਣ ਬਾਰੇ ਲੋਕ ਰਾਏ ਨੂੰ ਵੀ ਤੋੜਿਆ। ਆਮ ਆਦਮੀ ਪਾਰਟੀ ਲਈ ਸਭ ਤੋਂ ਵੱਡਾ ਸਬਕ ਸ਼ਾਇਦ ਇਹੋ ਹੈ ਕਿ ਤੁਸੀਂ ਦੂਸਰਿਆਂ ਵਰਗੇ ਹੋ ਕੇ ਦੂਸਰਿਆਂ ਤੋਂ ਵੱਖਰੇ ਹੋਣ ਦਾ ਭਰਮ ਨਹੀਂ ਪਾਲ ਸਕਦੇ। ਉਸ ਤੋਂ ਵੀ ਵੱਧ ਕੇ ਜੇ ਪੰਜਾਬ ਵਿਚ ਪਾਰਟੀ ਨੂੰ ਮਜ਼ਬੂਤ ਕਰਨਾ ਹੈ ਤਾਂ ਸਥਾਨਕ ਲੀਡਰਸ਼ਿਪ ਨੂੰ ਨਾ ਸਿਰਫ਼ ਕੰਮ ਕਰਨ ਤੇ ਉਭਰਨ ਦਾ ਮੌਕਾ ਦੇਣਾ ਹੋਵੇਗਾ, ਸਗੋਂ ਇਸ ਕਾਬਲ ਵੀ ਬਣਾਉਣਾ ਪਵੇਗਾ ਕਿ ਉਹ ਹਰ ਫ਼ੈਸਲੇ ਲਈ ਦਿੱਲੀ ਵੱਲ ਨਾ ਝਾਕੇ, ਕਿਉਂਕਿ ਸੱਤਾ ਦਾ ਵਿਕੇਂਦਰੀਕਰਨ ਆਪ ਦੇ ਮੁੱਢਲੇ ਸਿਧਾਂਤਾਂ ਵਿਚੋਂ ਇਕ ਸੀ।

ਕਾਂਗਰਸ ਬੇਸ਼ਕ ਇਨ੍ਹਾਂ ਚੋਣਾਂ ਵਿਚ ਜੇਤੂ ਧਿਰ ਹੈ। ਦਸ ਸਾਲ ਦੇ ਵਣਵਾਸ ਤੋਂ ਬਾਅਦ ਸੱਤਾ ਪ੍ਰਾਪਤੀ ਤੋਂ ਬਾਅਦ ਉਸ ਕੋਲ ਆਪਣੀ ਪਿੱਠ ਥਾਪੜਨ ਲਈ ਕਈ ਕਾਰਨ ਹੋਣਗੇ। ਉਹ ਵੀ ਉਦੋਂ ਜਦੋਂ ਸੱਤਾ ਵਿੱਚ ਵਾਪਸੀ ਤੁਹਾਡੀਆਂ ਕਈ ਕਮਜ਼ੋਰੀਆਂ 'ਤੇ ਪਰਦਾ ਪਾਉਣ ਦਾ ਸਬੱਬ ਬਣ ਸਕਦੀ ਹੈ। ਕਾਂਗਰਸ ਲਈ ਜ਼ਿੰਮੇਵਾਰੀ ਦੂਹਰੀ ਹੈ। ਇਕ ਤਾਂ ਇਹ ਕਿ ਉਸ ਨੇ ਪੰਜਾਬ ਦੇ ਲੋਕਾਂ ਦੀਆਂ ਆਸਾਂ 'ਤੇ ਖਰਾ ਉਤਰਨਾ ਹੈ। ਸਮੱਸਿਆਵਾਂ ਇੰਨੀਆਂ ਹਨ ਕਿ ਪੋਟਿਆਂ 'ਤੇ ਨਹੀਂ ਗਿਣੀਆਂ ਜਾ ਸਕਦੀਆਂ। ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨਾ ਕਾਂਗਰਸ ਲਈ ਅੱਗ ਦਾ ਦਰਿਆ ਤੈਰਨ ਵਰਗਾ ਹੋਵੇਗਾ। ਦੂਜਾ ਸੰਗਠਨ ਦੇ ਤੌਰ 'ਤੇ ਕਾਂਗਰਸ ਜੋ ਮੁਲਕ ਦੇ ਸੱਜੇ ਪੱਖ ਨਾਲ ਨਜਿੱਠਣ ਲਈ ਨਵੇਂ ਮੁਹਾਵਰੇ ਦੀ ਤਲਾਸ਼ ਵਿਚ ਹੈ, ਉਸ ਲਈ ਪੰਜਾਬ ਦੀ ਜਿੱਤ ਸੰਜੀਵਨੀ ਸਾਬਤ ਹੋ ਸਕਦੀ ਹੈ। ਇਹ ਬਿਹਤਰੀਨ ਮੌਕਾ ਹੈ। ਕਾਂਗਰਸ ਨਾ ਸਿਰਫ਼ ਸੰਗਠਨ ਦੇ ਤੌਰ 'ਤੇ ਆਪਣਾ ਦਾਇਰਾ ਹੋਰ ਵਡੇਰਾ ਕਰੇ ਤੇ ਪੁਸ਼ਤਪਨਾਹੀ ਦੀ ਸਿਆਸਤ ਤੋਂ ਬਾਹਰ ਆਵੇ, ਸਗੋਂ ਸਰਕਾਰ ਦੇ ਤੌਰ 'ਤੇ ਵੀ ਸ਼ਾਸਨ ਦਾ ਨਵਾਂ ਮਾਡਲ ਦੇਵੇ ਤਾਂ ਜੋ ਇਹ ਖ਼ੁਦ ਨੂੰ ਸੱਜੇ ਪੱਖ ਦੇ ਬਦਲ ਦੇ ਤੌਰ 'ਤੇ ਸਥਾਪਿਤ ਕਰ ਸਕੇ।

ਪੰਜਾਬ ਵਿਚ ਕਾਂਗਰਸ ਦੀ ਜਿੱਤ ਬਹੁਤ ਵੱਡੀ ਹੈ। ਖ਼ਾਸ ਕਰ ਕੇ ਉਦੋਂ ਜਦੋਂ ਇਹ ਮੁਲਕ ਵਿਚ ਚਲ ਰਹੇ ਵਹਾਅ ਦੇ ਉਲਟ ਹੈ। ਵਿਰੋਧੀ ਧਿਰ ਵਿਚ ਬੈਠੀ ਤੇ ਨਵੀਆਂ ਪਾਰਟੀਆਂ ਦੀ ਆਮਦ ਨਾਲ ਜੂਝ ਰਹੀ ਕਾਂਗਰਸ ਕੋਲ ਵਕਤ ਬਹੁਤ ਘੱਟ ਹੈ ਤੇ ਕਰ ਕੇ ਦਿਖਾਉਣ ਨੂੰ ਬਹੁਤ ਕੁਝ ਹੈ। ਕੁਝ ਅਜਿਹਾ ਜਿਸ ਦੇ ਸਿੱਟੇ ਨਾ ਸਿਰਫ਼ ਪੰਜਾਬ ਸਗੋਂ ਸਾਰੇ ਮੁਲਕ ਲਈ ਵੀ ਬਹੁਤ ਦੂਰਗਾਮੀ ਸਾਬਤ ਹੋ ਸਕਦੇ ਹਨ। ਇਹੋ ਜਿਹੇ ਵੇਲੇ ਹਾਕਮ ਪਾਰਟੀ ਨੂੰ ਸਿਰਫ਼ ਸ਼ੁਭ ਕਾਮਨਾਵਾਂ ਹੀ ਦਿੱਤੀਆਂ ਜਾ ਸਕਦੀਆਂ ਹਨ।

# ਅਜੇ ਮੁੱਕੇ ਨਹੀਂ 'ਆਪ' ਦੇ ਭੱਥੇ ਦੇ ਤੀਰ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਅਜਿਹੇ ਰਾਜਸੀ ਸੰਗਠਨ ਵਜੋਂ ਉਭਰੀ ਕਿ ਇਕ ਵਾਰ ਤਾਂ ਸਥਾਪਿਤ ਰਾਜਸੀ ਦਲਾਂ, ਖ਼ਾਸ ਕਰ ਕੇ ਅਕਾਲੀ ਅਤੇ ਕਾਂਗਰਸ ਨੂੰ ਗਹਿਰੀ ਸੋਚ ਵਿਚ ਡੋਬ ਦਿੱਤਾ। ਦੋਵੇਂ ਸਿਆਸੀ ਧਿਰਾਂ ਦਾ ਜ਼ਿਆਦਾ ਜ਼ੋਰ ਆਮ ਆਦਮੀ ਪਾਰਟੀ ਦੀ ਨੁਕਤਾਚੀਨੀ ਕਰਨ 'ਤੇ ਹੀ ਕੇਂਦਰਿਤ ਰਿਹਾ ਜਿਵੇਂ ਦੋਹਾਂ ਲਈ 'ਆਪ' ਦੀ ਆਮਦ ਹੀ ਸਭ ਤੋਂ ਵੱਡਾ ਖ਼ਤਰਾ ਹੋਵੇ!

ਦੂਜੇ ਪਾਸੇ 'ਆਪ' ਵੀ ਪੰਜਾਬ ਵਿਚ ਦਿਨੋ-ਦਿਨ ਆਪਣਾ ਆਧਾਰ ਮਜ਼ਬੂਤ ਕਰਦੀ ਰਹੀ।

ਲਖਵਿੰਦਰ ਸਿੰਘ ਮੌੜ

ਆਧਾਰ ਇਥੋਂ ਤਕ ਮਜ਼ਬੂਤੀ ਫੜ ਗਿਆ ਕਿ ਇਸ ਦੀਆਂ ਰੈਲੀਆਂ ਵਿਚ ਆਪ ਮੁਹਾਰੇ ਲੋਕਾਂ ਦਾ ਇਕਠ ਹੋਣਾ ਸ਼ੁਰੂ ਹੋ ਗਿਆ। ਇਸ ਵਰਤਾਰੇ ਤੋਂ ਦੂਜੇ ਦਲ ਕਾਫ਼ੀ ਪ੍ਰੇਸ਼ਾਨ ਦਿਖਾਈ ਦਿੱਤੇ। ਉਨ੍ਹਾਂ ਨੇ ਸਟੇਜਾਂ ਤੋਂ ਲੋਕਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਆਪਣੇ ਬੱਚਿਆਂ ਨੂੰ 'ਆਪ' ਵਾਲਿਆਂ ਤੋਂ ਦੂਰ ਰੱਖਣ, ਕਿਉਂਕਿ ਇਸ ਵਿਚ ਨਕਸਲੀ ਤੱਤ ਸ਼ਾਮਲ ਹਨ, ਪਰ ਪੰਜਾਬ ਦੀ ਨਵੀਂ ਪੀੜ੍ਹੀ 'ਤੇ ਇਸ ਦਾ ਕੋਈ ਖ਼ਾਸ ਅਸਰ ਨਹੀਂ ਹੋਇਆ।

ਲੋਕਾਂ ਵਿਚ ਇਸ ਗੱਲ ਦਾ ਪੂਰਾ ਭਰੋਸਾ ਸੀ ਕਿ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤੇਗੀ, ਪਰ ਨਤੀਜੇ ਇੱਛਾਵਾਂ ਤੋਂ ਉਲਟ ਨਿਕਲਣ ਕਾਰਨ ਜਿਥੇ ਪਾਰਟੀ ਵਿਚ ਨਿਰਾਸ਼ਾ ਛਾਈ ਹੋਈ ਹੈ, ਉਥੇ ਇਸ ਪਾਰਟੀ ਦੀ ਸਰਕਾਰ ਵੇਖਣ ਦੇ ਚਾਹਵਾਨ ਵੀ ਢੇਰੀ ਢਾਹ ਕੇ ਬੈਠ ਗਏ। 'ਆਪ' ਭਾਵੇਂ ਹਾਰ ਹੀ ਗਈ ਹੈ, ਫਿਰ ਵੀ ਪੰਜਾਬੀਆਂ ਨੇ ਆਪ ਦੀ ਝੋਲੀ ਵਿਚ ਵੀਹ ਸੀਟਾਂ ਪਾ ਕੇ ਵਿਧਾਨ ਸਭਾ ਵਿਚ ਭੇਜਿਆ ਹੈ। ਇਹ ਸੋਚਣਾ ਪਵੇਗਾ ਕਿ ਅਕਾਲੀਆਂ ਨੂੰ ਨਿੰਦਣ ਵਿਚ ਕਸਰ ਨਾ ਛੱਡਣ ਵਾਲੀ ਆਪ ਪ੍ਰਤੀਸ਼ਤਤਾ ਪੱਖੋਂ ਊਣੀ ਕਿਉਂ ਰਹਿ ਗਈ?

ਹੁਣ 'ਆਪ' ਨੂੰ ਵਿਰੋਧੀ ਧਿਰ ਵਿਚ ਬੈਠਣ ਦਾ ਮੌਕਾ ਮਿਲ ਗਿਆ ਹੈ। ਜੇ 'ਆਪ' ਵਿਧਾਇਕ ਚਾਹੁਣ ਤਾਂ ਪੰਜਾਬ ਦੇ ਲੋਕਾਂ ਲਈ ਬਹੁਤ ਕੁਝ ਕਰ ਸਕਦੇ ਹਨ। ਭਾਵੇਂ 'ਆਪ' ਦੀਆਂ 'ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ', ਪਰ ਉਨ੍ਹਾਂ ਦੇ ਭੱਥੇ ਵਿਚ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਚਲਾਉਣ ਜੋਗੇ ਤੀਰ ਅਜੇ ਵੀ ਬਾਕੀ ਹਨ।

***'ਆਪ' ਨੂੰ ਵਿਰੋਧੀ ਧਿਰ ਵਿਚ ਬੈਠਣ ਦਾ ਮੌਕਾ ਮਿਲ ਗਿਆ ਹੈ। ਜੇ 'ਆਪ' ਵਿਧਾਇਕ ਚਾਹੁਣ ਤਾਂ ਪੰਜਾਬ ਦੇ ਲੋਕਾਂ ਲਈ ਬਹੁਤ ਕੁਝ ਕਰ ਸਕਦੇ ਹਨ। ਭਾਵੇਂ 'ਆਪ' ਦੀਆਂ 'ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ', ਪਰ ਉਨ੍ਹਾਂ ਦੇ ਭੱਥੇ ਵਿਚ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਚਲਾਉਣ ਜੋਗੇ ਤੀਰ ਅਜੇ ਬਾਕੀ ਹਨ।***

ਵਿਰੋਧੀ ਧਿਰ ਦੀ ਨਿਭਾਈ ਗਈ ਲੋਕ ਹਿਤੈਸ਼ੀ ਭੂਮਿਕਾ ਵੀ ਕਿਸੇ ਪੱਖੋਂ ਵੀ ਘੱਟ ਨਹੀਂ ਹੁੰਦੀ। ਹੁਣ ਆਪ ਦੇ ਚੁਣੇ ਹੋਏ ਵਿਧਾਇਕਾਂ ਦਾ ਫ਼ਰਜ਼ ਬਣਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬੀਆਂ ਨਾਲ ਕੀਤੇ ਵਾਅਦੇ ਨਿਭਾਉਣ ਲਈ ਦਬਾਅ ਪਾਉਣ। ਉਹ ਸਭ ਤੋਂ ਪਹਿਲਾਂ 'ਇਕ ਘਰ, ਇਕ ਨੌਕਰੀ' ਬਾਰੇ ਪੁੱਛਣ ਕਿ ਇਹ ਇਕਰਾਰਨਾਮਾ ਕਦੋਂ ਪੂਰਾ ਕਰਨ ਜਾ ਰਹੇ ਹੋ? ਦੂਜਾ ਨੌਜਵਾਨਾਂ ਨੂੰ ਸਮਾਰਟ ਫੋਨ ਦੇਣਾ ਭਾਵੇਂ ਲਾਭਦਾਇਕ ਨਹੀਂ, ਪਰ ਪੁੱਛਿਆ ਜਾਵੇ ਕਿ ਕੀ ਇਸ ਨਾਲ ਨੌਜਵਾਨਾਂ ਦੇ ਰੁਜ਼ਗਾਰ ਦਾ ਮਸਲਾ ਹੱਲ ਹੋ ਜਾਵੇਗਾ? ਕੀਤੇ ਵਾਅਦੇ ਮੁਤਾਬਿਕ ਬੁਢਾਪਾ ਪੈਨਸ਼ਨ 2500 ਰੁਪਏ ਕਰਾਉਣ ਲਈ ਦਬਾਅ ਪਾ ਕੇ ਪੰਜਾਬੀਆਂ ਨੂੰ 23.7 ਫ਼ੀਸਦੀ ਵੋਟਾਂ ਦਾ ਮੁੱਲ ਮੋੜਨ ਦੀ ਕਵਾਇਦ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ ਕਿਸਾਨੀ ਮੁੱਦਿਆਂ ਨੂੰ ਸਹੀ ਢੰਗ ਨਾਲ ਉਠਾਇਆ ਜਾਵੇ। ਹੋਰ ਵੀ ਅਨੇਕਾਂ ਲੋਕ ਹਿਤੈਸ਼ੀ ਮੁੱਦੇ ਹਨ ਜਿਨ੍ਹਾਂ ਨੂੰ ਸਰਕਾਰਾਂ ਅਕਸਰ ਹੀ ਦੱਬ ਕੇ ਰੱਖਦੀਆਂ ਹਨ, ਉਨ੍ਹਾਂ ਨੂੰ ਉਛਾਲਣ ਲਈ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਬਹੁਤ ਜ਼ਰੂਰੀ ਹੈ।

ਆਉਣ ਵਾਲੇ ਸਮੇਂ ਵਿਚ ਬੇਰੁਜ਼ਗਾਰਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੇ ਧਰਨੇ-ਮੁਜ਼ਾਹਰਿਆਂ ਦੌਰਾਨ ਲਾਠੀਚਾਰਜ ਵਿਰੁੱਧ ਡਟਣਾ ਆਦਿ ਅਜਿਹੇ ਵਰਤਾਰੇ ਹਨ ਜਿਨ੍ਹਾਂ ਨਾਲ ਪੰਜਾਬੀਆਂ ਵਿਚ ਹਾਰਕੇ ਵੀ ਜੇਤੂਆਂ ਵਾਂਗ ਵਿਚਰਿਆ ਜਾ ਸਕਦਾ ਹੈ। ਇਸ ਸਭ ਲਈ ਅਕਾਲੀ ਦਲ ਨੂੰ ਨਾਲ ਲਿਆ ਜਾਵੇ। ਜੇ ਅਕਾਲੀ ਦੇ ਪੰਦਰਾਂ ਵਿਧਾਇਕ 'ਆਪ' ਦਾ ਸਾਥ ਨਹੀਂ ਦਿੰਦੇ ਤਾਂ ਇਹ ਵੀ ਆਪ ਦੇ ਹੱਕ ਵਿਚ ਹੀ ਜਾਵੇਗਾ।

# ਭਾਰਤੀਆਂ 'ਤੇ ਹਮਲਿਆਂ ਬਾਰੇ ਚਿੰਤਾ ਦਾ ਪ੍ਰਗਟਾਵਾ

**ਨਵੀਂ ਦਿੱਲੀ:** ਅਮਰੀਕਾ ਵਿਚ ਭਾਰਤੀਆਂ ਉਤੇ ਹਮਲਿਆਂ ਬਾਰੇ ਭਾਰਤ ਨੇ ਅਮਰੀਕੀ ਪ੍ਰਸ਼ਾਸਨ ਕੋਲ 'ਗੰਭੀਰ ਚਿੰਤਾ' ਪ੍ਰਗਟਾਈ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਪਰਵਾਸੀ ਭਾਰਤੀਆਂ ਦੀ ਸੁਰੱਖਿਆ ਸਰਕਾਰ ਦੀ ਮੁੱਖ ਤਰਜੀਹ ਹੈ। ਖਰਾਬ ਸਿਹਤ ਕਾਰਨ ਕਾਫੀ ਦੇਰ ਸਦਨ ਤੋਂ ਗੈਰਹਾਜ਼ਰ ਰਹਿਣ ਮਗਰੋਂ ਜਦੋਂ ਸੁਸ਼ਮਾ ਸਵਰਾਜ ਲੋਕ ਸਭਾ ਵਿਚ ਹਾਜ਼ਰ ਹੋਏ ਤਾਂ ਮੈਂਬਰਾਂ ਨੇ ਬੈਂਚ ਥਪਥਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਅਮਰੀਕਾ ਵਿਚ ਸ਼ੱਕੀ ਨਸਲੀ ਹਮਲਿਆਂ ਦੀਆਂ ਤਾਜ਼ਾ ਘਟਨਾਵਾਂ ਸਬੰਧੀ ਸਰਕਾਰ ਵੱਲੋਂ ਚੁੱਪੀ ਸਾਧਣ ਦੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਨਿਰਾਆਧਾਰ ਦੱਸਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਬਾਰੇ ਸਰਕਾਰ ਕਦੇ ਚੁੱਪ ਨਹੀਂ ਬੈਠੇਗੀ।

ਕਾਂਗਰਸ ਆਗੂ ਮਲਿਕਾਰਜੁਨ ਖੜਗੇ ਦੀ ਆਲੋਚਨਾ ਦਾ ਜਵਾਬ ਦਿੰਦਿਆਂ ਸੁਸ਼ਮਾ ਸਵਰਾਜ ਨੇ ਕਿਹਾ ਕਿ 'ਅਸੀਂ ਹਮੇਸ਼ਾ ਉਮੀਦ ਤੋਂ ਵੱਧ ਕੰਮ ਕੀਤਾ ਹੈ।' ਉਨ੍ਹਾਂ ਕਿਹਾ ਕਿ ਆਪਣੀ ਬਿਮਾਰੀ ਨਾਲ ਜੂਝਦਿਆਂ ਵੀ ਉਨ੍ਹਾਂ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ ਅਤੇ ਭਾਰਤੀ ਕੌਂਸਲੇਟ ਜਨਰਲ ਦੇ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਮਿਲਣ ਲਈ ਕਿਹਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਮਸਰੂਫ ਚੋਣ ਪ੍ਰਚਾਰ ਦੌਰਾਨ ਇਸ ਬਾਰੇ ਉਨ੍ਹਾਂ ਦੇ ਮੰਤਰਾਲੇ ਤੋਂ ਰੋਜ਼ਾਨਾ ਜਾਣਕਾਰੀ ਮੰਗਦੇ ਸਨ। ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਅਮਰੀਕੀ ਸਰਕਾਰ ਕੋਲ ਉਚ ਪੱਧਰ ਉਤੇ ਇਹ ਮਸਲਾ ਉਠਾਇਆ ਹੈ।

## ਟਰੰਪ ਦੇ ਪਾਬੰਦੀ ਬਾਰੇ ਨਵੇਂ ਹੁਕਮਾਂ 'ਤੇ ਜੱਜ ਨੇ ਲਾਈ ਰੋਕ

**ਵਾਸ਼ਿੰਗਟਨ:** ਅਮਰੀਕੀ ਜੱਜ ਨੇ ਮੁਸਲਿਮ ਬਹੁ-ਗਿਣਤੀ ਵਾਲੇ ਛੇ ਮੁਲਕਾਂ ਦੇ ਨਾਗਰਿਕਾਂ 'ਤੇ ਮੁੜ ਯਾਤਰਾ ਪਾਬੰਦੀ ਲਾਉਣ ਦੇ ਡੋਨਲਡ ਟਰੰਪ ਦੇ ਫੈਸਲੇ ਨੂੰ ਰੋਕ ਦਿੱਤਾ ਹੈ। ਇਹ ਰੋਕ ਇਸ ਫੈਸਲੇ ਦੇ ਲਾਗੂ ਹੋਣ ਤੋਂ ਕੁੱਝ ਘੰਟੇ ਪਹਿਲਾਂ ਲਾਈ ਗਈ ਹੈ, ਜਿਸ ਨਾਲ ਅਮਰੀਕੀ ਰਾਸ਼ਟਰਪਤੀ ਨੂੰ ਝਟਕਾ ਲੱਗਿਆ। ਹਾਲਾਂਕਿ ਰਾਸ਼ਟਰਪਤੀ ਨੇ ਇਸ ਫੈਸਲੇ ਨੂੰ 'ਨਿਆਇਕ ਦਬੰਗਪੁਣਾ' ਦੱਸਿਆ ਅਤੇ ਇਸ ਨੂੰ ਚੁਣੌਤੀ ਦੇਣ ਦਾ ਅਹਿਦ ਲਿਆ।

ਹਵਾਈ ਦੇ ਫੈਡਰਲ ਜੱਜ ਦਾ ਇਹ ਹੁਕਮ ਸੂਬੇ ਵੱਲੋਂ ਪੇਸ਼ ਉਸ ਕੇਸ ਵਿਚ ਆਇਆ, ਜਿਸ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਪਿਛਲੇ ਹਫਤੇ ਨਵੇਂ ਸਿਰਿਉਂ ਯਾਤਰਾ ਪਾਬੰਦੀ ਲਾਗੂ ਕਰਨ ਨੂੰ ਚੁਣੌਤੀ ਦਿੱਤੀ ਗਈ ਸੀ। ਹਵਾਈ ਸੂਬੇ ਦਾ ਤਰਕ ਹੈ ਕਿ ਯਾਤਰਾ ਪਾਬੰਦੀ ਵਿਚ ਸੋਧ ਹਾਲੇ ਵੀ ਗੈਰ ਸੰਵਿਧਾਨਕ ਹੈ। ਇਸ ਨਵੀਂ ਯਾਤਰਾ ਪਾਬੰਦੀ ਅਨੁਸਾਰ ਇਰਾਨ, ਲਿਬੀਆ, ਸੋਮਾਲੀਆ, ਸੁਡਾਨ, ਸੀਰੀਆ ਅਤੇ ਯਮਨ ਦੇ ਲੋਕ 90 ਦਿਨਾਂ ਤੱਕ ਅਮਰੀਕਾ ਦੀ ਯਾਤਰਾ ਨਹੀਂ ਕਰ ਸਕਣਗੇ। ਇਹ ਪਾਬੰਦੀ 15 ਮਾਰਚ ਅੱਧੀ ਰਾਤ ਤੋਂ ਲਾਗੂ ਹੋਣੀ ਸੀ। ਦੂਜੇ ਪਾਸੇ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਸ ਹੁਕਮ ਨਾਲ 'ਅਸੀਂ ਕਮਜ਼ੋਰ ਲੱਗ ਰਹੇ ਹਾਂ।' ਉਨ੍ਹਾਂ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦਾ ਅਹਿਦ ਲਿਆ।

# ਹਰਫਦਾਨੀ ਸੰਤ ਸੇਵਾ ਸਿੰਘ ਰਾਮਪੁਰ ਖੇੜਾ ਵਾਲੇ

**ਅਦਬੀ ਸ਼ਖਸੀਅਤ**

ਸਿੱਖ ਧਰਮ ਮਨੁੱਖ ਦੀਆਂ ਸਰੀਰਕ ਅਤੇ ਰੂਹਾਨੀ ਲੋੜਾਂ ਦੀ ਪੂਰਤੀ ਨੂੰ ਸਹੀ ਸੰਦਰਭ ਵਿਚ ਸਮਝਣ ਅਤੇ ਇਸ ਅਨੁਸਾਰ ਜੀਵਨ-ਸ਼ੈਲੀ ਨੂੰ ਅਪਨਾਉਣ ਲਈ ਰਾਹ-ਦਸੇਰਾ ਹੈ। ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਜਿਥੇ ਭੁੱਖਿਆਂ ਅਤੇ ਲੋੜਵੰਦਾਂ ਦੀ ਪੇਟ-ਪੂਰਤੀ ਲਈ ਬਹੁਤ ਜਰੂਰੀ ਹੈ, ਉਥੇ ਸ਼ਬਦ-ਸਾਧਨਾ ਨੂੰ ਪੈਦਾ ਕਰਨਾ ਵੀ ਸਮੇਂ ਦੀ ਮੁੱਖ ਲੋੜ ਹੈ। ਪੰਜਾਬੀਆਂ ਵਿਚ ਪੁਸਤਕ ਸਭਿਆਚਾਰ ਵਿਕਸਤ ਕਰਨ ਦਾ ਬਿਖੜਾ ਪੈਂਡਾ ਅਪਨਾਉਣ ਦਾ ਸਾਹਸ-ਪੂਰਨ ਕਦਮ ਸੰਤ ਸੇਵਾ

**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 90568-90121

ਸਿੰਘ ਰਾਮਪੁਰ ਖੇੜੇ ਵਾਲਿਆਂ ਨੇ ਚੁਕਿਆ ਹੈ।

ਮਨੁੱਖਤਾ ਦੀ ਸਦੀਵਤਾ ਅਤੇ ਸੁੰਦਰਤਾ ਦੀ ਬਰਕਰਾਰੀ ਲਈ ਹਵਾ ਦੇ ਲੰਗਰਾਂ ਵਾਲੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਪਾਣੀ ਦੇ ਗੰਧਲੇਪਨ ਨੂੰ ਸ਼ਫਾਫਤ ਤੇ ਪਾਕੀਜ਼ਗੀ ਬਖਸ਼ਣ ਦੇ ਮਾਰਗ ਤੁਰੇ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਬਾਅਦ ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਨੇ ਸਿੱਖ ਭਾਈਚਾਰੇ ਨੂੰ ਕਿਤਾਬਾਂ ਪੜ੍ਹਨ ਵਾਲੇ ਪਾਸੇ ਤੋਰਨ ਦੇ ਇਸ ਮਾਨਵੀ ਤੇ ਬਹੁ-ਪਰਉਪਕਾਰੀ ਕਾਰਜ ਵੰਨੀਂ ਪਹਿਲਕਦਮੀ ਕੀਤੀ ਹੈ। ਕਿਤਾਬ ਤੋਂ ਬੇਮੁੱਖ ਹੋਏ ਸਿੱਖਾਂ ਦੀ ਚੇਤਨਾ ਨੂੰ ਹਲੂਣਾ ਦੇਣ ਅਤੇ ਉਨ੍ਹਾਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਇਸ ਨਵੀਨਤਮ ਪ੍ਰਾਜੈਕਟ ਬਾਰੇ ਸੰਤ ਸੇਵਾ ਸਿੰਘ ਦਾ ਕਹਿਣਾ ਹੈ, "ਅਸੀਂ ਪੇਟ ਦੀ ਖੁਰਾਕ ਲਈ ਲੰਗਰ ਤਾਂ ਬਹੁਤ ਲਾਉਂਦੇ ਹਾਂ ਪਰ ਰੂਹ ਦੀ ਖੁਰਾਕ ਲਈ ਸ਼ਬਦ-ਸਾਂਝ ਰਾਹੀਂ ਆਪਣੇ ਧਰਮ ਤੇ ਵਿਰਸੇ ਪ੍ਰਤੀ ਸੰਵੇਦਨਸ਼ੀਲ ਨਹੀਂ ਹਾਂ। ਅਸੀਂ ਧਰਮ ਅਤੇ ਵਿਰਸੇ ਬਾਰੇ ਲੋਕਾਂ ਵਿਚ ਸਹੀ ਜਾਣਕਾਰੀ ਪਹੁੰਚਾਣ ਪ੍ਰਤੀ ਬਹੁਤ ਅਵੇਸਲੇ ਹਾਂ। ਇਸ ਆਸ਼ੇ ਨੂੰ ਮੁੱਖ ਰੱਖ ਕੇ ਅਸੀਂ ਧਾਰਮਿਕ ਅਤੇ ਸਮਾਜਕ ਵਿਸ਼ਿਆਂ ਬਾਰੇ ਹੁਣ ਤੱਕ ਬਹੁਤ ਸਾਰੀਆਂ ਕਿਤਾਬਾਂ ਪ੍ਰਕਾਸ਼ਿਤ ਕਰਕੇ ਸੰਗਤਾਂ ਵਿਚ ਮੁਫਤ ਵੰਡੀਆਂ ਹਨ।"

ਸੰਤ ਸੇਵਾ ਸਿੰਘ ਨੇ ਮਾਰਗ ਦਰਸ਼ਕ ਪੁਸਤਕਾਂ ਲਿਖਣ ਅਤੇ ਸੰਗਤਾਂ ਵਿਚ ਵੰਡਣ ਦਾ ਕਾਰਜ 1990 ਤੋਂ ਸ਼ੁਰੂ ਕੀਤਾ ਹੈ ਜਦਕਿ ਉਨ੍ਹਾਂ ਨੇ ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲਿਆਂ ਦੇ ਸਵਰਗਵਾਸ ਹੋਣ ਤੋਂ ਬਾਅਦ 1983 ਵਿਚ ਇਸ ਧਾਰਮਿਕ ਅਸਥਾਨ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਸੰਭਾਲੀ ਹੋਈ ਹੈ। ਇਸ ਅਸਥਾਨ ਨੂੰ ਕੇਂਦਰ ਬਣਾ ਕੇ ਬਾਬਾ ਹਰਨਾਮ ਸਿੰਘ ਨੇ ਗੁਰਸਿੱਖੀ ਪ੍ਰਚਾਰ ਵਿਚ ਅਹਿਮ ਯੋਗਦਾਨ ਪਾਇਆ ਸੀ। ਇਹ ਗੁਰਦੁਆਰਾ ਸਾਹਿਬ ਹੁਸ਼ਿਆਰਪੁਰ-ਦਸੂਹਾ ਸੜਕ 'ਤੇ ਗੜ੍ਹਦੀਵਾਲਾ ਦੇ ਨਜ਼ਦੀਕ ਹੈ ਅਤੇ ਮੁੱਖ ਸੜਕ ਤੋਂ ਇਕ ਕਿਲੋਮੀਟਰ ਦੂਰ ਹੈ।



ਸੰਤ ਸੇਵਾ ਸਿੰਘ ਰਾਮਪੁਰ ਖੇੜਾ

ਗੁਰਦੁਆਰਾ ਸਾਹਿਬ ਦੀ ਵਿਸ਼ਾਲ ਇਮਾਰਤ ਹੈ ਜਿਸ ਵਿਚ ਸੰਗਤਾਂ ਦੀ ਰਿਹਾਇਸ਼ ਲਈ 750 ਦੇ ਕਰੀਬ ਕਮਰੇ ਵੀ ਹਨ। ਉਨ੍ਹਾਂ ਦੀ ਰਹਿਨੁਮਾਈ ਵਿਚ ਜਿਥੇ ਅੱਖਾਂ, ਦੰਦਾਂ ਅਤੇ ਆਮ ਮਰਜਾਂ ਲਈ ਮੁਫਤ ਹਸਪਤਾਲ ਸਫਲਤਾਪੂਰਵਕ ਚੱਲ ਰਹੇ ਹਨ, ਉਥੇ ਬੱਚਿਆਂ ਲਈ ਗੁਰਬਾਣੀ ਕੀਰਤਨ ਲਈ ਸਿਖਲਾਈ ਦਾ ਸਕੂਲ, ਮਲਟੀਮੀਡੀਆ ਮਿਊਜ਼ੀਅਮ, ਬਿਰਧ ਆਸ਼ਰਮ ਆਦਿ ਸਮੇਤ ਵੱਖ ਵੱਖ ਅਦਾਰੇ ਪੂਰਨ ਸਮਰਪਣ ਨਾਲ ਸਮਾਜ ਦੀ ਸੇਵਾ ਕਰਕੇ ਜੱਸ ਖੱਟ ਰਹੇ ਹਨ।

ਬਾਬਾ ਸੇਵਾ ਸਿੰਘ ਦੀ ਕਲਮ ਪ੍ਰਤੀ ਵਚਨਬੱਧਤਾ ਹੈ ਕਿ ਉਹ ਇਕ ਫਰੀ ਪਬਲੀਕੇਸ਼ਨ ਸਟੋਰ ਚਲਾ ਰਹੇ ਹਨ। ਉਨ੍ਹਾਂ ਨੇ ਹੁਣ ਤੱਕ 50 ਦੇ ਕਰੀਬ ਪੰਜਾਬੀ ਪੁਸਤਕਾਂ ਲਿਖੀਆਂ ਹਨ ਅਤੇ ਛਪਵਾ ਕੇ ਮੁਫਤ ਵੰਡੀਆਂ ਹਨ। ਹਰ ਪੁਸਤਕ ਦੀ ਕੀਮਤ ਹੈ, 'ਅਮਲ ਅਤੇ ਵਿਚਾਰ।' ਇਨ੍ਹਾਂ ਵਿਚ ਨਿੱਤਨੇਮ ਦੀਆਂ ਸਾਰੀਆਂ ਬਾਣੀਆਂ, ਬਾਰਾਂ ਮਾਂਹ, ਲਾਵਾਂ ਆਦਿ ਦਾ ਸੰਪੂਰਨ ਸਟੀਕ, ਵੱਖ ਵੱਖ ਧਾਰਮਿਕ ਸਰੋਕਾਰਾਂ ਬਾਰੇ ਅਰਥ ਭਰਪੂਰ ਪੁਸਤਕਾਂ, ਸਮਾਜਕ ਕੁਰੀਤੀਆਂ, ਜੈਸੀ ਸੰਗਤ ਤੈਸੀ ਰੰਗਤ, ਮਨੁੱਖਤਾ ਦੇ ਦੁਸ਼ਮਣ ਨਸ਼ੇ, ਸਾਨੂੰ ਨਾ ਮਾਰੋ, ਕਲਮ ਦੀ ਸ਼ਕਤੀ ਆਦਿ ਪੁਸਤਕਾਂ ਤੋਂ ਇਲਾਵਾ ਸਾਡਾ ਵਿਰਸਾ ਅਤੇ ਸਵੈ-ਪੜਚੋਲ ਆਦਿ ਕਿਤਾਬਾਂ ਪ੍ਰਮੁੱਖ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ 25 ਕਿਤਾਬਾਂ ਦਾ ਅੰਗਰੇਜ਼ੀ ਵਿਚ ਉਲਥਾ ਕੀਤਾ ਗਿਆ ਹੈ। ਨਿੱਤਨੇਮ ਨੂੰ ਰੋਮਨ ਭਾਸ਼ਾ ਵਿਚ ਛਪਵਾਇਆ ਗਿਆ ਹੈ ਤਾਂ ਕਿ ਵਿਦੇਸ਼ਾਂ ਵਿਚ ਜਨਮੇ ਅਤੇ ਪ੍ਰਵਾਨ ਚੜ੍ਹ ਰਹੇ ਬੱਚੇ ਆਪਣੇ ਧਰਮ ਤੇ ਵਿਰਸੇ ਨਾਲ ਜੁੜੇ ਰਹਿਣ। ਬਾਬਾ ਜੀ ਦੀ ਪਬਲੀਕੇਸ਼ਨ ਵਲੋਂ 15 ਧਾਰਮਿਕ ਪੁਸਤਕਾਂ ਦਾ ਹਿੰਦੀ ਵਿਚ ਵੀ ਉਲਥਾ ਕਰਵਾਇਆ ਗਿਆ ਹੈ, ਜਿਨ੍ਹਾਂ ਦੀ ਗੈਰ-ਪੰਜਾਬੀ ਇਲਾਕਿਆਂ ਵਿਚ ਬਹੁਤ ਜ਼ਿਆਦਾ ਮੰਗ ਹੈ।

ਬਾਬਾ ਜੀ ਦਾ ਪੁਸਤਕ ਯੱਗ ਨੂੰ ਸੰਗਤਾਂ ਵਿਚ ਮਕਬੂਲ ਕਰਨ ਅਤੇ ਹਰ ਪੁਸਤਕ ਪ੍ਰੇਮੀ ਤੱਕ ਪੁਸਤਕ ਪਹੁੰਚਾਣ ਦਾ ਨਿਵੇਕਲਾ ਢੰਗ ਹੈ। ਇਸ ਬਾਰੇ ਬਾਬਾ ਜੀ ਦਾ ਕਹਿਣਾ ਹੈ ਕਿ ਅਸੀਂ ਵੱਡੀ ਗਿਣਤੀ ਵਿਚ ਪੁਸਤਕਾਂ ਨੂੰ ਉਚੇਚੀ ਸ਼ਿਪਮੈਂਟ ਤਿਆਰ ਕਰਕੇ ਕੰਨਟੇਨਰ ਜਾਂ ਪਾਰਸਲ ਰਾਹੀਂ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਵੱਸਦੀਆਂ ਸੰਗਤਾਂ ਲਈ ਭੇਜਦੇ ਹਾਂ। ਇਨ੍ਹਾਂ ਨੂੰ ਸੇਵਕਾਂ ਵਲੋਂ ਨਿਸ਼ਕਾਮ ਸੇਵਾ ਰਾਹੀਂ ਘਰ ਘਰ ਪਹੁੰਚਾਇਆ ਜਾਂਦਾ ਹੈ। ਪੰਜਾਬ ਵਿਚ ਅਸੀਂ ਨਗਰ ਕੀਰਤਨਾਂ, ਸੰਗ ਦਾ ਮੇਲਾ, ਹੋਲੇ-ਮਹੱਲੇ ਆਦਿ ਵੱਖ-ਵੱਖ ਗੁਰਪੁਰਬਾਂ/ਸ਼ਤਾਬਦੀਆਂ ਮੌਕੇ




ਸਜਾਏ ਜਾਂਦੇ ਨਗਰ ਕੀਰਤਨਾਂ ਦੌਰਾਨ ਪੁਸਤਕਾਂ ਦੇ ਸਟਾਲ ਲਾਉਂਦੇ ਹਾਂ। ਇਸ ਦੇ ਨਾਲ ਹੀ ਪੁਸਤਕਾਂ ਦੀ ਗੱਡੀ ਭਰ ਕੇ ਨਗਰ ਕੀਰਤਨ ਦੇ ਨਾਲ ਨਾਲ ਚੱਲਦੇ ਹਾਂ ਅਤੇ ਹਰ ਚਾਹਵਾਨ ਸੇਵਕ ਦੀ ਤਲੀ 'ਤੇ ਪੁਸਤਕ-ਪ੍ਰਸ਼ਾਦ ਧਰਦੇ ਹਾਂ।

ਪੁਸਤਕ ਦੀ ਚੇਟਕ ਅਜਿਹੀ ਹੈ ਕਿ ਜਿਸ ਨੂੰ ਇਕ ਵਾਰ ਲੱਗ ਗਈ, ਉਹ ਇਕ ਨਰੋਈ ਜੀਵਨ ਜਾਚ ਅਪਨਾ ਲੈਂਦਾ ਹੈ। ਕਿਤਾਬਾਂ ਗਿਆਨ ਦਾ ਵਸੀਹ ਸਾਗਰ ਹਨ ਤੇ ਸਾਡੀਆਂ ਵਧੀਆ ਦੋਸਤ ਹਨ ਜੋ ਸਾਨੂੰ ਅਗਵਾਈ ਦਿੰਦੀਆਂ ਹਨ।

ਇਹ ਬਾਬਾ ਜੀ ਦੀ ਦੂਰ ਦ੍ਰਿਸ਼ਟੀ ਹੀ ਹੈ ਕਿ ਉਹ ਪੁਸਤਕ ਪੜ੍ਹਨ ਤੋਂ ਅਸਮਰਥ ਲੋਕਾਂ ਲਈ 20 ਕੁ ਦੇ ਕਰੀਬ ਆਡੀਓ ਪੁਸਤਕਾਂ ਵੀ ਤਿਆਰ ਕਰਕੇ ਵੰਡ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਧਾਰਮਿਕ ਅਤੇ ਸਮਾਜਕ ਸਰੋਕਾਰਾਂ ਪ੍ਰਤੀ ਚਿੰਤਾ ਅਤੇ ਚੇਤਨਾ ਪੈਦਾ ਕਰਨ ਲਈ ਕੁਝ ਪੰਜਾਬੀ ਫਿਲਮਾਂ ਵੀ ਤਿਆਰ ਕੀਤੀਆਂ ਹਨ ਜਿਨ੍ਹਾਂ ਵਿਚ 'ਉਜੜ ਬੇਹ ਵਸਾਇਓ', 'ਆਪਣੀ ਖੇਤੀ ਰਖਿ ਲੈ', 'ਸਾਨੂੰ ਨਾ ਮਾਰੋ' ਅਤੇ 'ਐਸੇ ਕਾਹੇ ਭੂਲ ਪਰੇ' ਆਦਿ ਸ਼ਾਮਲ ਹਨ। ਬਾਬਾ ਸੇਵਾ ਸਿੰਘ ਦਾ ਕਹਿਣਾ ਹੈ, "ਮਨੁੱਖ ਉਪਰ ਪੜ੍ਹਨ ਤੇ ਸੁਣਨ ਦੇ ਨਾਲ ਨਾਲ ਦੇਖਣ ਦਾ ਬਹੁਤ ਪ੍ਰਭਾਵ ਪੈਂਦਾ ਹੈ। ਇਸ ਪ੍ਰਭਾਵ ਨੂੰ ਚੰਗੇਰਾ ਰੂਪ ਦੇ ਕੇ ਮਨੁੱਖ ਦੇ ਆਚਰਣ ਅਤੇ ਸ਼ਖਸੀਅਤ ਉਸਾਰੀ ਲਈ ਹੀ ਡਾਕੂਮੈਂਟਰੀ ਫਿਲਮਾਂ ਬਣਾਉਣ ਵੰਨੀਂ ਸੰਗਤੀ ਉਦਮ ਕੀਤਾ ਗਿਆ ਹੈ। ਜੇਕਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਮੂਲ ਨਾਲ ਜੋੜਨਾ ਹੈ ਤਾਂ ਉਨ੍ਹਾਂ ਵਿਚ ਧਾਰਮਿਕ ਬਿਰਤੀ ਤੇ ਵਿਰਸੇ ਪ੍ਰਤੀ ਮੋਹ ਪੈਦਾ ਕਰਨਾ ਪਵੇਗਾ। ਇਸ ਆਸ਼ੇ ਦੀ ਪੂਰਤੀ ਲਈ ਵਾਹਿਗੁਰੂ ਸਾਡੇ ਰਾਹੀਂ ਇਹ ਉਦਮ ਕਰਵਾ ਰਿਹਾ ਹੈ ਕਿਉਂਕਿ ਕਰਨਹਾਰ ਤਾਂ ਵਾਹਿਗੁਰੂ ਆਪ ਹੀ ਹੈ।

ਕਿਤਾਬ ਰਾਹੀਂ ਮਨੁੱਖੀ ਮਨ ਵਿਚ ਪੈਦਾ ਹੋਈ ਸ਼ਬਦ-ਸਾਧਨਾ ਨੇ ਹੀ ਮਨੁੱਖ ਦਾ ਵਿਸਥਾਰ ਅਤੇ ਵਿਕਾਸ ਕਰਨਾ ਏ। ਭਟਕੇ ਮਨੁੱਖ ਨੂੰ ਸਰਬੱਤ ਦੇ ਭਲੇ ਦੀ ਸੋਚ, ਸਾਂਝੀਵਾਲਤਾ ਪ੍ਰਤੀ ਸਨੇਹ, ਭਰਾਤਰੀ-ਭਾਵ ਦੀ ਭਾਵਨਾ ਅਤੇ ਸਮਰਪਣ ਦੇ ਮਾਰਗ ਵੰਨੀਂ ਤੋਰਨਾ ਹੈ। ਅਜਿਹੇ ਸੰਜੀਦਾ ਕਾਰਜ ਪ੍ਰਤੀ ਸੁਚੇਤ ਕਰਦੇ ਬਾਬਾ ਸੇਵਾ ਸਿੰਘ ਦੇ ਮਾਨਵਤਾਵਾਦੀ ਪੁਸਤਕ-ਯੱਗ ਨੂੰ ਸਲਾਮ!







ਸੰਤ ਸੇਵਾ ਸਿੰਘ ਰਾਮਪੁਰ ਖੇੜਾ ਵਲੋਂ ਤਿਆਰ ਪੁਸਤਕਾਂ ਤੇ ਸੀਡੀਆਂ

# ਸਾਬਰਮਤੀ ਨਦੀ ਦੇ ਆਰ-ਪਾਰ

**ਨਿੱਕ ਸੁੱਕ**




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਦਮਨ ਤੋਂ ਦਿਉ ਦੇ 786 ਕਿਲੋਮੀਟਰ ਪੈਂਡੇ ਵਿਚੋਂ ਕਰੀਬ 750 ਕਿਲੋਮੀਟਰ ਪੈਂਡਾ ਗੁਜਰਾਤ ਦੇ ਟਾਪੂਨੁਮਾ ਕਾਠੀਆਵਾੜ ਵਿਚੋਂ ਲੰਘਦਾ ਹੈ। ਮਾਹੀ ਨਦੀ ਤੇ ਸਾਬਰਮਤੀ ਨਦੀ ਨੂੰ ਪਾਰ ਕਰਦਾ ਇਹ ਖੇਤ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਦੀ ਜਿੰਦ ਜਾਨ ਹੈ। ਸੜਕ ਦੇ ਦੋਵੇਂ ਪਾਸੇ ਕਾਲੀ ਭੂਮੀ ਹੈ, ਜਿਸ ਨੂੰ ਕਪਾਹ ਦੀਆਂ ਚਿੱਟੀਆਂ ਫੁੱਟੀਆਂ ਚਮਕਾਉਂਦੀਆਂ ਹਨ। ਕਪਾਹ ਉਤਪਾਦਕਾਂ ਦਾ ਹਰਮਨ ਪਿਆਰਾ ਵਾਹਨ ਮੋਟਰਸਾਈਕਲ ਹੈ। ਜਿਨ੍ਹਾਂ ਪਾਸ ਪਾਰਕ ਕਰਨ ਲਈ ਖੇਤਾਂ ਵਿਚ ਥਾਂ ਨਹੀਂ, ਉਨ੍ਹਾਂ ਦੇ ਸਾਈਕਲ ਸੜਕ ਦੇ ਕੰਢੇ ਕੰਢੇ ਖੜ੍ਹੇ ਕੀਤੇ ਵੇਖੇ ਜਾ ਸਕਦੇ ਹਨ। ਬਹੁਤੀ ਧਰਤੀ ਰੇਤਲੀ ਹੈ ਤੇ ਇਸ ਵਿਚ ਕੁਦਰਤੀ ਕਿੱਕਰਾਂ ਦਾ ਵੱਡਾ ਜੰਗਲ ਹੈ।

ਜੰਗਲ ਵਿਚ ਸਥਾਨਕ ਪ੍ਰਸ਼ਾਸਨ ਨੇ ਅਡਲੀਆ ਤੋਂ ਅਯੁਧਯਾਪੁਰਮ ਮਾਰਗ ਉਤੇ ਕਾਲੇ ਹਿਰਨਾਂ ਦੀ ਸਾਂਭ-ਸੰਭਾਲ ਲਈ ਬਲੈਕਬੱਕ ਨੈਸ਼ਨਲ ਪਾਰਕ ਬਣਾਇਆ ਹੋਇਆ ਹੈ। ਹਰ ਦੂਜੇ ਚੌਥੇ ਮੀਲ ਉਤੇ ਚਾਰ ਪਹੀਆ ਵਾਹਨਾਂ ਦੇ ਚਾਲਕਾਂ ਨੂੰ ਹਿਰਨਾਂ ਦੇ ਬਚਾਓ ਤੇ ਸੁਰੱਖਿਆ ਲਈ ਸੁਚੇਤ ਕਰਨ ਲਈ ਹਦਾਇਤਾਂ ਲਿਖੀਆਂ ਹੋਈਆਂ ਹਨ। ਪਾਸੇ ਚਰਦੇ ਹਿਰਨਾਂ ਨੂੰ ਵੇਖ ਕੇ ਮੈਨੂੰ ਸਮਰਾਲਾ (ਪੰਜਾਬ) ਵਿਚ ਬਿਤਾਇਆ ਆਪਣਾ ਬਚਪਨ ਯਾਦ ਆ ਗਿਆ ਜਿਥੋਂ ਦੀਆਂ ਚਰਾਂਦਾਂ ਵਿਚ ਚੁੰਗੀਆਂ ਭਰਦੇ ਹਿਰਨਾਂ ਦੀਆਂ ਹੇੜਾਂ ਵੇਖ ਕੇ ਮਜ਼ਾ ਆ ਜਾਂਦਾ ਸੀ। ਜਦੋਂ ਮੇਰੀ ਪਤਨੀ ਪਾਰਕ ਦੇ ਹਿਰਨਾਂ ਦੀਆਂ ਤਸਵੀਰਾਂ ਖਿੱਚ ਰਹੀ ਹੁੰਦੀ ਤਾਂ ਮੈਂ ਆਪਣੇ ਬਚਪਨ ਵਾਲਾ ਲੋਕਗੀਤ ਗੁਣਗੁਣਾਉਣ ਲੱਗ ਜਾਂਦਾ:

ਲੰਮੇ ਲੰਝੇ ਨੀ ਸੋਹਣੀਏ ਕੇਸ ਤੇਰੇ
ਖੜੀ ਵਿਹੜੇ ਦੇ ਵਿਚ ਸੁਕਾਮਨੀ ਏਂ।
ਦੂਰੋਂ ਆਮਦੀ ਰੋਹੀ ਦੇ ਮਿਰਗ ਵਾਂਗੂੰ
ਕੋਲ ਆਈ ਕੇ ਨੀਵੀਆਂ ਪਾਮਨੀ ਏਂ।

ਇਸ ਖੇਤਰ ਵਿਚ ਪਟੇਲ ਜਿਮੀਂਦਾਰਾਂ ਦੀ ਪ੍ਰਧਾਨਗੀ ਹੈ ਭਾਵੇਂ ਵਣਜ ਵਪਾਰ ਦਾ ਧੰਦਾ ਜੈਨੀਆਂ ਕੋਲ ਹੈ। ਜੈਨ ਮੰਦਿਰਾਂ ਦੀ ਸੜਕ ਉਤੇ ਵੀ ਘਾਟ ਨਹੀਂ ਪਰ ਕਈ ਥਾਂਵਾਂ ਉਤੇ 8-10 ਕਿਲੋਮੀਟਰ ਦੀ ਦੂਰੀ ਵਾਲੇ ਜੈਨ ਮੰਦਿਰਾਂ ਦੇ ਬੋਰਡ ਵੀ ਲੱਗੇ ਹੋਏ ਹਨ। ਸ੍ਰੀ ਜੈਨ ਆਰੀਆ ਤੀਰਥ ਅਯੁਧਯਾਪੁਰਮ ਕੋਲੋਂ ਲੰਘਦਿਆਂ ਮੈਨੂੰ ਲੋਕਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਦਾ ਪਰਿਵਾਰ ਤੇ ਜੈਨ ਪਾਸਰਾ ਚੇਤੇ ਆ ਗਿਆ ਅਤੇ ਮੈਂ ਆਪਣੇ ਮੋਬਾਈਲ ਫੋਨ ਉਤੇ ਉਸ ਨਾਲ ਜੈਨ ਪਾਸਰੇ ਬਾਰੇ ਜਾਣਕਾਰੀ ਸਾਂਝੀ ਕੀਤੀ। ਜੈਨੀਆਂ ਦੀ ਇਸ ਭੂਮੀ ਵਿਚ ਮਹਾਤਮਾ ਗਾਂਧੀ ਦਾ ਯੋਗਦਾਨ ਚੇਤੇ ਆਉਣਾ ਵੀ ਕੁਦਰਤੀ ਹੈ।




**ਪੰਜਾਬ ਵਿਚ ਸਿਆਸੀ ਫੇਰਬਦਲ:** ਇਨ੍ਹੀਂ ਦਿਨੀਂ ਪੰਜਾਬ ਸਿਆਸੀ ਫੇਰ ਬਦਲ ਵਿਚੋਂ ਲੰਘ ਰਿਹਾ ਹੈ। ਜੇ ਇੱਕ ਪਾਸੇ ਕੈਪਟਨ ਅਮਰਿੰਦਰ ਸਿੰਘ, ਅਰੁਣਾ ਚੌਧਰੀ ਤੇ ਰਜ਼ੀਆ ਸੁਲਤਾਨ ਕ੍ਰਮਵਾਰ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਸਹੁੰ ਚੁੱਕ ਰਹੇ ਸਨ ਤਾਂ ਦੂਜੇ ਪਾਸੇ ਯੂਨੀਵਰਸਟੀਆਂ, ਬੋਰਡਾਂ ਤੇ ਕਾਰਪੋਰੇਸ਼ਨ ਦੇ ਮੁਖੀ ਆਪੋ-ਆਪਣੇ ਅਸਤੀਫੇ ਦੇਣ ਵਿਚ ਰੁੱਝੇ ਹੋਏ ਸਨ। ਅਸਤੀਫਾ ਦੇਣ ਵਾਲਿਆਂ ਵਿਚ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਡਾ. ਜੀ. ਐਸ. ਕਲਕਟ ਹੀ ਨਹੀਂ, ਪੰਜਾਬੀ ਯੂਨੀਵਰਸਿਟੀ (ਪਟਿਆਲਾ) ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਟੀ (ਅੰਮ੍ਰਿਤਸਰ) ਦੇ ਉਪ ਕੁਲਪਤੀ ਡਾ. ਅਜਾਇਬ ਸਿੰਘ ਬਰਾੜ ਵੀ ਸ਼ਾਮਲ ਹਨ। ਕਾਰਪੋਰੇਸ਼ਨ ਤੇ ਬੋਰਡਾਂ ਵਿਚੋਂ ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਡਾਇਰੈਕਟਰ ਤੇ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ ਤੇ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਆਪਣੇ ਅਸਤੀਫੇ ਸਬੰਧਤ ਸਕੱਤਰਾਂ ਨੂੰ ਸੌਂਪ ਦਿੱਤੇ ਹਨ।

ਮੀਡੀਆ ਅਨੁਸਾਰ ਉਨ੍ਹਾਂ ਜਾਤੀ ਆਧਾਰਤ ਭਲਾਈ ਬੋਰਡਾਂ ਦਾ ਭੰਗ ਕੀਤੇ ਜਾਣਾ ਵੀ ਤੈਅ ਹੈ ਜੋ ਜਾਤੀਵਾਦ ਨੂੰ ਉਕਸਾਉਣ ਤੋਂ ਬਿਨਾ ਰਾਜ ਦੀ ਆਰਥਕ ਸਥਿਤੀ ਉਤੇ ਬੋਝ ਬਣੇ ਹੋਏ ਹਨ। ਇਨ੍ਹਾਂ ਦੀ ਸਥਾਪਨਾ ਚੋਣਾਂ ਸਮੇਂ ਵੋਟਾਂ ਬਟੋਰਨ ਦੇ ਮੰਤਵ ਨਾਲ ਕੀਤੀ ਗਈ ਸੀ। ਇਨ੍ਹਾਂ ਵਿਚ ਰਾਇ ਸਿੱਖ, ਕੰਬੋਜ, ਰਾਜਪੂਤ, ਇਸਾਈ, ਸੈਣੀ, ਬਾਜ਼ੀਗਰ, ਟੱਪਰੀਵਾਸ, ਰਾਮਗੜ੍ਹੀਆ, ਦਲਿਤ ਤੇ ਵਿਮੁਕਤ ਜਾਤੀਆਂ ਦੀ ਭਲਾਈ ਲਈ ਰਾਤੋਂ ਰਾਤ ਵੱਖੋ-ਵੱਖਰੇ ਬੋਰਡ ਸਥਾਪਤ ਕੀਤੇ ਗਏ ਸਨ। ਇਨ੍ਹਾਂ ਦਾ ਖਾਤਮਾ ਕੀਤੇ ਬਿਨਾ ਨਵੀਂ ਸਰਕਾਰ ਆਪਣਾ ਆਰਥਕ ਘਾਟਾ ਪੂਰਾ ਨਹੀਂ ਕਰ ਸਕਦੀ। ਹੋ ਸਕਦਾ ਹੈ, ਉਹ ਮਾਰਚ ਦੀ ਤਨਖਾਹ ਲੈਣ ਤੱਕ ਟਿੱਕੇ ਰਹਿਣਾ ਚਾਹੁੰਦੇ ਹਨ।

ਨਵੀਂ ਸਰਕਾਰ ਦਾ ਪੂਰਾ ਧਿਆਨ ਪੰਜਾਬ ਦੀ ਆਰਥਕਤਾ ਨੂੰ ਨੱਥ ਪਾ ਕੇ ਵਿਕਾਸ ਕਾਰਜ ਵਿੱਢਣ ਵਲ ਲੱਗਾ ਹੋਇਆ ਹੈ। ਜੇ ਕੈਪਟਨ ਦੇ ਵਚਨਾਂ ਉਤੇ ਜਾਈਏ, ਉਹ ਗੰਢ ਦਾ ਪੂਰਾ ਹੈ। ਚੋਣਾਂ ਤੋਂ ਪਹਿਲਾਂ ਉਸ ਦਾ ਕਿਸੇ ਪਰਿਵਾਰ ਨੂੰ ਇੱਕ ਤੋਂ ਵੱਧ ਟਿਕਟ ਨਾ ਦੇਣੀ, ਇਸ ਦੀ ਸ਼ਾਹਦੀ ਭਰਦਾ ਹੈ। ਉਸ ਵੱਲੋਂ ਆਪਣੀ ਧਾਰਨਾ 'ਤੇ ਪਹਿਰਾ ਦੇ ਕੇ ਏਨੀ ਵੱਡੀ ਜਿੱਤ ਪ੍ਰਾਪਤ ਕਰਨਾ ਸਭ ਦੇ ਸਾਹਮਣੇ ਹੈ। ਪੰਜਾਬ ਦੀ ਜਨਤਾ ਨੂੰ ਕੈਪਟਨ ਸਰਕਾਰ ਤੋਂ ਬਹੁਤ ਵੱਡੀਆਂ ਆਸਾਂ ਹਨ। ਦੇਖੋ ਕੀ ਬਣਦਾ ਹੈ।

ਅੰਤਿਕਾ: ਮੀਰ ਤਕੀ ਮੀਰ
ਨਾ ਬਾਤੇਂ ਕਰੋ ਸਰਗਿਰਾਨੀ ਕੇ ਸਾਥ।
ਮੇਰੀ ਜ਼ੀਸਤ ਹੈ ਮਿਹਰਬਾਨੀ ਕੇ ਸਾਥ।

# ਰਾਜਨੀਤੀ, ਤੇਰਾ ਬੇੜਾ ਗਰਕ

***ਕੌਣ ਨਹੀਂ ਜਾਣਦਾ ਕਿ ਰਾਜਨੀਤੀ ਸਭ ਪੁਆੜਿਆਂ ਦੀ ਜੜ੍ਹ ਹੈ। ਅੱਜ ਦੁਨੀਆਂ ਦਾ ਕਿਹੜਾ ਮਸਲਾ ਹੈ ਜਿਸ ਦੀ ਜੜ੍ਹ ਰਾਜਨੀਤੀ ਨਹੀਂ ਹੈ। ਰਾਜਨੀਤੀ ਕਰਕੇ ਲੋਕਾਂ ਵਿਚ ਵੰਡੀਆਂ ਪੈਂਦੀਆਂ ਹਨ, ਭਰਾ ਭਰਾ ਦਾ ਵੈਰੀ ਹੋ ਜਾਂਦਾ ਹੈ ਅਤੇ ਵੱਡੀਆਂ ਵੱਡੀਆਂ ਜੰਗਾਂ ਲੱਗ ਜਾਂਦੀਆਂ ਹਨ, ਅੰਤਾਂ ਦੀ ਤਬਾਹੀ ਹੁੰਦੀ ਹੈ, ਤਾਂ ਹੀ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਕਿਹਾ ਹੈ, ਰਾਜਨੀਤੀ ਤੇਰਾ ਬੇੜਾ ਗਰਕ। -ਸੰਪਾਦਕ***

ਪੰਛੀ ਅਤੇ ਪਸ਼ੂ ਰਾਜਨੀਤੀ ਤੋਂ ਦੂਰ ਹਨ, ਤਦੇ ਹੀ ਇਹ ਮੌਜਾਂ ਵਿਚ ਹਨ। ਮੌਸਮ ਅਨੁਸਾਰ ਪੰਛੀ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਹਜ਼ਾਰਾਂ ਮੀਲ ਉਡ ਕੇ ਚਲੇ ਜਾਂਦੇ ਹਨ-ਕੋਈ ਰੋਕ ਟੋਕ ਨਹੀਂ, ਕੋਈ ਵੀਜ਼ੇ ਦੀ ਲੋੜ ਨਹੀਂ, ਕੋਈ ਵੈਰ ਵਿਰੋਧ ਨਹੀਂ। ਮਨੁੱਖ ਜਾਤੀ ਹੈ ਜਿਸ ਦੀ ਰਾਜਨੀਤੀ ਫਿਤਰਤ ਬਣ ਗਈ ਹੈ। ਬਹੁਤ ਘੱਟ ਥਾਂਵਾਂ 'ਤੇ ਇਸ ਨੇ ਲੋਕਾਈ ਦਾ ਭਲਾ ਕੀਤਾ ਹੋਵੇਗਾ, ਨਹੀਂ ਤਾਂ ਇਹ ਤਬਾਹੀ ਦਾ ਕਾਰਨ ਹੀ ਬਣੀ ਹੈ।

ਸੰਸਾਰ ਦੇ ਦੋ ਵੱਡੇ ਯੁੱਧ ਰਾਜਨੀਤੀ ਦੀ ਹੀ ਉਪਜ ਸਨ। ਹਿਟਲਰ ਦੀ ਯਹੂਦੀਆਂ ਖਿਲਾਫ ਸੋੜੀ ਰਾਜਨੀਤੀ ਹੀ ਉਨ੍ਹਾਂ ਦੇ ਉਜਾੜੇ ਦਾ ਕਾਰਨ ਬਣੀ। ਭਾਰਤ ਵਿਚ ਸਿਕੰਦਰ ਤੋਂ ਲੈ ਕੇ ਬਾਬਰ, ਗਜ਼ਨੀ, ਗੌਰੀ-ਸਭ ਹੀ ਲੋਕਾਂ ਨੇ ਖੁਦਗਰਜ਼ੀ ਦੀ ਸਿਆਸਤ ਅਧੀਨ ਹੀ ਬੁਲਾਏ ਸਨ।



**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਪਿੰਡਾਂ ਦੇ ਲੋਕ ਬਹੁਤ ਸੁਖੀ ਵਸਦੇ ਸਨ। ਚੰਗੇ ਮੋਹਤਬਰ ਅਤੇ ਨਿਧੜਕ ਆਦਮੀ ਮੁਖੀਏ ਹੁੰਦੇ ਸਨ। ਲੋਕਾਂ ਦੇ ਝਗੜੇ ਦਿਆਨਤਦਾਰੀ ਨਾਲ ਸੁਲਝਾਉਂਦੇ ਸਨ। ਕਿਸੇ ਤੋਂ ਵੋਟਾਂ ਨਹੀਂ ਸਨ ਮੰਗਦੇ। ਸਹੀ ਲਫਜ਼ਾਂ ਵਿਚ ਉਹ ਪਿੰਡ ਦੇ ਲੋਕਾਂ ਦੀ ਸੇਵਾ ਕਰਦੇ ਸਨ। ਜਿਸ ਦਿਨ ਤੋਂ ਪੰਚਾਇਤਾਂ ਦੀਆਂ ਚੋਣਾਂ ਹੋਣ ਲੱਗੀਆਂ, ਰਾਜਨੀਤੀ ਨੇ ਪੈਰ ਪਸਾਰ ਲਏ। ਲੋਕ ਧੜਿਆਂ ਵਿਚ ਵੰਡੇ ਗਏ। ਸਾਂਝੇ ਕੰਮ ਸੱਚਾਈ ਦੀ ਥਾਂ ਪਾਰਟੀਬਾਜ਼ੀ ਅਧੀਨ ਹੋਣ ਲੱਗ ਪਏ। ਵਿਕਾਸ ਦੀ ਜਗ੍ਹਾ ਵਿਨਾਸ਼ ਨੇ ਲੈ ਲਈ। ਪਿੰਡਾਂ ਦੀਆਂ ਸੜਕਾਂ ਅਤੇ ਗਲੀਆਂ ਪੱਕੀਆਂ ਕਰਨ ਦਾ ਕੰਮ ਰਾਜਨੀਤੀ ਦੀ ਭੇਟ ਚੜ੍ਹ ਗਿਆ। ਬਾਰਿਸ਼ ਦੇ ਪਾਣੀ ਦਾ ਕੁਦਰਤੀ ਨਿਕਾਸ ਟੇਢੀਆਂ-ਮੇਢੀਆਂ ਸੜਕਾਂ ਬਣਾ ਕੇ ਖਰਾਬ ਕਰ ਦਿੱਤਾ ਗਿਆ, ਜਿਸ ਨਾਲ ਮੀਂਹ ਦੀਆਂ ਚਾਰ ਛਿੱਟਾਂ ਪੈਣ ਪਿਛੋਂ ਪਿੰਡ ਛੱਪੜਾਂ ਦਾ ਰੂਪ ਧਾਰ ਲੈਂਦੇ ਹਨ। ਮੱਖੀ-ਮੱਛਰ ਬੀਮਾਰੀਆਂ ਲੈ ਆਉਂਦੇ ਹਨ। ਸਾਫ ਸੁਥਰਾ ਮਾਹੌਲ ਬੀਤੇ ਸਮੇਂ ਦੀ ਕਹਾਣੀ ਬਣ ਗਿਆ ਹੈ। ਸਫਾਈ ਪਸੰਦ ਲੋਕ ਪਿੰਡਾਂ ਨੂੰ ਅਲਵਿਦਾ ਕਹਿ ਕੇ ਸ਼ਹਿਰਾਂ ਵੱਲ ਚਾਲੇ ਪਾ ਰਹੇ ਹਨ।

ਐਸ. ਜੀ. ਪੀ. ਸੀ., ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਨੇ ਜਨਤਾ ਵਿਚ ਖੁਦਗਰਜ਼ੀ, ਇਕ ਦੂਜੇ ਦੇ ਵਿਰੋਧ ਅਤੇ ਪਾਰਟੀਬਾਜ਼ੀ ਕਾਰਨ ਦੁਸ਼ਮਣੀ ਪੱਲੇ ਬੰਨ੍ਹ ਦਿੱਤੀ। ਪਿਆਰ ਮੁਹੱਬਤ ਅਤੇ ਸਾਂਝ ਪੁਰਾਣੀ ਗੱਲ ਬਣ ਗਈ। ਸ਼ਹਿਰਾਂ ਵਿਚ ਵੀ ਹਾਲਤ ਤਰਸਯੋਗ ਹੈ। ਰਾਜਨੀਤੀ ਅਧੀਨ ਇਕ ਵਾਰਡ ਦੀ ਤਰੱਕੀ ਅਤੇ ਦੂਜੇ ਦੀ ਅਣਦੇਖੀ। ਸਿਆਸੀ ਉਲਝਣਾਂ ਵਿਚ ਫਸੇ ਹੋਏ ਲੋਕ ਨੁਮਾਇੰਦੇ ਫੰਡਾਂ ਨੂੰ ਗਲਤ ਤਰੀਕਿਆਂ ਨਾਲ ਬਰਬਾਦ ਕਰ ਦਿੰਦੇ ਹਨ। ਲਗਭਗ ਸਾਰੇ ਅਦਾਰੇ ਘਾਟੇ ਵਿਚ ਜਾ ਰਹੇ ਹਨ। ਅਫਸਰਸ਼ਾਹੀ ਵੀ ਰਾਜਨੀਤੀ ਦਾ ਸ਼ਿਕਾਰ ਹੋ ਗਈ ਹੈ। ਭ੍ਰਿਸ਼ਟਾਚਾਰ ਸਿਆਸਤਦਾਨਾਂ ਕਰਕੇ ਵਧ ਫੁਲ ਰਿਹਾ ਹੈ। ਜਿਹੜਾ ਅਫਸਰ ਆਪਣਾ ਫਰਜ਼ ਨਿਭਾਉਂਦਾ ਕਿਸੇ ਸਿਆਸੀ ਪਾਰਟੀ ਦੀ ਪ੍ਰਵਾਹ ਨਹੀਂ ਕਰਦਾ, ਉਸ ਨੂੰ ਕੋਈ ਅਸਰ ਰਸੂਖ ਵਾਲੀ ਡਿਊਟੀ ਨਹੀਂ ਦਿੱਤੀ ਜਾਂਦੀ ਅਤੇ ਖੂੰਜੇ ਲਾ ਦਿੱਤਾ ਜਾਂਦਾ ਹੈ। ਕੁਝ ਦੇਰ ਪਿਛੋਂ ਉਹ ਵੀ ਦੂਸਰਿਆਂ ਜਿਹਾ ਹੋ ਜਾਂਦਾ ਹੈ ਅਤੇ ਸਿਆਸੀ ਆਕਾਵਾਂ ਦੀ ਮਿਲੀਭੁਗਤ ਨਾਲ ਮਾਲੋਮਾਲ ਹੋ ਜਾਂਦਾ ਹੈ।

ਬਹੁਤ ਸਾਰੀਆਂ ਪਾਰਟੀਆਂ ਸਮਾਜ ਸੁਧਾਰ ਲਈ ਹੋਂਦ ਵਿਚ ਆਈਆਂ ਪ੍ਰੰਤੂ ਜਦੋਂ ਵੀ ਰਾਜਨੀਤੀ ਨੇ ਇਨ੍ਹਾਂ ਵਿਚ ਪ੍ਰਵੇਸ਼ ਕੀਤਾ, ਇਹ ਆਪਣਾ ਆਦਰਸ਼ ਭੁੱਲ ਗਈਆਂ। ਸਿਆਸੀ ਤਾਕਤ ਵਿਚ ਆਉਣ ਲਈ ਇਹ ਇਮਾਨਦਾਰੀ ਅਤੇ ਸੱਚਾਈ ਤੋਂ ਕੋਹਾਂ ਦੂਰ ਹੋ ਗਈਆਂ। ਸਾਡੇ ਸਮਾਜ ਦੀ ਬਦਕਿਸਮਤੀ ਹੀ ਸਮਝੋ ਕਿ ਕੋਈ ਮਾਹੌਲ ਵੀ ਰਾਜਨੀਤੀ ਤੋਂ ਸੱਖਣਾ ਨਹੀਂ ਰਿਹਾ। ਹੋਰ ਤਾਂ ਹੋਰ ਮਾਤ ਭਾਸ਼ਾ ਵੀ ਰਾਜਨੀਤੀ ਦਾ ਸ਼ਿਕਾਰ ਹੋ ਗਈ। ਪਾਕਿਸਤਾਨੀ ਪੰਜਾਬ ਅਤੇ ਭਾਰਤੀ ਪੰਜਾਬ ਨੇ ਪੰਜਾਬੀ ਬੋਲੀ ਨਾਲ ਬਹੁਤ ਬੇਇਨਸਾਫੀ ਕੀਤੀ।

ਰਾਜਨੀਤੀ ਦਾ ਇਕ ਹੋਰ ਅੰਦਾਜ਼ ਬਦਨੀਤੀ ਹੈ। ਇਸ ਕਰਕੇ ਭੈਣਾਂ-ਭਰਾਵਾਂ ਵਿਚ ਪਿਆਰ ਦੀ ਤੰਦ ਟੁੱਟਦੀ ਜਾ ਰਹੀ ਹੈ। ਪਿਓ-ਪੁੱਤ ਦੇ ਰਿਸ਼ਤੇ ਨੂੰ ਆਂਚ ਆ ਰਹੀ ਹੈ। ਭਰਾ-ਭਰਾ ਇਕ ਦੂਜੇ ਦੇ ਵੈਰੀ ਬਣ ਗਏ ਹਨ। ਪਤੀ-ਪਤਨੀ ਦੀ ਸਾਂਝ ਕੁਮਲਾ ਰਹੀ ਹੈ। ਬਹੁਤ ਸਾਰੇ ਕਾਨੂੰਨ ਘੜਨ ਵਿਚ ਸਿਆਸਤ ਤਮਾਸ਼ਬੀਨ ਹੈ। ਇਹੋ ਜਿਹੇ ਕਾਨੂੰਨਾਂ ਅਧੀਨ ਕੋਰਟਾਂ ਦੇ ਫੈਸਲੇ ਸਮਾਜ ਵਿਚ ਅਮਨ ਦੀ ਥਾਂ ਬਦਅਮਨੀ ਫੈਲਾ ਰਹੇ ਹਨ।


ਵਿਦਿਆ ਦੇ ਖੇਤਰ ਵਿਚ ਰਾਜਨੀਤੀ ਦਾ ਦਖਲ ਬਹੁਤ ਹੀ ਮੰਦਭਾਗੀ ਗੱਲ ਹੈ। ਇਤਿਹਾਸ ਨੂੰ ਸੱਚਾਈ ਦੀ ਥਾਂ ਸਰਕਾਰਾਂ ਦੀ ਰਾਜਨੀਤੀ ਅਨੁਸਾਰ ਬਦਲ ਦਿੱਤਾ ਜਾਂਦਾ ਹੈ। ਮਹਾਰਾਣੀ ਜਿੰਦਾਂ ਵਰਗੀ ਔਰਤ ਨੂੰ ਚਰਿਤਰਹੀਣ ਬਣਾ ਦਿੱਤਾ ਗਿਆ। ਗੁਰੂ ਸਾਹਿਬਾਨ ਉਤੇ ਘੋੜੇ ਖੋਹਣ ਜਿਹੇ ਦੂਸ਼ਣ ਲਾ ਦਿਤੇ ਗਏ। ਅਮਨਪਸੰਦ ਦੇਸ਼ ਭਗਤਾਂ ਨੂੰ ਖਤਰਨਾਕ ਗਦਰੀ ਕਿਹਾ ਗਿਆ।

ਯੂਨੀਵਰਸਿਟੀਆਂ ਵਿਚ ਸਿਲੇਬਸ, ਨਵੀਆਂ ਚੇਅਰਾਂ ਦੀ ਸਥਾਪਨਾ ਲਈ ਗਰਾਂਟਾਂ ਰਾਜਨੀਤੀ ਹੀ ਤੈਅ ਕਰਦੀ ਹੈ। ਕਈ ਵੇਰ ਬੁੱਧੀਜੀਵੀਆਂ ਅਤੇ ਬਹੁਤ ਲਾਇਕ ਪ੍ਰੋਫੈਸਰਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਵਿਗਿਆਨਕ ਖੋਜ ਵੀ ਸਿਆਸਤ ਤੋਂ ਵਾਂਝੀ ਨਹੀਂ ਰਹੀ। ਸਟੈਮ ਸੈਲ 'ਤੇ ਖੋਜ ਸਭ ਦੇਸ਼ਾਂ ਵਿਚ ਕਰਨ ਦੀ ਆਗਿਆ ਨਹੀਂ। ਪਿਛੇ ਜਿਹੇ ਜਦੋਂ ਮੁੱਖ ਮਹਿਮਾਨ ਨੇ ਇਕ ਖਾਸ ਰਾਜਨੀਤੀ ਤਹਿਤ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਾਡੇ ਦੇਸ਼ ਵਿਚ ਹਜ਼ਾਰਾਂ ਸਾਲ ਪਹਿਲਾਂ ਸਰਜਰੀ ਦਾ ਪੱਧਰ ਬਹੁਤ ਉਚਾ ਸੀ, ਸਰਜਰੀ ਦੀ ਤਰੱਕੀ ਬਾਬਤ ਪੇਪਰ ਪੜ੍ਹਨ ਵਾਲੇ ਡਾਕਟਰ ਹੈਰਾਨ ਹੋ ਗਏ ਅਤੇ ਦੁਨੀਆਂ ਵਿਚ ਮਜ਼ਾਕ ਉਡ ਗਿਆ। ਅੱਜ ਦੇ ਯੁਗ ਵਿਚ ਜੋਤਿਸ਼ ਵਿਦਿਆ ਦਾ ਵਿਸ਼ਾ ਲਾਜ਼ਮੀ ਕਰਨ ਦੀ ਸੋਚ ਕੀ ਜ਼ਾਹਰ ਕਰਦੀ ਹੈ? ਸਭ ਰਾਜਨੀਤੀ ਹੀ ਤਾਂ ਹੈ।

ਖੇਡ ਜਗਤ ਵੀ ਰਾਜਨੀਤੀ ਦੀ ਭੇਟ ਚੜ੍ਹ ਗਿਆ। ਇਹੋ ਜਿਹੇ ਸਿਹਤਮੰਦ ਖੇਤਰ ਨੂੰ ਵੀ ਸਿਆਸਤ ਨੇ ਬੀਮਾਰ ਕਰ ਦਿੱਤਾ। ਚੰਗੇ ਖਿਡਾਰੀਆਂ ਦੀ ਚੋਣ ਦਿਆਨਤਦਾਰੀ ਦੀ ਥਾਂ ਸਿਫਾਰਸ਼ ਅਧੀਨ ਹੋ ਗਈ। ਭ੍ਰਿਸ਼ਟਾਚਾਰ ਦੇ ਇਲਜ਼ਾਮ ਹਰ ਰੋਜ਼ ਦੀ ਕਹਾਣੀ ਬਣ ਗਏ। ਮੈਚ ਜਿੱਤਣ ਦੀ ਲਾਲਸਾ ਨੇ ਸਭ ਨੇਮ ਤੋੜ ਦਿੱਤੇ। ਖੇਡਾਂ ਦੇ ਮੇਲੇ ਵਪਾਰ ਦੇ ਸਾਧਨ ਬਣ ਗਏ। ਆਪਣਾ ਨਾਂ ਉਚਾ ਕਰਨ ਦੀ ਸਿਆਸਤ ਨੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਭਾੜੇ 'ਤੇ ਖਿਡਾਰੀ ਲਿਆਉਣੇ ਆਮ ਜਿਹੀ ਗੱਲ ਕਰ ਦਿੱਤੀ। ਇਹੋ ਜਿਹੇ ਮੈਚ ਉਚੇ ਅਦਾਰਸ਼ ਵਾਲੇ ਖਿਡਾਰੀ ਪੈਦਾ ਨਹੀਂ ਕਰਦੇ। ਮੈਚ ਫਿਕਸਿੰਗ ਜਿਹਾ ਸਿਲਸਿਲਾ ਖੇਡ ਪ੍ਰੇਮੀਆਂ ਦੇ ਦਿਲ ਨੂੰ ਠੇਸ ਪਹੁੰਚਾਉਂਦਾ ਹੈ।

ਉਚੇ ਪੁਰਸਕਾਰ ਦੇਣ ਵਿਚ ਵੀ ਰਾਜਨੀਤੀ ਆਪਣੀ ਸ਼ੈਤਾਨੀ ਤੋਂ ਬਾਜ਼ ਨਹੀਂ ਆਉਂਦੀ। ਉਮਰ ਭਰ ਦੀ ਕਮਾਈ ਵਾਲੇ ਕਈ ਵੇਰ ਉਚੇ ਪੁਰਸਕਾਰ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਚਾਰ ਦਿਨ ਪਹਿਲਾਂ ਖੇਡ ਮੈਦਾਨ ਵਿਚ ਆਏ ਕਰੋੜਾਂ ਦੇ ਇਨਾਮ ਲੈ ਜਾਂਦੇ ਹਨ। ਸਾਰੀ ਉਮਰ ਖੇਡ ਨੂੰ ਸਮਰਪਿਤ ਕਰ ਕੇ ਬੁਢਾਪੇ ਵਿਚ ਜੋੜਾਂ ਦੇ ਦਰਦ ਨਾਲ ਇਸ ਦੁਨੀਆਂ ਨੂੰ ਅਲਵਿਦਾ ਕਹਿਣ ਵਾਲੇ ਉਹ ਬਦਕਿਸਮਤ ਹਨ ਜਿਨ੍ਹਾਂ ਦੀ ਕੋਈ ਸਿਆਸੀ ਪਹੁੰਚ ਨਹੀਂ ਹੁੰਦੀ।

ਪਾਣੀ ਕੁਦਰਤ ਦੀ ਵਡਮੁੱਲੀ ਬਖਸ਼ਿਸ਼ ਹੈ।



ਪਾਣੀ ਪਹਾੜਾਂ ਵਿਚ ਝੀਲਾਂ ਤੋਂ ਦਰਿਆਵਾਂ ਵਿਚ ਚਲਦਾ ਮੈਦਾਨੀ ਇਲਾਕੇ ਵਿਚ ਆ ਜਾਂਦਾ ਹੈ। ਜੇਕਰ ਬਹੁਤ ਬਾਰਿਸ਼ ਹੋ ਜਾਵੇ ਤਾਂ ਹੜ੍ਹਾਂ ਕਾਰਨ ਦਰਿਆਵਾਂ ਦੇ ਲਾਗੇ ਖੇਤਾਂ ਅਤੇ ਪਿੰਡਾਂ ਦਾ ਉਜਾੜਾ ਹੋ ਜਾਂਦਾ ਹੈ। ਸ਼ਾਇਦ ਇਨ੍ਹਾਂ ਗੱਲਾਂ ਅਤੇ ਕੁਝ ਹੋਰ ਔਖਿਆਈਆਂ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਰਾਜਨੀਤੀ ਤੋਂ ਬਗੈਰ ਰੀਪੇਰੀਅਨ ਕਾਨੂੰਨ ਹੋਂਦ ਵਿਚ ਆਏ, ਪ੍ਰੰਤੂ ਪਾਣੀਆਂ ਦੀ ਵੰਡ ਵਿਚ ਰਾਜਨੀਤੀ ਸਵਾਰ ਹੋ ਗਈ। ਪਾਣੀ ਦੁਨੀਆਂ ਦੇ ਬਹੁਤੇ ਝਗੜਿਆਂ ਦਾ ਕਰਨ ਬਣ ਗਿਆ। ਕੁਦਰਤ ਦੀ ਖੂਬਸੂਰਤ ਦਾਤ ਜਨਤਾ ਦੇ ਖੂਨ ਦੀ ਪਿਆਸੀ ਬਣ ਗਈ। ਐ ਰਾਜਨੀਤੀ ਤੇਰਾ ਖਾਨਾ ਖਰਾਬ!

ਵਾਤਾਵਰਣ ਦੀ ਕਹਾਣੀ ਵੀ ਅਜੀਬ ਰੰਗ ਵਿਖਾ ਰਹੀ ਹੈ। ਕੁਝ ਦਿਨ ਪਹਿਲਾਂ ਵਿਗਿਆਨੀਆਂ ਨੇ ਅਪਰੈਲ ਦੇ ਦਿਨਾਂ ਵਿਚ ਇਕ ਮੀਟਿੰਗ ਕਰਨ ਦਾ ਫੈਸਲਾ ਕੀਤਾ ਜਿਸ ਵਿਚ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਿਵੇਂ ਬਣਾਇਆ ਜਾਵੇ, ਖਾਸ ਵਿਸ਼ਾ ਹੋਵੇਗਾ। ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਸਿਆਸਤ ਏਥੇ ਵੀ ਗੁਲ ਖਿਲਾ ਗਈ। ਇਸ ਪ੍ਰਾਜੈਕਟ ਨੂੰ ਸਿਰੇ ਨਾ ਚੜ੍ਹਨ ਦੇਣ ਵਿਚ ਸ਼ਕਤੀਸ਼ਾਲੀ ਦੇਸ਼ ਇਕ ਦੂਜੇ ਦੀਆਂ ਲੱਤਾਂ ਖਿਚ ਰਹੇ ਹਨ।

ਸਭ ਨੂੰ ਪਤਾ ਹੈ ਕਿ ਤੰਬਾਕੂ ਸਿਹਤ ਲਈ ਬਹੁਤ ਹਾਨੀਕਾਰਕ ਹੈ ਪ੍ਰੰਤੂ ਵੋਟਾਂ ਅਤੇ ਚੰਦੇ ਦੀ ਰਾਜਨੀਤੀ ਪੂਰਨ ਮਨਾਹੀ ਦੀ ਇਜਾਜ਼ਤ ਨਹੀਂ ਦਿੰਦੀ। ਕਾਨੂੰਨ ਇਸ ਤਰ੍ਹਾਂ ਕਰਨ ਨਾਲ ਹੀ ਪੱਲਾ ਝਾੜ ਗਿਆ ਕਿ ਇੱਕੀ ਸਾਲ ਤੋਂ ਪਹਿਲਾਂ ਤੰਬਾਕੂਨੋਸ਼ੀ ਨਾ ਕਰੋ ਜਿਵੇਂ ਕਿ ਉਸ ਉਮਰ ਪਿਛੋਂ ਇਹ ਚੰਗੀ ਚੀਜ਼ ਬਣ ਜਾਂਦਾ ਹੈ!

ਕੌਣ ਨਹੀਂ ਜਾਣਦਾ ਕਿ ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਬੰਦੂਕਾਂ, ਪਿਸਤੌਲਾਂ ਦਾ ਖੁੱਲ੍ਹੇਆਮ ਰੱਖੇ ਜਾਣਾ ਹੀ ਅਮਰੀਕਾ ਵਿਚ ਸਕੂਲਾਂ, ਕਾਲਜਾਂ ਅਤੇ ਪਾਰਕਾਂ ਵਿਚ ਸਿਰ ਫਿਰੇ ਵਿਦਿਆਰਥੀਆਂ ਅਤੇ ਬੇਵਕੂਫ ਆਦਮੀਆਂ ਦਾ ਮਨਮਰਜ਼ੀ ਨਾਲ ਗੋਲੀਆਂ ਚਲਾਉਣਾ ਜ਼ਿੰਮੇਵਾਰ ਹੈ। ਪ੍ਰੰਤੂ ਹਥਿਆਰਾਂ ਦੀ ਪਾਬੰਦੀ ਰਾਜਨੀਤੀ ਇਸ ਲਈ ਨਹੀਂ ਕਰਨ ਦਿੰਦੀ ਕਿ ਹਥਿਆਰ ਬਣਾਉਣ ਵਾਲੇ ਕਾਰਖਾਨੇ ਬੰਦ ਹੋ ਜਾਣਗੇ ਅਤੇ ਸਿਆਸਤਦਾਨਾਂ ਨੂੰ ਚੋਣ ਜਿੱਤਣ ਲਈ ਫੰਡਾਂ ਦੀ ਥੁੜ੍ਹ ਹੋ ਜਾਵੇਗੀ।

ਮਜ਼ਹਬ ਦੀ ਸਿਆਸਤ ਨੇ ਦੇਸ਼ ਦੀ ਵੰਡ ਕਰਵਾਈ। ਲੱਖਾਂ ਲੋਕ ਬੇਘਰੇ ਹੋਏ, ਖੂਨ ਖਰਾਬਾ ਹੱਦਾਂ ਪਾਰ ਕਰ ਗਿਆ; ਜ਼ਖਮ ਅੱਜ ਤੱਕ ਅੱਲ੍ਹੇ ਹਨ; ਰਿਫਿਊਜੀ ਹੋਣ ਦਾ ਫਤਵਾ ਅੱਜ ਤੱਕ ਕਾਇਮ ਹੈ। ਗੰਦੀ ਰਾਜਨੀਤੀ ਪੰਜ ਬੰਦਿਆਂ ਦੇ ਮਰ ਜਾਣ ਨੂੰ ਦੁਖਾਂਤ ਕਹਿੰਦੀ ਹੈ ਅਤੇ ਪੰਜ ਹਜ਼ਾਰ ਦੇ ਕਤਲ ਨੂੰ ਕੇਵਲ ਇਕ ਅੰਕੜਾ! ਸਟਾਲਿਨ ਅਤੇ ਹਿਟਲਰ ਇਸ ਰਾਜਨੀਤੀ ਦੇ ਉਪਾਸ਼ਕ ਸਨ।

ਕਿਹਾ ਜਾਂਦਾ ਹੈ ਕਿ ਸਿੱਖ ਧਰਮ ਵਿਚ ਉਚ-ਨੀਚ ਨੂੰ ਕੋਈ ਥਾਂ ਨਹੀਂ। ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰੇ ਸਾਰੀਆਂ ਜਾਤਾਂ ਵਿਚੋਂ ਸਨ। ਉਨ੍ਹਾਂ ਸਭ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਦੀ ਦਾਤ ਬਖਸ਼ੀ। ਡਾ. ਅੰਬੇਡਕਰ ਨੂੰ ਜਾਤ-ਪਾਤ ਦੇ ਕੋਹੜ ਨੇ ਬਹੁਤ ਦੁਖੀ ਕੀਤਾ ਸੀ। ਉਨ੍ਹਾਂ ਨੇ ਸੋਚਿਆ ਕਿ ਜੇ ਸਭ ਪੱਛੜੀਆਂ ਸ੍ਰੇਣੀਆਂ ਸਿੱਖ ਧਰਮ ਅਖਤਿਆਰ ਕਰ ਲੈਣ ਤਾਂ ਇਹ ਲਾਹਨਤ ਸਦਾ ਲਈ ਖਤਮ ਹੋ ਜਾਵੇਗੀ, ਪ੍ਰੰਤੂ ਰਾਜਨੀਤੀ ਹਾਵੀ ਹੋ ਗਈ। ਗਾਂਧੀ ਨੇ ਇਨ੍ਹਾਂ ਸਭ ਨੂੰ ਹਰੀਜਨ ਦਾ ਨਾਂ ਦੇ ਕੇ ਅਤੇ ਕੁਝ ਰਾਖਵਾਂਕਰਣ ਜਿਹੀਆਂ ਰਿਆਇਤਾਂ ਦੇ ਕੇ ਹੀਣ ਭਾਵਨਾ ਦਾ ਠੱਪਾ ਲਾ ਦਿੱਤਾ ਜੋ ਅੱਜ ਤੱਕ ਕਾਇਮ ਹੈ। ਬੇਸ਼ਕ ਸੂਝਵਾਨ ਅਤੇ ਭਲੇ ਪੁਰਸ਼ ਇਸ ਨੂੰ ਠੀਕ ਨਹੀਂ ਸਮਝਦੇ।

ਇਸ ਦੁਨੀਆਂ ਵਿਚ ਬਹੁਤ ਸਮੇਂ ਲਈ ਸਿਆਸਤ ਧਰਮ ਅਧੀਨ ਚਲਦੀ ਰਹੀ। ਜੇਕਰ ਸੱਚੇ ਧਰਮ ਦੀ ਸੇਧ ਹੋਵੇ, ਸਿਆਸਤ ਕੁਝ ਵਿਗਾੜ ਨਹੀਂ ਸਕਦੀ ਪ੍ਰੰਤੂ ਖੁਦਮੁਖਤਿਆਰ ਰਾਜਨੀਤੀ ਕਿਸੇ ਦੀ ਈਨ ਨਹੀਂ ਮੰਨਦੀ। ਤਦੇ ਇਸ ਨਾਮੁਰਾਦ ਹੇਠ ਆਏ ਧਰਮ ਅਸਥਾਨਾਂ ਵਿਚ ਤਲਵਾਰਾਂ ਚਲਦੀਆਂ ਹਨ। ਚੋਣਾਂ ਵੇਲੇ ਸ਼ਰਾਬ ਵੰਡੀ ਜਾਂਦੀ ਹੈ। ਦੂਸ਼ਣਬਾਜ਼ੀ ਦਾ ਬਾਜ਼ਾਰ ਗਰਮ ਰਹਿੰਦਾ ਹੈ। ਵਾਹ ਰਾਜਨੀਤੀ ਤੇਰਾ ਕਿਆ ਕਹਿਣਾ!

ਮੈਨੂੰ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦਾ ਖਿਆਲ ਆ ਗਿਆ। ਦੀਵਾਰ ਵਿਚ ਚਿਣੇ ਜਾਣ ਦੇ ਸੀਨ ਨੇ ਦਿਲ ਦੀ ਧੜਕਣ ਕੁਝ ਪਲਾਂ ਲਈ ਰੋਕ ਦਿੱਤੀ। ਨਵਾਬ ਮਾਲੇਰਕੋਟਲਾ ਨੇ ਹਾਅ ਦਾ ਨਾਅਰਾ ਮਾਇਆ। ਮੈਨੂੰ ਯਕੀਨ ਹੈ ਕਿ ਕਾਜ਼ੀ ਦੇ ਘਰ ਵਾਲੀ, ਮਾਂ ਦੇ ਨਾਤੇ ਦਰਦਨਾਕ ਸਜ਼ਾ ਸੁਣ ਕੇ ਕੁਰਲਾ ਰਹੀ ਹੋਵੇਗੀ। ਪ੍ਰੰਤੂ ਕਾਜ਼ੀ ਕਹਿ ਰਿਹਾ ਹੋਵੇਗਾ, "ਬੇਗਮ, ਰਾਜਨੀਤੀ ਕਹਿੰਦੀ ਹੈ ਕਿ ਸੂਬਾ ਸਰਹਿੰਦ ਜੋ ਸਜ਼ਾ ਸੋਚ ਰਿਹਾ ਹੈ, ਉਸ ਤੋਂ ਵੀ ਕਰੜੀ ਮੈਂ ਸੁਝਾਵਾਂ, ਉਹ ਖੁਸ਼ ਹੋਵੇਗਾ ਤੇ ਸਾਨੂੰ ਮਾਲੋ ਮਾਲ ਕਰ ਦੇਵੇਗਾ।" ਇਸ ਆਦੇਸ਼ ਪਿਛੋਂ ਧਰਤੀ ਥਰ ਥਰ ਕੰਬ ਰਹੀ ਹੋਵੇਗੀ, ਧਰਮ ਲੜਖੜਾ ਰਿਹਾ ਹੋਵੇਗਾ ਅਤੇ ਰਾਜਨੀਤੀ ਮੁਸਕਰਾ ਰਹੀ ਹੋਵੇਗੀ। ਸੂਬਾ ਸਰਹਿੰਦ ਕਹਿ ਰਿਹਾ ਹੋਵੇਗਾ, "ਮੈਂ ਤਾਂ ਕੁਝ ਨਹੀਂ ਕੀਤਾ, ਇਹ ਤਾਂ ਕਾਜ਼ੀ ਦਾ ਫੁਰਮਾਨ ਹੈ।" ਐ ਰਾਜਨੀਤੀ! ਤੂੰ ਬੰਦਿਆਂ ਨੂੰ ਹੈਵਾਨ ਬਣਾ ਦਿੱਤਾ।

ਕੁਝ ਦਿਨ ਪਹਿਲਾਂ ਮੇਰੀ ਮੁਲਾਕਾਤ ਇਕ ਬਹੁਤ ਚੰਗੇ ਅਤੇ ਸੁਘੜ ਸਿਆਣੇ ਪ੍ਰੋਫੈਸਰ ਨਾਲ ਹੋਈ। ਵੈਸੇ ਮੈਂ ਉਸ ਨੂੰ ਬਹੁਤ ਸਾਲਾਂ ਤੋਂ ਜਾਣਦਾ ਹਾਂ। ਮੇਰਾ ਜ਼ਾਤੀ ਤੌਰ 'ਤੇ ਕਿਸੇ ਸਿਆਸੀ ਪਾਰਟੀ ਵੱਲ ਝੁਕਾਅ ਨਹੀਂ। ਸਹਿਜ ਸੁਭਾਅ ਮੈਂ ਪੁੱਛਿਆ, ਤੁਹਾਡਾ ਨੋਟਬੰਦੀ ਬਾਰੇ ਕੀ ਖਿਆਲ ਹੈ? ਉਨ੍ਹਾਂ ਕਿਹਾ, ਇਹ ਬਹੁਤ ਚੰਗਾ ਕਦਮ ਹੈ। ਮੈਂ ਕਿਹਾ, ਫਿਲਹਾਲ ਤਾਂ ਲੋਕ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਪ੍ਰੋਫੈਸਰ ਅੰਮ੍ਰਿਤ ਸੇਨ (ਨੋਬਲ ਪੁਰਸਕਾਰ ਜੇਤੂ) ਅਤੇ ਕੁਝ ਹੋਰ ਅਰਥਸ਼ਾਸਤਰੀ ਬ੍ਰਾਜ਼ੀਲ ਅਤੇ ਗਰੀਸ ਦੀ ਉਦਾਹਰਣ ਦੇ ਕੇ ਬਹੁਤ ਚਿੰਤਾ ਕਰ ਰਹੇ ਹਨ। ਜਦੋਂ ਮੈਂ ਲੋਕਾਂ ਦੀਆਂ ਆਪਣੇ ਹੀ ਪੈਸੇ ਬੈਂਕਾਂ ਵਿਚੋਂ ਲੈਣ ਲਈ ਲੰਮੀਆਂ ਕਤਾਰਾਂ ਦੇਖਦਾ ਹਾਂ ਤਾਂ ਮੈਨੂੰ ਬਹੁਤ ਦੁੱਖ ਹੁੰਦਾ ਹੈ। ਸੌ ਤੋਂ ਵੱਧ ਆਦਮੀਆਂ ਅਤੇ ਔਰਤਾਂ ਦਾ ਕਤਾਰਾਂ ਵਿਚ ਖੜ੍ਹੇ ਮਰ ਜਾਣਾ ਨੋਟਬੰਦੀ ਦਾ ਦਿੱਤਾ ਦੁਖਾਂਤ ਹੈ।

ਉਹ ਕਹਿਣ ਲੱਗੇ, ਭਾਰਤ ਵਿਚ ਕਤਾਰਾਂ 'ਚ ਖੜ੍ਹਨਾ ਕੋਈ ਨਵੀਂ ਗੱਲ ਨਹੀਂ। ਸਿਨਮਾ ਘਰਾਂ ਵਿਚ ਵੀ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ?

ਰਾਜਨੀਤੀ ਦੀ ਤੱਤੀ ਹਵਾ ਅਧੀਨ ਇਕ ਸ਼ਰੀਫ ਅਤੇ ਲਾਇਕ ਆਦਮੀ ਨੂੰ ਦੋ ਸਥਿਤੀਆਂ ਵਿਚ ਕੋਈ ਫਰਕ ਨਾ ਲੱਗਿਆ। ਇਕ ਮਨੋਰੰਜਨ ਲਈ ਕਤਾਰ 'ਚ ਖੜ੍ਹਨਾ ਤੇ ਦੂਜੀ ਘਰ ਦੇ ਗੁਜ਼ਾਰੇ ਲਈ ਆਪਣਾ ਹੀ ਪੈਸਾ ਬੈਂਕ ਤੋਂ ਲਿਆਉਣ ਲਈ ਬਹੁਤ ਦੇਰ ਕਤਾਰ ਵਿਚ ਖੜ੍ਹ ਕੇ ਮਰ ਜਾਣਾ। ਐ ਰਾਜਨੀਤੀ! ਤੇਰਾ ਕੱਖ ਨਾ ਰਹੇ।

ਰਾਜਨੀਤੀ ਦੇ ਕਾਰਨਾਮਿਆਂ ਦੀ ਲਿਸਟ ਬਹੁਤ ਲੰਮੀ ਹੈ। ਸ਼ਾਇਦ ਇਸ ਦਾ ਕਿਤੇ ਅੰਤ ਨਹੀਂ। ਇਹ ਨਿੱਤ ਨਵੀਂ ਸ਼ਰਾਰਤ ਲੈ ਕੇ ਸਾਹਮਣੇ ਆ ਜਾਂਦੀ ਹੈ। ਇਸ ਦੇ ਬੇਅੰਤ ਰੰਗ ਹਨ। ਕੀ ਇਸ ਕੋਝੀ ਫਿਤਰਤ ਦਾ ਕੋਈ ਇਲਾਜ ਹੈ। ਸ਼ਾਇਦ ਨਹੀਂ। ਚੰਗੇ ਡਾਕਟਰਾਂ ਅਤੇ ਮਨੋਗਿਆਨੀਆਂ ਤੋਂ ਕੁਝ ਆਸ ਰੱਖੀ ਜਾ ਸਕਦੀ ਹੈ ਪ੍ਰੰਤੂ ਉਹ ਤਾਂ ਆਪ ਇਸ ਬਿਮਾਰੀ ਦੇ ਮਰੀਜ਼ ਹਨ।

## ਕਾਵਿ-ਜਗਤ

### ਇਨਕਲਾਬ

ਜੂਝਣ ਵਾਸਤੇ ਐਵੇਂ ਤੇ
ਪਰਜਾ ਤਿਆਰ ਨਹੀਂ ਹੁੰਦੀ।
ਬਾਝੋਂ ਠੇਲਿਆਂ ਬੇੜੀ ਵੀ
ਕਦੇ ਪਾਰ ਨਹੀਂ ਹੁੰਦੀ।
ਨਿਰੰਤਰ ਤੌਰ ਹੀ ਤਾਂ
ਜਿੱਤ ਦਾ ਆਧਾਰ ਬਣਦੀ ਹੈ,
ਇਨਕਲਾਬ ਦੇ ਲਈ ਕੋਈ
ਪੜਾਵੀਂ ਠਾਹਰ ਨਹੀਂ ਹੁੰਦੀ।
ਪਰਾਂ ਨੂੰ ਛੰਡਣਾ
ਉਡਾਣ ਵੱਲ ਵਧੀਆ ਇਸ਼ਾਰਾ ਹੈ,
ਹਾਰੀ ਜੰਗ ਵੀ ਬਦਲਾਵ ਲਈ
ਬੇਕਾਰ ਨਹੀਂ ਹੁੰਦੀ।
ਹੱਕ, ਸੱਚ, ਇਨਸਾਫ ਲਈ
ਜੋ ਜੰਗ ਲੜਦੇ ਨੇ,
ਵਕਤੀ ਜਿੱਤ-ਹਾਰ ਉਨ੍ਹਾਂ ਲਈ
ਕੋਈ ਮਾਰ ਨਹੀਂ ਹੁੰਦੀ।
ਹਾਰੀ ਜੰਗ ਦਾ ਘੋਖਣ ਵੀ
ਜੇਕਰ ਸਬਕ ਬਣ ਜਾਵੇ,
ਮਿਥੀਆਂ ਮੰਜ਼ਿਲਾਂ ਦੀ ਜਿੱਤ,
ਹੱਥੋਂ ਬਾਹਰ ਨਹੀਂ ਹੁੰਦੀ।
ਕਿਧਰੇ ਜਿੱਤ ਕੇ ਵੀ
ਹਾਰਿਆਂ ਦੇ ਵਾਂਗ ਰਹਿੰਦੇ ਨੇ,
ਕਿਧਰੇ ਹਾਰ ਕੇ ਵੀ
ਹਾਰ ਇਜ਼ਹਾਰ ਨਹੀਂ ਹੁੰਦੀ।
ਕਿੰਨਾ ਹਾਰਿਆ
ਇਹ ਸਾਰਿਆਂ ਨੂੰ ਨਜ਼ਰ ਆਉਂਦਾ ਏ,
ਕਿੰਨਾ ਜਿੱਤਿਆ
ਇਹ ਸਾਰਿਆਂ ਨੂੰ ਸਾਰ ਨਹੀਂ ਹੁੰਦੀ।
ਭੁੰਜੇ ਡਿੱਗਣੋਂ ਡਰ ਕੇ ਨੇ
ਜਿੱਥੇ ਰੀਂਗਦੇ ਲੋਕੀਂ,
ਉਥੇ ਦੌੜਨੇ ਦੀ ਝਾਕ
ਅਸਰਦਾਰ ਨਹੀਂ ਹੁੰਦੀ।
ਕਿਸੇ ਦੀ ਲੀਕ ਮੇਟਣ ਤੋਂ
ਜੋ ਕਰਦਾ ਆਪਣੀ ਵੱਡੀ,
ਉਹਨੂੰ ਰੋਕਣੇ ਵਾਲੀ ਕਿਤੇ
ਅਟਕਾਰ ਨਹੀਂ ਹੁੰਦੀ।
ਸੰਘਰਸ਼ ਛੱਡ ਜਾਣਾ ਹੀ
ਅਸਲ ਵਿਚ ਹਾਰ ਜਾਣਾ ਹੈ,
ਜਦੋਂ ਤੱਕ ਹੌਸਲਾ ਬਾਕੀ
ਤਦੋਂ ਤੱਕ ਹਾਰ ਨਹੀਂ ਹੁੰਦੀ।

*-ਗੁਰਮੀਤ ਸਿੰਘ ਬਰਸਾਲ*

### ਯਾਦ ਝਰੋਖਾ

ਹਰ ਮੋੜ 'ਤੇ ਤਨਹਾਈ ਹਰ ਮੋੜ 'ਤੇ ਹਨੇਰਾ।
ਹਰ ਮੋੜ 'ਤੇ ਭੁੱਖਮਰੀ ਹਰ ਮੋੜ 'ਤੇ ਤਰਲਾ।
ਨਾ ਰਸੋਈ ਘਰ, ਨਾ ਮਿੱਟੀ ਦਾ ਤੇਲ
ਦੀਵਾ ਸੁਲਘ ਸੁਲਘ ਲਾਟ ਵੀ ਮੱਧਮ ਹੋ ਗਈ।
ਭੁੱਖਾ ਢਿੱਡ ਗੜਗੜਾ ਰਿਹਾ
ਨਾ ਨੀਂਦ ਆਏ, ਨਾ ਰਾਤ ਮੁੱਕੇ
ਤਾਰੇ ਵੀ ਟਿਮਟਿਮਾਉਂਦੇ ਰੁਕ ਗਏ
ਚੰਦ ਨੇ ਵੀ ਕੀਤਾ ਹਨੇਰਾ।
ਮਾਂ ਜਾਗਦੀ ਲੈ ਰਹੀ ਉਸਲਵੱਟੇ
ਵੱਟ ਵੱਟ ਕਰਵਟਾਂ ਬੇਹਾਲ ਹੋਈ
ਨਹੀਂ ਕੋਈ ਹੀਲਾ, ਨਾ ਵੱਸ ਉਸ ਦੇ
ਸਭ ਪੀਪੇ, ਭੜੋਲੀਆਂ ਖਾਲੀ
ਚੁੱਕੇ ਢੱਕਣ ਖਾਣ ਨੂੰ ਆਵਣ
ਕੈਸੀ ਹਾਲਤ, ਕੌਣ ਕਸੂਰਵਾਰ ਇਸ ਦਾ?
ਸੋਚਣ ਨੂੰ ਨਵੀਂ ਸਵੇਰ
ਟਿਕਰੀ ਲਾਲੀ ਸੂਰਜ ਦੀ ਅੱਖ ਮਟੱਕੇ ਕਰ ਰਹੀ।

*-ਦਰਸ਼ਨਪਾਲ ਦੋਸਾਂਝ*

---


### ਤੀਲਾਂ ਦੇ ਕਾਫਲੇ

ਬਣਦੇ-ਬਣਦਿਆਂ ਮਹਾਂ ਦਰਿਆ ਬਣਦੇ,
ਵਗਦੇ ਝੀਲਾਂ ਦੇ ਝੀਲਾਂ ਦੇ ਕਾਫਲੇ ਹੋ 'ਕੱਠੇ।
ਸਿਆਸਤ ਕੁਤਰਦੀ ਕੈਂਚੀ ਜਦੋਂ ਜ਼ਿਲ੍ਹਾ ਵੱਡਾ,
ਪਿਟਣ ਵਕੀਲਾਂ ਦੇ ਕਾਫਲੇ ਹੋ 'ਕੱਠੇ।
ਪਈਆਂ ਵੋਟਾਂ ਮਸ਼ੀਨਾਂ ਨੂੰ ਵਾਂਗ ਕੈਦੀ,
ਲਾ ਕੇ ਤੀਲਾਂ ਦੇ ਕਾਫਲੇ ਹੋ 'ਕੱਠੇ।
'ਗਿੱਲ' ਲੱਗਦੈ ਕੂੜਾ ਹੂੰਝਣਗੇ ਹੁਣ,
ਝਾੜੂ ਤੀਲਾਂ ਦੇ ਕਾਫਲੇ ਹੋ 'ਕੱਠੇ।

*-ਜੁਗਰਾਜ ਗਿੱਲ, ਸ਼ੌਰਕ*
*ਫੋਨ: 704-257-6693*

# ਨਿਵ ਚਲੈ ਸੋ ਗੁਰੂ ਪਿਆਰਾ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਦੀ ਚੌਥੀ ਵਾਰ ਦੀ ਗੱਲ ਕਰਦਿਆਂ ਪਿਛਲੇ ਲੇਖ ਵਿਚ ਦੱਸਿਆ ਗਿਆ ਸੀ ਕਿ ਭਾਈ ਗੁਰਦਾਸ ਹਲੀਮੀ-ਨਿਮਰਤਾ ਦੀ ਗੱਲ ਕਰਦੇ ਹਨ ਜੋ ਕਿ ਸਿੱਖ ਨੈਤਿਕਤਾ ਅਤੇ ਅਧਿਆਤਮਕ ਪ੍ਰਾਪਤੀ ਦਾ ਲਾਜ਼ਮੀ ਗੁਣ ਮੰਨਿਆ ਗਿਆ ਹੈ। ਇਸੇ ਦੀ ਵਿਆਖਿਆ ਭਾਈ ਗੁਰਦਾਸ ਆਮ ਜੀਵਨ ਵਿਚੋਂ ਵੱਖ ਵੱਖ ਦ੍ਰਿਸ਼ਟਾਂਤ ਦੇ ਕੇ ਕਰ ਰਹੇ ਹਨ। ਉਹ ਅਗਲੀ ਪਉੜੀ ਵਿਚ ਵੀ ਅੱਗ ਅਤੇ ਪਾਣੀ ਦਾ ਦ੍ਰਿਸ਼ਟਾਂਤ ਦਿੰਦਿਆਂ ਦੱਸਦੇ ਹਨ ਕਿ ਤਾਸੀਰ ਜਾਂ ਸੁਭਾਅ ਪੱਖੋਂ ਅੱਗ ਗਰਮ ਹੈ ਤੇ ਪਾਣੀ ਠੰਡਾ ਹੈ ਅਤੇ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਕਿਸ ਔਗੁਣ ਕਰਕੇ ਅੱਗ ਗਰਮ ਹੈ ਅਤੇ ਕਿਸ ਗੁਣ ਕਰਕੇ ਪਾਣੀ ਠੰਡਾ ਹੈ। ਅੱਗ ਵਿਚੋਂ ਧੂੰਆਂ ਨਿਕਲਦਾ ਹੈ ਅਤੇ ਉਹ ਆਪਣੇ ਧੂੰਏਂ ਨਾਲ ਮੰਦਿਰ ਜਾਂ ਮਹਿਲ ਨੂੰ ਮੈਲਾ ਕਰ ਦਿੰਦੀ ਹੈ ਪਰ ਪਾਣੀ ਧੋ ਕੇ ਉਸ ਨੂੰ ਨਿਰਮਲ, ਸਾਫ ਕਰ ਦਿੰਦਾ ਹੈ; ਇਸ ਤਰ੍ਹਾਂ ਕਿਉਂ ਹੈ? ਇਸ 'ਤੇ ਗੁਰੂ ਦੇ ਦਿੱਤੇ ਗਿਆਨ ਰਾਹੀਂ ਵਿਚਾਰ ਕਰੋ। ਅੱਗ ਦਾ ਪਰਿਵਾਰ ਅਤੇ ਕੁਲ ਦੀਪਕ ਹੈ ਜੋ ਉਸ ਨਾਲ ਜਲਾਇਆ ਜਾਂਦਾ ਹੈ (ਭਾਵ ਅੱਗ ਦਾ ਪਰਿਵਾਰ ਛੋਟਾ ਹੈ) ਅਤੇ ਪਾਣੀ ਦਾ ਪਰਿਵਾਰ ਵੱਡਾ ਅਤੇ ਕੁਲ ਕੰਵਲ ਦੇ ਫੁੱਲ ਹਨ। ਦੀਪਕ ਨਾਲ ਪਤੰਗੇ ਨੂੰ ਪ੍ਰੇਮ ਹੁੰਦਾ ਹੈ ਜਿਸ ਕਰਕੇ ਉਹ ਸੜ ਕੇ ਮਰ ਜਾਂਦਾ ਹੈ ਅਤੇ ਕੰਵਲ ਦੇ ਫੁੱਲ ਨਾਲ ਭੰਵਰੇ ਨੂੰ ਪ੍ਰੇਮ ਹੁੰਦਾ ਹੈ ਜੋ ਕੰਵਲ ਦੇ ਫੁੱਲ ਵਿਚ ਅਰਾਮ ਕਰਦਾ ਹੈ। ਅੱਗ ਦੀ ਲਾਟ ਸਿਰ ਉਚਾ ਕਰਕੇ ਉਚੀ ਉਠਦੀ ਹੈ (ਇੱਕ ਅਹੰਕਾਰੀ ਦੀ ਤਰ੍ਹਾਂ) ਅਤੇ ਬੁਰਾ ਵਰਤਾਉ ਕਰਦੀ ਹੈ ਅਰਥਾਤ ਚੀਜ਼ਾਂ ਨੂੰ ਸਾੜ ਦਿੰਦੀ ਹੈ। ਪਾਣੀ ਸਿਰ ਨੀਵਾਂ ਕਰਕੇ ਚੱਲਦਾ ਹੈ ਭਾਵ ਨੀਵਾਣ ਵੱਲ ਵਗਦਾ ਹੈ ਅਤੇ ਜੀਵਾਂ ਉਤੇ ਪਰਉਪਕਾਰ ਕਰਦਾ ਹੈ।

ਇਸੇ ਤਰ੍ਹਾਂ ਜਿਹੜਾ ਮਨੁੱਖ ਨਿਵ ਕੇ ਚੱਲਦਾ ਹੈ ਅਤੇ ਦੂਜਿਆਂ 'ਤੇ ਪਰਉਪਕਾਰ ਕਰਦਾ ਹੈ, ਉਹ ਮਨੁੱਖ ਗੁਰੂ ਨੂੰ ਪਿਆਰਾ ਲਗਦਾ ਹੈ, ਗੁਰੂ ਦੇ ਪ੍ਰੇਮ ਦਾ ਪਾਤਰ ਬਣਦਾ ਹੈ, ਭਾਵ ਇੱਕ ਗੁਰਸਿੱਖ ਵਿਚ ਨਿਰਮਲ ਜਲ ਵਰਗੀ ਨਿਮਰਤਾ ਹੋਣੀ ਚਾਹੀਦੀ ਹੈ ਜੋ ਦੂਸਰਿਆਂ ਦੇ ਕੰਮ ਆਵੇ ਅਤੇ ਦੂਸਰਿਆਂ ਨੂੰ ਠੰਡਕ ਪਹੁੰਚਾਵੇ। ਜਲ ਵਾਂਗ ਗੁਰਸਿੱਖ ਦਾ ਸੁਭਾਅ ਦੂਜਿਆਂ 'ਤੇ ਪਰਉਪਕਾਰ ਕਰਨ ਵਾਲਾ ਹੋਣਾ ਚਾਹੀਦਾ ਹੈ ਅਤੇ ਉਹ ਵੱਧ ਤੋਂ ਵੱਧ ਦੂਜਿਆਂ ਨਾਲ ਜੁੜੇ ਜਿਵੇਂ ਜਲ ਕੰਵਲ ਫੁੱਲ ਦੇ ਵੱਡੇ ਪਰਿਵਾਰ ਨਾਲ ਜੁੜਦਾ ਹੈ:

ਅਗਿ ਤਤੀ ਜਲੁ ਸੀਅਰਾ
ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।
ਅਗੀ ਧੂਆ ਧਉਲਹਰੁ
ਜਲੁ ਨਿਰਮਲ ਗੁਰ ਗਿਆਨ ਸੁਚਾਰਾ।
ਕੁਲ ਦੀਪਕੁ ਬੈਸੰਤਰਹੁ
ਜਲ ਕੁਲ ਕਵਲੁ ਵਡੇ ਪਰਵਾਰਾ।
ਦੀਪਕੁ ਹੇਤੁ ਪਤੰਗ ਦਾ
ਕਵਲ ਭਵਰ ਪਰਗਟੁ ਪਾਹਾਰਾ।
ਅਗੀ ਲਾਟ ਉਚਾਟ ਹੈ
ਸਿਰੁ ਉਚਾ ਕਰਿ ਕਰੈ ਕੁਚਾਰਾ।
ਸਿਰੁ ਨੀਵਾ ਨੀਵਾਣਿ
ਵਾਸੁ ਪਾਣੀ ਅੰਦਰਿ ਪਰਉਪਕਾਰਾ।
ਨਿਵ ਚਲੈ ਸੋ ਗੁਰੂ ਪਿਆਰਾ॥੫॥

ਗੁਰੂ ਨਾਨਕ ਸਾਹਿਬ ਆਸਾ ਦੀ ਵਾਰ ਵਿਚ ਨਿਮਰਤਾ ਦੇ ਗੁਣ ਦੱਸਣ ਲਈ ਸਿੰਮਲ ਦੇ ਰੁੱਖ ਦਾ ਦ੍ਰਿਸ਼ਟਾਂਤ ਦਿੰਦੇ ਹਨ ਜੋ ਬਿਲਕੁਲ ਤੀਰ ਵਰਗਾ ਸਿੱਧਾ, ਬਹੁਤ ਉਚਾ ਅਤੇ ਗੁਦੇਦਾਰ ਹੁੰਦਾ ਹੈ ਅਰਥਾਤ ਉਚਾ, ਲੰਮਾ ਅਤੇ ਤਕੜਾ ਹੁੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜੇ ਏਡੇ ਉਚੇ ਲੰਮੇ ਤਕੜੇ ਰੁੱਖ 'ਤੇ ਵਿਚਾਰੇ ਪੰਛੀ ਮਨ ਵਿਚ ਕੁਝ ਖਾਣ ਦੀ ਆਸ ਲੈ ਕੇ ਆ ਜਾਣ ਕਿ ਸਾਨੂੰ ਕੋਈ ਫੁੱਲ/ਫਲ ਮਿਲੇਗਾ ਪੇਟ ਭਰਨ ਲਈ ਤਾਂ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਵੇਗੀ; ਕਿਉਂਕਿ ਸਿੰਮਲ ਦੇ ਰੁੱਖ ਦੇ ਫਲ ਫਿੱਕੇ ਹੁੰਦੇ ਹਨ ਅਤੇ ਫੁੱਲਾਂ ਦਾ ਸੁਆਦ ਵੀ ਬਕਬਕਾ ਅਰਥਾਤ ਕੁਸੈਲਾ ਅਤੇ ਬੇਸੁਆਦਾ ਹੁੰਦਾ ਹੈ, ਉਸ ਦੇ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ।

ਗੁਰੂ ਨਾਨਕ ਦੱਸਦੇ ਹਨ ਕਿ ਮਿੱਠਤ, ਨਿਮਰਤਾ ਇਹ ਦੋਵੇਂ ਬਹੁਤ ਉਤਮ ਗੁਣ ਹਨ, ਸਾਰੇ ਗੁਣਾਂ ਦਾ ਸਾਰ ਤੱਤ ਹਨ। ਪਰ ਇਸ ਦੇ ਨਾਲ ਹੀ ਅੱਗੇ ਇੱਕ ਹੋਰ ਗੱਲ ਤੋਂ ਗੁਰੂ ਜਗਿਆਸੂ ਨੂੰ ਸੁਚੇਤ ਕਰਦੇ ਹਨ ਕਿ ਮਹਿਜ ਨਿਮਰਤਾ ਦਾ ਦਿਖਾਵਾ ਕਰਨ ਨਾਲ ਕੁਝ ਨਹੀਂ ਸੌਰਦਾ ਜੇ ਇਹ ਨਿਮਰਤਾ ਮਨੁੱਖ ਦੇ ਹਿਰਦੇ ਵਿਚ, ਉਸ ਦੇ ਮਨ ਵਿਚ ਨਾ ਹੋਵੇ। ਗੁਰੂ ਨਾਨਕ ਦੱਸਦੇ ਹਨ ਕਿ ਇਸ ਸੰਸਾਰ ਵਿਚ ਆਪਣੇ ਸੁਆਰਥ ਲਈ ਤਾਂ ਹਰ ਕੋਈ ਝੁਕ ਜਾਂਦਾ ਹੈ ਭਾਵ ਨਿਮਰਤਾ ਦਿਖਾਉਂਦਾ ਹੈ ਪਰ ਦੂਜਿਆਂ ਵਾਸਤੇ ਕੋਈ ਨਹੀਂ ਝੁਕਦਾ, ਨਿਮਰਤਾ ਨਹੀਂ ਦਿਖਾਉਂਦਾ। ਕਹਿੰਦੇ ਜੇ ਤੱਕੜੀ 'ਤੇ ਧਰ ਕੇ ਤੋਲਿਆ ਜਾਵੇ ਤਾਂ ਅਸੀਂ ਦੇਖ ਸਕਦੇ ਹਾਂ ਕਿ ਉਹ ਹੀ ਪਲੜਾ ਝੁਕਦਾ ਜਾਂ ਨੀਵਾਂ ਹੁੰਦਾ ਹੈ ਜੋ ਭਾਰਾ ਹੁੰਦਾ ਹੈ, ਜਿਸ ਵਿਚ ਜ਼ਿਆਦਾ ਬੋਝ ਹੁੰਦਾ ਹੈ ਪਰ ਨਿਵਣ ਦਾ ਮਤਲਬ ਮਨ ਵੱਲੋਂ ਨਿਵਣਾ ਹੁੰਦਾ ਹੈ ਮਹਿਜ ਸਰੀਰ ਨੂੰ ਝੁਕਾਉਣ ਨਾਲ ਕੁਝ ਨਹੀਂ ਹੁੰਦਾ। ਮਿਰਗਾਂ ਦਾ ਸ਼ਿਕਾਰ ਕਰਨ ਵਾਲਾ ਸ਼ਿਕਾਰੀ ਮਿਰਗ ਨੂੰ ਮਾਰਨ ਲਈ ਸਾਰੇ ਸਰੀਰ ਨੂੰ ਝੁਕਾ ਲੈਂਦਾ ਹੈ। ਇਸ ਤਰ੍ਹਾਂ ਕਈ ਵਾਰ ਅਪਰਾਧੀ ਮਨੁੱਖ ਜ਼ਿਆਦਾ ਝੁਕ ਜਾਂਦਾ ਹੈ ਅਰਥਾਤ ਨਿਮਰਤਾ ਦਾ ਦਿਖਾਵਾ ਕਰਦਾ ਹੈ। ਜੇ ਹਿਰਦੇ ਨੇ ਪੁੱਠੇ ਪਾਸੇ ਜਾਣਾ ਹੈ, ਫਿਰ ਸਰੀਰ ਨੂੰ ਝੁਕਾਉਣ ਦਾ ਕੋਈ ਫਾਇਦਾ ਨਹੀਂ ਹੈ:

ਸਿੰਮਲ ਰੁਖੁ ਸਰਾਇਰਾ
ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ
ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ
ਕੰਮਿ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ
ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ
ਪਰ ਕਉ ਨਿਵੈ ਨ ਕੋਇ॥
ਧਰਿ ਤਾਰਾਜੂ ਤੋਲੀਐ
ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ॥੧॥ (ਪੰਨਾ ੪੭੦)

ਅਗਲੀ ਪਉੜੀ ਵਿਚ ਭਾਈ ਗੁਰਦਾਸ ਮਜੀਠ ਅਤੇ ਕਸੁੰਭੇ ਦੇ ਰੰਗ ਦਾ ਦ੍ਰਿਸ਼ਟਾਂਤ ਲੈਂਦੇ ਹਨ। ਮਜੀਠ ਦਾ ਰੰਗ ਪੱਕਾ ਹੁੰਦਾ ਹੈ ਅਤੇ ਕਸੁੰਭੇ ਦਾ ਕੱਚਾ, ਜੋ ਪਾਣੀ ਲਾਇਆਂ ਜਾਂ ਧੋਤਿਆਂ ਉਤਰ ਜਾਂਦਾ ਹੈ; ਭਾਈ ਗੁਰਦਾਸ ਕਹਿੰਦੇ ਹਨ ਕਿ ਇਹ ਵਿਚਾਰ ਕਰਨ ਵਾਲੀ ਗੱਲ ਹੈ ਕਿ ਇਹ ਇਸ ਤਰ੍ਹਾਂ ਕਿਉਂ ਹੁੰਦਾ ਹੈ? ਉਹ ਅੱਗੇ ਕਹਿੰਦੇ ਹਨ ਕਿ ਮਜੀਠ ਦਾ ਪੌਦਾ ਪਹਿਲਾਂ ਆਪਣੀਆਂ ਜੜ੍ਹਾਂ ਨੂੰ ਜ਼ਮੀਨ ਵਿਚ ਫੈਲਾਉਂਦਾ ਹੈ, ਪੱਕੀਆਂ ਕਰਦਾ ਹੈ, ਫਿਰ ਇਨ੍ਹਾਂ ਜੜ੍ਹਾਂ ਨੂੰ ਧਰਤੀ ਨੂੰ ਪੁੱਟ ਕੇ ਬਾਹਰ ਕੱਢਿਆ ਜਾਂਦਾ ਹੈ ਅਤੇ ਉਖਲੀ ਵਿਚ ਪਾ ਕੇ ਲੱਕੜੀ ਦੇ ਮੁਹਲੇ ਨਾਲ ਕੁੱਟਿਆ ਜਾਂਦਾ ਹੈ; ਕੁੱਟਣ ਉਪਰੰਤ ਇਨ੍ਹਾਂ ਨੂੰ ਚੱਕੀ ਵਿਚ ਪੀਸਿਆ ਜਾਂਦਾ ਹੈ। ਚੱਕੀ ਵਿਚ ਚੰਗੀ ਤਰ੍ਹਾਂ ਪੀਸ-ਪਾਸ ਕੇ ਫਿਰ ਇਸ ਨੂੰ ਪਾਣੀ ਵਿਚ ਪਾ ਕੇ ਅੱਗ ਉਤੇ ਖੂਬ ਉਬਾਲਿਆ ਜਾਂਦਾ ਹੈ ਅਤੇ ਮਜੀਠ ਉਬਲਣ ਦੀ ਪੀੜ ਆਪਣੇ ਉਪਰ ਸਹਿੰਦਾ ਹੈ। ਇਹ ਪੀੜ ਜਰਨ ਪਿਛੋਂ ਤਾਂ ਕਿਧਰੇ ਜਾ ਕੇ ਇਸ ਦਾ ਰੰਗ ਬਣਦਾ ਹੈ; ਇਹ ਆਪਣੇ ਪਿਆਰੇ ਦੇ ਕੱਪੜੇ ਰੰਗਣ ਦੇ ਯੋਗ ਹੁੰਦਾ ਹੈ।

ਇਸ ਦੇ ਉਲਟ ਕਸੁੰਭ ਦਾ ਫੁੱਲ ਕੰਡਿਆਂ ਵਾਲੀ ਪੋਹਲੀ ਦੇ ਸਿਰ 'ਤੇ ਉਗਦਾ ਹੈ ਅਤੇ ਆਪਣਾ ਸੁਰਖ ਗੂੜ੍ਹਾ ਰੰਗ ਕੱਢਦਾ ਹੈ। ਇਸ ਵਿਚ ਖੱਟੇ ਦੀ ਖਟਿਆਈ ਪਾ ਕੇ ਤਾਂ ਉਸ ਵਿਚ ਕੱਪੜਾ ਰੰਗ ਦਿੱਤਾ ਜਾਂਦਾ ਹੈ ਜਿਸ 'ਤੇ ਰੰਗ ਕੁਝ ਦਿਨ ਹੀ ਚਲਦਾ ਹੈ। ਇਸ ਤਰ੍ਹਾਂ ਨੀਵਾਂ ਉਗਣ ਵਾਲਾ ਅੰਤ ਵਿਚ ਜਿੱਤ ਜਾਂਦਾ ਹੈ ਅਤੇ ਉਚਾ ਕਿਹਾ ਜਾਣ ਵਾਲਾ ਹਾਰ ਜਾਂਦਾ ਹੈ। ਭਾਈ ਗੁਰਦਾਸ ਇਸ ਦਾ ਸਿੱਟਾ ਇਹ ਕੱਢਦੇ ਹਨ ਕਿ ਹਲੀਮੀ, ਨਿਮਰਤਾ ਸਦਾ ਜਿੱਤਣ ਵਾਲਾ ਗੁਣ ਹੈ ਅਤੇ ਹਉਮੈ ਆਖਰਕਾਰ ਹਾਰ ਜਾਂਦੀ ਹੈ:

ਰੰਗੁ ਮਜੀਠ ਕਸੁੰਭ ਦਾ
ਕਚਾ ਪਕਾ ਕਿਤੁ ਵੀਚਾਰੇ।
ਧਰਤੀ ਉਖਣਿ ਕਢੀਐ
ਮੂਲ ਮਜੀਠ ਜੜੀ ਜੜਤਾਰੇ।
ਉਖਲ ਮੁਹਲੇ ਕੁਟੀਐ
ਪੀਹਣਿ ਪੀਸੈ ਚਕੀ ਭਾਰੇ।
ਸਹੈ ਅਵੱਟਣੁ ਅੱਗਿ ਦਾ
ਹੋਇ ਪਿਆਰੀ ਮਿਲੈ ਪਿਆਰੇ।
ਪੋਹਲੀਅਹੁ ਸਿਰੁ ਕਢਿ ਕੈ
ਫੁਲ ਕਸੁੰਭ ਚਲੰਭ ਖਿਲਾਰੇ।
ਖਟ ਤੁਰਸੀ ਦੇ ਰੰਗੀਐ
ਕਪਟ ਸਨੇਹੁ ਰਹੈ ਦਿਹ ਚਾਰੇ।
ਨੀਵਾ ਜਿਣੈ ਉਚੇਰਾ ਹਾਰੇ॥੬॥

ਮਜੀਠ ਦੇ ਪੱਕੇ ਰੰਗ ਦੀ ਉਦਾਹਰਣ ਗੁਰੂ ਅਮਰਦਾਸ ਇੱਕ ਹੋਰ ਸੰਦਰਭ ਵਿਚ ਦਿੰਦੇ ਹਨ, ਜਿਸ ਵਿਚ ਮਨੁੱਖ ਦੇ ਅਕਾਲ ਪੁਰਖ ਨਾਲ ਗੂੜ੍ਹੇ ਅਤੇ ਪੱਕੇ ਪ੍ਰੇਮ ਲਈ ਮਜੀਠ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ ਪਰ ਉਥੇ ਵੀ ਉਹ ਮਜੀਠ ਦੇ ਰੰਗ ਦਾ ਕਸ਼ਟ ਸਹਾਰ ਕੇ ਹੀ ਪੱਕਾ ਹੋਣ ਦੀ ਗੱਲ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਕਾਲ ਪੁਰਖ ਨਾਲ ਮਨੁੱਖ ਦਾ ਪ੍ਰੇਮ ਦੱਸਣ ਲਈ ਪਤੀ ਤੇ ਪਤਨੀ ਦਾ ਅਲੰਕਾਰ ਆਮ ਵਰਤਿਆ ਗਿਆ ਹੈ। ਇਥੇ ਵੀ ਗੁਰੂ ਅਮਰਦਾਸ ਜੀਵ ਇਸਤਰੀ ਦੀ ਉਦਾਹਰਣ ਲੈ ਕੇ ਦੱਸਦੇ ਹਨ ਕਿ ਅਕਾਲ ਪੁਰਖ ਨਾਲ ਆਪਣਾ ਪ੍ਰੇਮ ਪੱਕਾ ਕਰਨ ਲਈ ਆਪਣੇ ਆਪ ਨੂੰ ਸਮੁੱਚੇ ਰੂਪ ਵਿਚ ਅਕਾਲ ਪੁਰਖ ਦੇ ਸਮਰਪਣ ਕਰਨਾ ਪੈਂਦਾ ਹੈ। ਇਹ ਸਮਰਪਣ ਉਸੇ ਕਿਸਮ ਦਾ ਹੈ ਜਿਵੇਂ ਮਜੀਠ ਪਾਣੀ ਦੇ ਵਿਚ ਰਿੰਨ੍ਹੀ ਜਾ ਕੇ ਉਬਾਲਾ ਸਹਾਰਦੀ ਹੈ ਅਤੇ ਉਸ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਹੈ। ਇਸੇ ਤਰ੍ਹਾਂ ਪੂਰਨ ਸਮਰਪਣ ਨਾਲ ਜੀਵ ਉਤੇ ਨਾਮ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਹੈ, ਜਿਸ ਨਾਲ ਪ੍ਰਭੂ ਨਾਲ ਪ੍ਰੇਮ ਵੀ ਗੂੜ੍ਹਾ ਤੇ ਪੱਕਾ ਹੁੰਦਾ ਜਾਂਦਾ ਹੈ:

ਜਿਉ ਉਬਲੀ ਮਜੀਠੈ ਰੰਗੁ ਗਹਗਹਾ
ਤਿਉ ਸਚੇ ਨੋ ਜੀਉ ਦੇਇ॥
ਰੰਗਿ ਚਲੂਲੈ ਅਤਿ ਰਤੀ
ਸਚੇ ਸਿਉ ਲਗਾ ਨੇਹੁ॥ (ਪੰਨਾ ੩੧੧)

ਸੱਤਵੀਂ ਪਉੜੀ ਵਿਚ ਭਾਈ ਗੁਰਦਾਸ ਨਿੱਕੀ ਕੀੜੀ ਅਤੇ ਮੱਕੜੀ ਦਾ ਦ੍ਰਿਸ਼ਟਾਂਤ ਦਿੰਦੇ ਹਨ ਕਿ ਨਿੱਕੀ ਕੀੜੀ ਭ੍ਰਿੰਗੀ ਕੀੜੀ ਨੂੰ ਮਿਲ ਕੇ ਉਸੇ ਦਾ ਰੂਪ ਹੋ ਜਾਂਦੀ ਹੈ। ਇਸੇ ਤਰ੍ਹਾਂ ਨਿੱਕੀ ਦਿਸਣ ਵਾਲੀ ਮੱਕੜੀ ਆਪਣੇ ਮੂੰਹ ਵਿਚੋਂ ਸੂਤ ਦੀਆਂ ਤਾਰਾਂ ਕੱਢ ਕੱਢ ਕੇ ਅਨੇਕ ਸੈਂਕੜੇ ਗਜ਼ ਸੂਤ ਨੂੰ ਫਿਰ ਨਿਗਲ ਕੇ ਆਪਣੇ ਅੰਦਰ ਹੀ ਸਮੋ ਲੈਂਦੀ ਹੈ। ਇਸੇ ਤਰ੍ਹਾਂ ਦੇਖਣ ਵਿਚ ਛੋਟੀ ਜਿਹੀ ਨਜ਼ਰ ਆਉਂਦੀ ਸ਼ਹਿਦ ਦੀ ਮੱਖੀ ਦਾ ਪੈਦਾ ਕੀਤਾ ਹੋਇਆ ਸ਼ਹਿਦ ਵਪਾਰੀਆਂ ਵੱਲੋਂ ਪੈਸੇ ਖਾਤਰ ਵੇਚਿਆ ਜਾਂਦਾ ਹੈ। ਰੇਸ਼ਮ ਦਾ ਕੀੜਾ ਵੀ ਨਿੱਕਾ ਜਿਹਾ ਕਿਹਾ ਜਾਂਦਾ ਹੈ ਪ੍ਰੰਤੂ ਇਸ ਤੋਂ ਹੀ ਰੇਸ਼ਮ ਪੈਦਾ ਹੁੰਦਾ ਹੈ ਅਤੇ ਉਸ ਤੋਂ ਰੇਸ਼ਮ ਦਾ ਬਣਿਆ ਕਪੜਾ ਕੀਮਤੀ ਮੰਨਿਆ ਜਾਣ ਕਰਕੇ ਹੀ ਵਿਆਹ-ਸ਼ਾਦੀ ਮੌਕੇ ਢੋਇਆ ਜਾਂਦਾ ਹੈ। ਯੋਗੀ ਮੂੰਹ ਵਿਚ ਛੋਟਾ ਜਾਦੂ ਦਾ ਗੁਟਕਾ (ਗੋਦ) ਪਾ ਕੇ ਅਲੋਪ ਹੋ ਜਾਂਦੇ ਹਨ ਅਤੇ ਦੇਸ਼ ਦਿਸ਼ਾਂਤਰਾਂ ਵਿਚ ਘੁੰਮ ਆਉਂਦੇ ਹਨ। ਛੋਟੇ ਮੋਤੀਆਂ ਅਤੇ ਮਾਣਕਾਂ ਦੀ ਮਾਲਾ ਬਣਾ ਕੇ ਬਾਦਸ਼ਾਹ ਗਲ ਵਿਚ ਪਾਉਂਦੇ ਹਨ। ਦੁੱਧ ਵਿਚ ਜਾਗ ਦਾ ਥੋੜਾ ਜਿਹਾ ਹਿੱਸਾ ਮਿਲਾ ਕੇ ਦਹੀਂ ਬਣਾਇਆ ਜਾਂਦਾ ਹੈ ਅਤੇ ਦਹੀਂ ਨੂੰ ਰਿੜਕ ਕੇ ਉਸ ਵਿਚੋਂ ਮੱਖਣ ਕੱਢਿਆ ਜਾਂਦਾ ਹੈ। ਭਾਈ ਸਾਹਿਬ ਇਥੇ ਨਿੱਕੀਆਂ ਚੀਜ਼ਾਂ ਦੇ ਦ੍ਰਿਸ਼ਟਾਂਤ ਦੇ ਕੇ ਹਲੀਮੀ, ਨਿਮਰਤਾ ਧਾਰਨ ਕਰਨ ਦਾ ਉਪਦੇਸ਼ ਕਰਦੇ ਹਨ:

ਕੀੜੀ ਹੋਵੈ ਨਿਕੜੀ ਚਲਤਿ ਕਰਿ
ਭ੍ਰਿੰਗੀ ਨੋ ਮਿਲਿ ਭ੍ਰਿੰਗੀ ਹੋਵੈ।
ਨਿਕੜੀ ਦਿਸੈ ਮਕੜੀ
ਸੂਤੁ ਮੁਹਹੁ ਕਢਿ ਫਿਰਿ ਸੰਗੋਵੈ।
ਨਿਕੜੀ ਮਖਿ ਵਖਾਣੀਐ
ਮਾਖਿਓ ਮਿਠਾ ਭਾਗਠੁ ਹੋਵੈ।
ਨਿਕੜਾ ਕੀੜਾ ਆਖੀਐ
ਪਟ ਪਟੋਲੇ ਕਰਿ ਢੰਗ ਢੋਵੈ।
ਗੁਟਕਾ ਮੁਹ ਵਿਚਿ ਪਾਇ ਕੈ
ਦੇਸ ਦਿਸੰਤਰਿ ਜਾਇ ਖੜੋਵੈ।
ਮੋਤੀ ਮਾਣਕ ਹੀਰਿਆ
ਪਾਤਿਸਾਹੁ ਲੈ ਹਾਰੁ ਪਰੋਵੈ।
ਪਾਇ ਸਮਾਇਣੁ ਦਹੀ ਬਿਲੋਵੈ॥੭॥

ਇਸ ਤੋਂ ਅੱਗੇ ਘਾਹ ਦਾ ਦ੍ਰਿਸ਼ਟਾਂਤ ਦਿੱਤਾ ਹੈ ਕਿ ਕਿਸ ਤਰ੍ਹਾਂ ਘਾਹ ਹਰ ਇੱਕ ਦੇ ਪੈਰਾਂ ਹੇਠ ਮਿੱਧਿਆ ਜਾਂਦਾ ਹੈ ਪਰ ਫਿਰ ਵੀ ਉਹ ਸਾਹ ਨਹੀਂ ਕੱਢਦਾ ਭਾਵ ਕਿਸੇ ਕਿਸਮ ਦੀ ਸ਼ਿਕਾਇਤ ਨਹੀਂ ਕਰਦਾ। ਗਊ ਵਿਚਾਰੀ ਘਾਹ ਖਾ ਕੇ ਦੁੱਧ ਦਿੰਦੀ ਹੈ ਅਤੇ ਦੂਜਿਆਂ 'ਤੇ ਪਰਉਪਕਾਰ ਕਰਦੀ ਹੈ। ਉਸ ਦੇ ਦਿੱਤੇ ਦੁੱਧ ਤੋਂ ਦਹੀਂ, ਮੱਖਣ ਘਿਓ ਬਣਦਾ ਹੈ (ਇਹ ਸਭ ਕੀਮਤੀ ਨਿਆਮਤਾਂ ਹਨ ਜੋ ਮਨੁੱਖ ਦੇ ਕਈ ਤਰ੍ਹਾਂ ਨਾਲ ਵਰਤੋਂ ਵਿਚ ਆਉਂਦੀਆਂ ਹਨ)। ਮੱਖਣ ਨੂੰ ਅੱਗ 'ਤੇ ਤਾਅ ਕੇ ਉਸ ਤੋਂ ਘਿਉ ਬਣਾਇਆ ਜਾਂਦਾ ਹੈ ਜੋ ਹੋਮ ਯੱਗ ਵਰਗੀਆਂ ਧਾਰਮਕ ਰਸਮਾਂ ਵੇਲੇ ਕੰਮ ਆਉਂਦਾ ਹੈ ਅਤੇ ਘਿਉ ਦੀ ਵਰਤੋਂ ਹੋਰ ਬਹੁਤ ਸਾਰੀਆਂ ਸਮਾਜਕ ਅਤੇ ਧਾਰਮਕ ਰਸਮਾਂ ਵਿਚ ਕੀਤੀ ਜਾਂਦੀ ਹੈ। ਗਾਂ ਤੋਂ ਬਲਦ ਪੈਦਾ ਹੁੰਦਾ ਹੈ ਜੋ ਧੀਰਜ ਧਾਰ ਕੇ ਹਲਾਂ ਤੇ ਗੱਡਾਂ ਹੇਠ ਵਗਦਾ ਹੈ ਅਤੇ ਸਿਰ 'ਤੇ ਭਾਰ ਚੁੱਕਦਾ ਹੈ, ਇਹ ਹੀ ਉਸ ਦਾ ਧਰਮ ਬਣ ਚੁਕਾ ਹੈ। (ਹਿੰਦੂ ਮਿਥਿਹਾਸ ਅਨੁਸਾਰ ਧਰਤੀ ਦਾ ਭਾਰ ਚਿੱਟੇ ਬਲਦ ਨੇ ਸਿੰਗਾਂ ਉਤੇ ਚੁੱਕਿਆ ਹੋਇਆ ਹੈ ਪਰ ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਅਜਿਹਾ ਬਲਦ ਕਿਹਾ ਹੈ ਜਿਸ ਨੇ ਧਰਤੀ ਦਾ ਭਾਰ ਥੰਮਿਆ ਹੋਇਆ ਹੈ। ਭਾਈ ਗੁਰਦਾਸ ਨੇ ਵੀ ਇਸ ਦ੍ਰਿਸ਼ਟਾਂਤ ਨੂੰ ਆਪਣੀਆਂ ਵਾਰਾਂ ਵਿਚ ਵਰਤਦਿਆਂ ਧਰਮ ਨੂੰ ਉਹ ਧੌਲ ਕਿਹਾ ਹੈ ਜਿਸ ਨੇ ਬਹੁਤ ਧੀਰਜ ਨਾਲ ਆਪਣੇ ਸਿਰ 'ਤੇ ਧਰਤੀ ਦਾ ਭਾਰ ਚੁੱਕਿਆ ਹੋਇਆ ਹੈ)। ਇਸ ਤਰ੍ਹਾਂ ਇੱਕ ਇੱਕ ਗਊ ਤੋਂ ਅਨੇਕ ਵੱਛੇ ਪੈਦਾ ਹੋ ਕੇ ਸਾਰੀਆਂ ਥਾਂਵਾਂ (ਚਹੁੰ ਚੱਕਾਂ ਅਰਥਾਤ ਸਾਰੀ ਦੁਨੀਆਂ) 'ਤੇ ਵੱਛਿਆਂ ਦੇ ਅਨੇਕਾਂ ਵੱਗ ਹੋ ਗਏ ਹਨ। ਦੱਸਿਆ ਹੈ ਕਿ ਘਾਹ ਦੇ ਇੱਕ ਨਿੱਕੇ ਜਿਹੇ ਤੀਲੇ ਵਿਚ ਕਿੰਨੀ ਬਰਕਤ ਹੈ ਅਤੇ ਨਿਆਮਤਾਂ ਛੁਪੀਆਂ ਹੋਈਆਂ ਹਨ ਜਿਸ ਤੋਂ ਕਿੱਡਾ ਵੱਡਾ ਫੈਲਾਅ ਹੁੰਦਾ ਹੈ। ਸਿੱਟਾ ਕੱਢਿਆ ਹੈ ਕਿ ਘਾਹ ਦਾ ਇੱਕ ਨਿਮਾਣਾ ਜਿਹਾ ਤੀਲਾ ਕਿੰਨਾ ਪਰਉਪਕਾਰ ਕਰਦਾ ਹੈ ਅਤੇ ਧਰਤੀ ਦੇ ਭਾਰ ਨੂੰ ਚੁੱਕਣ ਦੀ ਵਜ੍ਹਾ ਬਣਦਾ ਹੈ:

ਲਤਾਂ ਹੇਠਿ ਲਤਾੜੀਐ
ਘਾਹੁ ਨ ਕਢੈ ਸਾਹੁ ਵਿਚਾਰਾ।
ਗੋਰਸੁ ਦੇ ਖੜੁ ਖਾਇ ਕੈ
ਗਾਇ ਗਰੀਬੀ ਪਰਉਪਕਾਰਾ।
ਦੁਧਹੁ ਦਹੀ ਜਮਾਈਐ
ਦਈਅਹੁ ਮਖਣੁ ਛਾਹਿ ਪਿਆਰਾ।
ਘਿਅ ਤੇ ਹੋਵਨਿ ਹੋਮ ਜਗ ਢੰਗ
ਸੁਆਰਥ ਚਜ ਅਚਾਰਾ।
ਧਰਮ ਧਉਲੁ ਪਰਗਟੁ ਹੋਇ
ਧੀਰਜਿ ਵਹੈ ਸਹੈ ਸਿਰਿ ਭਾਰਾ।
ਇਕੁ ਇਕੁ ਜਾਉ ਜਣੇਦਿਆਂ
ਚਹੁ ਚਕਾਂ ਵਿਚਿ ਵਗ ਹਜਾਰਾ।
ਤ੍ਰਿਣ ਅੰਦਰਿ ਵਡਾ ਪਾਸਾਰਾ॥੮॥

ਇਸ ਤੋਂ ਅੱਗੇ ਤਿਲ ਦੇ ਛੋਟੇ ਜਿਹੇ ਬੀਜ ਦਾ ਦ੍ਰਿਸ਼ਟਾਂਤ ਦਿੱਤਾ ਹੈ ਕਿ ਤਿਲ ਛੋਟਾ ਹੋ ਕੇ ਜਦੋਂ ਜੰਮਦਾ ਹੈ ਤਾਂ ਨੀਵਾਂ ਰਹਿ ਕੇ ਆਪਣੇ ਆਪ ਨੂੰ ਗਣਾਉਂਦਾ ਨਹੀਂ। ਫਿਰ ਜਦੋਂ ਫੁੱਲਾਂ ਦੀ ਸੰਗਤ ਵਿਚ ਆਉਂਦਾ ਹੈ ਤਾਂ ਖੁਸ਼ਬੋ-ਰਹਿਤ ਹੋਣ ਦੇ ਬਾਵਜੂਦ ਫੁੱਲਾਂ ਦੀ ਸੁਗੰਧ ਇਸ ਵਿਚ ਆ ਜਾਂਦੀ ਹੈ ਅਤੇ ਇਹ ਖੁਸ਼ਬੂਦਾਰ ਹੋ ਜਾਂਦਾ ਹੈ। ਫਿਰ ਇਸ ਨੂੰ ਫੁੱਲਾਂ ਦੇ ਨਾਲ ਜਦੋਂ ਕੋਹਲੂ ਵਿਚ ਪੀੜਿਆ ਜਾਂਦਾ ਹੈ ਤਾਂ ਇਹ ਫੁਲੇਲ ਅਰਥਾਤ ਖੁਸ਼ਬੂਦਾਰ ਤੇਲ ਬਣ ਜਾਂਦਾ ਹੈ। ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਉਹ ਅਕਾਲ ਪੁਰਖ ਐਸਾ ਕੌਤਕ ਰਚਦਾ ਹੈ ਕਿ ਉਹ ਖੁਸ਼ਬੂਦਾਰ ਤੇਲ ਬਾਦਸ਼ਾਹ ਦੇ ਸਿਰ 'ਤੇ ਝੱਸਿਆ ਜਾਂਦਾ ਹੈ ਜਿਸ ਨਾਲ ਉਸ ਨੂੰ ਸੁੱਖ ਮਿਲਦਾ ਹੈ। ਫਿਰ ਇਸ ਨੂੰ ਦੀਵੇ ਵਿਚ ਪਾ ਕੇ ਜਦੋਂ ਜਲਾਇਆ ਜਾਂਦਾ ਹੈ ਤਾਂ ਇਸ ਦਾ ਨਾਮ ਕੁਲ ਦੀਪਕ ਪੈ ਜਾਂਦਾ ਹੈ। ਕੁਲ ਦਾ ਦੀਪਕ ਆਮ ਤੌਰ 'ਤੇ ਮਨੁੱਖ ਦੀਆਂ ਆਖਰੀ ਰਸਮਾਂ ਕਰਨ ਵੇਲੇ ਬਾਲਿਆ ਜਾਂਦਾ ਹੈ। ਦੀਵੇ ਦੀ ਲੋਅ ਤੋਂ ਫਿਰ ਕੱਜਲ ਤਿਆਰ ਕੀਤਾ ਜਾਂਦਾ ਹੈ ਜੋ ਅੱਖਾਂ ਦੇ ਅੰਦਰ ਜਾ ਕੇ ਉਨ੍ਹਾਂ ਵਿਚ ਹੀ ਸਮਾ ਜਾਂਦਾ ਹੈ। ਤਿਲ ਦਾ ਇੱਕ ਛੋਟਾ ਜਿਹਾ ਬੀਜ ਏਨਾ ਮਹਾਨ ਹੋ ਕੇ ਵੀ ਆਪਣੇ ਆਪ ਨੂੰ ਵੱਡਾ ਨਹੀਂ ਕਹਾਉਂਦਾ। ਇੰਨੇ ਪਰਉਪਕਾਰ ਕਰਕੇ ਵੀ ਆਪਣੀ ਹੋਂਦ ਨੂੰ ਨਾ ਜਤਾਉਣਾ ਹੀ ਹਲੀਮੀ ਜਾਂ ਨਿਮਰਤਾ ਹੈ:

ਲਹੁੜਾ ਤਿਲੁ ਹੋਇ ਜੰਮਿਆ
ਨੀਚਹੁ ਨੀਚੁ ਨ ਆਪੁ ਗਣਾਇਆ।
ਫੁਲਾ ਸੰਗਤਿ ਵਸਿਆ ਹੋਇ
ਨਿਰਗੰਧੁ ਸੁਗੰਧੁ ਸੁਹਾਇਆ।
ਕੋਲੁ ਪਾਇ ਪੀੜਾਇਆ
ਹੋਇ ਫੁਲੇਲੁ ਖੇਲੁ ਵਰਤਾਇਆ।
ਪਤਿਤੁ ਪਵਿਤੁ ਚਲਿਤੁ ਕਰਿ
ਪਤਿਸਾਹ ਸਿਰਿ ਧਰਿ ਸੁਖੁ ਪਾਇਆ।
ਦੀਵੈ ਪਾਇ ਜਲਾਇਆ
ਕੁਲ ਦੀਪਕੁ ਜਗਿ ਬਿਰਦੁ ਸਦਾਇਆ।
ਕਜਲੁ ਹੋਆ ਦੀਵਿਅਹੁ
ਅਖੀ ਅੰਦਰਿ ਜਾਇ ਸਮਾਇਆ।
ਬਾਲਾ ਹੋਇ ਨ ਵਡਾ ਕਹਾਇਆ॥੯॥

## ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੪**
ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ
ਕਿਉ ਚਾਲਹ ਗੁਰ ਚਾਲੀ॥
ਸਤਗੁਰੁ ਦਇਆ ਕਰੇ ਸੁਖਦਾਤਾ
ਹਮ ਲਾਵੈ ਆਪਨ ਪਾਲੀ॥੧॥
ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ॥੧॥ਰਹਾਉ॥
ਹਰਿ ਕੇ ਸੰਤ ਸੁਣਹੁ ਜਨ ਭਾਈ
ਗੁਰੁ ਸੇਵਿਹੁ ਬੇਗਿ ਬੇਗਾਲੀ॥
ਸਤਗੁਰੁ ਸੇਵਿ ਖਰਚੁ ਹਰਿ ਬਾਧਹੁ
ਮਤ ਜਾਣਹੁ ਆਜੁ ਕਿ ਕਾਲ੍ਹ੍ਹੀ॥੨॥
ਹਰਿ ਕੇ ਸੰਤ ਜਪਹੁ ਹਰਿ ਜਪਣਾ
ਹਰਿ ਸੰਤੁ ਚਲੈ ਹਰਿ ਨਾਲੀ॥
ਜਿਨ ਹਰਿ ਜਪਿਆ ਸੇ ਹਰਿ ਹੋਏ
ਹਰਿ ਮਿਲਿਆ ਕੇਲ ਕੇਲਾਲੀ॥੩॥
ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ
ਹਰਿ ਕਿਰਪਾ ਕਰਿ ਬਨਵਾਲੀ॥
ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ
ਹਮ ਸਾਧ ਜਨਾ ਪਗ ਰਾਲੀ॥੪॥

ਸਤਿਗੁਰੂ ਬਚਨ ਕਰਦੇ ਹਨ, ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ, ਹੇ ਭਾਈ! ਅਸੀਂ ਤਾਂ ਅੰਨ੍ਹੇ ਜੀਵ ਹਾਂ, ਮਾਇਆ ਦੇ ਮੋਹ 'ਚ ਅੰਨ੍ਹੇ ਹੋਏ ਜ਼ਹਿਰ ਰੂਪੀ ਪਦਾਰਥਾਂ ਦੇ ਰੰਗ ਵਿਚ ਰੰਗੇ ਪਏ ਹਾਂ, ਭਲਾ ਅਸੀਂ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਕਿਵੇਂ ਤੁਰ ਸਕਦੇ ਹਾਂ! ਸੁਖਾਂ ਦੀ ਦਾਤ ਦੇਣ ਵਾਲਾ ਗੁਰੂ ਆਪ ਹੀ ਮਿਹਰ ਕਰੇ ਤੇ ਸਾਨੂੰ ਆਪਣੇ ਲੜ ਲਾ ਕੇ ਆਪਣੀ ਸ਼ਰਨ ਵਿਚ ਲੈ ਲਵੇ।

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ॥੧॥ਰਹਾਉ॥

ਗੁਰੂ ਰਾਮਦਾਸ ਜਗਤ ਦੇ ਜੀਵਾਂ ਨੂੰ ਇਸ ਪਾਵਨ ਸ਼ਬਦ ਰਾਹੀਂ ਉਪਦੇਸ਼ ਕਰਦੇ ਆਖਦੇ ਹਨ, ਹੇ ਗੁਰੂ ਸਿੱਖ ਮਿੱਤਰ ਪਿਆਰਿਓ! ਗੁਰੂ ਦੇ ਦੱਸੇ ਰਸਤੇ 'ਤੇ ਤੁਰੋ, ਪ੍ਰਭੂ ਦੀ ਸਿਫਤ ਸਾਲਾਹ ਕਰੋ; ਜੋ ਗੁਰੂ ਆਖਦਾ ਹੈ, ਉਸ ਨੂੰ ਆਪਣਾ ਭਲਾ ਸਮਝੋ, ਕਿਉਂਕਿ ਉਸ ਪ੍ਰਭੂ ਦੀ ਸਿਫਤ ਸਾਲਾਹ ਜੀਵਨ ਵਿਚ ਨਿਰਾਲਾ ਬਦਲਾਓ ਕਰ ਦਿੰਦੀ ਹੈ।

ਗੁਰੂ ਰਾਮਦਾਸ ਅਤਿ ਸਤਿਕਾਰ ਨਾਲ ਆਵਾਜ਼ ਦਿੰਦੇ ਆਖ ਰਹੇ ਹਨ, ਹੇ ਭਰਾਵੋ ਸੁਣੋ! ਉਸ ਮਿਹਰਬਾਨ ਪ੍ਰਭੂ ਦਾ ਜਾਪ ਜਪਿਆ ਕਰੋ; ਛੇਤੀ ਤੋਂ ਛੇਤੀ ਗੁਰੂ ਦੀ ਸ਼ਰਨ ਪੈ ਜਾਉ, ਗੁਰੂ ਦੀ ਸ਼ਰਨ ਪੈ ਕੇ ਜੀਵਨ ਦੇ ਸਫਰ ਵਾਸਤੇ ਖਰਚ, ਭਾਵ ਨਾਮ ਰੂਪੀ ਦੌਲਤ ਪੱਲੇ ਬੰਨ੍ਹ ਲਓ, ਇਹ ਨਾ ਸੋਚਦੇ ਰਹਿਣਾ ਕਿ ਅੱਜ ਕਰ ਲਵਾਂਗੇ, ਕੱਲ੍ਹ ਕਰ ਲਵਾਂਗੇ, ਉਹ ਸਮਾਂ ਨਹੀਂ ਮਿਲਣਾ।

ਗੁਰਦੇਵ ਆਖਦੇ ਹਨ, ਹੇ ਹਰੀ ਪ੍ਰਭੂ ਦੇ ਸੰਤ ਜਨੋ! ਪ੍ਰਭੂ ਦੇ ਨਾਮ ਦਾ ਜਾਪ ਜਪਿਆ ਕਰੋ; ਨਾਮ ਦੇ ਜਾਪ ਦੀ ਬਰਕਤ ਨਾਲ ਹਰੀ ਪ੍ਰਭੂ ਦਾ ਸੰਤ ਮਿਹਰਬਾਨ ਪ੍ਰਭੂ ਦੀ ਰਜ਼ਾ ਵਿਚ ਤੁਰਨ ਲੱਗ ਪੈਂਦਾ ਹੈ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਜਪਿਆ, ਉਹ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ, ਉਹ ਸਾਰੇ ਕੌਲ/ਚੋਜ ਤਮਾਸ਼ੇ ਕਰਨ ਵਾਲਾ ਪ੍ਰਭੂ ਉਨ੍ਹਾਂ ਨੂੰ ਮਿਲ ਪੈਂਦਾ ਹੈ।

ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ
ਹਰਿ ਕਿਰਪਾ ਕਰਿ ਬਨਵਾਲੀ॥
ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ
ਹਮ ਸਾਧ ਜਨਾ ਪਗ ਰਾਲੀ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਸੰਸਾਰ ਦੇ ਜੀਵਾਂ ਨੂੰ ਆਵਾਜ਼ ਦਿੰਦੇ ਹਨ ਕਿ ਹੇ ਭਾਈ! ਆਉ, ਉਸ ਮਿਹਰਬਾਨ ਹਰੀ ਪ੍ਰਭੂ ਦੀ ਸ਼ਰਨ ਵਿਚ ਚਲੀਏ; ਇਹ ਦਾਸ ਨਾਨਕ ਆਖਦਾ ਹੈ, ਹੇ ਬਨਵਾਲੀ! ਭਾਵ ਹੇ ਬਨਵਾਲੀ ਪ੍ਰਭੂ ਜੀਉ! ਮੈਨੂੰ ਤੇਰਾ ਨਾਮ ਜਪਣ ਦੀ ਲੋਚ ਲੱਗੀ ਹੋਈ ਹੈ, ਪ੍ਰਭੂ ਮੈਨੂੰ ਸਾਧ ਸੰਗਤਿ ਵਿਚ ਮਿਲਾਈ ਰੱਖ, ਹੇ ਸੰਸਾਰ ਦੇ ਮਾਲਕ ਪ੍ਰਭੂ ਜੀ! ਮੈਨੂੰ ਤੇਰੇ ਸੰਤ ਜਨਾਂ ਦੇ ਪੈਰਾਂ ਦੀ ਧੂੜ ਮਿਲਦੀ ਰਹੇ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਸਾਊਥਾਲ ਦਾ ਸੂਰਜ

***ਪੰਜਾਬੀ ਲਿਖਾਰੀ ਅਤੇ ਲੰਡਨ ਦੀ ਈਲਿੰਗ ਕੌਂਸਲ ਦੇ ਮੇਅਰ ਦੀ ਕੁਰਸੀ ਤਕ ਪੁੱਜਣ ਵਾਲਾ ਰਣਜੀਤ ਧੀਰ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ-ਪੜ੍ਹਾਉਂਦਾ ਬਰਤਾਨੀਆ ਜਾ ਵਸਿਆ। ਉਥੇ ਉਹ ਬਹੁਤ ਸਾਰੇ ਅਹਿਮ ਅਹੁਦਆਂ 'ਤੇ ਰਿਹਾ। 'ਸਾਊਥਾਲ ਦਾ ਸੂਰਜ' ਵਿਚ ਉਸ ਨੇ ਸਰਬੱਤ ਦੇ ਭਲੇ ਤੇ ਮਨੁੱਖੀ ਸਦਭਾਵ ਦਾ ਹੋਕਾ ਲਾਇਆ ਹੈ ਅਤੇ ਲੋਕਾਂ ਨੂੰ ਆਪਣੇ ਅੰਦਰ ਸੁੰਗੜਨ ਦੀ ਥਾਂ ਬਾਹਰ ਵੱਲ ਫੈਲਣ ਦੀ ਹਾਕ ਮਾਰੀ ਹੈ। -ਸੰਪਾਦਕ***



**ਰਣਜੀਤ ਧੀਰ**

ਸਾਊਥਾਲ ਬਾਜ਼ਾਰ ਜਾਣਾ ਹੋਵੇ ਤਾਂ ਮੈਂ ਕਾਰ ਛੱਡ ਪੈਦਲ ਜਾਂਦਾ ਹਾਂ। ਤੁਰਦਿਆਂ ਫਿਰਦਿਆਂ ਲੋਕਾਂ ਨਾਲ ਮੇਲੇ ਗੇਲੇ ਹੋ ਜਾਂਦੇ ਹਨ। ਟਾਊਨ ਹਾਲ ਲਾਗੇ ਹਿੰਦੂ ਮੰਦਰ ਮੂਹਰੇ ਸ਼ਰਧਾਲੂਆਂ ਤੋਂ ਬਿਨਾ ਕਈ ਵਾਰ ਪੰਡਤ ਜੀ ਦੇ ਵੀ ਦਰਸ਼ਨ ਹੋ ਜਾਂਦੇ ਹਨ। ਰਾਮਗੜ੍ਹੀਆ ਹਾਲ ਵੱਲ ਜਾਈਏ ਤਾਂ ਨਾਲ ਪੈਂਦੀ ਮਸਜਿਦ ਬਾਹਰ ਖੜੋਤੇ ਨਮਾਜ਼ੀਆਂ ਸਮੇਤ ਕਿਤੇ ਕਿਤੇ ਮੌਲਵੀ ਸਾਹਿਬ ਨਾਲ ਵੀ ਦੁਆ ਸਲਾਮ ਹੋ ਜਾਂਦੀ ਹੈ। ਡੂਮੀਨੀਅਨ ਸੈਂਟਰ ਵੱਲ ਰਾਹ ਵਿਚ ਪੈਂਦੇ ਸਿੰਘ ਸਭਾ ਗੁਰਦੁਆਰੇ ਕੋਲ ਕਈ ਜਾਣੂ ਸਿੰਘਾਂ ਨਾਲ ਫਤਿਹ ਸਾਂਝੀ ਕਰਨ ਦਾ ਮੌਕਾ ਮਿਲ ਜਾਂਦੈ। ਰੇਲਵੇ ਪੁਲੋਂ ਉਤਰ ਸੇਂਟ ਐਨਸਲਮ ਗਿਰਜੇ ਕੋਲੋਂ ਲੰਘਦਿਆਂ ਮਰਹੂਮ ਪਾਦਰੀ ਮਾਈਕਲ ਹੌਲਿੰਗਜ਼ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਗਰੀਬਾਂ ਦੀ ਸੇਵਾ ਅਤੇ ਨਸਲਵਾਦ ਖਿਲਾਫ਼ ਪ੍ਰਤੀਬੱਧਤਾ ਕਰ ਕੇ ਪਾਦਰੀ ਮਾਈਕਲ ਹੌਲਿੰਗਜ਼ ਦਾ ਨਾਂ ਰੋਮ ਦੇ ਪੋਪ ਤੀਕ ਬੋਲਦਾ ਸੀ। ਪੁਰਾਣੇ ਸੈਂਚਰੀ ਸਿਨਮੇ ਨਾਲ ਦੀਆਂ ਭਾਰਤੀਆਂ ਦੀਆਂ ਦੁਕਾਨਾਂ ਹੁਣ ਸੁੱਖ ਨਾਲ ਸੁਮਾਲੀ ਭਰਾਵਾਂ ਨੇ ਖਰੀਦ ਲਈਆਂ ਹਨ। ਤਕਰੀਬਨ ਸਾਰਾ ਦਿਨ ਇਨ੍ਹਾਂ ਦੁਕਾਨਾਂ ਮੂਹਰੇ ਸੁਮਾਲੀ ਭਰਾਵਾਂ ਦੀਆਂ ਛੋਟੀਆਂ-ਛੋਟੀਆਂ ਢਾਣੀਆਂ ਖਲੋਤੀਆਂ ਰਹਿੰਦੀਆਂ ਹਨ। ਸਿਗਰਟਾਂ ਪੀਂਦੇ ਇਕ-ਦੂਜੇ ਨੂੰ ਏਸ਼ੀਆਨਾਂ ਵਾਂਗ ਜੱਫ਼ੀਆਂ ਪਾ-ਪਾ ਮਿਲਦੇ ਹਨ। ਉਚੀ-ਉਚੀ ਬੋਲਦੇ, ਬਹੁਤ ਗਰਮਜ਼ੋਸ਼ੀ ਨਾਲ ਇਕ-ਦੂਜੇ ਨਾਲ ਹੱਥ ਮਿਲਾਉਂਦੇ ਹਨ।

ਇਨ੍ਹਾਂ ਨੂੰ ਦੇਖ ਕੇ ਮੈਨੂੰ ਚਾਲੀ ਪੰਜਾਹ ਸਾਲ ਪਹਿਲਾਂ ਦਾ ਸਮਾਂ ਚੇਤੇ ਆਉਂਦੈ ਜਦ ਅਸੀਂ ਇਥੇ ਆਏ ਸਾਂ। ਸ਼ਹਿਰ ਦੀਆਂ ਸੜਕਾਂ ਅਤੇ ਫੁੱਟਪਾਥਾਂ 'ਤੇ ਵੱਖ-ਵੱਖ ਪਹਿਰਾਵਿਆਂ ਦੇ ਲੋਕਾਂ ਨੂੰ ਦੇਖ ਕੇ ਬਰਤਾਨੀਆਂ ਵਿਚ ਪੈਦਾ ਹੋ ਰਹੇ ਨਵੇਂ ਮਿਸ਼ਰਤ ਕਲਚਰ ਦਾ ਝਾਉਲਾ ਪੈਂਦੈ। ਮਰਦਾਂ ਦੇ ਕੁੜਤੇ-ਪਜਾਮੇ, ਸਲਵਾਰ-ਸੂਟਾਂ ਅਤੇ ਪੱਛਮੀ ਸਕਰਟਾਂ ਵਿਚ ਔਰਤਾਂ ਨੂੰ ਦੇਖ ਕੇ ਵੀ ਬਹੁ-ਸਭਿਆਚਾਰਕ ਸਮਾਜ ਦਾ ਬਿੰਬ ਉਭਰਦੈ।

ਇਨ੍ਹਾਂ ਭਾਵਨਾਵਾਂ ਦੀ ਰੌਅ ਵਿਚ ਮੇਰਾ ਮਨ ਉਦਾਰਵਾਦੀ ਵਿਚਾਰਾਂ ਨਾਲ ਭਰ ਜਾਂਦੈ। ਆਪਣੇ ਮਾਨਸਿਕ ਹਵਾਲਿਆਂ ਵਿਚੋਂ ਕਈ ਸੁੱਤੀਆਂ ਪਾੜਤਾਂ ਉਠ ਖਲੋਂਦੀਆਂ ਹਨ। ਭਾਈ ਘਨੱਈਆ ਜੀ ਦੀ ਸਾਖੀ। ਮਹਾਤਮਾ ਗਾਂਧੀ ਦਾ ਕਥਨ। ਪ੍ਰੋਫੈਸਰ ਪੂਰਨ ਸਿੰਘ ਅਤੇ ਅਮਿਤੋਜ਼ ਦੀਆਂ ਕਵਿਤਾਵਾਂ ਉਪਰੋਥਲੀ ਚੇਤੇ ਵਿਚੋਂ ਉਤਰ ਕੇ ਮੇਰੀ ਸੋਚ ਨੂੰ ਹਲੂਣ ਜਾਂਦੀਆਂ ਹਨ।

ਦਸਮ ਪਾਤਸ਼ਾਹ ਸਾਹਮਣੇ ਪੇਸ਼ ਕੀਤੇ ਭਾਈ ਘਨੱਈਏ ਦਾ ਕਹਿਣਾ ਸੀ... ਕਿ ਗੁਰੂ ਜੀ ਠੀਕ ਹੈ, ਮੈਂ ਸਮੇਤ ਮੁਸਲਮਾਨਾਂ ਦੇ ਸਾਰੇ ਫੱਟੜ ਫੌਜੀਆਂ ਨੂੰ ਪਾਣੀ ਪਿਆਉਂਦਾ ਹਾਂ, ਪਰ ਮੈਨੂੰ ਇਹ ਵੱਖ-ਵੱਖ ਹਿੰਦੂ, ਮੁਸਲਮਾਨ ਜਾਂ ਸਿੱਖ ਨਹੀਂ ਦਿਸਦੇ, ਮੈਨੂੰ ਤਾਂ ਸਾਰੇ ਤੁਹਾਡਾ ਰੂਪ ਦਿਸਦੇ ਹਨ। ਮੈਨੂੰ ਇਨ੍ਹਾਂ ਵਿਚ ਕੋਈ ਫਰਕ ਨਹੀਂ ਲੱਗਦਾ। ਮਾਨਸਾ ਕੀ ਏਕੁ ਜਾਤ। ਮਹਾਤਮਾ ਗਾਂਧੀ ਕਿਹਾ ਕਰਦੇ ਸਨ ਕਿ ਮੈਂ ਚਾਹੁੰਨਾ, ਦੁਨੀਆ ਦੇ ਸਭ ਧਰਮਾਂ ਅਤੇ ਸਭਿਆਤਾਵਾਂ ਦੇ ਪੱਤੇ ਇਕੱਠੇ ਹੋ ਕੇ ਮੇਰੇ ਘਰ ਦੁਆਲੇ ਇਕੱਠੇ ਹੋ ਜਾਣ।

ਫਿਰ ਯਾਦ ਆਉਂਦੀ ਹੈ ਅਮਿਤੋਜ਼ ਦੀ ਕਵਿਤਾ 'ਮੇਰੇ ਪਿੰਡ ਦਾ ਸੂਰਜ'...

ਮੇਰੇ ਪਿੰਡ ਸੂਰਜ
ਕੁਝ ਹੋਰ ਤਰ੍ਹਾਂ ਡੁੱਬਦਾ ਹੈ
ਪਹਿਲਾਂ ਮਸੀਤ ਦੇ ਗੁੰਬਦ ਦੇ ਪਿਛਾੜੀ
ਲੋਟਨ ਕਬੂਤਰ ਵਾਂਗ ਬਾਜ਼ੀ ਲਾਉਂਦਾ ਹੈ
ਫਿਰ ਪਹਿਲਣਾਂ ਲਵੇਰੀਆਂ ਨਾਲ
ਢਾਬ ਵਿਚ ਤਾਰੀ ਲਾਉਂਦਾ ਹੈ
ਟਿੱਬੇ 'ਤੇ ਕੌਡੀ ਖੇਡਦੇ ਨਿਆਣਿਆਂ ਨੂੰ
ਘਰੋ-ਘਰੀਂ ਪਹੁੰਚਾਉਂਦਾ ਹੈ
ਰਹਿਰਾਸ ਸੁਣਦਾ ਹੈ,
ਡੰਡਾਉਤ ਕਰਾਉਂਦਾ ਹੈ
ਪੀਰ ਫਕੀਰ ਧਿਆਉਂਦਾ ਹੈ
ਤੁਹਾਡੇ ਸ਼ਹਿਰ ਵਾਂਗ ਨਹੀਂ
ਕਿ ਬਾਲਕੋਨੀ ਤੋਂ ਕੜੱਚ ਦੇਣੀ
ਸੜਕ 'ਤੇ ਜਾ ਡਿੱਗੇ
ਤੇ ਇਕ ਦਮ, ਦਮ ਤੋੜ ਜਾਏ
ਮੇਰੇ ਪਿੰਡ ਸੂਰਜ
ਕੁਝ ਹੋਰ ਤਰ੍ਹਾਂ ਡੁੱਬਦਾ ਹੈ।

ਮੁਗਲਾਂ ਦੇ ਖਾਤਮੇ ਬਾਅਦ ਜਦੋਂ ਮਜ਼ਹਬੀ ਕੱਟੜਤਾ ਨੂੰ ਠੱਲ੍ਹ ਪਈ ਤਾਂ ਇਸੇ ਤਰ੍ਹਾਂ ਦੇ ਸਾਊ ਅਤੇ ਮਿਸ਼ਰਤ ਕਲਚਰ ਦਾ ਬੀਅ ਪੰਜਾਬ ਵਿਚ ਵੀ ਪੁੰਗਰਿਆ ਸੀ। ਹਿੰਦੂ, ਸਿੱਖ, ਮੁਸਲਮਾਨ ਸਭੋ ਰਲ ਕੇ ਰਹਿੰਦੇ। ਪਿੰਡਾਂ ਵਿਚ ਇਕ-ਦੂਜੇ ਦੇ ਗੁਰੂਆਂ ਫਕੀਰਾਂ ਦੇ ਟਿੱਲਿਆਂ ਅਤੇ ਮਜ਼ਾਰਾਂ 'ਤੇ ਲਗਦੇ ਮੇਲਿਆਂ ਵਿਚ ਸ਼ਾਮਲ ਹੁੰਦੇ। ਮੱਥਾ ਟੇਕਦੇ ਤੇ ਸਿਜਦੇ ਕਰਦੇ।

ਪ੍ਰੋ. ਪੂਰਨ ਸਿੰਘ ਕਵਿਤਾ ਫੁਹਾਰੇ ਵਾਂਗ ਉਠੀ, ਸੁਤੇ-ਸਿੱਧ ਇਸ ਨਵੇਂ ਉਦਾਰਵਾਦੀ ਸਭਿਆਚਾਰ ਦੀ ਤਰਜਮਾਨ ਹੋ ਨਿਬੜੀ ਸੀ...

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਵਸਦਾ ਸਾਰਾ
ਗੁਰਾਂ ਦੇ ਨਾਮ 'ਤੇ।

ਪਰ ਮੋਹਲੇਧਾਰ ਵਰਖਾ ਮਗਰੋਂ ਅਸਮਾਨੀਂ ਪ੍ਰਗਟ ਹੋਈ ਸਤਰੰਗੀ ਪੀਂਘ ਬਹੁਤ ਦੇਰ ਨਹੀਂ ਰਹਿੰਦੀ। ਪੰਜਾਬ ਦੇ ਮਿਸ਼ਰਤ ਕਲਚਰ ਨਾਲ ਵੀ ਇਹੋ ਹੋਇਆ। ਪਾਕਿਸਤਾਨ ਬਣਨ ਦੀ ਮੰਗ ਨਾਲ ਉਠਿਆ ਫਿਰਕਾਪ੍ਰਸਤੀ ਦਾ ਝੱਖੜ ਸਭ ਕੁਝ ਉਡਾ ਕੇ ਲੈ ਲਿਆ।

ਸੋਚ ਅੱਗੇ ਤੁਰਦੀ ਹੈ, ਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਤਰ੍ਹਾਂ ਦੀ ਸਤਰੰਗੀ ਮੂਰਤ ਸਿਰਫ਼ ਸਾਊਥਾਲ ਜਾਂ ਬਰਤਾਨੀਆ ਤਕ ਹੀ ਸੀਮਤ ਨਹੀਂ। ਆਸਟਰੇਲੀਆ ਤੋਂ ਲੈ ਕੇ ਅਮਰੀਕਾ ਕੈਨੇਡਾ ਸਮੇਤ ਦਰਜਨਾਂ ਪੱਛਮੀ ਦੇਸ਼ ਇਸੇ ਰੰਗ ਵਿਚ ਰੰਗੇ ਜਾ ਰਹੇ ਹਨ। ਇਨ੍ਹਾਂ ਦੇਸ਼ਾਂ ਵਿਚ ਆਈ ਇਹ ਤਬਦੀਲੀ ਇਤਿਹਾਸਕ ਪਹਿਲ ਹੈ। ਕਿਉਂਕਿ ਮਨੁੱਖੀ ਇਤਿਹਾਸ ਦੀ ਕੌੜੀ ਹਕੀਕਤ ਇਹ ਦੱਸਦੀ ਹੈ ਕਿ ਹੁਣ ਤਕ ਧਰਮ ਅਤੇ ਕਲਚਰ ਦਾ ਸਿੱਕਾ ਸਿਰਫ਼ ਜੇਤੂ ਦਾ ਹੀ ਚਲਦਾ ਰਿਹੈ। ਕਮਜ਼ੋਰ ਬੰਦਾ, ਕਮਜ਼ੋਰ ਕਬੀਲਾ ਜਾਂ ਦੇਸ਼, ਤਕੜੇ ਜੇਤੂ ਦੇ ਰਹਿਮ ਹੇਠਾਂ ਹੀ ਜਿਉ ਸਕਦਾ ਸੀ। ਉਹ ਦੀ ਆਪਣੀ ਹੈਸੀਅਤ ਕੋਈ ਨਹੀਂ ਸੀ।

ਪਰ ਸਾਡੇ ਸਮਿਆਂ ਵਿਚ ਵੱਖ-ਵੱਖ ਧਰਮਾਂ, ਬੋਲੀਆਂ ਅਤੇ ਕੌਮੀਅਤਾਂ ਦੇ ਕਰੋੜਾਂ ਲੋਕ ਦਰਜਨਾਂ ਮੁਲਕਾਂ ਵਿਚ ਪਹਿਲੀ ਵਾਰ ਹਾਰ-ਜਿੱਤ ਜਾਂ ਜ਼ਿੰਦਗੀ-ਮੌਤ ਦੀ ਦੋ-ਧਾਰੀ ਦੁਵਿਧਾ ਤੋਂ ਬਗੈਰ ਬਰਾਬਰੀ ਦੇ ਨਵੇਂ ਪ੍ਰਸੰਗ ਵਿਚ ਰਹਿ ਰਹੇ ਹਨ। ਇਹ ਠੀਕ ਹੈ ਕਿ ਨਸਲੀ ਵਿਤਕਰਾ ਇਥੇ ਹਾਲੇ ਖਤਮ ਨਹੀਂ ਹੋਇਆ, ਪਰ ਕਿਸੇ ਪਰਵਾਸੀ ਗਰੁੱਪ ਉਤੇ ਆਪਣਾ ਧਰਮ ਜਾਂ ਬੋਲੀ ਪਾਲਣ ਦੀ ਕੋਈ ਮਨਾਹੀ ਨਹੀਂ। ਇਨ੍ਹਾਂ ਮੁਲਕਾਂ ਵਿਚ ਥਾਂ-ਥਾਂ ਬਣੇ ਮੰਦਰ, ਗੁਰਦੁਆਰੇ ਅਤੇ ਮਸਜਿਦਾਂ ਇਸ ਦੀ ਗਵਾਹੀ ਹਨ।

ਇਨ੍ਹਾਂ ਨਵੀਆਂ ਹਾਲਤਾਂ ਦੇ ਕਾਰਨ ਸਮਝਣੇ ਔਖੇ ਨਹੀਂ। ਵੀਹਵੀਂ ਸਦੀ ਦੀਆਂ ਦੋ ਵੱਡੀਆਂ ਸੰਸਾਰ ਜੰਗਾਂ ਦੀ ਕਟਾ-ਵੱਢੀ ਉਪਰੰਤ ਪੱਛਮੀ ਦੇਸ਼ਾਂ ਨੂੰ ਬਾਹਰੋਂ ਬੰਦੇ ਮੰਗਾਉਣ ਦੀ ਮਜਬੂਰੀ ਸੀ। ਇਨ੍ਹਾਂ ਜੰਗਾਂ ਦੀ ਮਾਰ ਹੇਠ ਦਰਜਨਾਂ ਦੇਸ਼ਾਂ ਦੀਆਂ ਹੱਦਾਂ ਬਦਲ ਗਈਆਂ। ਹਕੂਮਤਾਂ ਹਿੱਲ ਗਈਆਂ। ਜਿਵੇਂ ਰੂਸ ਅਤੇ ਪੂਰਬੀ ਯੂਰਪ ਵਿਚ ਹੋਇਆ। ਹੇਠਲੇ ਉਤੇ, ਅਤੇ ਉਤਲੇ ਹੇਠਾਂ। ਕਮਜ਼ੋਰ ਹੋਏ ਯੂਰਪੀ ਮੁਲਕਾਂ ਤੋਂ ਉਨ੍ਹਾਂ ਦੀਆਂ ਬਸਤੀਆਂ ਖੁੱਸ ਗਈਆਂ। ਕਰੋੜਾਂ ਲੋਕ ਉਜੜ ਗਏ। ਉਨ੍ਹਾਂ ਦੀ ਕੋਈ ਕੌਮੀਅਤ ਨਾ ਰਹੀ। ਬਾਕੀ ਨਵੇਂ ਆਜ਼ਾਦ ਹੋਏ ਦੇਸ਼ਾਂ ਵਿਚ ਅੰਦਰੂਨੀ ਜੰਗਾਂ ਕਾਰਨ ਵੀ ਲੱਖਾਂ ਲੋਕ ਸ਼ਰਨਾਰਥੀ ਹੋ ਗਏ। ਇਨ੍ਹਾਂ ਤਰਾਸਦੀਆਂ ਦੇ ਮਾਰੇ ਰਿਫੀਊਜੀਆਂ ਅਤੇ ਬੇਘਰ ਲੋਕਾਂ ਦੇ ਕਾਫ਼ਲੇ ਪੱਛਮੀ ਦੇਸ਼ਾਂ ਦੇ ਕੰਢਿਆਂ 'ਤੇ ਪਹੁੰਚਣੇ ਸ਼ੁਰੂ ਹੋ ਗਏ। ਕੋਈ ਆਰਥਿਕ ਪਰਵਾਸੀ, ਕੋਈ ਰਿਫਿਊਜੀ, ਤੇ ਵਿਹਿਦਿਆਂ-ਵਿਹਿੰਦਿਆਂ ਪੱਛਮੀ ਦੇਸ਼ਾਂ ਦੇ ਪਿੰਡਾਂ-ਸ਼ਹਿਰਾਂ ਵਿਚ ਇਸ ਨਵੀਂ ਰਲੀ-ਮਿਲੀ ਵਸੋਂ ਦੀਆਂ ਸਤਰੰਗੀ ਪੀਂਘਾਂ ਦਿਸਣ ਲੱਗ ਪਈਆਂ।

ਜਰਮਨ ਨਾਜ਼ੀਆਂ ਤੋਂ ਜਾਨ ਬਚਾ ਕੇ ਭੱਜਿਆ ਵਿਗਿਆਨੀ ਆਈਨਸਟਾਈਨ ਕਿਹਾ ਕਰਦਾ ਸੀ ਕਿ ਰਿਫਿਊਜੀ ਅਤੇ ਪਰਵਾਸੀ ਜਦ ਨਵੇਂ ਦੇਸ਼ ਪਹੁੰਚਦਾ ਤਾਂ ਉਹ ਦੇ ਕੋਲ ਸਾਮਾਨ ਦੇ ਦੋ-ਚਾਰ ਝੋਲਿਆਂ ਤੋਂ ਬਿਨਾਂ ਵੀ ਬਹੁਤ ਕੁਝ ਹੁੰਦੈ। ਆਪਣੇ ਪਿਛੋਕੜ ਅਤੇ ਵਿਰਾਸਤ ਦੀ ਪੂਰੀ ਵੰਡ ਉਹਦੇ ਕੋਲ ਹੁੰਦੀ ਹੈ ਜਿਸ ਵਿਚ ਉਹਦਾ ਧਰਮ, ਬੋਲੀ, ਕਲਚਰ ਅਤੇ ਜੀਵਨ ਜਾਂਚ ਦਾ ਪੂਰਾ ਵੇਰਵਾ ਸ਼ਾਮਲ ਹੁੰਦੈ। ਰਸਮਾਂ ਰਿਵਾਜ਼ਾਂ ਅਤੇ ਤਿਉਹਾਰਾਂ ਦੀ ਦੌਲਤ। ਔਰਤ-ਮਰਦ ਦੇ ਰਿਸ਼ਤੇ, ਖੁਰਾਕ, ਪਹਿਰਾਵਾ, ਹਲਾਲ ਅਤੇ ਹਰਾਮ ਦੇ ਤਸੱਵਰ। ਕੋਈ ਭੰਗ ਤਮਾਕੂ ਨਾਲ ਖੁਸ਼ ਹੈ ਅਤੇ ਕੋਈ ਦਾਰੂ ਸ਼ਰਾਬ ਨਾਲ। ਕੋਈ ਮਾਸਾਹਾਰੀ ਅਤੇ ਕੋਈ ਸ਼ਾਕਾਹਾਰੀ; ਪਰ ਇਸੇ ਪੰਡ ਵਿਚ ਕਈ ਗੁਰਬਤਾਂ ਅਤੇ ਕਮਜ਼ੋਰੀਆਂ ਵੀ ਨਾਲ ਹੀ ਪਹੁੰਚ ਜਾਂਦੀਆਂ ਹਨ। ਮਜ਼ਹਬੀ ਕੱਟੜਤਾ, ਜਾਤਾਂ-ਪਾਤਾਂ, ਜਾਦੂ-ਟੂਣੇ, ਕੁਰੱਪਸ਼ਨ ਅਤੇ ਹੋਰ ਬਥੇਰੀਆਂ ਅਲਾਮਤਾਂ ਸਾਡੇ ਨਾਲ ਹੀ ਇਨ੍ਹਾਂ ਮੁਲਕਾਂ ਵਿਚ ਪਹੁੰਚੀਆਂ ਹਨ।

ਇਸ ਲਈ ਜ਼ਰੂਰੀ ਹੈ ਕਿ ਨਵੇਂ ਦੇਸ਼ ਆ ਕੇ ਅਸੀਂ ਪੰਡ ਫਰੋਲ ਕੇ ਦੇਖ ਲਈਏ। ਇਹਦੇ ਵਿਚ ਕੀ ਚੰਗਾ ਤੇ ਕੀ ਮਾੜਾ। ਕਿਹੜਾ ਸੰਭਾਲਣਯੋਗ ਅਤੇ ਕਿਹੜੇ ਤੋਂ ਪਿੱਛਾ ਛੁਡਾਉਣ ਵਿਚ ਹੀ ਭਲਾ। ਤਵਾਰੀਖ ਗਵਾਹ ਹੈ ਕਿ ਪਿਛਲੇ ਪੰਜ ਸੌ ਸਾਲਾਂ ਵਿਚ ਯੂਰਪੀ ਮੁਲਕਾਂ ਨੇ ਸਾਡੇ ਦੇਸ਼ਾਂ ਨੂੰ ਲੁੱਟਿਆ ਹੈ। ਬਹੁਤ ਜ਼ੁਲਮ ਵੀ ਕੀਤੇ ਹਨ। ਇਨ੍ਹਾਂ ਦੀ ਬਦੌਲਤ ਸਾਡੇ ਸਭਿਆਚਾਰ, ਸਾਡੀਆਂ ਬੋਲੀਆਂ, ਸਾਡੇ ਰਾਸ਼ਟਰੀ ਅਦਾਰੇ, ਗੱਲ ਕੀ, ਸਾਡੇ ਕਰੈਕਟਰ ਵੀ ਕੁੱਬੇ ਹੋਏ ਹਨ।

ਯੂਰਪ ਦੇ ਇਸ ਪਹਿਲੂ ਦੇ ਨਾਲ-ਨਾਲ ਇਨ੍ਹਾਂ ਦੇ ਅੰਦਰੂਨੀ ਸਮਾਜਾਂ ਅੰਦਰ ਸਮਾਨੰਤਰ ਉਦਾਰਵਾਦੀ ਚਿੰਤਨ ਵੀ ਪੁੰਗਰਦਾ ਰਿਹੈ। ਇਹ ਚਿੰਤਨ ਯੂਰਪ ਵਿਚ ਪੁਨਰ-ਜਾਗ੍ਰਤੀ ਕਾਲ (ਵਿਦਿਆ ਤੇ ਕਲਾ ਦੀ ਚੇਤਨਾ) ਅਤੇ ਸੁਧਾਰਵਾਦੀ ਅੰਦੋਲਨਾਂ ਦੀ ਉਪਜ ਹੈ। ਯੂਰਪ ਵਿਚ ਹੌਲੀ-ਹੌਲੀ ਮਜ਼ਹਬੀ ਉਦਾਰਤਾ ਸਮਾਜੀ ਇਨਸਾਫ਼ ਅਤੇ ਮਾਰਕਸੀ ਫਲਸਫਾ ਵੀ ਇਨ੍ਹਾਂ ਲਹਿਰਾਂ ਦੀ ਪੈਦਾਵਾਰ ਹੈ। ਪੱਛਮੀ ਮੁਲਕਾਂ ਦਾ ਸਮਾਜੀ ਸੰਗਠਨ ਅਤੇ ਰਾਜਸੀ ਢਾਂਚਾ ਇਨ੍ਹਾਂ ਮੋਕਲੀਆਂ ਸੈਕੂਲਰ ਕਦਰਾਂ 'ਤੇ ਆਧਾਰਤ ਹੈ।

ਇਨ੍ਹਾਂ ਕਦਰਾਂ-ਕੀਮਤਾਂ ਦੀ ਬਦੌਲਤ ਹੀ ਇਨ੍ਹਾਂ ਮੁਲਕਾਂ ਵਿਚ ਰਹਿੰਦੀਆਂ ਘੱਟ-ਗਿਣਤੀਆਂ ਦੀ ਸੁਰੱਖਿਆ ਅਤੇ ਹੱਕਾਂ ਦੀ ਗਰੰਟੀ ਹੈ। ਲੋਕਾਂ ਨੂੰ ਰੋਟੀ ਵੀ ਚੰਗੀ ਮਿਲਦੀ ਹੈ। ਸੰਵਿਧਾਨਕ ਪੱਧਰ 'ਤੇ ਸਾਡੇ ਹੱਕਾਂ ਜਾਂ ਸਾਡੇ ਧਰਮਾਂ 'ਤੇ ਕੋਈ ਰੋਕ ਜਾਂ ਪਾਬੰਦੀ ਨਹੀਂ। ਤੁਸੀਂ ਆਪਣੇ ਨਵੇਂ ਦੇਸ਼ ਵਿਚ ਆਪਣੀ ਜ਼ਿੰਦਗੀ ਵੱਲ ਨਿਗ੍ਹਾ ਮਾਰ ਕੇ ਦੇਖ ਲਓ। ਪੁਲਿਸ ਇਥੋਂ ਦੀ ਤੁਹਾਨੂੰ ਕੁੱਟਦੀ ਨਹੀਂ। ਸਿਆਸੀ ਵਿਰੋਧੀ ਤੁਹਾਡੇ 'ਤੇ ਝੂਠਾ ਪਰਚਾ ਨਹੀਂ ਪੁਆ ਸਕਦੇ। ਕਾਨੂੰਨ ਦੀਆਂ ਹੱਦਾਂ ਵਿਚ ਰਹਿ ਕੇ ਜੋ ਮਰਜ਼ੀ ਕਰੋ। ਕਿਸੇ ਧਰਮ ਨੂੰ ਮੰਨੋ ਜਾਂ ਨਾ, ਇਹ ਤੁਹਾਡਾ ਨਿੱਜੀ ਮਾਮਲਾ ਹੈ। ਬਾਇਜ਼ਤ ਅਤੇ ਖੁਸ਼ਗਵਾਰ ਜ਼ਿੰਦਗੀ ਲਈ ਕਿਸੇ ਲੀਡਰ ਜਾਂ ਵੱਡੇ ਬੰਦੇ ਦੀ ਲੋੜ ਨਹੀਂ। ਲੋੜ ਸਿਰਫ਼ ਕੰਮ ਦੀ, ਰੁਜ਼ਗਾਰ ਦੀ ਹੈ। ਬਾਕੀ ਕੰਮ ਆਪਣੇ ਆਪ ਹੋਈ ਜਾਂਦੇ ਹਨ। ਦਫ਼ਤਰਾਂ ਵਿਚ ਫਾਈਲ ਅੱਗੇ ਤੋਰਨ ਲਈ ਵੱਢੀ ਦੇਣ ਦੀ ਮਜਬੂਰੀ ਨਹੀਂ।

ਬਰਤਾਨੀਆ ਦੀ ਗੱਲ ਕਰ ਲਓ। ਚਾਲੀ-ਪੰਜਾਹ ਸਾਲਾਂ ਦੀ ਜੱਦੋਜਹਿਦ ਕਰ ਕੇ ਅੱਜ ਮੁਲਕ ਵਿਚ ਨਸਲੀ, ਲਿੰਗ ਅਤੇ ਧਾਰਮਿਕ ਬਰਾਬਰੀ ਦੇ ਸਖਤ ਕਾਨੂੰਨ ਹਨ। ਜਦ ਸਾਡੇ ਵਰਗੇ ਬੰਦੇ ਇਥੇ ਆਏ ਸਨ, ਤਾਂ ਕਿੰਨਾ ਨਸਲੀ ਵਿਤਕਰਾ ਹੁੰਦਾ ਸੀ, ਪਰ ਹੁਣ ਹਾਲਾਤ ਬਹੁਤ ਬਿਹਤਰ ਹਨ। ਮਾਅਰਕੇ ਦੀ ਗੱਲ ਇਹ ਵੀ ਹੈ ਕਿ ਇਹ ਤਬਦੀਲੀ ਅਤੇ ਬਿਹਤਰੀ ਸਾਡੇ ਦੇਖਦਿਆਂ-ਦੇਖਦਿਆਂ ਹੋਈ ਹੈ। ਇਸ ਪੱਖੋਂ ਸਾਨੂੰ ਵਿਅਕਤੀਗਤ ਤੌਰ 'ਤੇ, ਅਤੇ ਸਾਡੇ ਅਦਾਰਿਆਂ ਨੂੰ ਬਰਤਾਨਵੀ ਲੋਕਾਂ ਦੀ ਨੇਕ ਨੀਅਤੀ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ।

ਇਨ੍ਹਾਂ ਹਾਲਤਾਂ ਵਿਚ ਘੱਟ-ਗਿਣਤੀਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਮੁਲਕ ਦੀ ਮੁੱਖ ਧਾਰਾ ਪ੍ਰਤੀ ਸੰਜੀਦਾ ਅਤੇ ਵਫਾਦਾਰ ਬਣੀਏ। ਅੰਗਰੇਜ਼ ਸਮਾਜ ਦੇ ਮਜ਼ਹਬ, ਕਲਚਰ ਅਤੇ ਇਨ੍ਹਾਂ ਦੇ ਪ੍ਰਾਥਮਿਕ ਅਦਾਰਿਆਂ ਦੀ ਇੱਜ਼ਤ ਕਰੀਏ। ਹੁਣ ਅਸੀਂ ਇਥੇ ਰਹਿੰਦੇ ਹਾਂ। ਇਹੋ ਸਾਡਾ ਦੇਸ਼ ਹੈ। ਸਾਡੇ ਬੱਚੇ ਇਥੇ ਪੈਦਾ ਹੋਏ ਹਨ। ਅਸੀਂ ਬੁਢਾਪੇ ਨੂੰ ਇਥੇ ਰਹਿੰਦਿਆਂ ਪਹੁੰਚੇ ਹਾਂ। ਪਿਛਲਿਆਂ ਦਾ ਹਾਲ ਸਾਨੂੰ ਦਿਸਦਾ ਹੈ। ਬੁਢਾਪਾ ਪਿਛੇ ਨਹੀਂ, ਇਥੇ ਹੀ ਕੱਟਣੈ।

ਇਹ ਠੀਕ ਹੈ ਕਿ ਸਾਡੇ ਵਿਚੋਂ ਬਹੁ-ਗਿਣਤੀ ਇਸ ਤਰ੍ਹਾਂ ਦੀ ਸਿਆਣੀ ਸੋਚ ਨਾਲ ਤੁਰਦੀ ਹੈ, ਪਰ ਕਈ ਘੱਟ-ਗਿਣਤੀ ਗਰੁੱਪਾਂ ਵਿਚ ਕਾਫੀ ਲੋਕ ਇਸ ਸੋਚ ਨਾਲ ਚੱਲਣ ਤੋਂ ਇਨਕਾਰੀ ਹਨ। ਉਨ੍ਹਾਂ ਦੇ ਮਨ ਵਿਚ ਪੱਛਮੀ ਮੁਲਕਾਂ, ਈਸਾਈ ਮਜ਼ਹਬ ਅਤੇ ਇਨ੍ਹਾਂ ਦੇ ਅਦਾਰਿਆਂ ਬਾਰੇ ਰੋਸ ਅਤੇ ਵਿਰੋਧ ਹੈ। ਕਈ ਘੱਟ-ਗਿਣਤੀਆਂ ਪੱਛਮੀ ਮੁਲਕਾਂ ਦੀ ਸੈਕੂਲਰ ਸੋਚ ਦੇ ਵੀ ਖਿਲਾਫ਼ ਹਨ।

ਸਾਰੀ ਚਰਚਾ ਰਲਵੇਂ-ਮਿਲਵੇਂ ਤੇ ਸੋਹਣੇ ਬਹੁ-ਰੰਗੀ ਕਲਚਰ ਦੀ ਹੋ ਰਹੀ ਹੈ ਜਿਥੇ ਸਾਰੇ ਦੂਜਿਆਂ ਦੇ ਧਰਮਾਂ ਅਤੇ ਸਭਿਆਚਾਰਾਂ ਨੂੰ ਵੀ ਬਣਦੀ ਇਜ਼ਤ ਦੇਣ। ਆਪਣੇ ਧਰਮ ਅਤੇ ਕਲਚਰ ਦੀ ਪ੍ਰਸੰਸਾ ਹਰ ਕੋਈ ਕਰਦੈ। ਲੋੜ ਇਹ ਵੀ ਹੈ ਕਿ ਅਸੀਂ ਦੂਜਿਆਂ ਦੀ ਜੀਵਨ ਜਾਂਚ ਅਤੇ ਉਨ੍ਹਾਂ ਦੇ ਮਜ਼ਹਬਾਂ ਦੀ ਇੱਜ਼ਤ ਕਰੀਏ। ਭਹੁ-ਧਰਮੀ ਅਤੇ ਬਹੁ-ਸਭਿਆਚਾਰਕ ਸਮਾਜ ਵਾਸਤੇ ਇਹ ਬਹੁਤ ਅਹਿਮ ਪਹਿਲੂ ਹੈ। ਇਸੇ ਕਰ ਕੇ ਸਿਆਣੇ ਅੰਗਰੇਜ਼ ਚਿੰਤਤ ਹਨ, ਕਿਉਂਕਿ ਘੱਟ-ਗਿਣਤੀਆਂ ਸਿਰਫ਼ ਆਪਣੀਆਂ ਲਛਮਣ ਰੇਖਾਵਾਂ ਵਿਚ ਮੱਲੋ-ਮੱਲੀ ਕੈਦ ਹੋ ਰਹੀਆਂ ਹਨ। ਇਹਦਾ ਸਿੱਧਾ ਨਤੀਜਾ ਇਹ ਹੈ ਕਿ ਸਾਡਾ ਮੁੱਖ ਧਾਰਾ ਸਮਾਜ ਨਾਲ ਸੰਪਰਕ ਘਟਦਾ ਜਾ ਰਿਹੈ। ਕੇਂਦਰੀ ਸਰਕਾਰ ਅਤੇ ਸਥਾਨਕ ਕੌਂਸਲਾਂ ਵੀ ਚਿੰਤਤ ਹਨ ਕਿ ਜੇ ਵੱਖ-ਵੱਖ ਨਸਲੀ ਅਤੇ ਮਜ਼ਹਬੀ ਗਰੁੱਪ ਇਸ ਤਰ੍ਹਾਂ ਆਪਣੀਆਂ ਆਪਣੀਆਂ ਬਸਤੀਆਂ ਵਿਚ ਸੁੰਗੜ ਗਏ ਤਾਂ ਬਹੁ-ਸਭਿਆਚਾਰਕ ਸਮਾਜੀ ਮਾਡਲ ਕਾਮਯਾਬ ਨਹੀਂ ਹੋ ਸਕਦਾ।

ਯੂਗੋਸਲਾਵੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਪੰਜ ਸੌ ਸਾਲ ਇਕੋ ਇਲਾਕੇ ਅਤੇ ਇਕੋ ਦੇਸ਼ ਵਿਚ ਰਹਿਣ ਦੇ ਬਾਵਜੂਦ ਮਜ਼ਹਬੀ ਕੱਟੜਤਾ ਅਤੇ ਲਛਮਣ ਰੇਖਾਵਾਂ ਦੀ ਬੇਗਾਨਗੀ ਕਾਇਮ ਰਹੀ। ਰੋਟੀ-ਬੇਟੀ ਦੀ ਸਾਂਝ ਨਾ ਤੁਰ ਸਕੀ ਅਤੇ ਜਦ ਤਕ ਰੋਟੀ-ਬੇਟੀ ਦੀ ਸਾਂਝ ਨਹੀਂ ਬਣਦੀ, ਲੋਕ ਇਕ-ਦੂਜੇ ਦੀ ਖੈਰ-ਸੁੱਖ ਨਹੀਂ ਮੰਗਦੇ। ਇਸ ਸਾਂਝ ਤੋਂ ਬਿਨਾਂ ਮਿਸ਼ਰਤ ਸਭਿਆਚਾਰ ਉਸਾਰਨਾ ਨਾ-ਮੁਮਕਿਨ ਤਾਂ ਨਹੀਂ, ਪਰ ਔਖਾ ਜ਼ਰੂਰ ਹੈ।

ਇਸੇ ਕਰ ਕੇ ਇਤਿਹਾਸ ਤੋਂ ਸਿੱਖਣ ਦੀ ਲੋੜ ਹੈ। ਇਸ ਵਿਚ ਸਾਡੇ ਮਜ਼ਹਬੀ ਅਦਾਰਿਆਂ ਦੀ ਬਹੁਤ ਜ਼ਿੰਮੇਵਾਰੀਆਂ ਬਣਦੀ ਹੈ। ਸਮੇਂ ਦੀ ਲੋੜ ਹੈ ਕਿ ਹਰ ਮਜ਼ਹਬ ਤਿੱਖੀਆਂ ਸੁਰਾਂ ਵਾਲੇ ਆਪਣੇ ਨੇਮਾਂ ਨੂੰ ਨਰਮ ਕਰੇ ਤਾਂ ਕਿ ਦੂਜਿਆਂ ਨਾਲ ਟਕਰਾਅ ਦੀ ਥਾਂ ਸਦਭਾਵਨਾ ਦਾ ਮਾਹੌਲ ਪੈਦਾ ਹੋ ਸਕੇ। ਵੱਖ-ਵੱਖ ਮਜ਼ਹਬਾਂ ਵਿਚ ਆਪਣੇ ਆਪ ਨੂੰ ਸਭ ਤੋਂ ਉਤਮ ਹੋਣ ਦਾ ਦਾਅਵਾ ਦੂਜਿਆਂ ਨੂੰ ਹੇਠਲੇ ਅਤੇ ਹੇਚ ਹੋਣ ਦਾ ਸੰਕੇਤ ਕਰਦੈ। ਇਸ ਸੰਕੇਤ ਨਾਲ ਬੇਗਾਨਗੀ ਦੀ ਦੂਰੀ ਹੋਰ ਵਧੇਗੀ ਅਤੇ ਕਿਤੇ ਨਾ ਕਿਤੇ ਟਕਰਾਅ ਤੇ ਭੇੜ ਵੀ ਅਵੱਸ਼ ਹੋਵੇਗਾ। ਅਖੀਰ ਯੂਗੋਸਲਾਵੀਆ ਵਾਲਾ ਭਾਣਾ ਵਰਤਣਾ ਵੀ ਤੈਅ ਸਮਝੋ। ਦੇਖ ਲਓ, ਇਹ ਸਭ ਕੁਝ ਸਾਡੀਆਂ ਅੱਖਾਂ ਸਾਹਮਣੇ ਹੋਇਆ। ਘੁੱਗ ਵਸਦਾ ਦੇਸ਼ ਸਦੀਆਂ ਤੋਂ ਸੁਲਗਦੀ ਬੇਗਾਨਗੀ ਦੀ ਅੰਦਰੂਨੀ ਅੱਗ ਨਾਲ ਖਤਮ ਹੋ ਗਿਆ। ਇਸ ਤਰਾਸਦੀ ਵਿਚ ਸਭ ਤੋਂ ਵਧੇਰੇ ਜ਼ਿੰਮੇਵਾਰੀ ਉਥੋਂ ਦੇ ਸਥਾਪਤ ਮਜ਼ਹਬੀ ਅਦਾਰਿਆਂ ਦੀ ਸੀ।

ਪੱਛਮੀ ਮੁਲਕਾਂ ਵਿਚ ਵੱਖ-ਵੱਖ ਮਜ਼ਹਬੀ ਅਦਾਰਿਆਂ ਵੱਲ ਦੇਖ ਲਓ। ਉਹੋ ਖਤਰਾ ਅੱਜ ਵੀ ਮੌਜੂਦ ਹੈ। ਇਸ ਤੋਂ ਬਿਨਾਂ ਸਮਾਜੀ ਸੰਸਥਾਵਾਂ ਦਾ ਰਾਗ ਵੀ ਇਹੋ ਹੁੰਦੈ ਕਿ ਆਪਣੇ ਕਲਚਰ ਤੋਂ ਦੂਰ ਨਾ ਜਾਓ, ਆਪਣੀ ਜ਼ੁਬਾਨ ਸਿੱਖੋ ਅਤੇ ਆਪਣੀਆਂ ਵਿਰਾਸਤੀ ਰਵਾਇਤਾਂ ਨੂੰ ਪਾਲੋ। ਇਹ ਸਾਰੀਆਂ ਗੱਲਾਂ ਠੀਕ ਹਨ। ਜ਼ਰੂਰ ਆਪਣੀ ਜ਼ੁਬਾਨ ਅਤੇ ਵਿਰਸਾ ਪਾਲੋ, ਪਰ ਨਵੇਂ ਦੇਸ਼ ਨਾਲ ਵੀ ਸਾਂਝ ਪਾਉਣ ਦੀ ਲੋੜ ਹੈ। ਇਸ ਬਾਰੇ ਕੋਈ ਪ੍ਰੇਰਨਾ ਨਹੀਂ ਦਿੰਦਾ। ਮੁਸ਼ਕਿਲ ਇਥੋਂ ਪੈਦਾ ਹੁੰਦੀ ਹੈ।

ਪ੍ਰਾਚੀਨ ਸਮਿਆਂ ਵਿਚ ਲੋਕ ਆਪਣੇ ਪਿੰਡ, ਕਬੀਲੇ ਅਤੇ ਦੇਸ਼ ਵਿਚ ਇਕੋ ਤਰ੍ਹਾਂ ਦੇ ਮਜ਼ਹਬ ਅਤੇ ਕਲਚਰ ਦੇ ਲੋਕਾਂ ਵਿਚ ਰਹਿੰਦੇ ਸਨ, ਪਰ ਅੱਜ ਦੁਨੀਆ ਗੋਲਬਲ ਪਿੰਡ ਬਣ ਰਹੀ ਹੈ। ਤਕਰੀਬਨ 180 ਮਿਲੀਅਨ ਲੋਕ ਆਪਣੇ ਮੂਲ ਦੇਸ਼ ਛੱਡ ਦੂਰ ਦੁਰਾਡੇ ਦੇਸ਼ਾਂ ਵਿਚ ਵਸ ਚੁੱਕੇ ਹਨ। ਇੰਗਲੈਂਡ ਵਿਚ 10 ਫੀਸਦੀ ਲੋਕ ਪਰਵਾਸੀ ਪਿਛੋਕੜ ਵਾਲੇ ਹਨ। ਅਮਰੀਕਾ 15, ਆਸਟਰੇਲੀਆ 23, ਕੈਨੇਡਾ 17, ਅਤੇ ਜਰਮਨੀ ਵਿਚ 8 ਫੀਸਦੀ ਵਸੋਂ ਬਾਹਰਲੇ ਮੁਲਕਾਂ ਤੋਂ ਆਈ ਹੋਈ ਹੈ। ਲੋੜ ਹੈ, ਅਸੀਂ ਇਸ ਵਿਸ਼ਾਲ ਗਲੋਬਲ ਪਿੰਡ ਦੇ ਹਾਣੀ ਬਣੀਏ। ਇਸ ਮਹਾਂਨਗਰ ਵਿਚ ਰਹਿੰਦਿਆਂ ਲਛਮਣ ਰੇਖਾਵਾਂ ਵਾਲੀਆਂ ਬਸਤੀਆਂ ਉਸਾਰ ਕੇ ਅਸੀਂ ਆਪਣਾ ਕਲਚਰ ਅਤੇ ਧਰਮ ਨਹੀਂ ਬਚਾ ਸਕਦੇ। ਲੋੜ ਹੈ, ਲੋਕਾਂ ਵਿਚ ਆਪਣੇ ਵਿਰਾਸਤੀ ਪਿਛੋਕੜ ਬਾਰੇ ਆਤਮ-ਵਿਸ਼ਵਾਸ ਦੀ। ਨਾਲ ਹੀ ਪ੍ਰੇਰਨਾ ਦੀ ਕਿ ਵੱਡੇ ਪਿੰਡ ਵਿਚ ਵੱਡੇ ਮੌਕਿਆਂ ਦੇ ਹਾਣੀ ਵੀ ਬਣੋ।

ਨਾਲੇ ਅਸੀਂ ਹਮੇਸ਼ਾ ਪਰਵਾਸੀ ਬਣ ਕੇ ਇਨ੍ਹਾਂ ਮੁਲਕਾਂ ਵਿਚ ਨਹੀਂ ਰਹਿ ਸਕਦੇ। ਸਾਨੂੰ ਪਰਵਾਸੀ ਤੋਂ ਮੁਕੰਮਲ ਸ਼ਹਿਰੀ ਬਣਨ ਦਾ ਸਫ਼ਰ ਤੈਅ ਕਰਨਾ ਪਵੇਗਾ। ਹਰ ਘੱਟ-ਗਿਣਤੀ ਗਰੁੱਪ ਦੇ ਅਦਾਰਿਆਂ ਦੀ ਇਹ ਜ਼ਿੰਮੇਵਾਰੀ ਹੈ, ਕਿਉਂਕਿ 'ਕੱਲੇ-ਕਲਾਪੇ ਆਪਣੀਆਂ ਬਸਤੀਆਂ ਵਿਚ ਰਹਿੰਦੇ ਅਸੀਂ ਇਕ ਮਿਲਗੋਭੇ ਦੀ ਤਰ੍ਹਾਂ ਇਥੇ ਦਿਨ-ਕਟੀ ਤਾਂ ਕਰੀ ਜਾਵਾਂਗੇ, ਪਰ ਤਕੜੇ ਬਹੁ-ਧਰਮੀ ਸਮਾਜ ਦਾ ਨਿਰਮਾਣ ਨਹੀਂ ਕਰ ਸਕਦੇ।

ਇਤਿਹਾਸ ਇਹ ਵੀ ਦਸਦੈ ਕਿ ਅਸੀਂ ਪਹਿਲਾਂ ਵੀ ਆਪਣੀਆਂ ਕਮਜ਼ੋਰੀਆਂ ਕਰ ਕੇ ਫਾਡੀ ਬਣੇ ਰਹੇ ਹਾਂ। ਯੂਰਪੀਨਾਂ ਤੋਂ ਢਾਈ ਤਿੰਨ ਸਾਲ ਕੁੱਟ ਖਾਧੀ। ਹੁਣ ਅਸੀਂ ਯੂਰਪ ਆ ਬੈਠੇ ਹਾਂ। ਪਿਛਲੀਆਂ ਗਲਤੀਆਂ ਨਾ ਦੁਹਰਾਓ। ਆਪਣੇ 'ਲਿਟਲ ਇੰਡੀਆ' ਅਤੇ 'ਚਾਈਨਾ ਟਾਊਨ' ਤੋਂ ਬਾਹਰ ਨਿਕਲੋ। ਦੁਨੀਆ ਵਿਚ ਬਿਹਤਰ ਜ਼ਿੰਦਗੀ ਅਤੇ ਤਰੱਕੀ ਦੇ ਅਣਗਿਣਤ ਮੌਕੇ ਹਨ। ਪੱਛਮੀ ਮੁਲਕਾਂ ਵਿਚ ਰਹਿੰਦਿਆਂ ਅਸੀਂ ਇਨ੍ਹਾਂ ਨਾਲ ਬੇਗਾਨਗੀ ਦੀ ਦੂਰੀ ਬਹੁਤ ਦੇਰ ਨਹੀਂ ਪਾਲ ਸਕਦੇ। ਆਪਣੇ ਪਿਛੋਕੜ ਦੇ ਚੰਗੇ ਪੱਖਾਂ ਨੂੰ ਜ਼ਰੂਰ ਸੰਭਾਲੋ, ਪਰ ਆਪਣੇ ਵਸੇਬੇ ਦੇ ਨਵੇਂ ਦੇਸ਼ ਨਾਲ ਵੀ ਪੂਰੀ ਸਾਂਝ ਪਾਓ। ਨਹੀਂ ਤਾਂ ਯੂਰਪ ਵਿਚ ਆ ਕੇ ਵੀ ਇਕ ਵਾਰ ਫਿਰ ਫਾਡੀ ਰਹਿ ਗਏ ਤਾਂ ਇਸ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ।

ਇਸ ਕਰ ਕੇ ਆਪਣੇ ਪਿੰਡ ਦੇ ਸੂਰਜ ਨੂੰ ਦੁਆ ਕਰੋ ਕਿ ਸਭ ਧਰਮਾਂ ਦੇ ਲੋਕਾਂ ਦੀਆਂ ਜੂਹਾਂ, ਹਵੇਲੀਆਂ, ਖੇਡ ਮੈਦਾਨਾਂ, ਗੁਰੂ ਘਰਾਂ, ਮੰਦਰਾਂ ਤੇ ਮਸੀਤਾਂ ਦੇ ਅੰਗ-ਸੰਗ ਰਹੇ। ਜੇ ਅਸੀਂ ਇੰਜ ਨਹੀਂ ਕਰਦੇ ਤਾਂ ਸਾਡੀਆਂ ਲਛਮਣ ਰੇਖਾਵਾਂ ਦੀ ਤੰਗਦਿਲੀ ਤੋਂ ਸ਼ਰਮਸਾਰ ਹੁੰਦਾ ਇਹੋ ਸੂਰਜ ਸ਼ਹਿਰਾਂ ਦੀਆਂ ਬਾਲਕੋਨੀਆ ਪਿਛਾੜੀ ਤੜੱਕ ਦੇਣੀ ਲੋਪ ਹੋ ਜਾਵੇਗਾ।



*ਸਾਊਥਾਲ ਵਿਚ ਛਬੀਲ ਦਾ ਨਜ਼ਾਰਾ।*

**ਭਗਤ ਸਿੰਘ ਦੀ ਸ਼ਹਾਦਤ 'ਤੇ ਵਿਸ਼ੇਸ਼**

# ਸਾਡੇ ਉਦੇਸ਼ਾਂ ਉਤੇ ਧਿਆਨ ਦਿਓ

## ਲਾਹੌਰ ਹਾਈ ਕੋਰਟ ਵਿਚ ਬਹਿਸ

***ਅਸੈਂਬਲੀ ਬੰਬ ਕੇਸ ਵਿਚ ਭਗਤ ਸਿੰਘ ਅਤੇ ਬਟੁ ਕੇਸ਼ਵਰ ਦੱਤ ਨੂੰ ਦਿੱਲੀ ਸੈਸ਼ਨ ਜੱਜ ਨੇ ਉਮਰ ਕੈਦ ਦੀ ਸਜ਼ਾ ਦਿੱਤੀ। ਲਾਹੌਰ ਹਾਈ ਕੋਰਟ ਵਿਚ ਇਸ ਫੈਸਲੇ ਖਿਲਾਫ ਅਪੀਲ ਦੇ ਹੱਕ ਦਾ ਮੌਕਾ ਉਠਾਉਂਦਿਆਂ, ਉਨ੍ਹਾਂ ਦੁਬਾਰਾ ਆਪਣਾ ਨੁਕਤਾ-ਨਿਗ੍ਹਾ ਲੋਕਾਂ ਨੂੰ ਸਮਝਾਉਣ ਲਈ ਤਰਕ ਭਰਪੂਰ ਬਿਆਨ ਦਿੱਤਾ ਜੋ ਅਸੀਂ ਭਗਤ ਸਿੰਘ ਦੀ ਸ਼ਹਾਦਤ ਮੌਕੇ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਬਿਆਨ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਉਸ ਵਕਤ ਅੰਗਰੇਜ਼ਾਂ ਅਤੇ ਸਮਾਰਾਜ ਖਿਲਾਫ, ਕਿਸ ਕਿਸਮ ਦੀ ਕਿਸ ਪੱਧਰ ਉਤੇ ਆਪਣੀ ਲੜਾਈ ਲੜ ਰਹੇ ਸਨ। -ਸੰਪਾਦਕ***

ਅਸੀਂ ਨਾ ਤਾਂ ਵਕੀਲ ਹਾਂ, ਨਾ ਅੰਗਰੇਜ਼ੀ ਭਾਸ਼ਾ ਦੇ ਮਾਹਰ ਹਾਂ, ਤੇ ਨਾ ਹੀ ਸਾਡੇ ਕੋਲ ਡਿਗਰੀਆਂ ਹੀ ਹਨ; ਇਸ ਲਈ ਸਾਥੋਂ ਸ਼ਾਨਦਾਰ ਭਾਸ਼ਣਾਂ ਦੀ ਆਸ ਨਾ ਕੀਤੀ ਜਾਏ। ਸਾਡੀ ਪ੍ਰਾਰਥਨਾ ਹੈ ਕਿ ਸਾਡੇ ਬਿਆਨ ਦੀ ਭਾਸ਼ਾ ਸਬੰਧੀ ਤਰੁੱਟੀਆਂ 'ਤੇ ਧਿਆਨ ਨਾ ਦਿੰਦੇ ਹੋਏ, ਉਸ ਦਾ ਅਸਲ ਮਤਲਬ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਦੂਸਰੇ ਸਭ ਨੁਕਤਿਆਂ ਨੂੰ ਆਪਣੇ ਵਕੀਲਾਂ 'ਤੇ ਛੱਡਦੇ ਹੋਏ ਮੈਂ ਖ਼ੁਦ ਇਕ ਮੁੱਦੇ 'ਤੇ ਆਪਣੇ ਵਿਚਾਰ ਪ੍ਰਗਟਾਵਾਂਗਾ। ਇਹ ਮੁੱਦਾ, ਇਸ ਮੁਕੱਦਮੇ ਵਿਚ ਬਹੁਤ ਹੀ ਮਹੱਤਤਾ ਵਾਲਾ ਹੈ। ਮੁੱਦਾ ਇਹ ਹੈ ਕਿ ਸਾਡੀ ਨੀਯਤ ਕੀ ਸੀ ਅਤੇ ਅਸੀਂ ਕਿਸ ਹੱਦ ਤੱਕ ਅਪਰਾਧੀ ਹਾਂ।

ਇਹ ਬੜਾ ਹੀ ਪੇਚੀਦਾ ਮਾਮਲਾ ਹੈ, ਇਸ ਲਈ ਕੋਈ ਵੀ ਆਦਮੀ ਤੁਹਾਡੀ ਸੇਵਾ ਵਿਚ ਵਿਚਾਰਾਂ ਦੇ ਵਿਕਾਸ ਦੀ ਉਹ ਉਚਾਈ ਪੇਸ਼ ਨਹੀਂ ਕਰ ਸਕਦਾ ਜਿਸ ਦੇ ਅਸਰ ਹੇਠ ਅਸੀਂ ਇਕ ਖਾਸ ਢੰਗ ਨਾਲ ਸੋਚਣ ਅਤੇ ਵਿਚਾਰ ਕਰਨ ਲੱਗੇ ਸੀ। ਅਸੀਂ ਚਾਹੁੰਦੇ ਹਾਂ ਕਿ ਇਸੇ ਨੂੰ ਦ੍ਰਿਸ਼ਟੀ ਵਿਚ ਰੱਖਦੇ ਹੋਏ ਹੀ ਸਾਡੀ ਨੀਯਤ ਅਤੇ ਅਪਰਾਧ ਦਾ ਅਨੁਮਾਨ ਲਗਾਇਆ ਜਾਏ। ਮਸ਼ਹੂਰ ਕਾਨੂੰਨ ਮਾਹਰ ਸੁਲੇਮਾਨ ਦੇ ਮੁਤਾਬਕ, ਕਿਸੇ ਵੀ ਵਿਅਕਤੀ ਨੂੰ ਉਸ ਦੇ ਅਪਰਾਧੀ ਆਚਰਨ ਲਈ ਉਸ ਸਮੇਂ ਤੱਕ ਸਜ਼ਾ ਨਹੀਂ ਮਿਲਣੀ ਚਾਹੀਦੀ, ਜਦ ਤੱਕ ਉਸ ਦਾ ਉਦੇਸ਼ ਕਾਨੂੰਨ ਵਿਰੋਧੀ ਸਿੱਧ ਨਾ ਹੋਵੇ।

ਸੈਸ਼ਨ ਜੱਜ ਦੀ ਅਦਾਲਤ ਵਿਚ ਅਸਾਂ ਜੋ ਲਿਖਤੀ ਬਿਆਨ ਦਿਤਾ ਸੀ, ਉਹ ਸਾਡੇ ਉਦੇਸ਼ ਦੀ ਵਿਆਖਿਆ ਕਰਦਾ ਹੈ ਅਤੇ ਉਸ ਰੂਪ ਵਿਚ ਸਾਡੀ ਨੀਯਤ ਦੀ ਵਿਆਖਿਆ ਵੀ ਕਰਦਾ ਹੈ, ਪਰ ਸੈਸ਼ਨ ਜੱਜ ਨੇ ਕਲਮ ਦੀ ਇਕ ਹੀ ਨੋਕ ਨਾਲ ਇਹ ਕਹਿ ਕੇ ਕਿ "ਆਮ ਤੌਰ 'ਤੇ ਅਪਰਾਧ ਨੂੰ ਵਿਹਾਰ ਵਿਚ ਲਿਆਉਣ ਵਾਲੀ ਗੱਲ ਕਾਨੂੰਨ ਦੇ ਅਮਲ ਨੂੰ ਪ੍ਰਭਾਵਤ ਨਹੀਂ ਕਰਦੀ ਹੈ ਅਤੇ ਇਸ ਦੇਸ਼ ਵਿਚ ਕਾਨੂੰਨੀ ਵਿਆਖਿਆਵਾਂ ਵਿਚ ਕਦੀ-ਕਦਾਈਂ ਹੀ ਉਦੇਸ਼ ਤੇ ਨੀਯਤ ਦੀ ਚਰਚਾ ਹੁੰਦੀ ਹੈ", ਸਾਡੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਕਰ ਦਿੱਤੀਆਂ।

ਇਨ੍ਹਾਂ ਹਾਲਾਤਾਂ ਵਿਚ ਮਾਨਯੋਗ ਜੱਜ ਨੂੰ ਚਾਹੀਦਾ ਤਾਂ ਇਹ ਸੀ ਕਿ ਅਪਰਾਧ ਦਾ ਅੰਦਾਜ਼ਾ ਜਾਂ ਤਾਂ ਨਤੀਜਿਆਂ ਤੋਂ ਲਗਾਉਂਦੇ ਜਾਂ ਸਾਡੇ ਬਿਆਨ ਦੀ ਮਦਦ ਨਾਲ ਮਨੋਵਿਗਿਆਨਕ ਪਹਿਲੂ ਦਾ ਫੈਸਲਾ ਕਰਦੇ, ਪਰ ਉਨ੍ਹਾਂ ਨੇ ਇਨ੍ਹਾਂ ਦੋਨਾਂ ਵਿਚੋਂ ਇਕ ਵੀ ਕੰਮ ਨਹੀਂ ਕੀਤਾ।

ਵਿਚਾਰ ਵਾਲੀ ਗੱਲ ਇਹ ਵੀ ਹੈ ਕਿ ਅਸੈਂਬਲੀ ਵਿਚ ਅਸਾਂ ਜੋ ਦੋ ਬੰਬ ਸੁੱਟੇ, ਉਨ੍ਹਾਂ ਨਾਲ ਕਿਸੇ ਵੀ ਵਿਅਕਤੀ ਦੀ ਸਰੀਰਕ ਜਾਂ ਆਰਥਿਕ ਹਾਨੀ ਨਹੀਂ ਹੋਈ। ਇਸ ਦ੍ਰਿਸ਼ਟੀਕੋਣ ਤੋਂ ਸਾਨੂੰ ਜੋ ਸਜ਼ਾ ਦਿੱਤੀ ਗਈ ਹੈ, ਉਹ ਸਖ਼ਤ ਤੋਂ ਸਖ਼ਤ ਹੀ ਨਹੀਂ, ਸਗੋਂ ਬਦਲਾ ਲੈਣ ਦੀ ਭਾਵਨਾ ਵਾਲੀ ਵੀ ਹੈ। ਜੇ ਦੂਸਰੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਜਦ ਤਕ ਮੁਜਰਮ ਦੀਆਂ ਮਨੋਭਾਵਨਾਵਾਂ ਦਾ ਪਤਾ ਨਾ ਲਗਾਇਆ ਜਾਏ, ਉਸ ਦੇ ਅਸਲੀ ਉਦੇਸ਼ ਦਾ ਪਤਾ ਨਹੀਂ ਲੱਗ ਸਕਦਾ। ਜੇ ਉਦੇਸ਼ ਨੂੰ ਪੂਰੀ ਤਰ੍ਹਾਂ ਭੁਲਾ ਹੀ ਦਿੱਤਾ ਜਾਵੇ ਤਾਂ ਕਿਸੇ ਵੀ ਆਦਮੀ ਨਾਲ ਇਨਸਾਫ਼ ਨਹੀਂ ਹੋ ਸਕਦਾ, ਕਿਉਂਕਿ ਉਦੇਸ਼ ਨੂੰ ਧਿਆਨ ਵਿਚ ਨਾ ਰੱਖਣ 'ਤੇ ਦੁਨੀਆ ਦੇ ਵੱਡੇ ਵੱਡੇ ਸੈਨਾਪਤੀ ਸਾਧਾਰਨ ਹਤਿਆਰੇ ਨਜ਼ਰ ਆਉਣਗੇ। ਸਰਕਾਰੀ ਟੈਕਸ ਵਸੂਲਣ ਵਾਲੇ ਅਧਿਕਾਰੀ ਚੋਰ, ਜਾਲਸਾਜ਼ ਦਿਖਾਈ ਦੇਣਗੇ ਅਤੇ ਜੱਜਾਂ 'ਤੇ ਵੀ ਕਤਲ ਕਰਨ ਦਾ ਦੋਸ਼ ਲੱਗੇਗਾ। ਇਸ ਤਰ੍ਹਾਂ ਤਾਂ ਸਮਾਜਿਕ ਵਿਵਸਥਾ ਤੇ ਸਭਿਅਤਾ ਖ਼ੂਨ-ਖ਼ਰਾਬਾ, ਚੋਰੀ ਅਤੇ ਜਾਲਸਾਜ਼ੀ ਬਣ ਕੇ ਰਹਿ ਜਾਏਗੀ। ਜੇ ਉਦੇਸ਼ ਨੂੰ ਨਜ਼ਰ ਅੰਦਾਜ਼ ਕੀਤਾ ਜਾਏ ਤਾਂ ਕਿਸੇ ਹਕੂਮਤ ਨੂੰ ਕੀ ਹੱਕ ਹੈ ਕਿ ਸਮਾਜ ਦੇ ਵਿਅਕਤੀਆਂ ਨੂੰ ਨਿਆਂ ਕਰਨ ਲਈ ਕਹੇ? ਉਦੇਸ਼ ਨੂੰ ਨਜ਼ਰ ਅੰਦਾਜ਼ ਕੀਤਾ ਜਾਏ ਤਾਂ ਹਰ ਧਰਮ ਪ੍ਰਚਾਰਕ ਝੂਠ ਦਾ ਪ੍ਰਚਾਰਕ ਦਿਖਾਈ ਦੇਵੇਗਾ ਅਤੇ ਹਰ ਪੈਗੰਬਰ 'ਤੇ ਦੋਸ਼ ਲੱਗੇਗਾ ਕਿ ਉਸ ਨੇ ਕਰੋੜਾਂ ਭੋਲੇ ਤੇ ਅਨਜਾਣ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਜੇ ਉਦੇਸ਼ ਨੂੰ ਭੁਲਾ ਦਿੱਤਾ ਜਾਏ ਤਾਂ ਹਜ਼ਰਤ ਈਸਾ ਮਸੀਹ ਗੜਬੜ ਕਰਨ ਵਾਲੇ, ਸ਼ਾਂਤੀ ਭੰਗ ਕਰਨ ਵਾਲੇ, ਬਗਾਵਤ ਦਾ ਪ੍ਰਚਾਰ ਕਰਨ ਵਾਲੇ ਦਿਖਾਈ ਦੇਣਗੇ ਅਤੇ ਕਾਨੂੰਨ ਦੇ ਸ਼ਬਦਾਂ ਵਿਚ 'ਖਤਰਨਾਕ ਆਦਮੀ' ਮੰਨੇ ਜਾਣਗੇ, ਪਰ ਅਸੀਂ ਉਨ੍ਹਾਂ ਦੀ ਪੂਜਾ ਕਰਦੇ ਹਾਂ, ਸਾਡੇ ਦਿਲ ਵਿਚ ਉਨ੍ਹਾਂ ਦਾ ਬੇਹੱਦ ਆਦਰ ਹੈ, ਉਨ੍ਹਾਂ ਦੀ ਮੂਰਤੀ ਸਾਡੇ ਦਿਲਾਂ ਵਿਚ ਅਧਿਆਤਮਕਤਾ ਦੀ ਤਰੰਗ ਪੈਦਾ ਕਰਦੀ ਹੈ। ਇਹ ਕਿਉਂ? ਇਹ ਇਸ ਲਈ (ਕਿਉਂਕਿ) ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਪ੍ਰੇਰਨਾ ਸਰੋਤ ਉਚੇ ਦਰਜੇ ਦਾ ਉਦੇਸ਼ ਸੀ। ਉਸ ਯੁੱਗ ਦੇ ਸ਼ਾਸਕਾਂ ਨੇ ਉਨ੍ਹਾਂ ਦੇ ਉਦੇਸ਼ ਨੂੰ ਨਹੀਂ ਪਛਾਣਿਆ, ਉਨ੍ਹਾਂ ਨੇ ਬਾਹਰੀ ਵਰਤਾਰੇ ਨੂੰ ਹੀ ਦੇਖਿਆ, ਲੇਕਿਨ ਉਸ ਸਮੇਂ ਤੋਂ ਲੈ ਕੇ ਇਸ ਸਮੇਂ ਤੱਕ 19 ਸਦੀਆਂ ਲੰਘ ਗਈਆਂ ਹਨ, ਕੀ ਅਸਾਂ ਉਦੋਂ ਤੋਂ ਲੈ ਕੇ ਹੁਣ ਤੱਕ ਕੋਈ ਉਨਤੀ ਨਹੀਂ ਕੀਤੀ? ਕੀ ਅਸੀਂ ਏਦਾਂ ਦੀਆਂ ਗਲਤੀਆਂ ਦੋਹਰਾਵਾਂਗੇ? ਅਗਰ ਏਦਾਂ ਹੋਵੇਗਾ ਤਾਂ ਮੰਨਣਾ ਪਵੇਗਾ ਕਿ ਇਨਸਾਨੀਅਤ ਦੀਆਂ ਕੁਰਬਾਨੀਆਂ, ਵੱਡੇ ਸ਼ਹੀਦਾਂ ਦੇ ਯਤਨ ਬੇਕਾਰ ਅਤੇ ਅੱਜ ਵੀ ਅਸੀਂ ਉਸੇ ਥਾਂ 'ਤੇ ਹਾਂ, ਜਿਥੇ ਅੱਜ ਤੋਂ ਵੀਹ ਸਦੀਆਂ ਪਹਿਲਾਂ ਸਾਂ!

ਕਾਨੂੰਨੀ ਪਾਸੇ ਤੋਂ ਉਦੇਸ਼ ਦਾ ਸਵਾਲ ਖਾਸ ਮਹੱਤਤਾ ਰੱਖਦਾ ਹੈ। ਜਨਰਲ ਡਾਇਰ ਦਾ ਉਦਾਹਰਣ ਲੈ ਲਓ। ਉਸ ਨੇ ਗੋਲੀ ਚਲਾਈ ਅਤੇ ਸੈਂਕੜੇ ਨਿਰ-ਅਪਰਾਧ ਅਤੇ ਹਥਿਆਰ-ਰਹਿਤ ਵਿਅਕਤੀ ਮਾਰ ਦਿੱਤੇ, ਲੇਕਿਨ ਫੌਜੀ ਆਦਲਤ ਨੇ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਦਾ ਹੁਕਮ ਦੇਣ ਦੀ ਥਾਂ ਲੱਖਾਂ ਰੁਪਏ ਦਾ ਇਨਾਮ ਦਿਤਾ। ਇਕ ਹੋਰ ਉਦਾਹਰਣ ਵੱਲ ਵੀ ਧਿਆਨ ਦਿਓ- ਸ੍ਰੀ ਖੜਗ ਬਹਾਦਰ ਸਿੰਘ ਜੋ ਗੋਰਖਾ ਨੌਜਵਾਨ ਹੈ, ਨੇ ਕਲਕੱਤੇ ਵਿਚ ਅਮੀਰ ਮਾਰਵਾੜੀ ਨੂੰ ਛੁਰੇ ਨਾਲ ਮਾਰ ਦਿੱਤਾ। ਜੇ ਉਦੇਸ਼ ਨੂੰ ਇਕ ਪਾਸੇ ਰੱਖ ਦਿੱਤਾ ਜਾਵੇ ਤਾਂ ਖੜਗ ਸਿੰਘ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਸੀ, ਪਰ ਉਸ ਨੂੰ ਕੁਝ ਵਰ੍ਹੇ ਦੀ ਸਜ਼ਾ ਹੀ ਦਿੱਤੀ ਗਈ ਅਤੇ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਮੁਕਤ ਵੀ ਕਰ ਦਿੱਤਾ ਗਿਆ। ਕੀ ਕਾਨੂੰਨ ਵਿਚ ਕੋਈ ਦਰਾੜ ਅਜਿਹੀ ਸੀ ਕਿ ਉਸ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਗਈ? ਜਾਂ ਉਸ ਵਿਰੁੱਧ ਹੱਤਿਆ ਦਾ ਦੋਸ਼ ਸਿੱਧ ਨਹੀਂ ਹੋ ਸਕਿਆ? ਉਸ ਨੇ ਸਾਡੀ ਹੀ ਤਰ੍ਹਾਂ ਆਪਣਾ ਅਪਰਾਧ ਸਵੀਕਾਰ ਕਰ ਲਿਆ ਸੀ, ਪਰ ਉਸ ਦਾ ਜੀਵਨ ਬਚ ਗਿਆ ਤੇ ਉਹ ਆਜ਼ਾਦ ਹੈ।

***ਅਸੈਂਬਲੀ ਵਿਚ ਅਸਾਂ ਜੋ ਦੋ ਬੰਬ ਸੁੱਟੇ, ਉਨ੍ਹਾਂ ਨਾਲ ਕਿਸੇ ਵੀ ਵਿਅਕਤੀ ਦੀ ਸਰੀਰਕ ਜਾਂ ਆਰਥਿਕ ਹਾਨੀ ਨਹੀਂ ਹੋਈ। ਇਸ ਦ੍ਰਿਸ਼ਟੀਕੋਣ ਤੋਂ ਸਾਨੂੰ ਜੋ ਸਜ਼ਾ ਦਿੱਤੀ ਗਈ ਹੈ, ਉਹ ਸਖ਼ਤ ਤੋਂ ਸਖ਼ਤ ਹੀ ਨਹੀਂ, ਸਗੋਂ ਬਦਲਾ ਲੈਣ ਦੀ ਭਾਵਨਾ ਵਾਲੀ ਵੀ ਹੈ। ਜੇ ਦੂਸਰੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਜਦ ਤਕ ਮੁਜਰਮ ਦੀਆਂ ਮਨੋਭਾਵਨਾਵਾਂ ਦਾ ਪਤਾ ਨਾ ਲਗਾਇਆ ਜਾਏ, ਉਸ ਦੇ ਅਸਲੀ ਉਦੇਸ਼ ਦਾ ਪਤਾ ਨਹੀਂ ਲੱਗ ਸਕਦਾ। ਜੇ ਉਦੇਸ਼ ਨੂੰ ਪੂਰੀ ਤਰ੍ਹਾਂ ਭੁਲਾ ਹੀ ਦਿੱਤਾ ਜਾਵੇ ਤਾਂ ਕਿਸੇ ਵੀ ਆਦਮੀ ਨਾਲ ਇਨਸਾਫ਼ ਨਹੀਂ ਹੋ ਸਕਦਾ, ਕਿਉਂਕਿ ਉਦੇਸ਼ ਨੂੰ ਧਿਆਨ ਵਿਚ ਨਾ ਰੱਖਣ 'ਤੇ ਦੁਨੀਆ ਦੇ ਵੱਡੇ ਵੱਡੇ ਸੈਨਾਪਤੀ ਸਾਧਾਰਨ ਹਤਿਆਰੇ ਨਜ਼ਰ ਆਉਣਗੇ।***

ਮੈਂ ਪੁੱਛਦਾ ਹਾਂ ਕਿ ਉਸ ਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ? ਉਸ ਦਾ ਕੰਮ ਵੀ ਨਾਪਿਆ ਤੋਲਿਆ ਸੀ। ਉਸ ਨੇ ਪੇਚੀਦਾ ਢੰਗ ਦੀ ਤਿਆਰੀ ਕੀਤੀ ਸੀ। ਉਦੇਸ਼ ਦੀ ਦ੍ਰਿਸ਼ਟੀ ਤੋਂ ਉਸ ਦਾ ਐਕਸ਼ਨ ਸਾਡੇ ਕੰਮ ਦੇ ਮੁਕਾਬਲੇ ਵੱਧ ਘਾਤਕ ਤੇ ਸੰਜੀਦਾ ਸੀ, (ਪਰ) ਉਸ ਨੂੰ ਇਸ ਲਈ ਬਹੁਤ ਹੀ ਨਰਮ ਸਜ਼ਾ ਮਿਲੀ, ਕਿਉਂਕਿ ਉਸ ਦਾ ਮਕਸਦ ਨੇਕ ਸੀ। ਉਹਨੇ ਸਮਾਜ ਨੂੰ ਜੋਕ ਤੋਂ ਛੁਟਕਾਰਾ ਦਿਲਾਇਆ ਸੀ, ਜਿਸ ਨੇ ਕਈ ਸੁੰਦਰ ਲੜਕੀਆਂ ਦਾ ਖ਼ੂਨ ਚੂਸ ਲਿਆ ਸੀ। ਸ੍ਰੀ ਖੜਗ ਬਹਾਦਰ ਸਿੰਘ ਨੂੰ ਸਿਰਫ਼ ਕਾਨੂੰਨ ਦੀ ਸ਼ਰਾ ਬਣਾਏ ਰੱਖਣ ਲਈ ਕੁਝ ਵਰ੍ਹੇ ਦੀ ਸਜ਼ਾ ਦਿੱਤੀ ਗਈ।

ਇਹ ਸਿਧਾਂਤ ਕਿਸ ਕਦਰ ਗ਼ਲਤ ਹੈ, ਇਹ ਨਿਆਂ ਦੇ ਮੁਢਲੇ ਸਿਧਾਂਤਾਂ ਦਾ ਵਿਰੋਧ ਹੈ, ਜੋ ਇਸ ਤਰ੍ਹਾਂ ਹੈ- "ਕਾਨੂੰਨ ਆਦਮੀਆਂ ਲਈ ਹੈ, ਆਦਮੀ ਕਾਨੂੰਨ ਲਈ ਨਹੀਂ ਹੈ।" ਇਸ ਹਾਲਤ ਵਿਚ ਕੀ ਕਾਰਨ ਹੈ ਕਿ ਸਾਨੂੰ ਵੀ ਉਹੀ ਰਿਆਇਤਾਂ ਨਹੀਂ ਦਿੱਤੀਆਂ ਗਈਆਂ, ਜੋ ਸ੍ਰੀ ਖੜਗ ਬਹਾਦਰ ਸਿੰਘ ਨੂੰ ਦਿੱਤੀਆਂ ਗਈਆਂ ਸਨ? ਸਾਫ਼ ਹੈ ਕਿ ਉਸ ਨੂੰ ਨਰਮ ਸਜ਼ਾ ਦਿੰਦੇ ਸਮੇਂ ਉਸ ਉਦੇਸ਼ ਨੂੰ ਧਿਆਨ ਵਿਚ ਰੱਖਿਆ ਗਿਆ ਸੀ; ਨਹੀਂ ਤਾਂ ਕੋਈ ਵੀ ਆਦਮੀ ਜੋ ਕਿਸੇ ਨੂੰ ਕਤਲ ਕਰਦਾ ਹੈ, ਫਾਂਸੀ ਦੀ ਸਜ਼ਾ ਤੋਂ ਨਹੀਂ ਬਚ ਸਕਦਾ। ਕੀ ਇਸ ਲਈ ਸਾਨੂੰ ਆਮ ਕਾਨੂੰਨੀ ਹੱਕ ਨਹੀਂ ਮਿਲ ਰਹੇ, ਕਿਉਂਕਿ ਸਾਡਾ ਕੰਮ ਹਕੂਮਤ ਦੇ ਵਿਰੁਧ ਸੀ, ਜਾਂ ਇਸ ਲਈ ਕਿ ਇਸ ਕੰਮ ਦੀ ਰਾਜਨੀਤਕ ਮਹੱਤਤਾ ਹੈ?

ਇਸ ਹਾਲਾਤ ਵਿਚ ਇਹ ਕਹਿਣ ਦੀ ਆਗਿਆ ਦਿੱਤੀ ਜਾਵੇ ਕਿ ਜਿਹੜੀ ਹਕੂਮਤ ਅਜਿਹੀਆਂ ਕਮੀਨੀਆਂ ਹਰਕਤਾਂ ਵਿਚ ਬਚਾਅ ਲੱਭਦੀ ਹੈ, ਜਿਹੜੀ ਹਕੂਮਤ ਆਦਮੀ ਦੇ ਕੁਦਰਤੀ ਹੱਕ ਖੋਹਦੀ ਹੈ, ਉਸ ਨੂੰ ਜ਼ਿੰਦਾ ਰਹਿਣ ਦਾ ਕੋਈ ਹੱਕ ਪ੍ਰਾਪਤ ਨਹੀਂ ਹੈ। ਅਗਰ ਇਹ ਕਾਇਮ ਹੈ, ਤੇ ਆਰਜ਼ੀ ਤੌਰ 'ਤੇ ਅਤੇ ਹਜ਼ਾਰਾਂ ਬੇ-ਗੁਨਾਹਾਂ ਦਾ ਖ਼ੂਨ ਇਸ ਦੀ ਗਰਦਨ 'ਤੇ ਹੈ। ਜੇ ਕਾਨੂੰਨ ਉਦੇਸ਼ ਨਹੀਂ ਦੇਖਦੇ ਤਾਂ ਨਾ ਨਿਆਂ ਹੋ ਸਕਦਾ ਅਤੇ ਨਾ ਹੀ ਪੱਕੀ ਸਥਾਈ ਸ਼ਾਂਤੀ ਬਣਾਈ ਜਾ ਸਕਦੀ ਹੈ।

ਆਟੇ ਵਿਚ ਸੰਖੀਆ ਮਲਾਣਾ (ਮਿਲਾਉਣਾ) ਜੁਰਮ ਨਹੀਂ, ਬਸ਼ਰਤੇ ਕਿ ਇਸ ਦਾ ਉਦੇਸ਼ ਚੂਹਿਆਂ ਨੂੰ ਮਾਰਨ ਹੋਵੇ, ਪਰ ਜੇ ਇਸ ਨਾਲ ਕਿਸੇ ਆਦਮੀ ਨੂੰ ਮਾਰ ਦਿੱਤਾ ਜਾਵੇ ਤਾਂ ਇਹ ਕਤਲ ਦਾ ਅਪਰਾਧ ਬਣ ਜਾਂਦਾ ਹੈ; ਬਲਕਿ ਅਜਿਹੇ ਕਾਨੂੰਨ ਜਿਹੜੇ ਦਲੀਲ 'ਤੇ ਆਧਾਰਤ ਨਹੀਂ ਤੇ ਇਨਸਾਫ਼ ਦੇ ਸਿਧਾਂਤ ਦੇ ਵਿਰੁੱਧ ਹਨ, ਉਨ੍ਹਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਅਜਿਹੇ ਨਿਆਂ ਵਿਰੋਧੀ ਕਾਨੂੰਨਾਂ ਦੇ ਕਰ ਕੇ ਬਹੁਤ ਹੀ ਉਚ ਬੌਧਿਕ ਗਿਆਨ ਦੇ (ਵਾਲੇ) ਲੋਕਾਂ ਨੇ ਬਗਾਵਤ ਦੇ ਕੰਮ ਕੀਤੇ ਹਨ।

ਸਾਡੇ ਮੁਕੱਦਮੇ ਦੇ ਤੱਥ ਬਿਲਕੁਲ ਸਾਦਾ ਹਨ। 8 ਅਪ੍ਰੈਲ, 1929 ਨੂੰ ਅਸਾਂ ਸੈਂਟਰਲ ਅਸੈਂਬਲੀ ਵਿਚ ਦੋ ਬੰਬ ਸੁੱਟੇ ਸਨ। ਉਨ੍ਹਾਂ ਦੇ ਧਮਾਕੇ ਨਾਲ ਕੁਝ ਲੋਕਾਂ ਨੂੰ ਮਾਮੂਲੀ ਝਰੀਟਾਂ ਆਈਆਂ। ਚੈਂਬਰ ਵਿਚ ਹੰਗਾਮਾ ਹੋਇਆ, ਸੈਂਕੜੇ ਦਰਸ਼ਕ ਅਤੇ ਮੈਂਬਰ ਬਾਹਰ ਨਿਕਲ ਗਏ। ਕੁਝ ਦੇਰ ਬਾਅਦ ਚੁੱਪ ਛਾ ਗਈ। ਮੈਂ ਅਤੇ ਮੇਰੇ ਸਾਥੀ ਬੀ.ਕੇ. ਦੱਤ ਚੁਪ-ਚਾਪ ਦਰਸ਼ਕ ਗੈਲਰੀ ਵਿਚ ਬੈਠੇ ਰਹੇ ਅਤੇ ਅਸਾਂ ਖ਼ੁਦ ਹੀ ਆਪਣੇ ਆਪ ਨੂੰ ਪੇਸ਼ ਕਰ ਦਿੱਤਾ ਕਿ ਸਾਨੂੰ ਗ੍ਰਿਫ਼ਤਾਰ ਕਰ ਲਿਆ ਜਾਏ। ਸਾਨੂੰ ਫੜ ਲਿਆ ਗਿਆ, ਦੋਸ਼ ਲਗਾਏ ਗਏ ਅਤੇ ਹੱਤਿਆ ਦੇ ਯਤਨ ਦੇ ਅਪਰਾਧ ਵਿਚ ਸਜ਼ਾ ਦਿੱਤੀ ਗਈ, ਪਰ ਬੰਬ ਨਾਲ 4-5 ਆਦਮੀਆਂ ਦੇ ਮਾਮੂਲੀ ਸੱਟਾਂ ਲੱਗੀਆਂ, ਤੇ ਇਕ ਬੈਂਚ ਦਾ ਮਾਮੂਲੀ ਜਿਹਾ ਨੁਕਸਾਨ ਹੋਇਆ, ਤੇ ਜਿਨ੍ਹਾਂ ਨੇ ਇਹ ਅਪਰਾਧ ਕੀਤਾ, ਉਨ੍ਹਾਂ ਨੇ ਬਿਨਾ ਕਿਸੇ ਕਿਸਮ ਦੀ ਦਖ਼ਲ ਅੰਦਾਜ਼ੀ ਦੇ, ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਸੈਸ਼ਨ ਜੱਜ ਨੇ ਸਵੀਕਾਰ ਕੀਤਾ ਕਿ ਜੇ ਅਸੀਂ ਨੱਸਣਾ ਚਾਹੁੰਦੇ ਤਾਂ ਨੱਸ ਸਕਦੇ ਸਾਂ। ਅਸਾਂ ਨੇ ਆਪਣਾ ਅਪਰਾਧ ਸਵੀਕਾਰ ਕੀਤਾ ਅਤੇ ਆਪਣੀ ਹਾਲਤ ਸਪਸ਼ਟ ਕਰਨ ਲਈ ਬਿਆਨ ਦਿੱਤਾ। ਸਾਨੂੰ ਸਜ਼ਾ ਦਾ ਡਰ ਨਹੀਂ ਹੈ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਅਸੀਂ ਗ਼ਲਤ ਸਮਝੇ ਜਾਈਏ। ਸਾਡੇ ਬਿਆਨ ਦੇ ਕੁਝ ਪੈਰੇ ਕੱਟ ਦਿੱਤੇ ਗਏ ਹਨ, ਇਹ ਅਸਲ ਹਾਲਤ ਦੇ ਨਜ਼ਰੀਏ ਤੋਂ ਬਹੁਤ ਹੀ ਨੁਕਸਾਨਦੇਹ ਹੈ।

ਸਾਡੇ ਬਿਆਨ ਨੂੰ ਪੂਰਾ ਪੜ੍ਹਨ 'ਤੇ ਸਾਫ਼ ਪਤਾ ਲੱਗ ਜਾਂਦਾ ਹੈ ਕਿ ਸਾਡੇ ਨਜ਼ਰੀਏ ਵਿਚ, ਸਾਡਾ ਦੇਸ਼ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਪਾਸੇ ਵੱਲੋਂ ਕਾਫ਼ੀ ਉਚੀ ਆਵਾਜ਼ ਵਿਚ ਚੇਤਾਵਨੀ ਦੇਣ ਦੀ ਲੋੜ ਸੀ ਅਤੇ ਅਸਾਂ ਆਪਣੇ ਵਿਚਾਰ ਮੁਤਾਬਕ ਚੇਤਾਵਨੀ ਦਿੱਤੀ ਹੈ। ਹੋ ਸਕਦਾ ਹੈ ਕਿ ਅਸੀਂ ਗ਼ਲਤੀ ਉਤੇ ਹੋਈਏ, ਸਾਡਾ ਸੋਚਣ ਦਾ ਢੰਗ ਜੱਜ ਦੇ ਸੋਚਣ ਦੇ ਢੰਗ ਤੋਂ ਵੱਖਰਾ ਹੋਵੇ, ਪਰ ਇਸ ਦਾ ਇਹ ਮਤਲਬ ਨਹੀਂ ਕਿ ਸਾਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਏ ਅਤੇ ਗ਼ਲਤ ਗੱਲਾਂ ਸਾਡੇ ਨਾਲ ਜੋੜੀਆਂ ਜਾਣ।

ਇਨਕਲਾਬ ਜ਼ਿੰਦਾਬਾਦ ਅਤੇ ਸਾਮਰਾਜਵਾਦ ਮੁਰਦਾਬਾਦ ਦੇ ਸਬੰਧ ਵਿਚ ਅਸਾਂ ਜੋ ਵਿਆਖਿਆ ਆਪਣੇ ਬਿਆਨ ਵਿਚ ਦਿੱਤੀ ਸੀ, ਉਸ ਨੂੰ ਉਡਾ ਦਿੱਤਾ ਗਿਆ, ਹਾਲਾਂਕਿ ਸਾਡੇ ਉਦੇਸ਼ ਦਾ ਇਹ ਖਾਸ ਹਿੱਸਾ ਹੈ। ਇਨਕਲਾਬ ਜ਼ਿੰਦਾਬਾਦ ਤੋਂ ਸਾਡਾ ਇਹ ਉਦੇਸ਼ ਨਹੀਂ ਸੀ, ਜੋ ਆਮ ਤੌਰ 'ਤੇ ਗ਼ਲਤ ਮਤਲਬ ਵਿਚ ਸਮਝੇ ਜਾਂਦੇ ਹਨ। ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ, ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ ਅਤੇ ਇਹੀ ਚੀਜ਼ ਸੀ ਜਿਸ ਨੂੰ ਅਸੀਂ ਦੱਸਣਾ ਚਾਹੁੰਦੇ ਸਾਂ। ਸਾਡੇ ਇਨਕਲਾਬ ਦਾ ਮਤਲਬ ਪੂੰਜੀਵਾਦੀ ਲੜਾਈਆਂ ਦੀ ਮੁਸੀਬਤ ਦਾ ਅੰਤ ਕਰਨਾ ਹੈ। ਮੁਖ ਉਦੇਸ਼ ਤੇ ਉਸ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਸਮਝੇ ਬਿਨਾ ਕਿਸੇ ਬਾਰੇ ਫੈਸਲਾ ਦੇਣਾ ਜਾਇਜ਼ ਨਹੀਂ ਹੈ। ਗ਼ਲਤ ਗੱਲ ਸਾਡੇ ਨਾਲ ਜੋੜਨਾ ਸਾਫ਼ ਸਾਫ਼ ਬੇ-ਅਨਿਆਈ ਹੈ।


ਭਗਤ ਸਿੰਘ

***ਇਨਕਲਾਬ ਜ਼ਿੰਦਾਬਾਦ ਤੇ ਸਾਮਰਾਜਵਾਦ ਮੁਰਦਾਬਾਦ ਬਾਰੇ ਅਸਾਂ ਜੋ ਵਿਆਖਿਆ ਆਪਣੇ ਬਿਆਨ ਵਿਚ ਦਿੱਤੀ ਸੀ, ਉਸ ਨੂੰ ਉਡਾ ਦਿੱਤਾ ਗਿਆ, ਹਾਲਾਂਕਿ ਸਾਡੇ ਉਦੇਸ਼ ਦਾ ਇਹ ਖਾਸ ਹਿੱਸਾ ਹੈ। ਇਨਕਲਾਬ ਜ਼ਿੰਦਾਬਾਦ ਤੋਂ ਸਾਡਾ ਇਹ ਉਦੇਸ਼ ਨਹੀਂ ਸੀ, ਜੋ ਆਮ ਤੌਰ 'ਤੇ ਗ਼ਲਤ ਮਤਲਬ ਵਿਚ ਸਮਝੇ ਜਾਂਦੇ ਹਨ। ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ, ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ। ਸਾਡੇ ਇਨਕਲਾਬ ਦਾ ਮਤਲਬ ਪੂੰਜੀਵਾਦੀ ਲੜਾਈਆਂ ਦੀ ਮੁਸੀਬਤ ਦਾ ਅੰਤ ਕਰਨਾ ਹੈ। ਮੁਖ ਉਦੇਸ਼ ਤੇ ਉਸ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਸਮਝੇ ਬਿਨਾ ਕਿਸੇ ਬਾਰੇ ਫੈਸਲਾ ਦੇਣਾ ਜਾਇਜ਼ ਨਹੀਂ ਹੈ।***


ਬੀ. ਕੇ. ਦੱਤ

ਇਸ ਦੀ ਚੇਤਾਵਨੀ ਦੇਣਾ ਬਹੁਤ ਜ਼ਰੂਰੀ ਸੀ। ਬੇਚੈਨੀ ਰੋਜ਼ ਰੋਜ਼ ਵਧ ਰਹੀ ਹੈ, ਜੇ ਠੀਕ ਇਲਾਜ ਨਾ ਕੀਤਾ ਗਿਆ ਤਾਂ ਰੋਗ ਖਤਰਨਾਕ ਰੂਪ ਲੈ ਲਵੇਗਾ। ਕੋਈ ਵੀ ਮਨੁੱਖੀ ਸ਼ਕਤੀ ਉਸ ਦੀ ਰੋਕਥਾਮ ਨਹੀਂ ਕਰ ਸਕੇਗੀ। ਹੁਣ ਅਸਾਂ ਇਸ ਤੂਫ਼ਾਨ ਦਾ ਰੁਖ ਬਦਲਣ ਲਈ ਇਹ ਕਾਰਵਾਈ ਕੀਤੀ। ਅਸੀਂ ਇਤਿਹਾਸ ਦੇ ਗੰਭੀਰ ਵਿਦਿਆਰਥੀ ਹਾਂ। ਸਾਡਾ ਵਿਸ਼ਵਾਸ ਹੈ ਕਿ ਜੇ ਰਾਜ ਕਰਦੀਆਂ ਸ਼ਕਤੀਆਂ ਠੀਕ ਵੇਲੇ 'ਤੇ ਸਹੀ ਕੰਮ ਕਰਦੀਆਂ ਤਾਂ ਫਰਾਂਸ ਅਤੇ ਰੂਸ ਦੀ ਖ਼ੂਨੀ ਕਰਾਂਤੀ ਨਾ ਵਰਤਦੀ। ਦੁਨੀਆ ਦੀਆਂ ਕਈ ਵੱਡੀਆਂ ਵੱਡੀਆਂ ਹਕੂਮਤਾਂ ਵਿਚਾਰਾਂ ਦੇ ਤੂਫ਼ਾਨ ਨੂੰ ਰੋਕਦੀਆਂ ਹੋਈਆਂ ਖ਼ੂਨ-ਖ਼ਰਾਬੇ ਦੇ ਵਾਤਾਵਰਣ ਵਿਚ ਡੁੱਬ ਗਈਆਂ। ਸੱਤਾਧਾਰੀ ਲੋਕ ਹਾਲਾਤ ਦੇ ਵਹਾਅ ਤੇ ਵੇਗ ਨੂੰ ਬਦਲ ਨਹੀਂ ਸਕਦੇ ਹਨ। ਅਸੀਂ ਪਹਿਲੀ ਚੇਤਾਵਨੀ ਦੇਣਾ ਚਾਹੁੰਦੇ ਸਾਂ ਅਤੇ ਜੇ ਅਸੀਂ ਕੁਝ ਆਦਮੀਆਂ ਦੀ ਹੱਤਿਆ ਕਰਨ ਦੇ ਚਾਹਵਾਨ ਹੁੰਦੇ ਤਾਂ ਕੀ ਅਸੀਂ ਮੁਖ ਉਦੇਸ਼ ਵਿਚ ਅਸਫਲ ਹੋ ਜਾਂਦੇ?

ਇਸ ਨੀਅਤ ਅਤੇ ਉਦੇਸ਼ ਨੂੰ ਦ੍ਰਿਸ਼ਟੀਗੋਚਰ ਰੱਖਦੇ ਹੋਏ ਸਾਡੀ ਕਾਰਵਾਈ, ਤੇ ਉਸ ਕਾਰਵਾਈ ਦੇ ਨਤੀਜੇ ਸਾਡੇ ਬਿਆਨ ਦੀ ਪੁਸ਼ਟੀ ਕਰਦੇ ਹਨ, ਇਕ ਹੋਰ ਨੁਕਤਾ ਸਪਸ਼ਟ ਤੇ ਸਾਫ਼ ਕਰਨਾ ਜ਼ਰੂਰੀ ਹੈ। ਜੇ ਅਸੀਂ ਬੰਬਾਂ ਦੀ ਤਾਕਤ ਦੇ ਬਾਰੇ ਬਿਲਕੁਲ ਅਨਜਾਣ ਹੁੰਦੇ ਤਾਂ ਅਸੀਂ ਪੰਡਤ ਮੋਤੀ ਲਾਲ ਨਹਿਰੂ, ਸ੍ਰੀ ਕਾਲੇਕਰ, ਸ੍ਰੀ ਜੈਕਰ ਅਤੇ ਸ੍ਰੀ ਸਿਨ੍ਹਾ ਜਿਹੇ ਮਾਨਯੋਗ ਰਾਸ਼ਟਰੀ ਨੇਤਾਵਾਂ ਦੀ ਹਾਜ਼ਰੀ ਵਿਚ ਕਿਉਂ ਬੰਬ ਸੁੱਟਦੇ? ਅਸੀਂ ਨੇਤਾਵਾਂ ਦੇ ਜੀਵਨ ਕਿਵੇਂ ਖਤਰੇ ਵਿਚ ਪਾ ਸਕਦੇ ਸਾਂ? ਅਸੀਂ ਪਾਗਲ ਤੇ ਨਹੀਂ ਹਾਂ? ਅਤੇ ਅਗਰ ਪਾਗਲ ਹੁੰਦੇ ਤਾਂ ਜੇਲ੍ਹ ਵਿਚ ਬੰਦ ਕਰਨ ਦੀ ਬਜਾਏ ਸਾਨੂੰ ਪਾਗਲਖਾਨੇ ਵਿਚ ਬੰਦ ਕੀਤਾ ਜਾਂਦਾ। ਬੰਬਾਂ ਬਾਰੇ ਸਾਨੂੰ ਯਕੀਨੀ ਜਾਣਕਾਰੀ ਸੀ। ਉਸੇ ਕਾਰਨ ਅਸਾਂ ਇਹ ਹੌਸਲਾ ਕੀਤਾ, ਜਿਨ੍ਹਾਂ ਬੈਂਚਾਂ 'ਤੇ ਲੋਕ ਬੈਠੇ ਸਨ, ਉਨ੍ਹਾਂ 'ਤੇ ਬੰਬ ਸੁੱਟਣਾ ਕਿਤੇ ਵਧ ਸੌਖਾ ਕੰਮ ਸੀ, ਪਰ ਖਾਲੀ ਜਗ੍ਹਾ 'ਤੇ ਬੰਬ ਸੁੱਟਣਾ ਬਹੁਤ ਹੀ ਮੁਸ਼ਕਲ ਕੰਮ ਸੀ। ਅਗਰ ਬੰਬ ਸੁੱਟਣ ਵਾਲੇ ਠੀਕ ਦਿਮਾਗ ਦੇ ਨਾ ਹੁੰਦੇ, ਜਾਂ ਉਹ ਸੰਤੁਲਤ ਨਾ ਹੁੰਦੇ ਤਾਂ ਬੰਬ ਖਾਲੀ ਜਗ੍ਹਾ ਦੇ ਬਜਾਏ ਬੈਂਚਾਂ 'ਤੇ ਡਿਗਦਾ। ਮੈਂ ਤਾਂ ਕਹਾਂਗਾ ਕਿ ਖਾਲੀ ਜਗ੍ਹਾ ਦੀ ਚੋਣ ਕਰਨ ਲਈ ਜੋ ਹਿੰਮਤ ਅਸਾਂ ਦਿਖਲਾਈ ਹੈ, ਉਸ ਲਈ ਸਾਨੂੰ ਇਨਾਮ ਮਿਲਣਾ ਚਾਹੀਦਾ ਹੈ। ਇਨ੍ਹਾਂ ਹਾਲਾਤ ਵਿਚ, ਅਸੀਂ ਸੋਚਦੇ ਹਾਂ ਕਿ ਸਾਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਗਿਆ। ਆਪ ਦੀ ਸੇਵਾ ਵਿਚ ਅਸੀਂ ਸਜ਼ਾਵਾਂ ਵਿਚ ਕਮੀ ਕਰਵਾਉਣ ਨਹੀਂ ਆਏ, ਸਗੋਂ ਆਪਣੀ ਸਥਿਤੀ ਸਪਸ਼ਟ ਕਰਨ ਆਏ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਠੀਕ ਵਰਤਾਰਾ ਕੀਤਾ ਜਾਵੇ ਤੇ ਸਾਡੇ ਸਬੰਧ ਵਿਚ ਉਚਿਤ ਰਾਏ ਦਿੱਤੀ ਜਾਵੇ। ਸਜ਼ਾ ਦਾ ਸਵਾਲ ਸਾਡੇ ਲਈ ਬੇਮਾਇਨੇ ਹੈ।

# ਕਰਨੈਲ ਸਿੰਘ ਪਾਰਸ ਦੀਆਂ ਨਜ਼ਰਾਂ ਵਿਚ ਸ਼ਹੀਦ ਭਗਤ ਸਿੰਘ

## ਭਗਤ ਸਿੰਘ

ਭਗਤ ਸਿੰਘ ਸੁਣ ਅਜ਼ਲ ਦਾ ਰੂਪ ਬੜਾ ਵਿਕਰਾਲ,
ਮੂਸੇ ਵਰਗੇ ਭੱਜ ਗਏ ਦੇਖ ਸਾਹਮਣੇ ਕਾਲ,
ਜਾਂਦੇ ਤੱਕ ਕੇ ਮੌਤ ਨੂੰ ਸ਼ੇਰਾਂ ਦੇ ਚਿੱਤ ਡੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਪਾਣੀ ਵਿਚ ਲਕੀਰ ਦੀ ਨਾ ਨਿਕਲਦੀ ਖੋਜ,
ਨਾਜ਼ਕ ਮੋਢੇ ਚੁੱਕ ਨਾ ਸਕਣ ਐਨਾ ਬੋਝ,
ਉਮਰ ਸਤਾਰਾਂ ਸਾਲ ਤੂੰ ਅੱਲੜ੍ਹ ਤੇ ਅਣਭੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਮੁਸ਼ਕਲ ਮਾਰੇ ਜਾਣਗੇ ਬਹੁਆਂ ਕੋਲੋਂ ਚੋਰ,
ਖਿੰਡ ਜਾਣੇ ਕਈ ਪਈ ਤੋਂ ਭੂੰਡਾਂ ਵਾਂਗਰ ਛੋਹਰ,
ਮੁੰਡੇ ਵੱਡਿਆਂ ਘਰਾਂ ਦੇ ਤੇਰੇ ਵਰਗੇ ਸੋਹਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਦੇਸ਼ ਆਜ਼ਾਦ ਕਰਾਉਣ ਦੀ ਤੈਂ ਲਈ ਘੱਤ ਸੁਗੰਧ,
ਜੀਵਨ ਜੋਗਿਆ ਜਿਉਣ ਦਾ ਬਿਖੜਾ ਚੁਣਿਆ ਪੰਧ,
ਖਤਰਨਾਕ ਹਨ ਮੰਜ਼ਲਾਂ ਦੇਖ ਅੱਖੀਆਂ ਖੋਲ੍ਹ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਖੂਨੀ ਇਨਕਲਾਬ ਦਾ ਨਹੀਂ ਦੇਸ਼ ਦਾ ਰਥ,
ਕਿਹੜਾ ਖੂਨੀ ਸ਼ੇਰ ਦੇ ਮੂੰਹ ਵਿਚ ਪਾਊ ਹੱਥ,
ਕਿਹੜਾ ਪੈ ਵਿਚ ਤੱਕੜੀ ਉਤਰੂ ਸਾਵੇਂ ਤੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਕੋਈ 'ਕੱਲਾ ਆਦਮੀ ਬੰਨ੍ਹ ਨਾ ਸਕੇ ਸਿੰਧ,
ਜਾਗ੍ਰਤੀ ਵਿਚ ਆਇਆ ਜਿਸ ਦਿਨ ਸਾਰਾ ਹਿੰਦ,
ਹੋਵੇਗਾ ਅੰਗਰੇਜ਼ ਦਾ ਤਦੋਂ ਬਿਸਤਰਾ ਗੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਉਤੇ ਤੱਤੀ ਤਵੀ ਦੇ ਯੋਧੇ ਕਰਨ ਕਵਾਇਦ,
ਨਾ ਘਬਰਾਣਾ ਤੱਕ ਕੇ ਗੋਲੀ, ਫਾਂਸੀ, ਕੈਦ,
ਕਰਨਾ ਜਿਨ੍ਹਾਂ ਅਰੰਭ ਹੈ ਆਜ਼ਾਦੀ ਦਾ ਘੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਜਿਨ੍ਹਾਂ ਡੀਂਗਾਂ ਮਾਰ ਕੇ ਸਿਰ ਚੁੱਕਿਆ ਅਸਮਾਨ,
ਪਾਣੀ ਦੇ ਵਿਚ ਬੈਠ ਗਏ ਵੇਲੇ ਇਮਤਿਹਾਨ,
ਭੀੜ ਪਈ ਤੋਂ ਉਨ੍ਹਾਂ ਦੇ ਜ਼ਾਹਰ ਹੋ ਗਏ ਪੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਤਲਵਾਰਾਂ ਦੀ ਛਾਂ ਥੱਲੇ ਕੌਣ ਕਰਨਗੇ ਸਫਰ,
ਕਿਹੜੇ ਖਾਤਰ ਦੇਸ਼ ਦੀ ਖੁਦ ਜਾਲਣਗੇ ਜ਼ਫਰ,
ਕਾਲੇ ਸੱਪ ਦੀ ਸਿਰੀ ਜੋ ਮੂੰਹ ਵਿਚ ਲੈਣ ਚਬੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਗਲ 'ਚ ਕਿਹੜੇ ਪਾਉਣਗੇ ਉਸਤਰਿਆਂ ਦੇ ਹਾਰ,
ਦੱਸ ਲੋਹੇ ਦੇ ਥਣਾਂ 'ਚੋਂ ਕਿਹੜਾ ਕੱਢੂ ਧਾਰ,
ਝੂਟੂ ਕਿਹੜਾ ਸੂਰਮਾ ਸੂਲੀ ਸਮਝ ਚੰਡੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਕਿਹੜਾ ਵਿਆਹੂ ਫਾਂਸੀਆਂ ਬੈਂਤਾਂ ਕੌਣ ਸਹੂ,
ਹੇਤ ਮਾਦਰੇ ਵਤਨ ਦੀ ਡੋਲ੍ਹੇ ਸੱਜਰਾ ਲਹੂ,
ਕੌਣ ਭਮੱਕੜ ਜਾਣਗੇ ਚੱਲ ਸ਼ਮਾ ਦੇ ਕੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਧਾਰਾਂ ਤੇਗਾਂ ਦੀਆਂ 'ਤੇ ਕਿਹੜਾ ਨੱਚੂ ਨਾਚ,
ਸੀਸ ਤਲੀ 'ਤੇ ਧਰਨ ਦੀ ਮਰ ਕੇ ਦੱਸੂ ਜਾਚ,
ਕੌਣ ਕਰੂ ਮਨਸੂਰ ਬਣ ਸੂਲੀ ਉਤੇ ਝੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਕਿਹੜਾ ਸੁੱਤੀ ਮੌਤ ਦੇ ਸਿਰ ਵਿਚ ਮਾਰੂ ਇੱਟ,
ਲਊ ਆਪਣੇ ਆਪ ਨੂੰ ਬਲਦੇ ਭੱਠ ਵਿਚ ਸਿੱਟ,
ਕੂਕੇ ਜੀਕਣ ਕਰ ਗਏ ਤੋਪਾਂ ਨਾਲ ਕਲੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਭਾਰਤ ਮਾਂ ਦੇ ਮਹਿਲ 'ਤੇ ਕਰਨ ਖੂਨ ਦੀ ਟੀਪ,
ਕਿਹੜੇ ਪਾ ਕੇ ਚਰਬੀਆਂ ਜਗਾਵਣਗੇ ਦੀਪ,
ਵਿਚ ਕੁਠਾਲੀ ਪਿਘਲ ਕੇ ਸੋਨਾ ਬਣਨ ਨਿਰੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਗੋਰੇ ਡਾਕੂ ਦੇਸ਼ ਨੂੰ ਲੁੱਟੀ ਜਾਣ ਸਰੀਂਦ,
ਕੌਮ ਘੁਰਾੜੇ ਮਾਰਦੀ ਸੁੱਤੀ ਗੂੜ੍ਹੀ ਨੀਂਦ,
ਕੌਣ ਜਗਾਵੇ ਆਪਣੇ ਚੰਮ ਦਾ ਮੜ੍ਹ ਕੇ ਢੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਕੌਣ ਨਾ ਕੰਬੂ ਤੱਕ ਕੇ ਤੂਫਾਨਾਂ ਦਾ ਸ਼ੋਰ,
ਵਿਚ ਸਮੁੰਦਰ ਡੂੰਘਿਆਂ ਉੱਤਰ ਗੋਤਾਖੋਰ,
ਜਾਨ ਹੀਲ ਮਰਜੀਵੜੇ ਲਿਆਉਂਦੇ ਮੋਤੀ ਰੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

ਖੁਸ਼ੀਆਂ ਛੱਡ ਕੇ 'ਪਾਰਸਾ' ਕਿਉਂ ਪੈਂਦਾ ਵਿਚ ਗਮਾਂ,
ਗਫਲਤ ਦੇ ਵਿਚ ਗੁਜ਼ਰਿਆ ਨਾ ਆਏ ਹੱਥ ਸਮਾਂ,
ਸ਼ਾਦੀ ਕਰ ਕੇ ਮਾਣ ਲੈ ਲੱਭਾ ਜਨਮ ਅਮੋਲ,
ਗੱਲਾਂ ਕਰਨ ਸੁਖਾਲੀਆਂ ਔਖੇ ਪਾਲਣੇ ਬੋਲ।

## ਮੁੜ ਕੇ ਜਨਮ ਨਹੀਂ ਲੈਣਾ ਵੀਰਾ

ਮਾਂ ਜਾਇਆ ਭਗਤ ਸਿਆਂ ਜੀਹਦੇ ਦਿਲ ਵਿੱਚ ਸੱਧਰਾਂ ਲੱਖਾਂ,
ਮੈਂ ਅਮਰ ਕੌਰ ਭੈਣਾਂ ਕੋਲੇ ਭਰੀ ਖੜ੍ਹੀ ਹਾਂ ਅੱਖਾਂ,
ਆਖਰ ਦੀ ਮਿਲਣੀ ਨੂੰ ਆਈ ਮੈਂ ਤੇਰੀ ਹਮਸ਼ੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਇਸ ਤੋਂ ਬਿਨਾ ਝੂਠੇ ਨੇ ਰਿਸ਼ਤੇ ਜਿਹੜੇ ਲੰਮੇ ਚੌੜੇ,
ਆਪਣੇ ਮਾਂ ਜਾਇਆ ਵੇ ਸਾਂਝਾ ਖੂਨ ਰਗਾਂ ਵਿਚ ਦੌੜੇ,
ਜਿਸ ਖੂਨ 'ਚੋਂ ਉਪਜੀ ਮੈਂ ਉਸੇ ਰੌੜ ਦੇ ਬਣੇ ਸਰੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਮਾਂ, ਪਿਓ ਤੇ ਭੈਣ, ਭਰਾ, ਮੁੜ ਨਾ ਮਿਲੰਦੇ ਪੁੱਤਰ ਧੀਆਂ,
ਮੁੜ ਇਕ ਥਾਂ ਜੰਮਣਾ ਨਾ ਆਪਾਂ ਇਸ ਟੱਬਰ ਦੇ ਜੀਆਂ,
ਕਰ ਯਾਦ ਵਿਛੋੜੇ ਨੂੰ ਚੰਦਰਾ ਚਿੱਤ ਨਹੀਂ ਬੰਨ੍ਹਦਾ ਧੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਤੂੰ ਪੈਦਾ ਕੀਤਾ ਹੈਂ ਜਿਸ ਸਿੰਪੀ ਨੇ ਮਹਿੰਗਾ ਮੋਤੀ,
ਉਹ ਪਿਆਰੀ ਮਾਤਾ ਵੀ ਕੋਲੇ ਮੂਰਤ ਬਣੀ ਖਲੋਤੀ,
ਸਨ ਮਾਂ ਦੀਆਂ ਸਧਰਾਂ ਵੇ ਘੋੜੀ ਚੜ੍ਹਦਾ ਬੰਨ੍ਹ ਕੇ ਚੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਰਿਹਾ ਖੂਨ ਉਬਾਲੇ ਖਾ ਜਾਣੀਂ ਬਣ ਜਾਂ ਰਾਣੀ ਝਾਂਸੀ,
ਖੁਸ਼ ਹੋ ਕੇ ਥਾਂ ਤੇਰੇ ਵੀਰਾ ਆਪ ਲੱਗ ਜਾਂ ਫਾਂਸੀ,
ਕੀਤਾ ਅੰਗਰੇਜ਼ਾਂ ਨੇ ਭੈੜਾ ਹੱਦੋਂ ਪਰ੍ਹੇ ਵਤੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਵਿਚ ਜੰਗ ਆਜ਼ਾਦੀ ਦੇ ਦਿੱਤਾ ਆਪਣਾ ਤੂੰ ਸਿਰ ਲਾ,
ਮਾਂਵਾਂ ਪੁੱਤ ਜੰਮਦੀਆਂ ਨੇ ਕੋਈ ਤੇਰੇ ਵਰਗਾ ਵਿਰਲਾ,
ਵਿਚ ਲੜੀ ਪਰੋਇਆ ਗਿਆ ਸੁੱਚਾ ਭਾਰਤ ਮਾਂ ਦਾ ਹੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਇਤਿਹਾਸ ਭੁਲਾਊ ਨਾ ਜੋ ਤੂੰ ਬਾਲ ਉਮਰ ਵਿਚ ਕੀਤਾ,
ਹੈ ਗੱਭਰੂ ਤਬਕੇ ਦੇ ਦਿੱਤਾ ਦਿਲਾਂ 'ਚ ਬਾਲ ਪਲੀਤਾ,
ਚੋਬਰ ਸ਼ਹਿਰਾਂ ਪਿੰਡਾਂ ਦੇ ਲੱਗੇ ਥਾਂ ਥਾਂ ਕਰਨ ਕਚੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਨੀਂਹ ਕੌਮੀ ਮੰਦਰ ਦੀ ਪਾ ਕੇ ਵਿਚ ਪਵਿੱਤਰ ਹੱਡੀਆਂ,
ਛੋਟੀ ਜਿਹੀ ਜ਼ਿੰਦੜੀ ਨੇ ਕਰਨੀਆਂ ਕਰੀਆਂ ਕਿੰਨੀਆਂ
ਵੱਡੀਆਂ,
ਸਨ ਸਾਕੇ ਬੜੇ ਕਰੇ ਬਾਂਕਿਆ ਬਾਲ ਵਰੇਸ ਪਠੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਛਾਂਵੇਂ ਤਲਵਾਰਾਂ ਦੀ ਵਧ ਕੇ ਲੜਿਆ ਵਾਂਗ ਅਸੀਲਾਂ,
ਮੈਂ ਇਹ ਵੀ ਕੁਹਿੰਦੀ ਨਾ ਹੁਣ ਤੂੰ ਅੰਦਰੋਂ ਕਰੇਂ ਅਪੀਲਾਂ,
ਤੂੰ ਰੋਲ ਅਦਾ ਕੀਤਾ ਭਾਰਤ ਵਿਚੋਂ ਬੇਨਜ਼ੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

ਕਰਨੈਲ ਕਵੀਸ਼ਰ ਵੇ ਤੇਰੀ ਲਿਖੂ ਛੰਦਾਂ ਵਿਚ ਸ਼ਾਵਾ,
ਚੜ੍ਹ ਤਖਤੇ ਫਾਂਸੀ ਦੇ ਨਾ ਤੂੰ ਡੋਲੀਂ ਚਮਕੌਰੂ ਭਰਾਵਾ,
ਜਾ ਵਿਚ ਨਿਸ਼ਾਨੇ ਦੇ ਵੱਜੀਂ ਛੁੱਟ ਕਮਾਨੋਂ ਤੀਰਾ,
ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।

## ਗਾਈਏ ਭਗਤ ਸਿੰਘ ਦੀ ਘੋੜੀ

ਫੁੱਲ ਵਰ੍ਹਾਓ ਸਿਰ ਦੇ ਉਤੇ ਬੱਧੇ ਸੋਹਣੇ ਚੀਰੇ ਵੇ,
ਛੱਡੋ ਪਰ੍ਹੇ ਗਮਾਂ ਦੀਆਂ ਗੱਲਾਂ ਸ਼ਗਨ ਮਨਾਈਏ ਵੀਰੇ ਦੇ,
ਜਗ੍ਹਾ ਤੇਲ ਦੀ ਦੀਪ 'ਚ ਜਿਸ ਨੇ ਆਪਣੀ ਰੱਤ ਨਿਚੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਬਿੱਛੂ ਬਣੇ ਗਲੋਟੇ ਲੱਗਣ ਪੂਣੀਆਂ ਕਾਲੀਆਂ ਨਾਗਣੀਆਂ,
ਚੀਕਣ ਫੁੱਟ, ਗੁੱਝ ਕੁਰਲਾਵੇ, ਗੁੱਡੀਆਂ ਰੋਣ ਨਿਭਾਗਣੀਆਂ,
ਕੱਤਣ ਤੁੰਬਣ ਨਾ ਕਰਦਾ ਹੈ ਚਿੱਤ ਚੰਦਰਾ ਕੋਹੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਇਕ ਮਾਤਾ ਦੇ ਪੇਟ ਪਵਿੱਤਰ 'ਚੋਂ ਨਹੀਂ ਮੁੜ ਮੁੜ ਜੰਮੀ
ਦਾ,
ਜਾ ਸਹੁਰਿਆਂ ਦਾ ਵਾਸੀ ਹੋਇਆ ਜਾਇਆ ਮੇਰੀ ਅੰਮੀ ਦਾ,
ਸ਼ਾਹ ਅਸਵਾਰ ਨੇ ਵਤਨਾਂ ਵੱਲੀਂ ਵਾਂਗ ਕਦੇ ਨਾ ਮੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਵੀਰ ਵਿਛੋੜਾ ਮੁਖੀ ਤੀਰ ਦੀ ਦਿਲ ਭੈਣਾਂ ਦਾ ਛੇਕੇ ਨੀ,
ਬਾਝ ਭਰਾਵਾਂ ਸੁੰਨੇ ਜਾਪਣ ਵਸਦੇ ਰਸਦੇ ਪੇਕੇ ਨੀ,
ਵੱਢ ਵੱਢ ਖਾਂਦਾ ਰਹੇ ਹੱਡਾਂ ਨੂੰ ਝੋਰਾ ਮਰਦਿਆਂ ਤੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਵੀਰ ਸੰਧਾਰੇ ਲੈ ਕੇ ਆਉਂਦੇ ਜਦ ਹੁੰਦੇ ਦਿਨ ਤੀਆਂ ਦੇ,
ਜੋ ਮਾਪਿਆਂ ਤੋਂ ਸੱਖਣੀਆਂ ਨੇ ਕਾਹਦੇ ਧੁਰਵੇ ਧੀਆਂ ਦੇ,
ਇੰਜ ਤੜਫਦੀਆਂ ਰਹਿਣ ਤੱਤੀਆਂ ਜਿਉਂ ਜਲ ਮੀਨ ਵਿਛੋੜੀ
ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਸੈਂਟਰਲ ਜੇਲ੍ਹ ਲਾਹੌਰ 'ਚ ਲੈ ਕੇ ਫਾਂਸੀ ਉਤੇ ਝੂਟਾ ਨੀ,
ਦੁਨੀਆਂ ਭਰ ਵਿਚ ਮਹਿਕ ਖਿੰਡਾ ਗਿਆ ਸੜ ਚੰਦਨ ਦਾ
ਬੂਟਾ ਨੀ,
ਬੰਬ ਪਾਰਲੀਆਮੈਂਟ 'ਚ ਸਿੱਟੇ ਸੁੱਤੀ ਕੌਮ ਝੰਜੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਅਰਬ ਖਰਬ ਪਰਵਾਨੇ ਜਿਸ ਨੂੰ ਨਿਉਂ ਨਿਉਂ ਕਰਨ ਸਲਾਮੀ
ਨੀ,
ਜਾਂਦਾ ਲਾੜਾ ਸਿਹਰੇ ਬੰਨ੍ਹੀ ਦੋ ਜਾਨੀ ਹਨ ਲਾਹਮੀਂ ਨੀ,
ਰਾਜਗੁਰੂ, ਸੁਖਦੇਵ ਸੂਰਮੇ ਸਰਬਾਲਿਆਂ ਦੀ ਜੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਐਸ਼ਾਂ ਭਰੀ ਜ਼ਿੰਦਗੀ ਕਰ ਕੇ ਆਜ਼ਾਦੀ ਤੋਂ ਸਸਤੀ ਨੀ,
ਕਾਇਮ ਵਜੂਦ ਕੌਮ ਦਾ ਰੱਖਿਆ ਮੇਟ ਆਪਣੀ ਹਸਤੀ ਨੀ,
ਪਿੰਡ ਸ਼ਹੀਦਾਂ ਦੇ ਜਾ ਗੱਡੀ ਸਤਲੁਜ ਕੰਢੇ ਮੋਹੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਡੁੱਲ੍ਹ ਡੁੱਲ੍ਹ ਪੈਂਦੇ ਹਾਸੇ ਸਾਡੇ ਖੁਸ਼ੀਆਂ ਵੰਡੇ ਵਿਹੜਾ ਨੀ,
ਦੂਰ ਵਲੈਤੀਂ ਉਘਾ ਕੀਤਾ ਏਸ ਵਿਆਹ ਨੇ ਖੇੜਾ ਨੀ,
ਖਟਕੜ ਕਲਾਂ ਨਗਰ ਨੂੰ ਕੋਈ ਖੁਸ਼ੀ ਨਹੀਂ ਹੈ ਥੋੜ੍ਹੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਧੀ ਵਾਲਿਆਂ ਤੋਂ ਲੈ ਖੁਸ਼ਖਬਰੀ ਲਾਗੀ ਸਾਡੇ ਆਇਆ ਨੀ,
ਆਖੋ ਬਾਬਲ ਕਿਸ਼ਨ ਸਿੰਘ ਨੂੰ ਦਿਨ ਵਡਭਾਗੀ ਆਇਆ
ਨੀ,
ਦੇਸ਼ ਭਗਤ ਚਾਚੇ ਨਾ ਪਾਵਣ ਕੁੜਮਾਂ ਨਾਲ ਮਰੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

ਮੇਰੀ ਭਰਜਾਈ ਦੀਆਂ ਭੈਣਾਂ ਜੁੱਤੀ ਚੱਕਣ ਜੀਜੇ ਦੀ,
ਕਹੁ ਬੀਬੀਏ ਕਦੋਂ ਤਾਈਂ ਮੈਂ ਭੂਆ ਬਣੂੰ ਭਤੀਜੇ ਦੀ,
ਕਦੋਂ ਮਾਂ ਘਰ ਪੋਤਾ ਜੰਮੂ ਕਦ ਉਹ ਵੰਡੂ ਲੋਹੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

'ਪਾਰਸ' ਦੀ ਵੱਟੀ ਤੋਂ ਮਹਿੰਗਾ ਕੀਤਾ ਜਿਸ ਨੇ ਦਮੜੀ ਨੂੰ,
ਜਿਸ ਦੇ ਘਰ ਸਮਾਗਮ ਐਡਾ ਦਿਓ ਵਧਾਈ ਅੰਮੜੀ ਨੂੰ,
ਗਾ ਕੇ ਗੀਤ ਖੁਸ਼ੀ ਦੇ ਮੰਗੋ ਗੁੜ ਦੀ ਰੋੜੀ ਰੋੜੀ ਨੀ,
ਆਓ ਭੈਣੋਂ ਰਲ ਮਿਲ ਗਾਈਏ ਭਗਤ ਸਿੰਘ ਦੀ ਘੋੜੀ ਨੀ।

#

## 23 ਮਾਰਚ 1931

ਬਸੰਤੀ ਪੱਗ ਬੰਨ੍ਹਣ ਨਾਲ ਕੋਈ ਭਗਤ ਸਿੰਘ ਨਹੀਂ ਬਣਦਾ,
ਸਿਰ ਦੇ ਕੇ ਮੁੱਲ ਚੁਕਾਣਾ ਪੈਂਦਾ ਹੈ ਜਿੱਤੀ ਰਣ ਦਾ।
ਜਦ ਪੈ ਜਾਵੇ ਦੇਸ਼ ਕੌਮ 'ਤੇ ਸੰਕਟ ਜਿਗਰੇ ਨੂੰ ਫੌਲਾਦ ਕਰੋ,
ਉਸ ਵੇਲੇ 23 ਮਾਰਚ ਨੂੰ ਯਾਦ ਕਰੋ।

ਜਦ ਵੀ ਸਿਆਸਤਦਾਨ ਮੈਨੂੰ ਕਰਨ ਅੱਧ ਮੋਇਆ,
ਮੈਂ ਪੜ੍ਹ ਜੇਲ੍ਹ ਦੀ ਡਾਇਰੀ ਭਗਤ ਸਿੰਘ ਦੀ, ਹਾਂ ਰੋਇਆ।
ਵਤਨ ਦੀ ਖਾਤਰ ਆਪਣੇ ਆਪ ਨੂੰ ਸਪੁਰਦੇ ਖਾਕ ਕਰੋ,
ਉਸ ਵੇਲੇ 23 ਮਾਰਚ ਨੂੰ ਯਾਦ ਕਰੋ।

ਜਦ ਮਜ਼ਲੂਮਾਂ ਦੀ ਰੂਹ ਅਮੀਰਾਂ ਦੀ ਚੱਕੀ ਪੀਹਵੇ,
ਇਕ ਇਕ ਮਜ਼ਦੂਰ ਦੇ ਵਿਚ ਲੱਖ-ਲੱਖ ਭਗਤ ਸਿੰਘ ਜੀਵੇ।
ਜਦ ਮਜ਼ਲੂਮਾਂ ਦੇ ਖੇਤ ਹੱਕਾਂ ਨਾਲ ਆਬਾਦ ਕਰੋ,
ਉਸ ਵੇਲੇ 23 ਮਾਰਚ ਨੂੰ ਯਾਦ ਕਰੋ।


ਜਦ ਕੋਈ ਪਖੰਡੀ ਸਾਧ ਪਾਵੇ ਧਰਮਾਂ ਦੇ ਵਿਚ ਵੰਡੀਆਂ,
ਤਦ ਧਰਮ ਨਿਰਪੇਖਤਾ ਦੀਆਂ ਬੁਲੰਦ ਕਰੋ ਝੰਡੀਆਂ।
ਸਰਬੱਤ ਦਾ ਭਲਾ ਮੰਗਣ ਵਾਲੇ ਗੁਰਸਿੱਖ ਦੀ ਅਰਦਾਸ ਕਰੋ,
ਉਸ ਵੇਲੇ 23 ਮਾਰਚ ਨੂੰ ਯਾਦ ਕਰੋ।

ਗਵਾਹੀ ਮਹਾਂ ਬਲੀਦਾਨ ਦੀ 'ਮਣਕੇ' ਦੀ ਕਲਮ ਹੈ ਭਰਦੀ,
ਧਰਤੀ ਦੇਸ਼ ਭਗਤ ਮਜੀਠੀਆਂ ਦੀ ਹੈ ਹਾਮੀ ਭਰਦੀ।
ਮੁੜ ਆਵੇ ਨਾ ਭਾਰਤ ਉਤੇ ਗੁਲਾਮੀ ਇਹ ਫਰਿਆਦ ਕਰੋ,
ਉਸ ਵੇਲੇ 23 ਮਾਰਚ 1931 ਨੂੰ ਯਾਦ ਕਰੋ।

---

## ਭਗਤ ਸਿੰਘ

ਅਸੀਂ ਅੱਜ ਤਕ ਤੇਰੇ ਕੋਲੋਂ
ਬੜਾ ਕੁੱਝ ਲਿੱਤਾ ਭਗਤ ਸਿੰਘਾ!
ਪਰ ਕਦੇ ਵੀ ਤੈਨੂੰ
ਕੁੱਝ ਨਾ ਅਸੀਂ ਦਿੱਤਾ ਭਗਤ ਸਿੰਘਾ!
ਕਿਉਂ ਤੂੰ ਸਰਕਾਰੀ ਕਾਗਜ਼ਾਂ ਅਤੇ
ਕਰੰਸੀ ਉਤੇ ਖਾਮੋਸ਼ ਹੈਂ।
ਇਹ ਜਾਣਦੇ ਹੋਏ ਵੀ ਕਿ ਤੂੰ ਆਜ਼ਾਦੀ ਦੀ



ਸਭ ਤੋਂ ਵੱਡੀ ਸੋਚ ਹੈਂ।
ਕਿਉਂ ਆਜ਼ਾਦ ਸਰਕਾਰਾਂ ਨੇ
ਤੈਨੂੰ ਭੁਲਾ ਦਿੱਤਾ ਭਗਤ ਸਿੰਘਾ।...

ਜੋ ਮਿਲਿਆ ਤੈਨੂੰ ਜੀਵਨ, ਕਿਉਂ ਤੂੰ ਉਸ ਨੂੰ,
ਜੀ ਕੇ ਵੇਖਿਆ ਨਾ।
ਨਾ ਹੱਥੀ ਡੋਲੀ ਤੋਰੀ ਭੈਣ ਅਮਰ ਕੌਰ ਦੀ,
ਆਪਣੇ ਸਿਰੋਂ ਵਾਰਿਆ
ਮਾਂ ਦਾ ਪਾਣੀ ਪੀ ਕੇ ਵੇਖਿਆ ਨਾ।
ਸਾਡੇ ਵਰਗੇ ਲੋਕਾਂ ਲਈ ਤੂੰ ਖੁਦ ਨੂੰ
ਕਰ ਕੁਰਬਾਨ ਦਿੱਤਾ ਭਗਤ ਸਿੰਘਾ!
ਪਰ ਕਦੇ ਵੀ ਤੈਨੂੰ ਅਸੀਂ
ਕੁੱਝ ਨਹੀਂ ਦਿੱਤਾ ਭਗਤ ਸਿੰਘਾ!

*-ਤਰਨਦੀਪ ਸਿੰਘ ਸ਼ੇਰਗਿਲ 'ਮਣਕਾ'*

---

## ਗਵਾਚੇ ਵੀਰ

ਹੱਥ ਵਿਚ ਰੱਖੜੀ ਤੇ ਨੈਣਾਂ ਵਿਚ ਨੀਰ
ਕਿੱਥੋਂ ਲੱਭ ਲਿਆਵਾਂ ਗਵਾਚੇ ਚਿੱਟੇ 'ਚ ਵੀਰ।
ਲੱਖਾਂ ਹੀ ਸੁਪਨੇ ਸੀ ਲੱਖਾਂ ਹੀ ਚਾਅ ਸੀ
ਸਰਕਾਰਾਂ ਨੇ ਕਰ ਦਿੱਤੇ ਸਭ ਲੀਰੋ-ਲੀਰ।...

ਕਰਕੇ ਦੁਆਵਾਂ ਥੋਨੂੰ ਰੱਬ ਕੋਲੋਂ ਮੰਗਿਆ ਸੀ,
ਤੁਸੀ ਜਿੰਦ ਆਪਣੀ ਨੂੰ ਸੂਲੀ ਉਤੇ ਟੰਗਿਆ ਜੀ।
ਰੰਗਣੀ ਸੀ ਜਿੰਦ ਤੁਸੀ ਮੌਤ ਨੂੰ ਰੰਗਿਆ ਜੀ,
ਜ਼ਿੰਦਗੀ ਦਾ ਪੈਂਡਾ ਥੋੜਾ ਨਰਕਾਂ 'ਚੋਂ ਲੰਘਿਆ ਜੀ।
ਮਾਂ ਆਪਣੀ ਦਾ ਸੀਨਾ ਦਿੱਤਾ ਕਾਹਤੋਂ ਚੀਰ।...
ਛੱਡ ਕੇ ਤੂੰ ਚੂਰੀਆਂ ਨੂੰ ਚਿੱਟਾ ਕਾਹਤੋਂ ਖਿੱਚਦਾ ਏ?
ਦਾਰੂ ਦੀਆਂ ਬੋਤਲਾਂ ਨੂੰ ਪੀਣਾ ਕਾਹਤੋਂ ਸਿੱਖਦਾ ਏ?
ਖਾ ਕੇ ਤੂੰ ਭੁੱਕੀ ਨਿੱਤ ਸੜਕਾਂ 'ਤੇ ਲਿਟਦਾ ਏ,
ਹੌਲੀ-ਹੌਲੀ ਥੋੜਾ-ਥੋੜਾ ਦਿਨ ਰਾਤ ਮਿਟਦਾ ਏ।
ਚੇਤੇ ਨਹੀਓਂ ਆਉਂਦੀ ਤੈਨੂੰ ਦਾਦੀ ਮਾਂ ਦੀ ਖੀਰ।...


ਤੇਰਾ ਨ੍ਹੀਂ ਕਸੂਰ ਇਹ ਸਿਆਸਤਾਂ ਨੇ ਮਾੜੀਆਂ,
ਲਾਈ ਜਾਣ ਮੁੰਡਿਆਂ ਨੂੰ ਨਸ਼ੇ ਦੀਆਂ ਬਿਮਾਰੀਆਂ।
ਆਉਂਦੀਆਂ ਨੇ ਭਰ-ਭਰ ਸਮੈਕ ਦੀਆਂ ਲਾਰੀਆਂ,
ਥਾਣੇ ਅਤੇ ਠੇਕਿਆਂ 'ਚ ਪੁੱਜਦੀਆਂ ਨੇ ਸਾਰੀਆਂ।
ਮਜੀਠੀਏ ਨੇ ਮਾਰੇ ਸਾਡੀ ਪਿੱਠ ਵਿਚ ਤੀਰ।...

ਮੇਰਾ ਕੋਈ ਸੋਹਣਾ ਉਹ ਵੀਰਾ ਲਿਆ ਦਿਓ
ਰੰਗਲੇ ਪੰਜਾਬ ਦਾ ਹੀਰਾ ਲਿਆ ਦਿਓ।
ਹੱਥ ਦੀਆਂ ਮੀਟੀਆਂ ਲਕੀਰਾਂ ਲਿਆ ਦਿਓ,
ਪੰਜਾਬੀ ਦੀਆਂ ਮਰੀਆਂ ਜਮੀਰਾਂ ਲਿਆ ਦਿਓ।
ਉਠ ਜਾ 'ਪ੍ਰੀਤ' ਹੁਣ ਬਣ ਨਾ ਫਕੀਰ।...

*-ਕਿਰਨਪ੍ਰੀਤ ਸਿੰਘ*
**ਫੋਨ: 91-94650-06068**

# ਗਰਾਮੋਫੋਨ ਤੋਂ ਆਨਲਾਈਨ ਸੰਗੀਤ ਦੀ ਸੰਗਤ

ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਹਰ ਖੇਤਰ ਵਿਚ ਸਮੇਂ ਸਮੇਂ ਤਬਦੀਲੀ ਆਉਂਦੀ ਰਹਿੰਦੀ ਹੈ। ਇਸੇ ਤਰ੍ਹਾਂ ਸੰਗੀਤ ਦੇ ਖੇਤਰ ਵਿਚ ਪਿਛਲੀ ਇੱਕ ਸਦੀ ਦੌਰਾਨ ਵੱਡੀ ਤਬਦੀਲੀ ਆਈ ਹੈ। ਕਿਸੇ ਸਮੇਂ ਮਨੋਰੰਜਨ ਦਾ ਸਾਧਨ ਗਰਾਮੋਫੋਨ ਅਤੇ ਗਰਾਮੋਫੋਨ 'ਤੇ ਵੱਜਣ ਵਾਲੇ ਰਿਕਾਰਡ ਬੀਤੇ ਦੀ ਗੱਲ ਬਣ ਗਏ ਹਨ। ਗਰਾਮੋਫੋਨ ਤੋਂ ਟੇਪ ਰਿਕਾਰਡਰ, ਟੇਪ ਰਿਕਾਰਡਰ ਤੋਂ ਸੀ. ਡੀ. ਪਲੇਅਰ, ਫਿਰ ਚਿਪ ਜਾਂ



ਜੰਗ ਪਾਲ ਸਿੰਘ
ਫੋਨ: +91-98723-81820

ਪੈਨ ਡਰਾਈਵ ਤੋਂ ਲੰਘਦੇ ਹੋਏ ਆਨਲਾਈਨ ਸੰਗੀਤ ਦੇ ਦੌਰ ਤਕ ਪੁੱਜ ਗਏ ਹਾਂ।

ਪੁਰਾਣੇ ਸਮੇਂ ਵਿਚ ਲੋਕ ਇਕੱਠੇ ਹੋ ਕੇ ਕਿਸੇ ਗਾਇਕ ਦੇ ਸਾਹਮਣੇ ਬੈਠ ਕੇ ਗੀਤ ਸੁਣਦੇ ਹੁੰਦੇ ਸਨ, ਪਰ ਉਸ ਗਾਇਕ ਦੇ ਗਾਏ ਗੀਤ ਨੂੰ ਸੰਭਾਲਣ ਦਾ ਕੋਈ ਸਾਧਨ ਜਾਂ ਯੰਤਰ ਨਹੀਂ ਸੀ। ਇਸ ਲਈ ਗਾਇਕ ਦੇ ਇਸ ਫਾਨੀ ਜਹਾਨ ਤੋਂ ਕੂਚ ਕਰ ਜਾਣ 'ਤੇ ਉਸ ਦਾ ਫਨ ਵੀ ਉਸ ਦੇ ਨਾਲ ਹੀ ਦਫਨ ਹੋ ਜਾਂਦਾ ਸੀ। ਗਰਾਮੋਫੋਨ ਰਿਕਾਰਡ ਕਿਸੇ ਸ਼ਖਸ ਵੱਲੋਂ ਗਾਏ ਗੀਤ ਨੂੰ ਸੰਭਾਲਣ ਦਾ ਸਾਧਨ ਸੀ ਤਾਂ ਜੋ ਜਦੋਂ ਜੀਅ ਕਰੇ ਉਸ ਗੀਤ ਨੂੰ ਸੁਣਿਆ ਜਾ ਸਕੇ। ਜਿਸ ਮਸ਼ੀਨ ਉਪਰ ਗਰਾਮੋਫੋਨ ਰਿਕਾਰਡ ਘੁੰਮਦਾ ਸੀ, ਉਸ ਨੂੰ ਗਰਾਮੋਫੋਨ ਜਾਂ ਰਿਕਾਰਡ ਪਲੇਅਰ ਕਿਹਾ ਜਾਂਦਾ ਸੀ। ਆਮ ਬੋਲਚਾਲ ਦੀ ਭਾਸ਼ਾ ਵਿਚ ਰਿਕਾਰਡ ਨੂੰ ਤਵਾ ਕਿਹਾ ਜਾਂਦਾ ਸੀ, ਕਿਉਂਕਿ ਇਸ ਦਾ ਆਕਾਰ ਤੇ ਰੰਗ ਤਵੇ ਵਰਗਾ ਕਾਲਾ ਹੁੰਦਾ ਸੀ। ਰਿਕਾਰਡ ਪਲੇਅਰ ਨੂੰ ਤਵਿਆਂ ਵਾਲੀ ਮਸ਼ੀਨ ਕਿਹਾ ਜਾਂਦਾ ਸੀ। ਭਾਰਤ ਵਿਚ ਇਹ ਮਸ਼ੀਨ ਪਿਛਲੀ ਸਦੀ ਦੇ ਅੱਧ ਵਿਚ ਬਰਤਾਨਵੀ ਕੰਪਨੀ 'ਹਿਜ਼ ਮਾਸਟਰਜ਼ ਵਾਇਸ' ਵੱਲੋਂ ਬਾਜ਼ਾਰ ਵਿਚ ਲਿਆਂਦੀ ਗਈ। ਇਸ ਕੰਪਨੀ ਨੂੰ ਸੰਖੇਪ ਵਿਚ ਐਚ.ਐਮ.ਵੀ. ਕਿਹਾ ਜਾਂਦਾ ਸੀ। ਮਗਰੋਂ ਇਹ ਕੰਪਨੀ ਇਕ ਹੋਰ ਕੰਪਨੀ ਇਲੈਕਟਰੀਕਲ ਐਂਡ ਮੈਗਨੈਟਿਕ ਇੰਡਸਟਰੀ ਭਾਵ ਈ.ਐਮ.ਆਈ. ਨੇ ਖਰੀਦ ਲਈ।

ਐਚ.ਐਮ.ਵੀ. ਤੋਂ ਇਲਾਵਾ ਈ. ਐਮ. ਆਈ. ਦੇ ਕੋਲੰਬੀਆ ਅਤੇ ਏਂਜਲਜ਼ ਬਰਾਂਡ ਦੇ ਰਿਕਾਰਡ ਪਲੇਅਰ ਤੇ ਰਿਕਾਰਡ ਵੀ ਵਿਕਦੇ ਰਹੇ ਹਨ। ਸ਼ੁਰੂ ਵਿਚ ਰਿਕਾਰਡ ਪੱਥਰ ਦੇ ਹੁੰਦੇ ਸਨ, ਪਰ ਬਾਅਦ ਵਿਚ ਕਾਰਬਨ ਵਰਗੇ ਕਿਸੇ ਪਦਾਰਥ ਨਾਲ ਬਣਨ ਲੱਗੇ। ਤਵੇ ਦਾ ਵਿਆਸ ਤਕਰੀਬਨ ਦਸ ਇੰਚ ਹੁੰਦਾ ਸੀ। ਇਸ ਉਪਰ ਬਹੁਤ ਬਾਰੀਕ ਝਰੀਆਂ ਬਣੀਆਂ ਹੁੰਦੀਆਂ ਸਨ। ਇਸ ਤਵੇ ਨੂੰ ਮਸ਼ੀਨ ਉਪਰ ਰੱਖ ਦਿੱਤਾ ਜਾਂਦਾ ਸੀ, ਮਸ਼ੀਨ ਨੂੰ ਚਾਬੀ ਦਿੱਤੀ ਜਾਂਦੀ ਸੀ ਤੇ ਤਵਾ ਘੁੰਮਣ ਲੱਗਦਾ ਸੀ।

ਹਰ ਗੀਤ ਖਤਮ ਹੋਣ ਉਪਰੰਤ ਸੂਈ ਬਦਲਣੀ ਪੈਂਦੀ ਸੀ ਤੇ ਚਾਬੀ ਵੀ ਨਵੇਂ ਸਿਰੇ ਤੋਂ ਭਰਨੀ ਪੈਂਦੀ ਸੀ। ਇਸ ਤਰ੍ਹਾਂ ਦੋ ਰਿਕਾਰਡਾਂ ਦੇ ਵੱਜਣ ਦੇ ਦਰਮਿਆਨ ਤਕਰੀਬਨ ਇਕ ਮਿੰਟ ਲੱਗ ਜਾਂਦਾ ਸੀ। ਜੇ ਕਿਤੇ ਰਿਕਾਰਡ ਜ਼ਮੀਨ 'ਤੇ ਡਿੱਗ ਪੈਂਦਾ ਤਾਂ ਟੋਟੇ-ਟੋਟੇ ਹੋ ਜਾਂਦਾ ਸੀ, ਭਾਵ ਬਿਲਕੁਲ ਹੀ ਬੇਕਾਰ ਹੋ ਜਾਂਦਾ ਸੀ। ਅਕਸਰ ਇਨ੍ਹਾਂ ਤਵਿਆਂ ਨੂੰ ਇਕ ਖਾਸ ਆਕਾਰ ਦੇ ਬਕਸੇ ਵਿਚ ਖੜ੍ਹੇ ਦਾਅ ਰੱਖਿਆ ਜਾਂਦਾ ਸੀ, ਕਿਉਂਕਿ ਇਕ ਦੂਜੇ ਉਪਰ ਰੱਖਣ ਨਾਲ ਝਰੀਆਂ ਖਰਾਬ ਹੋ ਜਾਂਦੀਆਂ ਸਨ। ਕਈ ਵਾਰ ਰਿਕਾਰਡ ਖਰਾਬ ਹੋਣ ਜਾਂ ਫਿਰ ਪੁਰਾਣਾ ਹੋ ਜਾਣ ਦੀ ਸੂਰਤ ਵਿਚ ਸੂਈ ਵਾਰ ਵਾਰ ਇੱਕੋ ਝਰੀ ਦੇ ਚੱਕਰ ਲਾਉਣ ਲੱਗ ਜਾਂਦੀ ਤੇ ਵਾਰ ਵਾਰ ਉਹੀ ਆਵਾਜ਼ ਆਉਂਦੀ ਰਹਿੰਦੀ। ਇਕ ਵਾਰ ਰੇਡੀਓ ਸੀਲੋਨ (ਹੁਣ ਦਾ ਸ੍ਰੀਲੰਕਾ) ਤੋਂ ਬਿਨਾਕਾ ਗੀਤ ਮਾਲਾ ਨਾਂ ਦੇ ਪ੍ਰੋਗਰਾਮ ਵਿਚ ਮੁਹੰਮਦ ਰਫੀ ਦੀ ਆਵਾਜ਼ ਵਿਚ ਗੀਤ ਵੱਜ ਰਿਹਾ ਸੀ। ਵਾਰ ਵਾਰ ਇਹੀ ਆਵਾਜ਼ ਆਵੇ: 'ਸੌ ਸੌ ਬਾਰ, ਸੌ ਸੌ ਬਾਰ।' ਪ੍ਰੋਗਰਾਮ ਦੇ ਸੰਚਾਲਕ ਅਮੀਨ ਸਿਆਨੀ ਨੇ ਤੁਰੰਤ ਰਿਕਾਰਡ ਬੰਦ ਕਰ ਕੇ ਕਿਹਾ, "ਭਾਈਓ ਔਰ ਬਹਿਨੋ, ਹਮ ਕੋਈ ਜਨਮੋਂ ਕੀ ਗਿਨਤੀ ਨਹੀਂ ਕਰ ਰਹੇ ਥੇ। ਦਰਅਸਲ ਰਿਕਾਰਡ ਮੇਂ ਖਰਾਬੀ ਕੀ ਵਜਹ ਸੇ ਆਪ ਕੋ 'ਸੌ ਸੌ ਬਾਰ, ਸੌ ਸੌ ਬਾਰ' ਸੁਨਨਾ ਪੜਾ।"

ਆਜ਼ਾਦੀ ਤੋਂ ਪਹਿਲਾਂ ਕਿਸੇ ਵਿਰਲੇ ਸ਼ੌਕੀਨ ਬੰਦੇ ਕੋਲ ਹੀ ਗਰਾਮੋਫੋਨ ਹੁੰਦਾ ਸੀ। ਆਜ਼ਾਦੀ ਮਗਰੋਂ ਗਰਾਮੋਫੋਨ ਦੇ ਸ਼ੌਕੀਨ ਵਧਣ ਲੱਗੇ। ਐਚ. ਐਮ. ਵੀ. ਤੋਂ ਇਲਾਵਾ ਹੋਰ ਕੰਪਨੀਆਂ ਜਿਵੇਂ ਫਿਲਿਪਸ ਤੇ ਗਰੂੰਡਿੰਗ ਵੱਲੋਂ ਵੀ ਗਰਾਮੋਫੋਨ ਬਾਜ਼ਾਰ ਵਿਚ ਲਿਆਂਦੇ ਗਏ। ਸੱਠਵਿਆਂ ਦੇ ਸ਼ੁਰੂ ਵਿਚ ਛੋਟੇ ਆਕਾਰ ਦੇ ਤਵੇ ਆ ਗਏ। ਇਨ੍ਹਾਂ ਛੋਟੇ ਆਕਾਰ ਦੇ ਤਵਿਆਂ ਦੀ ਰਫਤਾਰ 45 ਆਰ. ਪੀ. ਐਮ. ਸੀ ਅਤੇ ਇਸ ਦੇ ਦੋਵੇਂ ਪਾਸੇ ਦੋ-ਦੋ ਗੀਤ ਭਰੇ ਹੁੰਦੇ ਸਨ। ਇਨ੍ਹਾਂ ਦੋ-ਦੋ ਗੀਤਾਂ ਵਾਲੇ ਤਵਿਆਂ ਨੂੰ ਐਕਸਟੈਂਡਿਡ ਪਲੇਅ ਜਾਂ ਫਿਰ ਸੰਖੇਪ ਵਿਚ ਈ.ਪੀ. ਕਿਹਾ ਜਾਂਦਾ ਸੀ। ਹੁਣ ਗਰਾਮੋਫੋਨ ਵੀ ਆਧੁਨਿਕ ਕਿਸਮ ਦੇ ਆ ਗਏ ਤੇ ਰਿਕਾਰਡ ਸੁਣਨ ਤੋਂ ਪਹਿਲਾਂ ਚਾਬੀ ਵੀ ਨਹੀਂ ਸੀ ਭਰਨੀ ਪੈਂਦੀ। ਨਵੇਂ ਗਰਾਮੋਫੋਨ 'ਤੇ ਵਰਤਣ ਲਈ ਸੂਈਆਂ ਵੀ ਅਜਿਹੀਆਂ ਆ ਗਈਆਂ ਜੋ ਕਈ ਕਈ ਮਹੀਨੇ ਚੱਲਦੀਆਂ ਸਨ। ਇਸ ਤਰ੍ਹਾਂ ਫਿਰ ਰਿਕਾਰਡ ਵੱਜਣ ਸਮੇਂ ਦੋ ਗੀਤਾਂ ਵਿਚਕਾਰ ਵਕਫਾ ਕੁਝ ਸਕਿੰਟਾਂ 'ਤੇ ਹੀ ਆ ਗਿਆ। ਐਕਟੈਂਡਿਡ ਪਲੇਅ ਦੇ ਬਾਜ਼ਾਰ ਵਿਚ ਆਉਣ ਤੋਂ ਛੇਤੀ ਹੀ ਬਾਅਦ ਕੰਪਨੀਆਂ ਨੇ ਪੁਰਾਣੀ ਕਿਸਮ ਦੇ ਸਿੰਗਲ ਪਲੇਅ ਰਿਕਾਰਡਾਂ ਦਾ ਨਿਰਮਾਣ ਬੰਦ ਕਰ ਦਿੱਤਾ। ਇਸ ਤੋਂ ਕੁਝ ਸਾਲ ਬਾਅਦ ਵੱਡ-ਆਕਾਰੀ ਰਿਕਾਰਡ ਬਾਜ਼ਾਰ ਵਿਚ ਆ ਗਿਆ ਜਿਸ ਦੇ ਦੋਵੇਂ ਪਾਸੀਂ ਪੰਜ-ਪੰਜ ਜਾਂ ਛੇ-ਛੇ ਗੀਤ ਭਰੇ ਹੁੰਦੇ ਸਨ। ਇਹ ਰਿਕਾਰਡ ਇਕ ਮਿੰਟ ਵਿਚ 33 ਗੇੜੇ ਲਾਉਂਦਾ ਸੀ ਤੇ ਇਸ ਨੂੰ ਲੌਂਗ ਪਲੇਅ ਜਾਂ ਐਲ.ਪੀ. ਕਿਹਾ ਜਾਂਦਾ ਸੀ। ਲਗਭਗ ਇਸੇ ਸਮੇਂ ਹੀ ਬਾਜ਼ਾਰ ਵਿਚ ਨਵੀਂ ਕਿਸਮ ਦਾ ਗਰਾਮੋਫੋਨ ਆ ਗਿਆ।

ਗਰਾਮੋਫੋਨ ਦੀ ਸਰਦਾਰੀ ਦੌਰਾਨ ਟੇਪ-ਰਿਕਾਰਡਰ ਬਾਜ਼ਾਰ ਵਿਚ ਆ ਗਿਆ। ਅਮਰੀਕਾ ਤੇ ਯੂਰਪੀ ਮੁਲਕਾਂ ਵਿਚ ਇਹ ਕਈ ਸਾਲ ਪਹਿਲਾਂ ਲੋਕਾਂ ਤਕ ਪਹੁੰਚ ਗਿਆ ਸੀ ਤੇ ਭਾਰਤ ਵਿਚ ਇਸ ਦੀ ਆਮਦ ਸੱਠਵਿਆਂ ਵਿਚ ਹੋਈ। ਉਦੋਂ ਟੇਪ-ਰਿਕਾਰਡਰ ਕਾਫੀ ਵੱਡੇ ਆਕਾਰ ਦੇ ਹੁੰਦੇ ਸਨ ਜਿਸ ਉਪਰ ਰਿਕਾਰਡ ਕੀਤੀ ਹੋਈ ਕੈਸੇਟ ਜਿਸ ਨੂੰ ਆਮ ਭਾਸ਼ਾ ਵਿਚ ਰੀਲ੍ਹ ਕਿਹਾ ਜਾਂਦਾ ਸੀ, ਦੋ-ਢਾਈ ਘੰਟੇ ਤਕ ਚਲਦੀ ਸੀ। ਟੇਪ-ਰਿਕਾਰਡਰ ਮਹਿੰਗੀ ਹੋਣ ਕਰ ਕੇ ਵੱਡੇ ਘਰਾਂ ਦਾ ਹੀ ਸ਼ਿੰਗਾਰ ਸੀ। ਸੱਤਰਵਿਆਂ ਦੇ ਸ਼ੁਰੂ ਵਿਚ ਭਾਰਤ ਵਿਚ ਵੀ ਟੇਪ-ਰਿਕਾਰਡਰ ਬਣਨ ਲੱਗੇ। ਹੌਲੀ ਹੌਲੀ ਛੋਟੇ ਆਕਾਰ ਦੀਆਂ ਟੇਪ-ਰਿਕਾਰਡਾਂ ਜਾਂ ਸੰਖੇਪ ਵਿਚ ਟੇਪਾਂ, ਬਾਜ਼ਾਰ ਵਿਚ ਆ ਗਈਆਂ। ਟੇਪ ਦੀ ਇਹ ਮੌਜ ਸੀ ਕਿ ਰੇਡੀਓ ਜਾਂ ਕਿਸੇ ਸਮਾਗਮ ਤੋਂ ਗੀਤ ਰਿਕਾਰਡ ਕਰ ਕੇ ਜਿੰਨੀ ਵਾਰੀ ਮਰਜ਼ੀ ਸੁਣ ਲਵੋ ਤੇ ਜਦੋਂ ਅੱਕ ਜਾਓ, ਉਸ ਉਪਰ ਨਵਾਂ ਗੀਤ ਭਰ ਲਓ। ਹੌਲੀ-ਹੌਲੀ ਟੇਪ ਦਾ ਰਿਵਾਜ ਵਧਦਾ ਗਿਆ। ਜੋ ਦੁਕਾਨਦਾਰ ਪਹਿਲਾਂ ਗਰਾਮੋਫੋਨ ਤੇ ਰਿਕਾਰਡ ਵੇਚਦੇ ਸਨ, ਹੁਣ ਟੇਪਾਂ ਤੇ ਰੀਲ੍ਹਾਂ ਵੇਚਣ ਲੱਗੇ। ਕਈ ਕੰਪਨੀਆਂ ਵੱਲੋਂ ਅਜਿਹੇ ਸੈਟ ਵੀ ਤਿਆਰ ਕੀਤੇ ਗਏ ਜਿਨ੍ਹਾਂ ਰਾਹੀਂ ਰੇਡੀਓ, ਰਿਕਾਰਡ ਪਲੇਅਰ ਤੇ ਟੇਪ-ਰਿਕਾਰਡਰ ਜੋ ਮਰਜ਼ੀ ਸੁਣਿਆ ਜਾ ਸਕਦਾ ਸੀ। ਅੱਸੀਵਿਆਂ ਦੇ ਸ਼ੁਰੂ ਵਿਚ ਗਰਾਮੋਫੋਨ ਦਾ ਰਿਵਾਜ ਲਗਭਗ ਖਤਮ ਹੋ ਗਿਆ। ਅੱਜ ਕੱਲ੍ਹ ਇਹ ਸਿਰਫ ਸਭਿਆਚਾਰਕ ਮੇਲਿਆਂ ਮੌਕੇ ਹੀ ਸੁਣੇ ਜਾ ਸਕਦੇ ਹਨ। ਛੋਟੇ ਆਕਾਰ ਦੀਆਂ ਟੇਪਾਂ ਵਿਚ ਰੀਲ੍ਹ ਵੀ ਛੋਟੇ ਆਕਾਰ ਦੀ ਵਰਤੀ ਜਾਂਦੀ ਸੀ ਜਿਸ ਦੇ ਦੋਵੇਂ ਪਾਸੇ 30-30 ਮਿੰਟ ਜਾਂ ਫਿਰ 45-45 ਮਿੰਟ ਤਕ ਵੱਜਣ ਲਈ ਹੀ ਗੀਤ ਭਰੇ ਹੁੰਦੇ ਸਨ। ਇਸ ਨਾਲ ਕਾਰਾਂ ਅੰਦਰ ਟਰਾਂਜਿਸਟਰ ਦੀ ਥਾਂ ਟੇਪਾਂ ਫਿੱਟ ਹੋਣ ਲੱਗੀਆਂ। ਅੱਸੀਵਿਆਂ ਤੋਂ ਸ਼ੁਰੂ ਹੋ ਕੇ ਇਕੀਵੀਂ ਸਦੀ ਦੇ ਅਰੰਭ ਤਕ ਲਗਭਗ 20-25 ਸਾਲ ਟੇਪ ਦਾ ਜ਼ਮਾਨਾ ਰਿਹਾ। ਰੀਲ੍ਹਾਂ ਦਾ ਨਿਰਮਾਣ ਇੰਨੇ ਵੱਡੇ ਪੱਧਰ 'ਤੇ ਹੋਇਆ ਕਿ ਸ਼ਹਿਰਾਂ ਦੇ ਬਾਜ਼ਾਰਾਂ 'ਚ ਕਈ ਰੇਹੜੀਆਂ ਉਪਰ ਵੀ ਰੀਲ੍ਹਾਂ ਵਿਕਦੀਆਂ ਰਹੀਆਂ। ਉਧਰ ਦੇਸ਼ ਦੇ ਮਹਾਂਨਗਰਾਂ ਵਿਚ ਮਿਊਜ਼ਿਕ ਵਰਲਡ ਨਾਂ ਦੇ ਵੱਡੇ ਵੱਡੇ ਸਟੋਰ ਖੁੱਲ੍ਹ ਗਏ ਜਿਥੇ ਫਿਲਮਾਂ ਦੇ ਗੀਤਾਂ ਦੀਆਂ ਰੀਲ੍ਹਾਂ ਵਿਕਦੀਆਂ ਸਨ।









***21ਵੀਂ ਸਦੀ ਦੇ ਸ਼ੁਰੂ ਹੁੰਦਿਆਂ ਸੀ.ਡੀ. ਬਾਜ਼ਾਰ ਵਿਚ ਆ ਗਈ। ਸੀ.ਡੀ. ਤੋਂ ਭਾਵ ਕੰਪੈਕਟ ਡਿਸਕ ਹੈ ਜੋ ਗਰਾਮੋਫੋਨ ਰਿਕਾਰਡ ਵਾਂਗ ਗੋਲ ਬਣਤਰ ਦੀ ਹੁੰਦੀ ਹੈ, ਪਰ ਇਸ ਦਾ ਆਕਾਰ ਕਾਫ਼ੀ ਛੋਟਾ ਹੁੰਦਾ ਹੈ। ਇਸ ਨੂੰ ਵਜਾਉਣ ਲਈ ਸੀ.ਡੀ. ਪਲੇਅਰ ਬਾਜ਼ਾਰ ਵਿਚ ਆ ਗਏ। ਘਰ ਘਰ ਕੰਪਿਊਟਰ ਆ ਗਿਆ ਅਤੇ ਕੰਪਿਊਟਰ 'ਤੇ ਵੀ ਸੀ.ਡੀ. ਸੁਣੀ ਜਾਣ ਲੱਗੀ। ਇਸ ਦੇ ਆਉਣ ਨਾਲ ਟੇਪਾਂ ਦਾ ਕਾਰੋਬਾਰ ਮੱਧਮ ਪੈ ਗਿਆ। ਪਿਛਲੇ ਦਸ ਕੁ ਸਾਲਾਂ ਤੋਂ ਟੇਪਾਂ ਦਾ ਕਾਰੋਬਾਰ ਬੀਤੇ ਦੀ ਗੱਲ ਬਣ ਗਿਆ ਹੈ। ਗਰਾਮੋਫੋਨ ਦੀ ਸਰਦਾਰੀ ਅੱਧੀ ਸਦੀ ਤਕ ਰਹੀ, ਪਰ ਟੇਪਾਂ ਦੀ ਸਰਦਾਰੀ ਮਹਿਜ਼ ਚੌਥਾਈ ਸਦੀ ਤਕ ਸਿਮਟ ਗਈ। ਸੀ.ਡੀ. ਦੀ ਸਰਦਾਰੀ ਮਸਾਂ ਦਸ ਕੁ ਸਾਲ ਤਕ ਹੀ ਟਿਕ ਸਕੀ।***

21ਵੀਂ ਸਦੀ ਸ਼ੁਰੂ ਹੁੰਦਿਆਂ ਸੀ.ਡੀ. ਬਾਜ਼ਾਰ ਵਿਚ ਆ ਗਈ। ਸੀ.ਡੀ. ਤੋਂ ਭਾਵ ਕੰਪੈਕਟ ਡਿਸਕ ਹੈ ਜੋ ਗਰਾਮੋਫੋਨ ਰਿਕਾਰਡ ਵਾਂਗ ਗੋਲ ਬਣਤਰ ਦੀ ਹੁੰਦੀ ਹੈ, ਪਰ ਇਸ ਦਾ ਆਕਾਰ ਕਾਫੀ ਛੋਟਾ ਹੁੰਦਾ ਹੈ। ਇਸ ਨੂੰ ਵਜਾਉਣ ਲਈ ਸੀ.ਡੀ. ਪਲੇਅਰ ਬਾਜ਼ਾਰ ਵਿਚ ਆ ਗਏ। ਘਰ ਘਰ ਕੰਪਿਊਟਰ ਆ ਗਿਆ ਅਤੇ ਕੰਪਿਊਟਰ 'ਤੇ ਵੀ ਸੀ.ਡੀ. ਸੁਣੀ ਜਾਣ ਲੱਗੀ। ਇਸ ਦੇ ਆਉਣ ਨਾਲ ਟੇਪਾਂ ਦਾ ਕਾਰੋਬਾਰ ਮੱਧਮ ਪੈ ਗਿਆ। ਪਿਛਲੇ ਦਸ ਕੁ ਸਾਲਾਂ ਤੋਂ ਟੇਪਾਂ ਦਾ ਕਾਰੋਬਾਰ ਬੀਤੇ ਦੀ ਗੱਲ ਬਣ ਗਿਆ ਹੈ। ਗਰਾਮੋਫੋਨ ਦੀ ਸਰਦਾਰੀ ਅੱਧੀ ਸਦੀ ਤਕ ਰਹੀ, ਪਰ ਟੇਪਾਂ ਦੀ ਸਰਦਾਰੀ ਮਹਿਜ਼ ਚੌਥਾਈ ਸਦੀ ਤਕ ਸਿਮਟ ਗਈ। ਸੀ.ਡੀ. ਦੀ ਸਰਦਾਰੀ ਮਸਾਂ ਦਸ ਕੁ ਸਾਲ ਤਕ ਹੀ ਟਿਕ ਸਕੀ। ਪਿਛਲੇ ਕੁਝ ਕੁ ਸਾਲਾਂ ਤੋਂ ਪੈਨ ਡਰਾਈਵ ਜਾਂ ਚਿੱਪ ਬਾਜ਼ਾਰ ਵਿਚ ਆ ਗਿਆ ਹੈ ਜਿਸ ਵਿਚ ਇੰਟਰਨੈਟ ਰਾਹੀਂ ਜਿਹੜਾ ਮਰਜ਼ੀ ਗੀਤ ਭਰ ਕੇ ਸੁਣਿਆ ਜਾ ਸਕਦਾ ਹੈ। 'ਮਿਊਜ਼ਿਕ ਵਰਲਡ' ਵਰਗੇ ਸਟੋਰਾਂ ਨੇ ਹੋਰ ਕਾਰੋਬਾਰ ਵਿੱਢ ਲਏ ਹਨ। ਬਹੁਤੀ ਨੌਜਵਾਨ ਪੀੜ੍ਹੀ ਤਾਂ ਪੈਨ ਡਰਾਈਵ ਤੋਂ ਵੀ ਅੱਗੇ ਵਧ ਗਈ ਹੈ। ਹਰ ਇਕ ਦੀ ਜੇਬ ਵਿਚ ਸਮਾਰਟ ਫੋਨ ਹੈ ਤੇ ਇੰਟਰਨੈਟ ਦਾ ਸਾਰਾ ਦਿਨ ਭਰਪੂਰ ਫਾਇਦਾ ਲਿਆ ਜਾਂਦਾ ਹੈ। ਆਨਲਾਈਨ ਸਿਸਟਮ ਦਾ ਰੇਡੀਓ ਪ੍ਰੋਗਰਾਮਾਂ 'ਤੇ ਵੀ ਕਾਫੀ ਪ੍ਰਭਾਵ ਪਿਆ ਹੈ। ਪਹਿਲਾਂ ਸਰੋਤੇ ਖਤ ਰਾਹੀਂ ਕਿਸੇ ਗੀਤ ਦੀ ਫਰਮਾਇਸ਼ ਕਰਦੇ ਸਨ ਤੇ ਫਰਮਾਇਸ਼ ਪੂਰੀ ਹੋਣ ਵਿਚ ਕਈ ਦਿਨ ਲੱਗ ਜਾਂਦੇ ਸਨ, ਪਰ ਹੁਣ ਸਰੋਤੇ ਫੋਨ ਜਾਂ ਫਿਰ ਐਸ. ਐਮ. ਐਸ. ਰਾਹੀਂ ਫਰਮਾਇਸ਼ ਕਰਦੇ ਹਨ ਤੇ ਨਾਲ ਹੀ ਫਰਮਾਇਸ਼ ਪੂਰੀ ਹੋ ਜਾਂਦੀ ਹੈ।

ਵਾਕਈ ਦੇਖਦਿਆਂ-ਦੇਖਦਿਆਂ ਸੰਗੀਤ ਦੇ ਖੇਤਰ 'ਚ ਕਮਾਲ ਦਾ ਇਨਕਲਾਬ ਆਇਆ ਹੈ!

---

# ਅਲਬੇਲਾ ਗਾਇਕ ਆਸਾ ਸਿੰਘ ਮਸਤਾਨਾ

ਪੰਜਾਬੀ ਸਮਾਜ ਅਤੇ ਸਭਿਆਚਾਰ ਨੂੰ ਗਾਇਕੀ ਰਾਹੀਂ ਪੇਸ਼ ਕਰ ਕੇ ਇਸ ਦੇ ਭੰਡਾਰ ਨੂੰ ਪ੍ਰਫੁਲਿਤ ਕਰਨ ਤੇ ਪੰਜਾਬੀ ਗਾਇਕੀ ਨੂੰ ਸਦਾਬਹਾਰ ਗੀਤ ਦੇਣ ਵਾਲੇ ਜਿਨ੍ਹਾਂ ਕੁਝ ਗਿਣਤੀ ਦੇ ਗਾਇਕਾਂ ਦਾ ਨਾਂ ਲਿਆ ਜਾ ਸਕਦਾ ਹੈ, ਉਨ੍ਹਾਂ ਵਿਚੋਂ ਇਕ ਉਭਰਵਾਂ ਨਾਂ ਹੈ-ਆਸਾ ਸਿੰਘ ਮਸਤਾਨਾ। ਇਸ ਅਲਬੇਲੇ ਗਾਇਕ ਦੇ ਗਾਏ ਗੀਤਾਂ ਵਿਚੋਂ ਪੰਜਾਬੀ ਸਭਿਆਚਾਰ ਦੀ ਜੋ ਤਸਵੀਰ ਝਲਕਦੀ ਹੈ, ਉਹ ਸਾਨੂੰ ਸਾਡੇ ਵਿਰਸੇ ਨਾਲ ਜੋੜਦੀ ਹੈ।

ਮਸਤਾਨੇ ਦੀ ਗਾਇਕੀ ਗਿਣਤੀ ਪੱਖੋਂ ਹੀ ਨਹੀਂ, ਗੁਣਾਂ ਪੱਖੋਂ ਵੀ ਮਹੱਤਵ ਰੱਖਦੀ ਹੈ। ਉਹਨੇ

ਹਰਦਿਆਲ ਸਿੰਘ ਥੂਹੀ

ਗਾਇਕੀ ਵਿਚ ਅਜਿਹੀਆਂ ਲੀਹਾਂ ਪਾਈਆਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਹਨ। ਉਸ ਦੀ ਗਾਈ ਵਾਰਿਸ ਸ਼ਾਹ ਦੀ 'ਹੀਰ' ਦਾ ਕੋਈ ਤੋੜ ਨਹੀਂ। ਇਸੇ ਤਰ੍ਹਾਂ ਨੰਦ ਲਾਲ ਨੂਰਪੁਰੀ ਦੀ ਰਚਨਾ 'ਪੰਜਾਬਣ' ਨੂੰ ਜਿਸ ਅੰਦਾਜ਼ ਤੇ ਪੁਖਤਗੀ ਨਾਲ ਮਸਤਾਨੇ ਨੇ ਗਾਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਉਸ ਦੇ ਗਾਏ 'ਅਰਥੀ' ਗੀਤ ਦਾ ਕੋਈ ਜਵਾਬ ਨਹੀਂ!

ਮਸਤਾਨੇ ਦਾ ਜਨਮ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੇ ਸ਼ੇਖੂਪੁਰੇ (ਅੱਜ ਕੱਲ੍ਹ ਪਾਕਿਸਤਾਨ ਵਿਚ) ਵਿਖੇ 23 ਅਗਸਤ 1926 ਨੂੰ ਪਿਤਾ ਪ੍ਰੀਤਮ ਸਿੰਘ ਤੇ ਮਾਤਾ ਅੰਮ੍ਰਿਤ ਕੌਰ ਦੇ ਘਰ ਹੋਇਆ। ਚੰਗਾ ਸਰਦਾ-ਪੁੱਜਦਾ ਪਰਿਵਾਰ ਹੋਣ ਕਾਰਨ ਆਸਾ ਸਿੰਘ ਦਾ ਪਾਲਣ-ਪੋਸ਼ਣ ਵਧੀਆ ਤਰੀਕੇ ਨਾਲ ਹੋਇਆ। ਉਨ੍ਹਾਂ ਸਮਿਆਂ ਵਿਚ ਉਸ ਨੂੰ ਪੜ੍ਹਨ ਦੇ ਮੌਕੇ ਮਿਲੇ। ਉਸ ਨੇ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਬੀ.ਏ. ਕੀਤੀ।

ਆਸਾ ਸਿੰਘ 'ਮਸਤਾਨਾ' ਕਿਵੇਂ ਬਣਿਆ! ਇਹ ਵੀ ਦਿਲਚਸਪ ਘਟਨਾ ਹੈ। ਛੋਟੀਆਂ ਜਮਾਤਾਂ ਵਿਚ ਪੜ੍ਹਦਿਆਂ ਇਕ ਦਿਨ ਜਮਾਤ ਵਿਚ ਬੈਠਾ ਉਹ ਸ਼ਰਾਰਤੀ ਲਹਿਜੇ ਵਿਚ ਵੱਖ ਵੱਖ ਤਰ੍ਹਾਂ ਦੀਆਂ ਆਵਾਜ਼ਾਂ ਕੱਢ ਰਿਹਾ ਸੀ। ਅਧਿਆਪਕ ਨੇ ਫੜ੍ਹ ਲਿਆ ਤੇ ਕਿਹਾ, 'ਓਏ ਆਸਿਆ, ਤੂੰ ਤਾਂ ਬੜੀਆਂ ਮਸਤਾਨਿਆਂ ਵਾਲੀਆਂ ਗੱਲਾਂ ਕਰਦੈਂ ਓਏ।' ਉਸੇ ਦਿਨ ਤੋਂ ਉਸ ਦੇ ਸਾਥੀ ਉਸ ਨੂੰ 'ਮਸਤਾਨਾ' ਆਖਣ ਲੱਗ ਪਏ। ਪਿਛੋਂ ਉਸ ਨੇ ਇਸ ਨੂੰ ਹੀ ਆਪਣਾ ਤਖੱਲਸ ਬਣਾ ਲਿਆ।

ਦੇਸ਼ ਵੰਡ ਤੋਂ ਪਹਿਲਾਂ ਉਸ ਨੇ ਬੀ.ਏ. ਪਾਸ ਕਰ ਲਈ ਸੀ। ਕਾਲਜ ਵਿਚ ਪੜ੍ਹਦਿਆਂ ਉਹ ਰੇਡੀਓ 'ਤੇ ਵੀ ਜਾ ਆਇਆ ਸੀ। ਵੰਡ ਕਾਰਨ ਉਸ ਨੂੰ ਪਰਿਵਾਰ ਸਮੇਤ ਲਾਹੌਰ ਛੱਡਣਾ ਪਿਆ। ਦਿੱਲੀ ਟਿਕਾਣਾ ਮਿਲਿਆ। ਉਥੇ ਰਿਜ਼ਰਵ ਬੈਂਕ ਵਿਚ ਨੌਕਰੀ ਮਿਲ ਗਈ ਜਿਥੋਂ ਉਹ ਉਚ ਅਹੁਦੇ ਤੋਂ ਰਿਟਾਇਰ ਹੋਇਆ।

ਸਕੂਲ ਸਮੇਂ ਦੌਰਾਨ ਹੀ ਮਸਤਾਨੇ ਨੂੰ ਗਾਇਕੀ ਦਾ ਸ਼ੌਕ ਪੈ ਗਿਆ ਸੀ। ਕਾਲਜ ਤਕ ਪਹੁੰਚਦਿਆਂ ਉਸ ਦਾ ਇਹ ਸ਼ੌਕ ਵਧਦਾ ਗਿਆ। ਲਾਹੌਰ, ਗਾਇਕੀ ਦਾ ਘਰ ਹੋਣ ਕਾਰਨ ਉਸ ਨੂੰ ਸਿੱਖਣ ਦੇ ਮੌਕੇ ਵੀ ਮਿਲਦੇ ਰਹੇ। ਉਸ ਨੇ 1944 ਵਿਚ ਪੰਡਿਤ ਦੁਰਗਾ ਪ੍ਰਸ਼ਾਦ ਨੂੰ ਉਸਤਾਦ ਧਾਰਿਆ।



***ਆਸਾ ਸਿੰਘ 'ਮਸਤਾਨਾ' ਕਿਵੇਂ ਬਣਿਆ!... ਛੋਟੀਆਂ ਜਮਾਤਾਂ 'ਚ ਪੜ੍ਹਦਿਆਂ ਇਕ ਦਿਨ ਜਮਾਤ ਵਿਚ ਬੈਠਾ ਉਹ ਸ਼ਰਾਰਤੀ ਲਹਿਜੇ ਵਿਚ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਕੱਢ ਰਿਹਾ ਸੀ। ਅਧਿਆਪਕ ਨੇ ਫੜ ਲਿਆ ਤੇ ਕਿਹਾ, 'ਓਏ ਆਸਿਆ, ਤੂੰ ਤਾਂ ਬੜੀਆਂ ਮਸਤਾਨਿਆਂ ਵਾਲੀਆਂ ਗੱਲਾਂ ਕਰਦੈਂ ਓਏ।' ਉਸੇ ਦਿਨ ਤੋਂ ਉਸ ਦੇ ਸਾਥੀ ਉਸ ਨੂੰ 'ਮਸਤਾਨਾ' ਆਖਣ ਲੱਗ ਪਏ।***

ਫਿਰ 1949 ਵਿਚ ਪਹਿਲੀ ਵਾਰ ਦਿੱਲੀ ਰੇਡੀਓ ਤੋਂ ਗਾਇਆ। ਗੀਤ ਦੇ ਬੋਲ ਸਨ, 'ਠੰਢੀਏ ਹਵਾਏ ਕਿਹੜੇ ਪਾਸਿਓਂ ਤੂੰ ਆਈ ਏਂ", ਫਿਰ ਤਾਂ ਚੱਲ ਸੋ ਚੱਲ! 1954 ਵਿਚ ਜਦੋਂ ਭਾਰਤੀ ਕਲਾਕਾਰਾਂ ਦਾ ਪਹਿਲਾ ਗਰੁਪ ਸੋਵੀਅਤ ਸੰਘ, ਚੈਕਸਲੋਵਾਕੀਆ, ਪੋਲੈਂਡ ਆਦਿ ਦੇਸ਼ਾਂ ਵਿਚ ਗਿਆ ਤਾਂ ਮਸਤਾਨਾ ਇਸ ਗਰੁਪ ਦਾ ਮੈਂਬਰ ਸੀ। ਉਸ ਤੋਂ ਬਾਅਦ ਵੀ ਉਹ ਅਮਰੀਕਾ, ਕੈਨੇਡਾ, ਇੰਗਲੈਂਡ, ਜਪਾਨ, ਰੂਸ ਆਦਿ ਦੇਸ਼ਾਂ ਵਿਚ ਗਿਆ ਤੇ ਆਪਣੀ ਕਲਾ ਰਾਹੀਂ ਪੰਜਾਬੀ ਪਰਵਾਸੀਆਂ ਦੇ ਦਿਲ ਜਿੱਤੇ।

ਮਸਤਾਨੇ ਦੀ ਜ਼ਿਆਦਾਤਰ ਰਿਕਾਰਡਿੰਗ ਸੋਲੋ ਰੂਪ ਵਿਚ ਮਿਲਦੀ ਹੈ, ਉਸ ਦੇ ਗਾਏ ਹਰ ਗੀਤ ਦੀ ਆਪਣੀ ਵੱਖਰੀ ਪਛਾਣ ਹੈ। ਲੋਕ ਗੀਤਾਂ ਤੋਂ ਇਲਾਵਾ ਮਸਤਾਨੇ ਨੇ ਨੰਦ ਲਾਲ ਨੂਰਪੁਰੀ, ਇੰਦਰਜੀਤ ਸਿੰਘ ਤੁਲਸੀ, ਚਮਨ ਲਾਲ ਸ਼ੁਗਲ, ਹਰਚਰਨ ਸਿੰਘ ਪਰਵਾਨਾ, ਪ੍ਰਕਾਸ਼ ਸਾਥੀ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਕੁਲਦੀਪ ਦੀਪ ਆਦਿ ਗੀਤਕਾਰਾਂ ਤੋਂ ਇਲਾਵਾ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਆਦਿ ਦੇ ਕਲਾਮਾਂ ਨੂੰ ਆਵਾਜ਼ ਦਿੱਤੀ।

ਮਸਤਾਨੇ ਨੇ ਕਈ ਗਾਇਕਾਵਾਂ ਨਾਲ ਦੋਗਾਣੇ ਵੀ ਗਾਏ। ਸਟੇਜਾਂ ਉਤੇ ਉਸ ਨੇ ਜ਼ਿਆਦਾਤਰ ਸੁਰਿੰਦਰ ਕੌਰ ਨਾਲ ਹੀ ਗਾਇਆ। ਪੰਜਾਬੀਆਂ ਨੇ ਇਸ ਗਾਇਕ ਜੋੜੀ ਨੂੰ ਬੜੀ ਮਾਨਤਾ ਦਿੱਤੀ। ਸੁਰਿੰਦਰ ਕੌਰ ਨਾਲ ਗਾਏ ਉਸ ਦੇ ਦੋਗਾਣੇ ਬਹੁਤ ਹਰਮਨ ਪਿਆਰੇ ਹੋਏ। 'ਪੰਡਿਤ ਜੀ ਕੀ ਇਹ ਲਾਲ ਮੇਰਾ' ਅੱਜ ਵੀ ਰੇਡੀਓ ਤੋਂ ਫਰਮਾਇਸ਼ ਨਾਲ ਸੁਣਿਆ ਜਾਂਦਾ ਹੈ। ਇਸ ਜੋੜੀ ਦੇ ਗਾਏ ਲੋਕ ਗੀਤ 'ਮਾਹੀਏ' ਦੇ ਟੱਪੇ ਵੀ ਯਾਦਗਾਰੀ ਹਨ। ਜਗਜੀਤ ਕੌਰ ਨਾਲ ਗਾਈ ਉਸ ਦੀ 'ਹੀਰ' ਬਾਕਮਾਲ ਹੈ।

ਦੂਰਦਰਸ਼ਨ ਤੋਂ ਵੀ ਮਸਤਾਨੇ ਦੀ ਗਾਇਕੀ ਦਾ ਪ੍ਰਦਰਸ਼ਨ ਸਮੇਂ ਸਮੇਂ 'ਤੇ ਹੁੰਦਾ ਰਿਹਾ ਹੈ। ਆਸਾ ਸਿੰਘ ਮਸਤਾਨੇ ਦੀ ਗਾਇਕੀ ਦੀ ਕਦਰ ਜਿਥੇ ਪੰਜਾਬੀ ਲੋਕਾਂ ਨੇ ਕੀਤੀ ਹੈ, ਉਥੇ ਸਰਕਾਰਾਂ ਨੇ ਵੀ ਉਸ ਦੀ ਕਲਾ ਦਾ ਮੁੱਲ ਪਾਇਆ ਹੈ। 1965 ਵਿਚ ਪੰਜਾਬ ਸਰਕਾਰ ਨੇ ਉਸ ਨੂੰ ਵਧੀਆ ਗਾਇਕ ਦਾ ਪੁਰਸਕਾਰ ਦਿਤਾ। ਭਾਰਤ ਸਰਕਾਰ ਨੇ ਉਸ ਨੂੰ 1985 ਵਿਚ ਪਦਮਸ੍ਰੀ ਨਾਲ ਸਨਮਾਨਿਆ। ਇਸ ਤੋਂ ਇਲਾਵਾ ਸੰਗੀਤ ਦੇ ਖੇਤਰ ਦਾ ਸਭ ਤੋਂ ਵੱਡਾ ਪੁਰਸਕਾਰ 'ਭਾਰਤੀ ਸੰਗੀਤ ਨਾਟਕ ਅਕਾਦਮੀ ਪੁਰਸਕਾਰ', 'ਸੋਭਨਾ ਐਵਾਰਡ' ਤੇ ਹੋਰ ਅਨੇਕਾਂ ਐਵਾਰਡ ਸਮੇਂ ਸਮੇਂ 'ਤੇ ਉਸ ਦੀ ਝੋਲੀ ਪਏ।

ਸਮੇਂ ਦੇ ਅਨੁਸਾਰ ਮਸਤਾਨਾ ਗ੍ਰਹਿਸਥ ਦੀ ਗੱਡੀ 'ਤੇ ਸਵਾਰ ਹੋਇਆ। ਬੀਬੀ ਸ਼ੀਲਾ ਉਸ ਦੀ ਜੀਵਨ ਸਾਥਣ ਬਣੀ। ਇਸ ਜੋੜੇ ਦੇ ਇਕ ਲੜਕਾ ਅਤੇ ਇਕ ਲੜਕੀ ਹੋਏ। 23 ਮਈ 1999 ਨੂੰ 72 ਕੁ ਬਹਾਰਾਂ ਹੰਢਾ ਕੇ ਇਹ ਮਸਤਾਨਾ ਗਾਇਕ ਸਦਾ ਲਈ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਪਿਛੇ ਛੱਡ ਗਿਆ ਆਪਣੀਆਂ ਅਮਿੱਟ ਯਾਦਾਂ ਅਤੇ ਯਾਦਗਾਰੀ ਗੀਤਾਂ ਦਾ ਵੱਡਾ ਭੰਡਾਰ ਜੋ ਪੰਜਾਬੀ ਗਾਇਕੀ ਦਾ ਅਮੁੱਲ ਖਜ਼ਾਨਾ ਹੈ।

ਜ਼ਿੰਦਗੀ ਦਾ ਨਾਦ

# ਜਦ ਧੀ ਦੀ ਡੋਲੀ ਤੁਰਦੀ ਏ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ। ਘਰ ਦਾ ਕੇਂਦਰ ਮਾਂ ਹੁੰਦੀ ਹੈ ਜਿਸ ਬਾਰੇ ਡਾ. ਭੰਡਾਲ ਦਾ ਕਹਿਣਾ ਹੈ ਕਿ ਮਾਂ, ਸਿਰਫ ਮਾਂ ਹੁੰਦੀ ਏ ਜੋ ਸਭ ਤੋਂ ਵੱਡੀ ਦਾਤੀ ਹੁੰਦਿਆਂ ਵੀ ਨਿਮਾਣੀ ਬਣੀ ਰਹਿੰਦੀ ਏ। ਬਜੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਕਰਦਿਆਂ ਕਿਹਾ ਸੀ ਕਿ ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਉਨ੍ਹਾਂ ਦੱਸਿਆ ਸੀ ਕਿ ਜਦੋਂ ਬੱਚੇ ਵੱਡੇ ਹੋ ਕੇ ਪੰਛੀਆਂ ਵਾਂਗ ਉਡਾਰੀ ਮਾਰ ਜਾਂਦੇ ਹਨ ਤਾਂ ਮਾਪੇ ਖੁਸ਼ ਹੁੰਦੇ ਹਨ ਪਰ ਅੰਦਰੋਂ ਬੱਚਿਆਂ ਦਾ ਹੇਰਵਾ ਸਦਾ ਬਣਿਆ ਰਹਿੰਦਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਇਹ ਦਮਗਜ਼ੇ ਮਾਰਨ ਵਾਲਾ ਸ਼ਖਸ, ਕਿਸ ਕੁੱਖ 'ਚੋਂ ਜਨਮਿਆ ਏ? ਕੀ ਕਦੇ ਸੋਚਣ ਦੀ ਕੋਸ਼ਿਸ਼ ਕੀਤੀ ਏ? ਹਥਲੇ ਲੇਖ ਵਿਚ ਉਨ੍ਹਾਂ ਮਾਪਿਆਂ ਘਰੋਂ ਆਪਣਾ ਨਵਾਂ ਘਰ ਵਸਾਉਣ ਚੱਲੀ ਧੀ ਦੀ ਗੱਲ ਕਰਦਿਆਂ ਕਿਹਾ ਹੈ ਕਿ ਧੀ ਇਕ ਵਿਰਸਾ ਏ ਜੋ ਇਕ ਘਰ ਤੋਂ ਦੂਸਰੇ ਘਰ, ਇਕ ਸੋਚ ਤੋਂ ਦੂਸਰੀ ਸੋਚ, ਇਕ ਜੀਵਨ-ਜਾਚ ਤੋਂ ਦੂਸਰੀ ਜੀਵਨ-ਜਾਚ ਅਤੇ ਇਕ ਸੰਸਕਾਰ ਤੋਂ ਦੂਸਰੇ ਸੰਸਕਾਰ ਤੀਕ ਦਾ ਪੰਧ ਤੈਅ ਕਰਕੇ ਆਪਣੀ ਵੱਖਰੀ, ਨਰੋਈ ਤੇ ਵਿਲੱਖਣ ਪਛਾਣ ਸਿਰਜਣ ਦੀ ਪ੍ਰਕ੍ਰਿਆ ਅਰੰਭਦਾ ਏ। -ਸੰਪਾਦਕ*

ਵਿਆਹ ਵਾਲਾ ਘਰ। ਚਾਰੇ ਪਾਸੇ ਖੇੜਿਆਂ ਤੇ ਹਾਸਿਆਂ ਦੀ ਵਾਛੜ। ਵਿਆਹ ਦੇ ਜਸ਼ਨਾਂ 'ਚ ਸ਼ਰੀਕ ਹੋਇਆ ਹਰ ਕੋਈ ਖੁਸ਼ੀਆਂ ਦੇ ਰੰਗ 'ਚ ਰੰਗਿਆ। ਮੇਲੀਆਂ ਤੇ ਬਰਾਤੀਆਂ ਦੀ ਚਹਿਲ-ਪਹਿਲ ਨਾਲ ਖੂਬ ਰੌਣਕਾਂ। ਸੂਰਜ ਡੁੱਬਣ ਵਕਤ, ਵਾਜੇ ਵਾਲਿਆਂ ਦੀਆਂ ਵਿਛੋੜੇ ਦੀਆਂ ਉਦਾਸ ਸੁਰਾਂ ਨੇ ਫਿਜ਼ਾ ਦੀ ਰੰਗਤ ਬਦਲ ਦਿੱਤੀ। ਚੌਲ ਸੁੱਟਦੀ, ਪਰਾਈ ਹੋ ਰਹੀ ਧੀ ਦੇ ਮਨ 'ਚ ਆਪਣੇ ਪਰਿਵਾਰ ਤੋਂ ਟੁੱਟਣ ਦਾ ਰੁਦਨ। ਹਿੱਚਕੀਆਂ 'ਚ ਖੁਰ ਰਹੀ ਮਾਂ-ਧੀ ਦੀ ਚੁੱਪ-ਵਾਰਤਾਲਾਪ। ਆਪਣੇ ਘਰ ਜਾਂਦੀ ਧੀ ਦੀਆਂ ਸੁੱਖਾਂ ਮਨਾਉਂਦੀ ਅੰਦਰੋਂ ਟੁੱਟੀ ਮਾਂ। ਸਿਰਫ ਮਾਂ ਕੋਲ ਹੀ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜੇਰਾ ਹੁੰਦਾ ਏ, ਆਪਣੀ ਅੰਦਰ ਦੇ ਟੁੱਟਣ ਦੀ ਪੀੜਾ ਜਰਨ ਦਾ। ਬਾਪ ਦੇ ਗਲ ਲੱਗ ਰੋਂਦੀ ਧੀ ਨੇ ਪਿਉ ਦੀ ਧੌਲੀ ਦਾਹੜੀ ਨੂੰ ਭਿਉਂ ਦਿੱਤਾ। ਛੋਟੇ ਭੈਣ-ਭਰਾਵਾਂ ਨੇ ਵੱਡੀ ਭੈਣ ਦੀ ਜੁਦਾਈ ਨਾਲ ਆਪਣੇ ਆਪ ਨੂੰ ਸੋਗ 'ਚ ਰੰਗਿਆ। ਧੀ ਪਰਦੇਸਣ ਹੋ ਗਈ ਤਾਂ ਸਾਰਾ ਸ਼ਰੀਕਾ ਨਿੰਮੋਝੂਣਾ, ਵਿਹੜੇ 'ਚ ਬੈਠ, ਬੀਤੇ ਵਕਤਾਂ ਦੀ ਵਹੀ 'ਚੋਂ ਸਮਿਆਂ ਦੇ ਸੱਚ ਦੀ ਬਾਤ ਪਾਉਣ ਲੱਗਾ।

ਇਕ ਵਰੇਸ ਤੋਂ ਬਾਅਦ ਧੀਆਂ-ਧਿਆਣੀਆਂ ਆਪਣੇ ਘਰੀਂ ਹੀ ਸੋਂਹਦੀਆਂ ਨੇ। ਉਨ੍ਹਾਂ ਵੱਲੋਂ ਆਉਂਦਾ ਠੰਢੜੀ ਪੌਣ ਦਾ ਰੁਮਕਾ ਮਾਪਿਆਂ ਦੀ ਤਪਦੀ ਹਿੱਕ ਨੂੰ ਠਾਰਦਾ ਏ ਅਤੇ ਮਾਨਸਿਕ ਤ੍ਰਿਪਤੀ ਦੇ ਅਹਿਸਾਸ ਨੂੰ ਉਭਾਰਦਾ ਏ।

ਸਹੁਰੇ ਘਰ ਜਾਣ ਤੋਂ ਪਹਿਲਾਂ ਜਦੋਂ ਧੀ ਨੂੰ ਵਟਣਾ ਮਲਿਆ ਜਾਂਦਾ ਏ, ਮਾਈਆਂ ਲਾਇਆ ਜਾਂਦਾ ਏ, ਸੁਹਾਗ ਗਾਏ ਜਾਂਦੇ ਨੇ, ਨਾਨਕਿਆਂ ਵਲੋਂ ਚੂੜਾ ਚੜ੍ਹਾਇਆ ਜਾਂਦਾ ਏ ਤਾਂ ਸ਼ੁਭ ਸ਼ਗਨ ਦੀ ਹਰ ਘੜੀ, ਧੀ-ਰਾਣੀ ਦੀਆਂ ਮਨੋ-ਕਾਮਨਾਵਾਂ ਦੀ ਪੂਰਤੀ ਦੇ ਨਾਲ ਨਾਲ ਸਮੁੱਚੇ ਪਰਿਵਾਰ ਤੇ ਭਾਈਚਾਰੇ ਲਈ ਵੀ ਮਾਣ-ਮੱਤੇ ਅਤੇ ਚਾਵਾਂ ਲੱਧੇ ਪਲਾਂ ਦਾ ਨਿਉਂਦਾ ਹੁੰਦਾ ਏ।

ਧੀ ਦੇ ਸਿਰ ਉਪਰਲੀ ਸੂਹੀ ਫੁਲਕਾਰੀ ਸੂਚਕ ਹੁੰਦੀ ਏ ਸੂਹੇ ਵਕਤਾਂ ਦੀ, ਸੰਦਲੀ ਪਲਾਂ ਦੀ, ਸੰਧੂਰੀ ਚਾਵਾਂ ਦੀ ਅਤੇ ਜੀਵਨ ਦੀਆਂ ਰਾਂਗਲੀਆਂ ਰਾਹਾਂ ਦੀ।

ਧੀ ਦੀ ਡੋਲੀ ਜਦੋਂ ਤੁਰਦੀ ਏ ਤਾਂ ਮਾਪਿਆਂ ਦੇ ਮਨਾਂ 'ਚ, ਆਪਣਾ ਘਰ ਵਸਾਉਣ ਤੁਰੀ ਧੀ ਲਈ ਚਾਅ ਹੁੰਦਾ ਏ। ਸਕੂਨ ਵੀ ਹੁੰਦਾ ਏ ਇਕ ਸਮਾਜਿਕ ਜ਼ਿੰਮੇਵਾਰੀ ਤੋਂ ਸੁਰਖਰੂ ਹੋਣ ਦਾ। ਪਰ ਉਨ੍ਹਾਂ ਦੇ ਮਨ੍ਹਾਂ ਵਿਚ ਚਸਕ ਵੀ ਹੁੰਦੀ ਏ ਲਾਡਲੀ ਨੂੰ ਆਪਣੇ ਤੋਂ ਜੁਦਾ ਕਰਨ ਦੀ। ਵਿਯੋਗ ਤੇ ਵਿਰਾਗ ਵੀ ਹੁੰਦਾ ਏ, ਪਰਿਵਾਰ ਤੋਂ ਦੂਰ ਪਰਦੇਸ ਜਾ ਰਹੀ ਇਕੱਲੀ ਧੀ ਲਈ।

ਜਦੋਂ ਧੀ ਘਰੋਂ ਤੁਰਦੀ ਏ ਤਾਂ ਘਰ 'ਚੋਂ ਕੁਝ ਖੁਸਣ ਦਾ ਅਹਿਸਾਸ ਹੁੰਦਾ ਏ। ਇਕ ਘਾਟ ਰੜਕਦੀ ਏ। ਹਰ ਵਕਤ, ਧੀ ਦੇ ਕਮਰੇ 'ਚੋਂ ਉਸ

*ਧੀ ਦੇ ਨਾਲ ਨਾਲ ਤੁਰਦੀ ਏ ਨਵੀਆਂ ਸੋਚਾਂ ਦੀ ਤਾਸੀਰ, ਦੀਦਿਆਂ 'ਚ ਤੈਰਦੀ ਏ ਮੋਹ-ਵੰਤੀ ਤਸਵੀਰ ਅਤੇ ਉਸ ਤਸਵੀਰ 'ਚੋਂ ਉਘੜਦੀ ਏ ਸ਼ਗਨਾਂ-ਮੱਤੀ ਤਕਦੀਰ। ਧੀ ਦੇ ਨਾਲ ਜਾਂਦੇ ਨੇ ਉਸ ਘਰ ਦੇ ਸੰਸਕਾਰ, ਕਦਰਾਂ-ਕੀਮਤਾਂ ਦੀ ਧਰਾਤਲ ਦਾ ਵਿਸਥਾਰ ਅਤੇ ਉਸ ਵਿਸਥਾਰ 'ਤੇ ਨਿਰਭਰ ਕਰਦਾ ਏ ਨਵੇਂ ਘਰ ਦਾ ਸਮੁੱਚਾ ਦਾਰੋ-ਮਦਾਰ। ਧੀ ਇਕੱਲੀ ਨਹੀਂ ਘਰੋਂ ਤੁਰਦੀ, ਉਸ ਨਾਲ ਜਾਂਦਾ ਏ ਉਸ ਦੀ ਹੋਂਦ ਦਾ ਸਿਰਜਿਆ ਸੰਸਾਰ, ਉਸ ਨਾਲ ਜੁੜੇ ਸਰੋਕਾਰ ਅਤੇ ਉਸ ਰਾਹੀਂ ਸੰਪੂਰਨਤਾ ਲੋਚਦਾ ਸਮੁੱਚਾ ਪਰਿਵਾਰ। ਧੀ ਦੇ ਮਸਤਕ ਵਿਚ ਲਿਖਿਆ ਹੁੰਦਾ ਏ, ਬਦਲਦੇ ਹਾਲਾਤ ਦੇ ਅਨੁਕੂਲ ਆਪੇ ਨੂੰ ਢਾਲਣਾ, ਆਪਸੀ ਮੋਹ ਨੂੰ ਵਿਸ਼ਾਲਣਾ ਅਤੇ ਪਰਾਈ ਤੋਂ ਆਪਣੀ ਬਣੀ ਦੁਨੀਆਂ 'ਚ ਚਾਵਾਂ ਦਾ ਚਿਰਾਗ ਬਾਲਣਾ।*

ਦੀ ਹੋਂਦ ਦਾ ਭਉਲਾ ਪੈਂਦਾ ਏ। ਘਰ 'ਚ ਪੈਦਾ ਹੋ ਜਾਂਦਾ ਏ ਖਲਾਅ, ਚੌਂਕੇ ਦਾ ਉਖੜਦਾ ਏ ਸਾਹ ਅਤੇ ਚੁਫੇਰੇ ਪਸਰ ਜਾਂਦੀ ਏ ਉਦਾਸ ਫਿਜ਼ਾ।

ਧੀ ਸਹੁਰੀਂ ਜਾਂਦੀ ਏ ਤਾਂ ਵਸਦਾ ਏ ਇਕ ਘਰ। ਵਿਹੜੇ ਨੂੰ ਲੱਗਦੇ ਨੇ ਭਾਗ ਅਤੇ ਬਨੇਰਿਆਂ 'ਤੇ ਬਲਦੇ ਨੇ ਨਵੀਆਂ ਉਮੀਦਾਂ ਤੇ ਨਰੋਈਆਂ ਆਸਾਂ ਦੇ ਚਿਰਾਗ।

ਧੀ ਇਕ ਵਿਰਸਾ ਏ ਜੋ ਇਕ ਘਰ ਤੋਂ ਦੂਸਰੇ ਘਰ, ਇਕ ਸੋਚ ਤੋਂ ਦੂਸਰੀ ਸੋਚ, ਇਕ ਜੀਵਨ-ਜਾਚ ਤੋਂ ਦੂਸਰੀ ਜੀਵਨ-ਜਾਚ ਅਤੇ ਇਕ ਸੰਸਕਾਰ ਤੋਂ ਦੂਸਰੇ ਸੰਸਕਾਰ ਤੀਕ ਦਾ ਪੰਧ ਤੈਅ ਕਰਕੇ ਆਪਣੀ ਵੱਖਰੀ, ਨਰੋਈ ਅਤੇ ਵਿਲੱਖਣ ਪਛਾਣ ਸਿਰਜਣ ਦੀ ਪ੍ਰਕ੍ਰਿਆ ਅਰੰਭਦਾ ਏ।

ਧੀ ਦੇ ਨਾਲ ਨਾਲ ਤੁਰਦੀ ਏ ਨਵੀਆਂ ਸੋਚਾਂ ਦੀ ਤਾਸੀਰ, ਦੀਦਿਆਂ 'ਚ ਤੈਰਦੀ ਏ ਮੋਹ-ਵੰਤੀ ਤਸਵੀਰ ਅਤੇ ਉਸ ਤਸਵੀਰ 'ਚੋਂ ਉਘੜਦੀ ਏ ਸ਼ਗਨਾਂ-ਮੱਤੀ ਤਕਦੀਰ।

ਧੀ ਦੇ ਨਾਲ ਜਾਂਦੇ ਨੇ ਉਸ ਘਰ ਦੇ ਸੰਸਕਾਰ, ਕਦਰਾਂ-ਕੀਮਤਾਂ ਦੀ ਧਰਾਤਲ ਦਾ ਵਿਸਥਾਰ ਅਤੇ ਉਸ ਵਿਸਥਾਰ 'ਤੇ ਨਿਰਭਰ ਕਰਦਾ ਏ ਨਵੇਂ ਘਰ ਦਾ ਸਮੁੱਚਾ ਦਾਰੋ-ਮਦਾਰ।

ਧੀ ਇਕੱਲੀ ਨਹੀਂ ਘਰੋਂ ਤੁਰਦੀ, ਉਸ ਨਾਲ ਜਾਂਦਾ ਏ ਉਸ ਦੀ ਹੋਂਦ ਦਾ ਸਿਰਜਿਆ ਸੰਸਾਰ, ਉਸ ਨਾਲ ਜੁੜੇ ਸਰੋਕਾਰ ਅਤੇ ਉਸ ਰਾਹੀਂ ਸੰਪੂਰਨਤਾ ਲੋਚਦਾ ਸਮੁੱਚਾ ਪਰਿਵਾਰ।

ਧੀ ਦੇ ਮਸਤਕ ਵਿਚ ਲਿਖਿਆ ਹੁੰਦਾ ਏ, ਬਦਲਦੇ ਹਾਲਾਤ ਦੇ ਅਨੁਕੂਲ ਆਪੇ ਨੂੰ ਢਾਲਣਾ, ਆਪਸੀ ਮੋਹ ਨੂੰ ਵਿਸ਼ਾਲਣਾ ਅਤੇ ਪਰਾਈ ਤੋਂ ਆਪਣੀ ਬਣੀ ਦੁਨੀਆਂ 'ਚ ਚਾਵਾਂ ਦਾ ਚਿਰਾਗ ਬਾਲਣਾ।

ਜਦੋਂ ਧੀ ਘਰੋਂ ਤੁਰ ਜਾਵੇ ਤਾਂ ਧੀ ਦੀਆਂ ਵਸਤਾਂ ਤੇ ਕਪੜਿਆਂ ਨੂੰ ਛੋਂਹਦੀ ਮਾਂ, ਹਿੱਕ 'ਚ ਹਟਕੋਰਾ ਪਾਲਦੀ ਏ ਅਤੇ ਯਾਦਾਂ ਦੀ ਵਹੀ ਫਰੋਲਦਿਆਂ ਦੀਦੇ ਗਾਲਦੀ ਏ। ਮਾਂ ਜਦ ਯਾਦ ਕਰਦੀ ਏ, ਤੂੰ ਵਰਗਾ ਪਟੋਲਾ, ਰਿੜਨ ਤੋਂ ਤੁਰਨ ਤੀਕ ਦਾ ਸਫਰ ਅਤੇ ਅੱਖਰਾਂ 'ਚੋਂ ਜੀਵਨ ਦੇ ਅਰਥਾਂ ਦੀ ਸੋਝੀ ਦਾ ਖਿਆਲ ਤਾਂ ਘਰ ਖਾਣ ਨੂੰ ਆਉਂਦਾ ਏ ਅਤੇ ਰੁੱਸੇ ਸਾਹਾਂ ਦਾ ਨਿਉਂਦਾ ਝੋਲੀ 'ਚ ਪਾਉਂਦਾ ਏ।

ਧੀ ਜਦੋਂ ਘਰੋਂ ਤੁਰੇ ਤਾਂ ਹਉਕਾ ਭਰਦਾ ਏ ਘਰ, ਵੈਰਾਗਣਾਂ ਬਣ ਜਾਂਦੀਆਂ ਧੀ ਦੀਆਂ ਗੁੱਡੀਆਂ, ਅੱਥਰੂ ਬਣ ਜਾਂਦੇ ਨੇ ਪਟੋਲੇ, ਕਮਰੇ 'ਚ ਫੈਲਦੀ ਏ ਉਦਾਸੀ ਅਤੇ ਛਲਾਵਾ ਬਣਦੀ ਏ ਨਿਰਛਲ ਹਾਸੀ।

ਧੀ ਮਾਪਿਆਂ ਦੀ ਅੰਦਰ। ਉਨ੍ਹਾਂ ਦੇ ਮਨ ਦੀ ਆਸ ਅਤੇ ਉਸ ਦੀਆਂ ਪ੍ਰਾਪਤੀਆਂ, ਮਾਪਿਆਂ ਦੇ ਮੁਖੜੇ ਦਾ ਹੁਲਾਸ।

ਧੀ ਤੁਰਨ ਵੇਲੇ, ਨਾਲ ਲੈ ਕੇ ਜਾਂਦੀ ਏ, ਮਾਂ-ਪਿਉ ਦੀ ਯੁੱਗਾਂ ਜਿਡੀ ਅਸੀਸ, ਜੀਵਨ ਦੇ ਸਰਬ-ਸੁੱਖਾਂ ਦੀ ਬਖਸ਼ੀਸ਼ ਅਤੇ ਜੀਵਨ ਦੇ ਸੁਰਖ ਰੰਗਾਂ ਨਾਲ ਭਰਪੂਰ ਤਵਾਰੀਖ। ਮਾਪੇ, ਧੀ ਦੇ ਘਰ ਲਈ ਨਰੋਏ ਤੇ ਨਿੱਗਰ ਅਰਥਾਂ ਦੀ ਕਾਮਨਾ ਕਰਦੇ, ਉਸ ਨੂੰ ਮਾਪਿਆਂ ਦੀ ਵਧੀਆ ਪਛਾਣ ਦਾ ਵਰ ਦਿੰਦੇ ਨੇ।

ਜਦ ਧੀ ਤੁਰਦੀ ਏ ਤਾਂ ਕੰਬਦੀਆਂ ਨੇ ਘਰ ਦੀਆਂ ਕੰਧਾਂ, ਡੋਲਦੇ ਨੇ ਬੂਹੇ ਤੇ ਬਾਰੀਆਂ, ਰੁਆਂਸੀ ਜਾਂਦੀ ਏ ਵਿਹੜੇ ਦੀ ਆਭਾ ਅਤੇ ਹਲੀਮੀ 'ਚ ਬਦਲ ਜਾਂਦਾ ਏ, ਧੀ ਦਾ ਮਾਪਿਆਂ 'ਤੇ ਮਾਣਮੱਤਾ ਦਾਬਾ।

ਜਿਥੇ ਪੇਕੇ ਘਰੋਂ ਤੁਰ ਰਹੀ ਧੀ ਦੇ ਨੈਣਾਂ 'ਚ ਆਏ ਹੰਝੂਆਂ 'ਚ ਘਰ ਤੇ ਘਰ ਦੇ ਹਰ ਜੀਅ



ਨਾਲੋਂ ਟੁੱਟਣ ਦੀ ਉਪਰਾਮਤਾ ਝਲਕਦੀ ਏ, ਉਥੇ ਨਵੇਂ ਘਰ ਨੂੰ ਨਵੇਂ ਅਰਥ ਅਤੇ ਨਰੋਇਆ ਅਦਬ ਦੇਣ ਦਾ ਨੂਰ ਵੀ ਲਿਸ਼ਕੋਰਦਾ ਏ। ਸੰਦਲੀ ਰੁੱਤ ਨੂੰ ਮਾਣਨ ਅਤੇ ਉਸ 'ਚੋਂ ਸੱਚੇ ਸੁੱਚੇ ਜੀਵਨ ਦੀ ਕਲਾ-ਨਕਾਸ਼ੀ ਤੇ ਇਬਾਦਤ ਦਾ ਸਿਰਲੇਖ ਬਣਨ ਦੀ ਕਾਮਨਾ ਵੀ ਅੰਗੜਾਈਆਂ ਭਰਦੀ ਏ।

ਧੀ ਜਦ ਤੁਰਦੀ ਏ ਤਾਂ ਨਵੇਂ ਸੰਸਾਰ ਦੇ ਬੋਲ ਹਵਾ 'ਚ ਗੂੰਜਦੇ ਨੇ, ਹੁੰਦਾ ਏ ਇਕ ਨਵੀਂ ਦੁਨੀਆਂ ਦਾ ਆਗਾਜ਼, ਸਿਰਜਿਆ ਜਾਂਦਾ ਏ ਨਵਾਂ ਜਿਉਣ-ਅੰਦਾਜ਼ ਅਤੇ ਨਵੀਆਂ ਸੁਰਾਂ ਨਾਲ ਇਕਸੁਰ ਹੁੰਦਾ ਏ ਜੀਵਨ ਸਾਜ਼।

ਜਦ ਧੀ ਸਹੁਰੀਂ ਤੁਰਦੀ ਏ ਤਾਂ ਉਸ ਦੇ ਨੈਣਾਂ 'ਚ ਤਰਦੀ ਏ ਨਵੀਆਂ ਚੁਣੌਤੀਆਂ ਤੇ ਨਵੀਆਂ ਸੰਭਾਵਨਾਵਾਂ ਦੀ ਲੋਰ, ਮੰਜ਼ਿਲਾਂ ਨੂੰ ਸਰ ਕਰਨ ਲਈ ਲਰਜਦੇ ਨੇ ਝਾਂਜਰਾਂ ਦੇ ਬੋਰ ਅਤੇ ਤੂਫਾਨਾਂ ਨੂੰ ਵੀ ਥੰਮਣ ਦੇ ਸਮਰੱਥ ਹੁੰਦਾ ਏ ਮਣਾਂ-ਮੂੰਹੀ ਜ਼ੋਰ।

ਧੀ ਘਰ ਨਾਲੋਂ ਟੁੱਟ ਕੇ ਵੀ ਘਰ ਨਾਲੋਂ ਟੁੱਟ ਨਹੀਂ ਸਕਦੀ। ਉਸ ਦੇ ਸੀਨੇ 'ਚ ਮਾਪਿਆਂ ਦੇ ਵਿਹੜੇ ਮਾਣੀ ਆਜ਼ਾਦੀ, ਪੂਰੇ ਕੀਤੇ ਚਾਅ, ਉਸ ਦੇ ਸੁਪਨਿਆਂ ਨੂੰ ਮਿਲਿਆ ਉਤਸ਼ਾਹ, ਉਸ ਦੇ ਹਾਸਿਆਂ ਦਾ ਫੈਲਾਅ, ਹਰ ਮੰਗ ਦੀ ਪੂਰਤੀ ਕਾਰਨ ਪਨਪਿਆ ਉਮਾਹ, ਉਮਰ ਭਰ ਦਾ ਸਰਮਾਇਆ ਬਣ, ਘਰ ਦੀ ਸਾਂਝ ਨੂੰ ਪਕਿਆਈ ਬਖਸ਼ਦਾ ਏ।

ਧੀ, ਧਰਮ ਏ ਮਾਣ ਤੇ ਮਰਿਆਦਾ ਦਾ, ਸ਼ੁਭ ਕਰਮਨ ਏ ਨੂਰ ਤੇ ਆਭਾ ਦਾ ਅਤੇ ਸਹਿਜ ਸਰੂਪ ਏ, ਸਾਹ ਤੇ ਵਿਸਮਾਦ ਦਾ।

ਜੇ ਧੀ ਉਚੇਰੀ ਪੜ੍ਹਾਈ, ਨੌਕਰੀ ਜਾਂ ਪਰਿਵਾਰਕ ਮਜਬੂਰੀਆਂ ਕਾਰਨ ਘਰੋਂ ਦੂਰ ਜਾਵੇ ਤਾਂ ਉਹ ਘਰ ਨਾਲ ਜੁੜੀ, ਘਰ ਦੀਆਂ ਖੈਰਾਂ 'ਚੋਂ ਆਪਣੇ ਰੌਸ਼ਨ ਭਵਿੱਖ ਦਾ ਮੁਹਾਂਦਰਾ ਨਿਖਾਰਦੀ ਏ। ਪਰ ਜਦੋਂ ਧੀ ਸਹੁਰੇ ਘਰ ਲਈ ਵਿਦਾ ਹੋਵੇ ਤਾਂ ਉਹ ਟੁੱਟਣ ਦੀ ਚੀਸ ਹੰਢਾਉਂਦੀ, ਦੋਵੇਂ ਰਿਸ਼ਤਿਆਂ ਤੇ ਬੰਧਨਾਂ 'ਚੋਂ ਸਕੂਨ ਪ੍ਰਾਪਤੀ ਦੀ ਪ੍ਰਕ੍ਰਿਆ ਅਰੰਭਦੀ ਏ।

ਜਦੋਂ ਧੀ ਘਰੋਂ ਤੁਰਨ ਲੱਗੇ ਤਾਂ ਉਸ ਦੇ ਨੈਣਾਂ 'ਚ ਤਰਦੇ ਤਰਲੇ ਸਾਹਵੇਂ, ਉਸ ਦੇ ਮੁੱਖ ਦੀ ਬੇਚਾਰਗੀ ਦੇ ਸਨਮੁੱਖ, ਚੁੱਪ ਦੇ ਬੋਲਾਂ ਦੇ ਰੂ-ਬ-ਰੂ, ਤੁਸੀਂ ਗੂੰਗੇ ਹੋ ਜਾਂਦੇ ਹੋ। ਲੱਖ ਸਮਝੌਤਿਆਂ ਦੇਣ ਵਾਲੇ ਖਾਮੋਸ਼ ਹੋ ਜਾਂਦੇ ਨੇ। ਤਖਤਾਂ-ਤਾਜਾਂ ਵਾਲੇ ਵੀ ਝੁਕ ਜਾਂਦੇ ਨੇ ਅਤੇ ਨਾ-ਚਾਹੁੰਦਿਆਂ ਵੀ ਆਪਣੜੇ ਹੱਥੀਂ ਧੀ ਨੂੰ ਵਿਦਾ ਕਰਦੇ ਨੇ।

ਘਰੋਂ ਪਰਾਈ ਹੁੰਦੀ ਧੀ, ਵਾਰ-ਵਾਰ ਪਿਛਾਂਹ ਨੂੰ ਮੁੜਦੀ, ਆਪਣੇ ਰਚਨਹਾਰੇ ਅਤੇ ਰਚਨ-ਵਸੇਬੇ ਨੂੰ ਨਿਹਾਰਦੀ, ਉਸ ਤੋਂ ਦੂਰ ਜਾਣ ਦੀ ਮਜਬੂਰੀ ਦਾ ਵਾਸਤਾ ਪਾਉਂਦੀ, ਤੁਰਦਿਆਂ-ਤੁਰਦਿਆਂ ਵੀ ਹਾੜੇ ਪਾਉਂਦੀ ਏ ਕਿ ਮੈਨੂੰ ਕਦੇ ਨਾ ਵਿਸਾਰਨਾ। ਮੇਰੀ ਪਛਾਣ ਨੂੰ ਧੁੰਧਲਕੇ 'ਚ ਨਾ ਗਵਾਉਣਾ ਅਤੇ ਨਾ ਹੀ ਮੇਰੀਆਂ ਸਾਂਭ ਕੇ ਰੱਖੀਆਂ ਨਿਸ਼ਾਨੀਆਂ ਨੂੰ ਬੇਗਾਨਗੀ ਦੀ ਜੂਨੇ ਪਾਉਣਾ।

ਵਿਛੜਨ ਵੇਲੇ ਮਾਂ-ਧੀ ਦੀ ਗਲਵੱਕੜੀ 'ਚ ਸਮਾਇਆ ਹੁੰਦਾ ਏ, ਮੋਹ ਤੇ ਮਮਤਾ ਦਾ ਭਰ ਵਗਦਾ ਦਰਿਆ ਅਤੇ ਸੁਮੱਤ ਤੇ ਸਿੱਖਿਆ ਦਾ ਚੁਫੇਰੇ ਫੈਲਾਅ।

ਚਿੜੀਆਂ ਵਰਗੀਆਂ ਚੰਚਲ ਧੀਆਂ ਜਦੋਂ ਉਡਾਰੀ ਮਾਰ, ਦੂਸਰੇ ਬਿਰਖ 'ਤੇ ਆਲ੍ਹਣਾ ਪਾਉਣ ਲਈ ਤੀਲੇ ਚੁਗਣ ਦੀ ਸਿਰਜਣਾਤਮਕ ਪ੍ਰਕ੍ਰਿਆ 'ਚ ਮਸਰੂਫ ਹੋ ਜਾਣ, ਉਨ੍ਹਾਂ ਦੀ ਉਡਾਣ 'ਚ ਅੰਬਰਾਂ ਨੂੰ ਕਲਾਵੇ 'ਚ ਲੈਣ ਦਾ ਦਾਈਆ ਹੋਵੇ, ਉਨ੍ਹਾਂ ਦੇ ਮੁਖਾਰਬਿੰਦ 'ਚੋਂ ਸੋਨਪਰੀ ਦੇ ਸੰਵਾਦ ਦਾ ਰਸ ਚੋਵੇ ਤਾਂ ਸਕੂਨ ਦਾ ਸੰਧਾਰਾ, ਸਮਿਆਂ ਦੇ ਦਰੀਂ ਦਸਤਕ ਦਿੰਦਾ ਏ।

ਵਕਤ ਦੇ ਮੱਥੇ ਦਾ ਸਕੂਨ ਬਣੀ ਧੀ, ਜਦੋਂ ਸਹੁਰੇ ਘਰ ਦੀ ਨਰੋਈ ਪਛਾਣ ਬਣਦੀ ਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਣ ਤੇ ਸਤਿਕਾਰ ਦਾ ਇਕ ਵਡੇਰੇ ਅਰਥਾਂ ਵਾਲਾ ਸੰਸਾਰ ਸਿਰਜਦੀ ਏ।

ਧੀਆਂ, ਨਰੋਈਆਂ ਕਦਰਾਂ-ਕੀਮਤਾਂ ਦੀਆਂ ਅਲੰਬਰਦਾਰ ਬਣ, ਨਰੋਏ ਸਮਾਜ ਸਿਰਜਣ ਲਈ ਯਤਨਸ਼ੀਲ ਰਹਿਣ ਤਾਂ ਕਿ ਸਮਾਜਕ ਸਬੰਧਾਂ ਦਾ ਤਾਣਾ-ਬਾਣਾ, ਆਪਣੀ ਸਦੀਵੀ ਹੋਂਦ ਮਹਿਫੂਜ਼ ਰੱਖ ਸਕੇ। ਸੁਖੀ ਵਸਦੀ ਧੀ, ਮਾਪਿਆਂ ਦੀ ਉਮਰ ਯੁੱਗਾਂ ਤੋਂ ਵੀ ਲੰਮੇਰੀ ਕਰ ਦਿੰਦੀ ਏ।

ਹਉਕਾ, ਧੀ ਦਾ ਨਸੀਬ ਨਾ ਹੋਵੇ। ਉਸ ਦੇ ਸਾਹਾਂ 'ਚੋਂ ਸੋਗ ਦਾ ਸੁਨੇਹਾ ਨਾ ਆਵੇ। ਉਸ ਦੇ ਬੋਲਾਂ 'ਚ ਉਦਾਸ ਨਗਮਾ ਨਾ ਗੁਣਗੁਣਾਵੇ। ਮੰਜ਼ਿਲਾਂ ਸਰ ਕਰਦਿਆਂ, ਉਸ ਦੇ ਪੈਰਾਂ 'ਚ ਮੋਚ ਨਾ ਆਵੇ। ਉਸ ਦਾ ਬੋਲ, ਕਿਸੇ ਹਿਰਦੇ 'ਤੇ ਚੋਟ ਨਾ ਲਾਵੇ ਅਤੇ ਨਾ ਹੀ ਉਸ ਦੇ ਸਿਰ ਦੇ ਤਾਜ ਦੇ ਗੁੰਮਣ ਦੀ ਕੰਨਸੋਅ ਆਵੇ।

ਜਦੋਂ ਘਰ ਦੀਆਂ ਬਰੂਹਾਂ, ਧੀ ਦੀ ਪੈੜ-ਚਾਲ ਨੂੰ ਉਡੀਕਣ ਲੱਗ ਪੈਣ ਤਾਂ ਯਾਦਾਂ ਦੇ ਪਰਿੰਦੇ ਮਨ ਦੀ ਬੀਹੀ 'ਚ ਝਾਤੀਆਂ ਮਾਰਦੇ ਨੇ। ਫੁੱਲਾਂ ਵਾਲੀ ਫਰਾਕ ਪਾ ਕੇ, ਫੁੱਲਾਂ ਨਾਲ ਖੇਡਦੀ, ਫੁੱਲਾਂ ਜਿਹੀ ਲਾਡਲੀ, ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ, ਕਦੇ ਤਿਤਲੀਆਂ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦੀ ਅਤੇ ਕਦੇ ਫੁੱਲਾਂ ਦੇ ਰੰਗਾਂ 'ਚੋਂ ਆਪਾ ਨਿਹਾਰਦੀ, ਅੱਖਾਂ ਦੇ ਕੋਇਆਂ ਨੂੰ ਨਮ ਕਰ ਜਾਂਦੀ ਏ।

ਸੁਖੀ ਵਸਦੀ ਧੀ, ਜੀਵਨ-ਅਰਾਧਨਾ ਦਾ ਸੁਖਨ ਏ, ਜਿਉਣ-ਅਦਬ ਦੀ ਸਾਰਥਿਕਤਾ ਏ, ਜਿਉਣ-ਸਾਹ ਲਈ ਮਹਿਕ ਤੇ ਹੁਲਾਰਾ ਏ ਅਤੇ ਜੀਵਨ-ਪਰੰਪਰਾ ਨੂੰ ਮਿਲਿਆ ਹਾਂ-ਪੱਖੀ ਹੁੰਗਾਰਾ ਏ।

ਧੀਆਂ ਧਰਤੀ ਦਾ ਨਸੀਬ ਹੰਢਾਉਣਾ ਹਰ ਇਕ ਦੇ ਪੱਲੇ ਨਿਆਮਤਾਂ ਦੀ ਖੈਰ ਪਾਉਣ, ਹਰ ਇਕ ਦੇ ਪੈਰਾਂ 'ਚ ਆਪਾ ਵਿਛਾਉਣ ਅਤੇ ਨਿਮਰਤਾ ਨੂੰ ਆਪਣੀ ਜੀਵਨ-ਸ਼ੈਲੀ ਬਣਾਉਣ।

ਦੂਰ ਉਡਾਰੀ ਮਾਰ ਰਹੀਆਂ ਧੀਆਂ, ਸੁਖਨ ਦੇ ਪਲ ਹੀ ਹੰਢਾਉਣ, ਮਨ-ਚਾਹੇ ਵਕਤ ਦੀ ਸਰ-ਜ਼ਮੀਂ 'ਤੇ ਭਲੇ ਸਮਿਆਂ ਦਾ ਜਾਗ ਲਾਉਣ, ਸਾਹਾਂ 'ਚ ਆਪਣਿਆਂ ਦੇ ਸਾਹਾਂ ਦੀ ਮਹਿਕ ਰਚਾਉਣ, ਜ਼ਿੰਦਗੀ ਦੀ ਸਤਰੰਗੀ ਪੀਂਘ ਅੰਬਰਾਂ 'ਚ ਚੜ੍ਹਾਉਣ ਅਤੇ ਨਰੋਈ ਪਛਾਣ ਦਾ ਤਮਗਾ, ਸਮਾਜ ਤੇ ਪਰਿਵਾਰ ਦੇ ਗਲ 'ਚ ਸਜਾਉਣ।

## ਮਜਬੂਰ ਕੁੜੀ

ਮੇਰੀ ਗੱਲ ਦਾ ਹੁੰਗਾਰਾ
ਉਹਤੋਂ ਭਰਿਆ ਨਾ ਗਿਆ।
ਚੁੱਪ ਰਹੀ ਉਹ ਜ਼ਮਾਨੇ ਨਾਲ
ਲੜਿਆ ਨਾ ਗਿਆ।
ਕਿੰਦਾਂ ਕਰਦੀ ਉਹ ਗੱਲ
ਪਿਆਰ ਵਾਲੀ ਸਭ ਨਾਲ,
ਉਹ ਤੋਂ ਇਸ਼ਕ ਸਮੁੰਦਰਾਂ 'ਚ
ਤਰਿਆ ਨਾ ਗਿਆ।

ਮੇਰੇ ਇਸ਼ਕ ਦੀ ਲਕੀਰ
ਬੜੀ ਪਤਲੀ ਸੀ ਯਾਰੋ,
ਚੱਲਣਾ ਤੇ ਦੂਰ ਉਸ ਤੋਂ
ਖੜਿਆ ਨਾ ਗਿਆ।

ਉਹਦੇ ਨਾਂ ਦਾ ਮੈਂ ਘਰ
ਇਸ ਦਿਲ 'ਚ ਬਣਾਇਆ,
ਸ਼ਾਇਦ ਰਸਤਾ ਸੀ ਤੰਗ
ਉਹਤੋਂ ਵੜਿਆ ਨਾ ਗਿਆ।
ਮੁਹੱਬਤ ਆਪਣੀ ਦਾ ਮੈਂ ਤਾਂ
ਯਾਰੋ ਕਰ'ਤਾ ਐਲਾਨ,
ਉਹ ਡਰਦੀ ਹੀ ਰਹੀ
ਉਹਤੋਂ ਅੜਿਆ ਨਾ ਗਿਆ।

ਇਸ ਦੁਨੀਆਂ ਤੋਂ ਚੋਰੀ ਉਹਨੇ
ਬੜਾ ਸਾਥ ਦਿੱਤਾ,
ਹੱਥ ਸਾਹਮਣੇ ਜ਼ਮਾਨੇ
ਮੇਰਾ ਫੜਿਆ ਨਾ ਗਿਆ।
ਮੈਂ ਚਾਹੁੰਦਾ ਸੀ ਦੇਣਾ ਉਹਨੂੰ
ਖੁਸ਼ੀਆਂ ਦਾ ਵਿਹੜਾ,
ਪੌੜੀ ਪਿਆਰ ਵਾਲੀ 'ਤੇ
ਉਹਤੋਂ ਚੜ੍ਹਿਆ ਨਾ ਗਿਆ।

ਉਹਦੇ ਪਿਆਰ ਦਾ ਭਰੋਸਾ
ਰਹਿੰਦਾ ਹਰ ਵੇਲੇ ਨਾਲ,
ਦਿਲ ਹੋਰਾਂ ਦਿਆਂ ਕਦਮਾਂ 'ਚ
ਧਰਿਆ ਨਾ ਗਿਆ।

ਉਹਦੇ ਅੱਖੀਆਂ 'ਚੋਂ ਨੀਰ ਨਾ ਵਹਿ ਨਿਕਲੇ,
ਗੱਲ ਸੋਚ ਕੇ ਏ 'ਭੱਟੀ' ਕੋਲੋਂ
ਮਰਿਆ ਨਾ ਗਿਆ।

-ਸਵਿੰਦਰ ਸਿੰਘ ਭੱਟੀ
ਫੋਨ: 91-98729-89193



# ਆਇਰਿਸ਼ 'ਪੰਜਾਬਣ' ਨੋਰਾ ਦੀ ਡਾਇਰੀ

*ਪੰਜਾਬੀ ਨਾਟਕ ਦੀ ਨੱਕੜਦਾਦੀ ਨੋਰਾ ਰਿਚਰਡਜ਼ ਦਾ ਜਨਮ 29 ਅਕਤੂਬਰ 1876 ਨੂੰ ਆਇਰਲੈਂਡ ਦੇ ਡਾਰਸੈਟ ਸੂਬੇ ਵਿਚ ਹੋਇਆ ਸੀ। 14 ਅਪਰੈਲ 1914 ਨੂੰ ਲਾਹੌਰ ਦੇ ਦਿਆਲ ਸਿੰਘ ਕਾਲਜ ਵਿਚ ਈਸ਼ਵਰ ਚੰਦਰ ਨੰਦਾ ਦੇ ਨਾਟਕ 'ਦੁਲਹਨ' ਦਾ ਨਿਰਦੇਸ਼ਨ ਕਰ ਕੇ ਬੀਬੀ ਨੋਰਾ ਨੇ ਪੰਜਾਬੀ ਰੰਗਮੰਚ ਦੀ ਨੀਂਹ ਰੱਖੀ। ਤਕਰੀਬਨ 95 ਵਰ੍ਹਿਆਂ ਦੀ ਉਮਰ ਵਿਚ 3 ਮਾਰਚ 1971 ਨੂੰ ਉਸ ਨੇ ਸਦਾ ਸਦਾ ਲਈ ਅੱਖਾਂ ਮੀਚ ਲਈਆਂ। ਨੋਰਾ ਨੂੰ ਯਾਦ ਕਰਦਿਆਂ ਅਸੀਂ ਆਪਣੇ ਪਾਠਕਾਂ ਲਈ ਉਹਦੀ ਡਾਇਰੀ ਦੇ ਪੰਨੇ ਛਾਪ ਰਹੇ ਹਾਂ। -ਸੰਪਾਦਕ*

**ਸਾਲ 1959**

**ਸਿਆਲ ਜਨਵਰੀ 1:** ਅਸੀਂ ਛੱਤ ਉਤੇ ਘਾਹ ਦੇ ਟਿਕੇ ਨਾ ਰਹਿਣ 'ਤੇ ਔਖੇ ਹਾਂ, ਟਿਕੇ ਰਹਿਣ ਦੀ ਆਸ ਵੀ ਨਹੀਂ। ਇਮਾਰਤਾਂ ਸਾਡੀ ਸਰੀਰਕ ਸ਼ਕਤੀ ਦੀ ਵਿਅਰਥ ਉਪਜ ਜਾਪਦੀਆਂ, ਪਰ ਮੈਨੂੰ ਬੇਹੌਸਲਾ ਨਹੀਂ ਹੋਣਾ ਚਾਹੀਦਾ, ਨਿਰਸੰਦੇਹ ਮੈਂ ਭਵਿਸ਼ ਲਈ ਛੱਤ ਪਾ ਰਹੀ ਹਾਂ। ਇਮਾਰਤਾਂ ਨੂੰ ਡਿੱਗਣ ਦੀ ਆਗਿਆ ਨਹੀਂ ਦੇਣੀ ਚਾਹੀਦੀ ਅਤੇ ਇਹ ਛੱਤ 'ਤੇ ਨਿਰਭਰ ਹੈ, ਜੋ ਪਾਣੀ ਆਉਣ ਤੋਂ ਬਚਾਏ।

**ਜਨਵਰੀ 14:** ਅੱਜ ਲੋਹੜੀ ਹੈ ਅਤੇ ਮੈਂ ਨੌਕਰਾਂ ਨੂੰ ਛੁੱਟੀ ਦੇ ਦਿੱਤੀ ਹੈ। ਬੜਾ ਹੀ ਚੈਨ ਭਰਿਆ ਅਤੇ ਇਕਾਂਤ ਦਿਨ ਬੀਤਣ ਦੀ ਆਸ ਹੈ। ਘਟੋ-ਘਟ ਇਕ ਘੰਟਾ ਬਗੀਚੇ ਵਿਚ ਕੰਮ ਕਰਾਂਗੀ- ਆਲੂ ਢਕਣ ਦਾ। ਰਾਤਾਂ ਬਹੁਤ ਹੀ ਠੰਢੀਆਂ ਅਤੇ ਸੁੰਨ ਹਨ, ਪਰ ਦਿਨੇ ਸ਼ਾਨਦਾਰ ਧੁੱਪ ਹੁੰਦੀ ਹੈ।

**ਜਨਵਰੀ 18:** ਕੱਲ੍ਹ, ਮਹਾਰਾਣੀ ਕਸ਼ਮੀਰ ਨੇ ਅਚਾਨਕ ਫੇਰਾ ਪਾਇਆ। ਮੈਂ ਬਾਹਰ ਜ਼ਮੀਨ 'ਤੇ ਸਾਂ, ਬਿਸ਼ੰਭਰ (ਤਰਖਾਣ) ਲਈ ਸੜਕ ਕਿਨਾਰੇ ਇਕ ਟੋਟਾ ਚੁਣਨ ਲਈ ਉਹ ਬੜੇ ਦਾਇਆਵਾਨ ਸਨ, ਮੇਰੇ ਬੋਲੇਪਣ ਲਈ ਮੈਨੂੰ ਕੰਨਾਂ ਲਈ ਯੰਤਰ ਦੇਣਾ ਚਾਹੁੰਦੇ ਸਨ, ਪਰ ਮੈਂ ਨਿਮਰਤਾ ਸਹਿਤ ਜਵਾਬ ਦਿੱਤਾ, 'ਨਹੀਂ ਤੁਹਾਡੀ ਬੜੀ ਮਿਹਰਬਾਨੀ।' ਇਸ ਦੀ ਬਜਾਏ ਗਰਮ ਗਾਊਨ ਅਤੇ ਸੌਣ ਕਮਰੇ ਲਈ ਆਰਾਮਦੇਹ ਸਲੀਪਰ ਚੰਗੇ ਹਨ, ਮੈਂ ਹਮੇਸ਼ਾ ਇਹ ਮਹਿਸੂਸ ਕੀਤਾ ਹੈ ਕਿ ਨਜ਼ਦੀਕੀ ਗਵਾਂਢੀਆਂ ਨੂੰ ਦੋਸਤਾਂ ਵਾਂਗ ਰਹਿਣਾ ਚਾਹੀਦਾ ਹੈ। ਮੈਂ ਕਦੀ ਕਿਸੇ ਤੋਂ ਕੁਝ ਲਿਆ ਨਹੀਂ, ਹੁਣ ਇਹ ਗੱਲ ਹੋਣ ਲੱਗ ਪਈ ਹੈ।

**ਜਨਵਰੀ 19:** ਬਰਫ਼ ਪੈਣ ਕਾਰਨ ਕੱਲ੍ਹ ਬਹੁਤ ਹੀ ਠੰਢ ਸੀ, ਡਰਦਿਆਂ ਬਾਹਰ ਵੇਖਿਆ, ਕੋਈ ਨਹੀਂ ਸੀ। ਪਹਾੜਾਂ 'ਤੇ ਹੇਠਾਂ ਤੱਕ ਕਿੰਨੀ ਬਰਫ਼ ਪਈ ਹੈ। ਪਰਮਾਤਮਾ ਦਾ ਸ਼ੁਕਰ ਹੈ, ਅਸੀਂ ਬਚ ਗਏ ਹਾਂ। ਇਹ ਅਮਰੂਦਾਂ ਅਤੇ ਅੰਬਾਂ ਲਈ ਮੌਤ ਸਾਬਤ ਹੋਣੀ ਸੀ।

**ਜਨਵਰੀ 20:** ਕੱਲ੍ਹ ਨਾਲੋਂ ਵੀ ਠੰਢ ਹੈ। ਬਰਫ਼ ਪਹਾੜਾਂ ਤੋਂ ਹੋਰ ਹੇਠਾਂ ਆ ਰਹੀ ਹੈ, ਸ਼ਾਇਦ ਹੋਰ ਅੱਗੇ ਨਾ ਆਏ, ਮੇਰੇ ਸੌਣ ਕਮਰੇ ਦੀ ਬਾਰੀ ਵਿਚੋਂ ਇਹ ਧੁੱਪ ਵਿਚ ਚਮਕਦੀ ਦਿਖਾਈ ਦੇ ਰਹੀ ਹੈ। ਵਾਦੀ ਵਿਚ ਬਹੁਤ ਸਰਦੀ ਹੈ।

**ਫਰਵਰੀ 1:** ਸਾਡੀ ਪਰਬਤ ਰਾਣੀ ਨੇ ਆਪ ਕੱਪੜੇ ਪਾ ਲਏ ਹਨ, ਅਸੀਂ ਉਹਦੇ ਪੈਰਾਂ ਵਿਚ, ਬਿਨ ਕੱਪੜੇ ਕੰਬ ਰਹੇ ਹਾਂ।

**ਫਰਵਰੀ 3:** ਸਹੇਲੀਆਂ ਵਿਚ ਇਕ ਨਵਾਂ ਵਾਧਾ- ਸ੍ਰੀਮਤੀ ਵੈਲਦੀ ਫਿਸ਼ਰ ਲਖਨਊ ਦੇ 'ਸਾਹਿਤਕ ਘਰ' ਵਾਲੀ। ਉਹਦਾ 'ਲੇਖਕਾਂ ਦੇ ਕੋਰਸ' ਲਈ ਵੁਡਲੈਂਡਜ਼ ਵੱਲ ਧਿਆਨ ਗਿਆ ਹੈ ਅਤੇ ਲਿਖਿਆ ਹੈ ਕਿ 'ਅਸੀਂ ਕੱਚੀਆਂ ਕੰਧਾਂ ਅਤੇ ਘਾਹ ਦੀ ਛੱਤ ਤੋਂ ਨਹੀਂ ਡਰਾਂਗੇ।' ਉਹ ਆਪਣੇ ਕਾਰਜਕਾਰੀ ਡਾਇਰੈਕਟਰ ਨਾਲ ਤੂਫ਼ਾਨੀ ਦੌਰੇ 'ਤੇ ਆ ਰਹੀ ਹੈ।

**ਬਸੰਤ ਰੁੱਤ**

ਮੇਰਾ ਆੜੂ ਦਾ ਰੁੱਖ
ਹਰ ਸਵੇਰੇ- ਸਵੱਖਤੇ
ਮੈਂ ਆਪਣੀ ਬਾਰੀ ਖੋਲ੍ਹਦੀ ਹਾਂ।
ਤੈਨੂੰ ਨਮਸਕਾਰ ਕਰਨ ਲਈ।
ਹਰ ਰੋਜ਼ ਮੈਂ ਤੇਰੇ
ਸੁਹਣੇ ਵਿਕਾਸ ਨੂੰ ਵਾਚਦੀ ਹਾਂ
ਸੁੰਨੀਆਂ ਟਹਿਣੀਆਂ ਤੋਂ
ਫੁਟਦੀਆਂ ਕਰੂੰਬਲਾਂ ਤੋਂ
ਪਹਿਲਾਂ ਫੁੱਲ ਖਿੜਨ 'ਤੇ
ਤੀਜੇ ਅਤੇ ਚੌਥੇ ਤੱਕ
ਤੇਰੇ ਗੂੜ੍ਹੇ ਗੁਲਾਬੀ ਲਹਿਰੀਏ ਨੂੰ
ਸਬਜ਼ ਲਹਿਰਾਂਦੀ ਕਣਕ ਸਾਹਮਣੇ
ਇਨ੍ਹਾਂ ਸਭ ਨੂੰ ਵਾਚ ਚੁੱਕੀ ਹਾਂ
ਤੇਰੀ ਇਸ ਫੁੱਲਾਂ ਦੀ ਬਹਾਰ ਤਕ
ਹਰ ਨਿੱਕੜਾ ਫੁੱਲ
ਤ੍ਰੇਲ ਦੇ ਹੰਝੂ ਵਹਾਉਂਦਾ ਹੋਇਆ
ਇਹ ਜਾਣਦੇ ਹੋਏ ਕਿ ਦੂਜੇ
ਤੇਰੇ ਫਲਾਂ ਨੂੰ ਤੋੜ ਲੈਣਗੇ।
ਪਰ ਕੋਈ ਵੀ ਬਹਾਰ ਰੁੱਤੇ
ਤੇਰੇ ਮਾਣੇ ਹੋਏ ਆਨੰਦ ਨੂੰ
ਮੈਥੋਂ ਖੋਹ ਨਹੀਂ ਸਕੇਗਾ।

**ਮਾਰਚ 9:** ਅੱਜ ਇੱਟਾਂ ਪੱਥਣੀਆਂ ਸ਼ੁਰੂ ਕੀਤੀਆ ਹਨ।

**ਮਾਰਚ 10:** ਕੱਲ੍ਹ ਇੱਟਾਂ ਦਾ ਇਕ ਪਿਆਰਾ ਪੂਰ- ਆਕਾਸ਼ ਸਾਫ਼ ਸੀ, ਨਿੰਬਲ-ਬਲੌਰ ਵਾਂਗ, ਪਰ ਅੱਜ ਬੱਦਲ ਹਨ। ਇੱਟਾਂ ਠੀਕ ਰਹਿਣ।

**ਮਾਰਚ 11:** ਹੋਰ ਇੱਟਾਂ ਦਾ ਇਕ ਪੂਰ- ਸੂਰਜ ਨਿਕਲਿਆ ਸੀ- ਅੱਜ ਵੀ ਨਿਕਲਿਆ ਹੈ, ਪਰ ਥੋੜ੍ਹਾ ਥੋੜ੍ਹਾ। ਭਲੇ ਦੀ ਉਮੀਦ ਹੈ। ਦੋ ਹੋਰ ਦਿਨ। ਲੋੜ ਪੂਰੀ ਹੋ ਜਾਏਗੀ ਅਤੇ ਫਿਰ ਪ੍ਰਸਾਰਣ ਲਈ ਰੀਕਾਰਡਿੰਗ- ਤੋਬਾ!

**ਮਾਰਚ 13:** ਅੱਜ ਰੀਕਾਰਡਿੰਗ ਹੈ- ਰੇਡੀਓ ਪਾਰਟੀ ਲਈ ਸਭ ਕੁਝ ਠੀਕ ਹੈ- ਪ੍ਰਭੂ (ਨੌਕਰ) ਉਨ੍ਹਾਂ ਦੀ ਹਾਜ਼ਰੀ ਵਿਚ ਰਹੇਗਾ। ਮੌਸਮ ਸ਼ਾਨਦਾਰ ਹੈ ਅਤੇ ਸ਼ਾਨਦਾਰ ਹੀ ਇੱਟਾਂ ਵਿਛੀਆਂ ਪਈਆਂ ਹਨ। ਹਰ ਚੀਜ਼ ਸ਼ਾਨਦਾਰ- ਮੈਥੋਂ ਵਿਚਾਰੀ ਤੋਂ ਬਿਨਾਂ- ਅਤੇ ਮੇਰੀ ਆਵਾਜ਼- ਰੇਡੀਓ ਵਾਲੀ ਆਵਾਜ਼! ਕੱਲ੍ਹ ਮੈਂ 11 ਵਜੇ ਤੱਕ ਰੀਹਰਸਲ ਕੀਤੀ- ਪਹਿਲੀ ਵਾਰੀ ਬਹੁਤ ਸੁਹਣਾ ਪੜ੍ਹਿਆ, ਮੈਂ ਇਸ ਨੂੰ ਮਾਣਿਆ ਅਤੇ ਮਹਿਸੂਸ ਕੀਤਾ। ਦੂਜੀ ਵਾਰੀ ਜ਼ਰਾ ਫਿੱਕੀ ਸੀ। ਦੁਪਹਿਰ ਦੇ ਖਾਣੇ ਪਿਛੋਂ 2.30 ਵਜੇ ਤੱਕ ਆਰਾਮ ਕੀਤਾ ਅਤੇ ਫਿਰ ਰੀਹਰਸਲ ਕੀਤੀ- ਖੌਫ਼ਨਾਕ- ਜ਼ਰਾ ਅੱਛੀ ਨਹੀਂ ਸੀ- ਸ਼ਬਦ ਅੜ੍ਹਕ ਰਹੇ ਸਨ। ਜਿਵੇਂ ਉਬਾਸੀ ਲੈ ਰਹੇ ਸਨ- ਅੱਜ ਦੁਪਹਿਰ ਤੋਂ ਪਹਿਲਾਂ ਚਾਰ ਰੀਕਾਰਡਿੰਗ ਜ਼ਰੂਰ ਹੋਣੀਆਂ ਚਾਹੀਦੀਆਂ ਹਨ, ਹੋ ਸਕੇ ਤਾਂ ਦਸ ਵਜੇ ਸ਼ੁਰੂ ਕਰ ਕੇ। ਜਾਪਦਾ ਹੈ, ਉਨ੍ਹਾਂ ਦੀ ਗੱਡੀ 9.15 ਤੱਕ ਨਹੀਂ ਆਈ, ਇਹ ਵੀ ਇਕ ਔਖ ਹੋਏਗੀ- ਉਨ੍ਹਾਂ ਲਈ, ਮੇਰੇ ਲਈ ਨਹੀਂ। ਮੈਂ ਸ਼ਾਂਤ, ਚੁੱਪ-ਚਾਪ ਅਤੇ ਇਕਾਗਰ ਰਹਾਂਗੀ।

**ਮਾਰਚ 14:** ਰੀਕਾਰਡਿੰਗ ਖਤਮ- ਇਕ ਭਾਰ ਲੱਥਾ, ਇਤਨੀ ਮਾੜੀ ਨਹੀਂ ਜਿੰਨੀ ਮੈਂ ਸੋਚਦੀ ਸਾਂ। ਰੇਡੀਓ ਪਾਰਟੀ ਦੇ ਆਉਣ ਨੂੰ ਮੈਂ ਮਾਣਿਆ, ਉਨ੍ਹਾਂ ਨੂੰ 'ਬਰਾਉਨੀ' ਵਿਚ ਵੇਖ ਕੇ ਪਿਆਰਾ-ਪਿਆਰਾ ਲੱਗਦਾ ਸੀ।

**ਮਾਰਚ 15:** ਅੱਜ ਸ੍ਰੀਮਤੀ ਫਿਸ਼ਰ ਅਤੇ ਡਾ. ਕੋਸ਼ੀ ਲਈ ਕਮਰੇ ਠੀਕ ਕਰਨੇ ਹਨ। ਉਹ 17 ਨੂੰ ਤੂਫ਼ਾਨੀ ਦੌਰੇ 'ਤੇ ਆ ਰਹੇ ਹਨ। ਅਫ਼ਸੋਸ। ਵਿਸਟੀਰੀਆ ਪੂਰੀ ਤਰ੍ਹਾਂ ਖਿੜਿਆ ਨਹੀਂ ਹੋਏਗਾ।

**ਮਾਰਚ 19:** ਉਹ ਆਏ ਅਤੇ ਚਲੇ ਗਏ- ਇਕ ਤੂਫ਼ਾਨੀ ਦੌਰਾ, ਮਸੀਂ 24 ਘੰਟੇ ਲਈ- ਪਰ ਬੜੇ ਹੀ ਖੁਸ਼ ਪਲ। ਉਹ ਦੋ ਦੀ ਬਜਾਏ ਚਾਰ ਜਣੇ ਆਏ- ਖੂਬਸੂਰਤ ਵਿਸਟੀਰੀਆ ਮੀਟਿੰਗ ਦੀ ਥਾਂ ਸੀ- ਦੋਵੇਂ ਬੜੇ ਫੁਰਤੀਲੇ- ਪਿਆਰੇ-ਸਦਾ ਯਾਦ ਰਹਿਣ ਵਾਲੇ ਸਨ।

**ਮਾਰਚ 20:** ਮਹਾਰਾਣੀ ਵੱਲੋਂ ਇਕ ਨੋਟ- ਕੀ ਮੈਂ 21 ਨੂੰ ਆ ਸਕਦੀ ਹਾਂ- ਯੁਵਰਾਜ ਦੋ ਤਿੰਨ ਦਿਨ ਲਈ ਆਏ ਹਨ- ਕਾਰ ਭੇਜੀ ਜਾਏਗੀ- ਮੈਂ ਲਿਖ ਭੇਜਿਆ ਹੈ, 'ਅਫਸੋਸ, ਮੈਂ ਨਹੀਂ ਆ ਸਕਾਂਗੀ।'

**ਮਾਰਚ 25:** ਯੁਵਰਾਜ ਨੇ ਫਲਾਂ ਦੀ ਭਰੀ ਹੋਈ ਟੋਕਰੀ ਭੇਜੀ ਹੈ ਅਤੇ ਮੈਂ ਵਿਸਟੀਰੀਆ ਦੇ ਫੁੱਲਾਂ ਨਾਲ ਭਰ ਕੇ ਵਾਪਸ ਕਰ ਦਿੱਤੀ- ਉਨ੍ਹਾਂ ਨੂੰ ਦੁਪਹਿਰ ਦੇ ਖਾਣੇ 'ਤੇ ਬੁਲਾਇਆ ਹੈ, ਪਰ ਉਹ ਨਹੀਂ ਆ ਸਕਣਗੇ। ਯੁਵਰਾਜ ਨੇ ਕੱਲ੍ਹ ਕਸ਼ਮੀਰ ਮੁੜ ਜਾਣਾ ਹੈ।

**ਮਾਰਚ 29:** ਕੱਲ੍ਹ ਡੇਵਿਜ਼ ਹੋਰੀਂ ਆਏ- ਜੋਣ ਦੀ ਵੁਡਲੈਂਡਜ਼ ਦੀ ਪਹਿਲੀ ਫੇਰੀ- ਉਹ ਅਤੇ ਵਿਸਟੀਰੀਆ ਸੁੰਦਰਤਾ ਵਿਚ ਸਾਥੀ ਹਨ- ਇਕ ਪਿਆਰੀ ਔਰਤ, ਉਹ ਦੋ ਚਿਕਨ ਅਤੇ ਬੜਾ ਸੁਹਣਾ ਖਾਣਾ ਬਣਾ ਕੇ ਬਰਫ਼ ਵਿਚ ਲਗਾ ਕੇ ਲਿਆਏ ਹਨ- ਮੈਂ ਦੁਪਹਿਰ ਦੇ ਖਾਣੇ 'ਤੇ ਉਨ੍ਹਾਂ ਦੀ ਮਹਿਮਾਨ ਸਾਂ ਅਤੇ ਆਨੰਦ ਮਾਣਿਆ। ਅਸੀਂ ਯੁਵਰਾਜ ਵੱਲੋਂ ਭੇਜੇ ਅਨਾਨਾਸ ਦੇ ਡੱਬੇ ਖੋਲ੍ਹੇ ਅਤੇ ਵੰਡੇ- ਪ੍ਰਭੂ ਅਤੇ ਸਾਲਿਗ ਕੱਲ੍ਹ ਰਾਤ ਖਾਣੇ ਦਾ ਅਪਣਾ ਹਿੱਸਾ ਲੈ ਕੇ ਚਲੇ ਗਏ ਸਨ। ਬਾਕੀ ਨੂੰ ਮੈਂ ਮਜ਼ੇ-ਮਜ਼ੇ ਖਾਧਾ। ਸ਼ਾਮ ਨੂੰ ਸਟੂਡੀਓ ਵਿਚ 'ਰੂਸਟਿਕ' ਦੀ ਭਾਲ ਕੀਤੀ- ਮਿਲ ਗਿਆ- ਜੋ ਦਿਆਲ ਨੂੰ ਕਾਪੀ ਭੇਜਣ ਲਈ ਟਾਈਪ ਕੀਤੀ- ਵੁਡਲੈਂਡਜ਼ ਵਿਖੇ ਰੀਹਰਸਲ ਕਰਨ ਲਈ ਹੁਣ ਹਰ ਚੀਜ਼ ਤੋਂ ਦੂਰ ਰਹਿਣਾ- ਪਰ ਨਾਟਕ ਤੋਂ ਨਹੀਂ। ਵੁਡਲੈਂਡਜ਼ ਹੁਣ ਆਪਣੇ ਡਰਾਮਈ ਰੂਪ ਵਿਚ ਆਵੇਗਾ, ਪਰ ਇਹ ਬਾਹਰਲੇ ਸਹਿਯੋਗ ਨਾਲ ਹੀ ਹੋ ਸਕਦਾ ਹੈ। ਜੇ.ਡੀ. ਦੇ ਵਿਦਿਆਰਥੀ ਹੋਣਹਾਰ ਹਨ ਅਤੇ 'ਸਾਹਿਤਕ ਘਰ' ਦੇ ਲੇਖਕਾਂ ਨੇ ਇਕਰਾਰ ਕੀਤਾ ਹੈ- ਸੋ ਹੁਣ ਰੰਗਭੂਮੀ ਵਿਚੋਂ ਘਾਹ-ਪੱਤਾ ਚੁਗਣਾ ਹੈ।

**ਮਾਰਚ 30:** ਮੈਂ ਇਤਿਹਾਸਕ ਨਾਟਕ ਲਈ ਤਿਆਰ ਹਾਂ, ਜੇਕਰ ਜੇ.ਡੀ. ਦਾ ਗਰੁੱਪ ਆ ਜਾਏ- ਉਹ ਰੀਹਰਸਲ ਕਰਨਗੇ- 'ਸਿਕੰਦਰ ਅਤੇ ਪੋਰਸ' ਦੀ- 'ਰੂਸਟਿਕ' ਦੀ ਵੀ।

**ਅਪ੍ਰੈਲ 2:** 'ਬਰਾਉਨੀ' ਦੀ ਉਸਾਰੀ- ਸ਼ਿਵ ਚਰਨ 'ਤੇ ਕੱਲ੍ਹ ਤੋਂ ਕੰਮ ਸ਼ੁਰੂ ਕੀਤਾ ਹੈ- ਨਵੀਂ ਬਰਸਾਤੀ ਦਾ ਕੰਮ- ਚੰਗਾ ਬੁੱਢਾ ਆਦਮੀ- ਹਰ ਚੀਜ਼ ਖੁਸ਼ ਹੈ- ਜਦੋਂ ਮਕਾਨ ਦਾ ਕੰਮ ਹੋ ਰਿਹਾ ਹੋਏ, ਅਸੀਂ ਸਦਾ ਖੁਸ਼ ਹੁੰਦੇ ਹਾਂ- ਵਿਸ਼ੇਸ਼ ਕਰ ਇਹ ਬਜ਼ੁਰਗ ਸ਼ਿਵ ਚਰਨ ਅਤੇ ਬਜ਼ੁਰਗ ਮੈਂ- ਜੇ.ਡੀ. ਨੂੰ ਕੱਲ੍ਹ 'ਰੂਸਟਿਕ' ਡਾਕੇ ਪਾ ਦਿੱਤਾ।

**ਅਪ੍ਰੈਲ 17:** ਜੇ.ਡੀ. ਨੇ ਲਿਖਿਆ ਹੈ ਕਿ ਉਹਦੇ ਵਿਦਿਆਰਥੀ ਚਲੇ ਗਏ ਹਨ- ਇਸ ਤਰ੍ਹਾਂ ਵੀ ਹੁੰਦਾ ਹੈ- ਇਸ ਸਮੇਂ ਮੈਂ ਆਪਣੀ ਕਣਕ ਦੀ ਫਸਲ ਨੂੰ ਵੇਖ ਕੇ ਦੁਖੀ ਹੋ ਰਹੀ ਹਾਂ- ਅਸਲ ਵਿਚ ਫਸਲ ਹੈ ਹੀ ਨਹੀਂ- ਤੋਤਿਆਂ ਨੇ ਨਾਸ ਕਰ ਦਿੱਤੀ ਹੈ- ਤਿੱਬਤੀ ਤੇ ਚੀਨੀ ਤੋਤਿਆਂ ਵਾਂਗ। -ਜੇ ਹੁਣ ਬੈਠ ਸਕਾਂ -ਤਾਂ ਇਸ ਦੂਹਰੇ ਦੁੱਖ ਬਾਰੇ ਲੇਖ ਲਿਖ ਮਾਰਾਂ- ਆਪਣੇ ਮਨ ਤੋਂ ਦੋਵਾਂ ਨੂੰ ਭੁਲਾਉਣ ਲਈ।

**ਅਪ੍ਰੈਲ 25:** 'ਬਰਾਉਨੀ' ਦੀ ਬਰਸਾਤੀ ਨਾਲ ਹਾਲੇ ਤੱਕ ਜਦੋ-ਜਹਿਦ ਕਰ ਰਹੇ ਹਾਂ। ਇਹ ਇਕ 'ਨਿੱਘਾ ਘਰ' ਬਣ ਜਾਏਗਾ ਜਦੋਂ ਤੱਕ ਲਖਨਊ ਵਾਲੇ ਆਉਣਗੇ। ਸ਼ਿਵ ਚਰਨ ਨੂੰ ਹਲਵੇ ਦਾ ਤੀਹਰਾ ਗੱਫਾ ਮਿਲੇਗਾ ਅਤੇ ਇਕ 'ਪ੍ਰਸ਼ਟ-ਮੁਕਟ'। ਮੈਂ ਉਸ ਨਾਲ ਇਕਰਾਰ ਕੀਤਾ ਹੈ ਕਿ ਆਉਂਦੇ ਸਿਆਲ ਵਿਚ ਉਹਨੂੰ ਪੂਰੀਆਂ ਬਾਹਾਂ ਵਾਲੀ ਜਰਸੀ ਲੈ ਕੇ ਦੇਣੀ ਹੈ- ਉਸ ਨੇ ਹੁਣ ਜੋ ਪਹਿਨੀ ਹੈ- ਉਸ ਵਿਚ ਕਈ ਥਾਵਾਂ 'ਤੇ ਮਘੋਰੇ ਹਨ।

**ਮਈ:** ਮੈਨੂੰ ਉਮੀਦ ਹੈ ਅਤੇ ਪ੍ਰਾਰਥਨਾ ਕਰਦੀ ਹਾਂ ਕਿ ਲਖਨਾਊ ਵਾਲਿਆਂ ਦਾ 'ਲੇਖਕ ਕੋਰਸ' ਠੀਕ ਠਾਕ ਹੋ ਜਾਏ- ਮੈਂ ਜੋ ਕਰ ਸਕਦੀ ਹਾਂ, ਕਰ ਰਹੀ ਹਾਂ, ਭਲੇ ਦੀ ਆਸ ਹੈ।

**ਮਈ 11:** ਬੋਝ ਅਤੇ ਜਦੋ ਜਹਿਦ ਜਾਰੀ ਹੈ ਅਤੇ ਇਹ ਗਰਮੀ। ਮੈਂ ਕਾਫ਼ੀ ਕੰਮ ਮੁਕਾ ਲਿਆ ਹੈ। ਸ਼ਿਵ ਚਰਨ ਨੂੰ ਕੱਲ੍ਹ ਹਟਾ ਦਿੱਤਾ ਹੈ। ਚੰਗਾ ਬੁੱਢਾ ਆਦਮੀ। ਉਸ ਨੇ ਆਪਣੀ ਪੂਰੀ ਵਾਹ ਲਾਈ ਅਤੇ ਇਹ ਏਨਾ ਮਾੜਾ ਵੀ ਨਹੀਂ।

**ਮਈ 13:** ਲਹੂ ਤੇ ਮਾਸ ਕੀ ਬਰਦਾਸ਼ਤ ਕਰ ਸਕਦੇ ਹਨ- ਉਹ ਵੀ 82 ਸਾਲ ਦੀ ਉਮਰ ਤੇ ਮਈ ਦੀ ਗਰਮੀ ਵਿਚ। ਇਕ ਹੋਰ ਕੰਮ, ਸਭ ਚੀਜ਼ਾਂ ਨੂੰ ਤਰਤੀਬ ਦੇਣੀ ਹੈ। ਡਾ. ਕੋਸ਼ੀ ਤੇ ਉਹਦੇ ਪਰਿਵਾਰ ਨੇ ਅੱਜ ਆਉਣਾ ਹੈ ਅਤੇ ਲੇਖਕਾਂ ਨੇ ਕੱਲ੍ਹ। 'ਸਾਹਿਤਕ' ਜੀਪ ਕੱਲ੍ਹ ਰਸੋਈ ਦਾ ਨਿੱਕ-ਸੁੱਕ ਲੈ ਕੇ ਆਈ, ਪਰ ਡਰਾਈਵਰ ਦਾ ਬਹੁਤ ਬੁਰਾ ਹਾਲ। ਐਸਪਰੀਨ ਮੰਗੀ- ਅਸੀਂ ਪ੍ਰਬੰਧ ਕੀਤਾ- ਜੇ.ਡੀ. ਕੋਲ ਹੀ ਸੀ ਤੇ ਉਸ ਨੇ ਔਖੇ ਸਮੇਂ ਮੇਰੀ ਮਦਦ ਕੀਤੀ। ਘੁਸਮੁਸਾ ਹੋਣ ਤੱਕ ਹਰ ਚੀਜ਼ ਟਿਕਾਣੇ ਸਿਰ ਰੱਖ ਦਿੱਤੀ ਗਈ ਤੇ ਰਸੋਈ ਵਰਤੋਂ ਲਈ ਤਿਆਰ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਬੀ.ਡੀ.ਓ. ਦਾ ਡਰਾਈਵਰ ਸ਼ਾਮ ਨੂੰ 'ਸਾਹਿਤਕ' ਜੀਪ ਸਟੇਸ਼ਨ 'ਤੇ ਲੈ ਜਾਏ- ਇਹ ਸਭ ਕਿਵੇਂ ਮੁੱਕੇਗਾ, ਪਰਮਾਤਮਾ ਹੀ ਜਾਣਦਾ ਹੈ।

**ਮਈ 14:** ਡਾ. ਕੋਸ਼ੀ ਪਾਰਟੀ ਸਮੇਤ ਪਹੁੰਚ ਗਏ। ਮੈਨੂੰ ਆਸ ਹੈ, ਤੇ ਖਿਆਲ ਹੈ ਕਿ ਉਹ ਇਨ੍ਹਾਂ ਰੁੱਖੇ ਕਮਰਿਆਂ ਵਿਚ ਖੁਸ਼ੀ-ਖੁਸ਼ੀ ਟਿਕ ਜਾਣਗੇ। ਡਾ. ਜੈਸਵਾਲ ਤੇ ਪੰਜ ਲੇਖਕ ਵੀ ਪਹੁੰਚ ਗਏ। ਅੱਜ ਦਸ ਵਜੇ ਸਟਾਫ਼ ਮੀਟਿੰਗ ਹੈ- ਮੈਂ ਸਿਰਫ਼ ਦਰਸ਼ਕ ਵਜੋਂ ਹਾਜ਼ਰ ਹੋਣਾ ਹੈ।

**ਮਈ 24:** ਕੂਚ ਜੋਗਿੰਦਰ ਨਗਰ ਨੂੰ- ਉਨ੍ਹਾਂ ਵਿਚੋਂ ਚੋਹਾਂ ਬਾਰੇ ਸ਼ੱਕ ਸੀ, ਪਰ ਹੁਣ ਇਥੇ ਇਕ ਵੀ ਨਹੀਂ ਰਿਹਾ ਤੇ 'ਰੀਟਰੀਟ' ਚੁੱਪ-ਚਾਪ ਤੇ ਇਕਾਂਤ ਦਿਸ ਰਹੀ ਹੈ।

**ਜੂਨ 1:** ਅੰਤਮ ਸ਼ਾਮ- 'ਨਿੱਘੇ ਘਰ' ਦੀ ਬਰਸਾਤੀ ਵਿਚ ਗੀਤ ਅਤੇ ਕਵਿਤਾ ਦੀ ਮਹਿਫ਼ਲ ਚੀਨੀ ਲਾਲਟੈਣ ਨਾਲ ਰੁਸ਼ਨਾਈ ਗਈ ਹੈ ਅਤੇ ਬਰਸਾਤੀ 'ਪਰੀਆਂ ਦੀ ਥਾਂ' ਜਾਪ ਰਹੀ ਹੈ। ਜਦੋਂ ਅਸੀਂ ਘਰ ਵੱਲ ਨੂੰ ਮੁੜੇ, ਜੇ.ਡੀ. ਨੇ ਮੇਰੇ ਕੰਨ ਵਿਚ ਕਿਹਾ- 'ਮਹਿਫ਼ਲ ਪਿਆਰੀ ਸੀ।'

**ਜੂਨ 11:** ਲੈਕਚਰ ਦੇਣ ਵਾਲੇ ਇਕੱਠੇ ਹੋਏ ਹਨ- ਇਕ ਚਲਾ ਗਿਆ ਹੈ- ਦੋ ਆਉਣ ਵਾਲੇ ਹਨ। ਅੱਜ ਸਵੇਰੇ ਸਟਾਫ਼ ਮੀਟਿੰਗ ਹੈ। ਉਨ੍ਹਾਂ ਵਿਚੋਂ ਚਾਰ ਤੇ ਮੈਂ ਡਾ. ਉਪਾਧਿਆਏ ਚਾਹੁੰਦੇ ਹਨ, ਮੈਂ ਪੇਂਡੂ ਘਰਾਂ ਬਾਰੇ ਕੁਝ ਬੋਲਾਂ, ਜੇ ਮਰਜ਼ੀ ਹੋਏ।

**ਜੂਨ 12:** ਪੇਂਡੂ ਘਰਾਂ ਬਾਰੇ ਸਾਡੀ ਟਾਕ ਬਹੁਤ ਵਧੀਆ ਰਹੀ। ਸ਼ੁਰੂ ਕਰਨ ਤੋਂ ਪਹਿਲਾਂ ਮੈਂ ਕਿਹਾ, ਚੰਗਾ ਹੋਏ ਡਾ. ਉਪਾਧਿਆਏ ਬੋਲੇ। ਜਦੋਂ ਮੈਂ ਬੋਲਣਾ ਸ਼ੁਰੂ ਕੀਤਾ, ਮੈਨੂੰ ਪਤਾ ਨਾ ਲੱਗੇ, ਕਿਵੇਂ ਖਤਮ ਕਰਾਂ। ਡਾ. ਉਪਾਧਿਆਏ ਬੜਾ ਹੱਸਿਆ ਤੇ ਕਹਿਣ ਲੱਗਾ ਕਿ ਉਹ ਇਕ ਇਸਤਰੀ ਤੋਂ ਹਾਰ ਖਾ ਗਿਆ ਹੈ। ਉਸ ਨੇ ਮੈਨੂੰ 'ਕੰਟਰੀ ਲਾਈਫ਼' ਨੂੰ 'ਦਿਹਾਤੀ ਜ਼ਿੰਦਗੀ' ਦੀ ਬਜਾਇ 'ਦਿਹਾਤੀ ਜੀਵਨ' ਦਾ ਸ਼ਬਦ ਦਿੱਤਾ।

**ਜੂਨ 13:** ਡਾ. ਉ: ਅੱਜ ਚਲਾ ਗਿਆ- ਵਿਦਾਈ ਮੀਟਿੰਗ ਕੱਲ੍ਹ ਸ਼ਾਮੀਂ 'ਚੰਬੀ ਨਿਵਾਸ' ਸੀ- ਮੈਂ 'ਭੂਮੀ ਮਾਤਾ' ਦੇ ਵੇਸ਼-ਭੂਸ਼ਾ ਪਹਿਨ ਕੇ ਰੀਹਰਸਲ ਕੀਤੀ- ਉਸ ਦੇ ਮਨੋਰੰਜਨ ਲਈ। ਨਵਾਂ ਕਿਸਾਨ ਨਵੇਂ ਰੂਪ ਵਿਚ- ਸੁਹਣੀ ਨੀਲੀ ਪਹਾੜੀ ਟੋਪੀ ਪਹਿਨੇ ਹੋਏ। ਭੂਮੀ-ਮਾਤਾ ਸਨਮਾਨਤ ਹੋਈ। ਅਸੀਂ ਵਿਚਕਾਰਲੀ ਸ਼ਤੀਰੀ ਵਿਚ ਚੀਨੀ ਲਾਲਟੈਣਾਂ ਜਗਾ ਕੇ ਟੰਗ ਦਿੱਤੀਆਂ। ਕਈ ਤਕਰੀਰਾਂ ਹੋਈਆਂ, ਅਤੇ ਵਿਦਾਇਗੀ, ਡਾ. ਉਪਾਧਿਆਏ ਅਤੇ ਮੈਂ ਸਭ ਪਿਛੇ- ਸ੍ਰੀ ਮੁਸ਼ਤਾਕ ਅਹਿਮਦ ਵੀ ਹਜ਼ਾਰ ਸਨ, ਉਨ੍ਹਾਂ ਨੇ ਹਰ ਚੀਜ਼ ਦੀ ਬੜੀ ਪ੍ਰਸ਼ੰਸਾ ਕੀਤੀ। ਸਾਡੀ ਵਰਕਸ਼ਾਪ ਦੇ ਸਮੂਹ ਵਿਚ ਇਕ ਨਵਾ ਵਾਧਾ- ਬਹੁਮੁੱਲਾ।

**ਜੂਨ 14:** ਕੱਲ੍ਹ ਰਾਤ ਵਲਾਇਤ ਜ਼ਾਫ਼ਰੀ ਨੇ ਰੋਸ਼ਨੀ ਅਤੇ ਪਰਦਿਆਂ ਦਾ ਪ੍ਰਬੰਧ ਕਰ ਕੇ 'ਭੂਮੀ' ਦੀ ਰੀਹਰਸਲ ਕੀਤੀ- ਉਹ ਬਹੁਤ ਵਧੀਆ ਲੇਖਕਾਂ ਵਿਚੋਂ ਇਕ ਹੈ। ਮੈਂ ਹੁਣ ਇਸ ਨੂੰ ਬਿਲਕੁਲ ਹੀ ਛੱਡ ਦਿੱਤਾ ਹੈ, ਹਬੀਬ ਤਨਵੀਰ ਇਸ 'ਤੇ ਕੰਮ ਕਰੇਗਾ। ਮੈਂ ਤਾਂ ਸਿਰਫ਼ ਰਫ ਜਿਹਾ ਬਣਾਇਆ ਹੈ- ਉਹ ਯਾਦਾਂ ਪੂਰੀਆਂ ਕਰੇਗਾ ਅਤੇ ਲਿਸ਼ਕਾਏਗਾ।

**ਜੂਨ 17:** ਬਿਹਾਰ ਤੋਂ ਐਸ.ਐਨ. ਸ੍ਰੀਵਾਸਤਵਾ ਆਏ ਹੋਏ ਹਨ। ਉਸ ਦਾ ਵਿਸ਼ਾ ਪੇਂਡੂ ਡਰਾਮਾ ਹੈ। ਰਾਤੀਂ ਅਸੀਂ ਚੀਨੀ ਲਾਲਟੈਣ ਜਗਾ ਕੇ ਪੇਂਡੂ ਡਰਾਮੇ ਬਾਰੇ ਵਿਚਾਰ-ਵਟਾਂਦਰਾ ਕੀਤਾ ਸੀ।

**ਜੂਨ 20:** 'ਭੂਮੀ' ਦੀ ਰੀਹਰਸਲ ਬਹੁਤ ਘਟੀਆ ਸੀ- ਤਨਵੀਰ ਨੂੰ ਇਸ 'ਤੇ ਬਹੁਤ ਕੰਮ ਕਰਨਾ ਪਏਗਾ- ਜੇ ਉਹ ਮੰਨੇ। ਮੁਰਲੀ ਧਰ ਕੱਲ੍ਹ ਆ ਰਿਹਾ ਹੈ। ਉਹ ਹਰ ਚੀਜ਼ ਭੁੱਲ ਰਹੇ ਹਨ- ਪਰ ਠੀਕ ਖਤਮ ਹੋਏਗਾ।

**ਜੂਨ 21:** ਐਮ.ਡੀ. ਅਤੇ ਹਬੀਬ ਤਨਵੀਰ ਆ ਗਏ ਹਨ ਅਤੇ ਅਸੀਂ ਉਨ੍ਹਾਂ ਦਾ ਰੰਗਭੂਮੀ ਵਿਚ ਸੁਆਗਤ ਕੀਤਾ ਹੈ। ਹੁਣ ਸਭ ਠੀਕ ਹੈ- ਬਹੁਤ ਠੀਕ ਹੈ। ਹਾਂ ਤਾਂ 'ਭੂਮੀ' ਅਤੇ 'ਪੁੱਤਰ' 'ਤੇ ਬਹੁਤ ਮਿਹਨਤ ਕਰ ਰਿਹਾ ਹੈ।

**ਜੂਨ 27:** ਅੱਜ ਅੰਤਮ ਦਿਨ ਹੈ ਤੇ 'ਸਾਹਿਤਕ ਘਰ', ਅੰਤਮ ਸਮਾਰੋਹ ਹੈ, ਇਕ ਫੌਜੀ ਅਫ਼ਸਰ ਦੀ ਪ੍ਰਧਾਨਗੀ ਹੇਠ- ਪਾਲਮਪੁਰ ਤੋਂ ਲੋਕਾਂ ਨੂੰ ਸੱਦਾ ਦਿੱਤਾ ਹੈ ਤੇ ਮੈਂ 'ਖੁੱਲ੍ਹੇ ਰੰਗ ਮੰਚ' ਦਾ ਸ਼ੋਅ ਨਹੀਂ ਦੇਣਾ ਚਾਹੁੰਦੀ, ਕਿਉਂਕਿ ਰਾਤ ਦੀ ਰੀਹਰਸਲ 'ਵੁਡਲੈਂਡਜ਼' ਦੇ ਪੱਧਰ ਦੀ ਨਹੀਂ।



*ਅੰਦਰੇਟੇ (ਹਿਮਾਚਲ ਪ੍ਰਦੇਸ਼) ਵਿਚ ਨੋਰਾ ਰਿਚਰਡ ਦੇ ਘਰ ਦੀ ਝਲਕ।*


ਕਹਾਣੀ

# ਖੱਟੀ ਲੱਸੀ ਪੀਣ ਵਾਲੇ

*ਪੰਜਾਬੀ ਲਿਖਾਰੀ ਰਾਮ ਸਰੂਪ ਅਣਖੀ ਦੀ ਕਹਾਣੀ 'ਖੱਟੀ ਲੱਸੀ ਪੀਣ ਵਾਲੇ' ਸਾਧਾਰਨ ਰਚਨਾ ਨਹੀਂ। ਇਸ ਦੀਆਂ ਤਹਿਆਂ ਹੇਠ ਆਮ ਬੰਦੇ ਦਾ ਪੀੜ ਪਰੁੰਨਿਆ ਆਪਾ ਨਜ਼ਰੀਂ ਪੈ ਜਾਂਦਾ ਹੈ, ਨਾਲ ਹੀ ਬੇਵਸੀ ਵੀ ਝਾਤੀਆਂ ਮਾਰਦੀ ਦਿਸਦੀ ਹੈ। ਇਹ ਬੇਵਸੀ ਜਦੋਂ ਆਖਰਕਾਰ ਬਗਾਵਤ ਵਿਚ ਵਟਦੀ ਹੈ, ਤਾਂ ਹੀ ਬੰਦੇ ਦਾ ਛੁਟਕਾਰਾ ਸੰਭਵ ਹੋ ਸਕਦਾ ਹੈ। ਅਣਖੀ ਨੇ ਮਿੱਟੀ ਨਾਲ ਮਿੱਟੀ ਹੋ ਰਹੇ ਭਰਾਵਾਂ ਦਾ ਦਰਦ ਆਪਣੀ ਇਸ ਕਹਾਣੀ ਵਿਚ ਪੇਸ਼ ਕੀਤਾ ਹੈ। -ਸੰਪਾਦਕ*

ਗਿੰਦਰ ਤੇ ਚੰਦ ਦੋ ਭਰਾ ਸਨ। ਗਿੰਦਰ ਵੱਡਾ ਸੀ ਤੇ ਚੰਦ ਛੋਟਾ। ਜ਼ਮੀਨ ਉਨ੍ਹਾਂ ਕੋਲ ਸਾਰੀ ਹੀ ਦਸ ਘੁਮਾਂ ਸੀ। ਉਨ੍ਹਾਂ ਦਾ ਪਿਓ ਇਕੱਲਾ ਸੀ ਤੇ ਜਵਾਨੀ-ਪਹਿਰੇ ਵੀ ਉਸ ਤੋਂ ਵਾਹੀ ਦਾ ਕੰਮ ਚੰਗਾ ਨਹੀਂ ਸੀ ਤੁਰਿਆ। ਆਪਣੀਆਂ ਦੋ ਭੈਣਾਂ ਦੇ ਵਿਆਹ, ਜਿਹੜੇ ਉਸ ਨੇ ਆਪ ਹੀ ਕੀਤੇ ਸਨ, ਕਿਸੇ ਬਾਣੀਏ ਤੋਂ ਕਰਜ਼ਾ ਲੈ ਕੇ ਕੀਤੇ ਸਨ। ਕਰਜ਼ਾ ਦਿਨੋ-ਦਿਨ ਟਿੱਬੇ ਦੀ ਰੇਤ ਵਾਂਗ ਵਧੀ ਜਾਂਦਾ ਸੀ। ਉਸ ਨੇ ਉਨ੍ਹਾਂ ਸਮਿਆਂ ਵਿਚ ਦੋ ਘੁਮਾਂ ਜ਼ਮੀਨ ਪਿੰਡ ਦੇ ਇਕ ਨਰੋਏ ਜ਼ਿਮੀਂਦਾਰ ਸੁਰਤਾ ਸਿੰਘ ਕੋਲ ਗਹਿਣੇ ਧਰ ਕੇ, ਉਸ ਬਾਣੀਏ ਦੇ ਸਾਰੇ ਕਰਜ਼ੇ ਦਾ ਜੂੜ ਵੱਢ ਦਿੱਤਾ ਸੀ।

ਕਹਿੰਦੇ, ਜੇ ਜੱਟ ਤਕੜਾ ਹੋਵੇ ਤਾਂ ਜ਼ਮੀਨ ਨੂੰ ਸਾਰੀ ਉਮਰ ਖਾਂਦਾ ਰਹਿੰਦਾ ਹੈ ਤੇ ਜੱਟ ਮਾੜਾ ਹੋਵੇ ਤਾਂ ਜ਼ਮੀਨ ਉਲਟੀ ਜੱਟ ਨੂੰ ਖਾ ਜਾਂਦੀ ਹੈ। ਹਲ-ਵਾਹੀ ਦੇ ਕੰਮ ਵਿਚ 'ਚਉ' ਦਾ ਕੰਮ ਧਰਤੀ ਨੂੰ ਪੋਲਾ ਕਰਨਾ ਹੁੰਦਾ ਹੈ। ਧਰਤੀ ਨੂੰ ਪੋਲਾ ਜਿੰਨਾ ਕੋਈ ਜੱਟ ਬਹੁਤਾ ਕਰੇ, ਉਨ੍ਹਾਂ ਉਸ ਵਿਚੋਂ ਬਹੁਤਾ ਅੰਨ-ਪਦਾਰਥ ਨਿਕਲਦਾ ਹੈ, ਜੇ ਜੱਟ ਚਉ ਨੂੰ ਧਰਤੀ ਵਿਚ ਬਹੁਤਾ ਨਾ ਵਰਤੇ, ਤਾਂ ਉਹ



ਰਾਮ ਸਰੂਪ ਅਣਖੀ

ਚਉ ਧਰਤੀ ਨੂੰ ਪੋਲਾ ਕਰਨ ਦੀ ਥਾਂ ਜੱਟ ਨੂੰ ਪੋਲਾ ਕਰ ਦਿੰਦੀ ਹੈ। ਅੰਨ-ਪਦਾਰਥ ਦੀ ਥਾਂ ਫਿਰ ਜੱਟ ਵਿਚੋਂ ਨਿਕਲਦਾ ਹੈ, 'ਸ਼ਾਹ ਦਾ ਕਰਜ਼ਾ', 'ਡੂਬੀਆਂ-ਸਵਾਈਆਂ', 'ਕੁੜੀਆਂ ਦੇ ਪੈਸੇ ਵੱਟਣੇ' ਅਤੇ 'ਮੁੰਡਿਆਂ ਨੂੰ ਪੈਸੇ ਦੇ ਕੇ ਵਿਆਹੁਣਾ।'

ਦੋ ਘੁਮਾਂ ਜ਼ਮੀਨ ਤਾਂ ਉਨ੍ਹਾਂ ਦੇ ਪਿਓ ਨੇ ਸੁਰਤਾ ਸਿੰਘ ਕੋਲ ਗਹਿਣੇ ਧਰੀ ਹੋਈ ਸੀ, ਪਰ ਕਦੇ ਸੌ, ਕਦੇ ਦੋ ਸੌ ਕਰ ਕੇ ਹੋਰ ਦੋ ਹਜ਼ਾਰ ਰੁਪਈਆ ਵਿਆਜੂ ਵੀ ਸੁਰਤਾ ਸਿੰਘ ਨੇ ਉਸ ਦੇ ਸਿਰ ਕਰ ਲਿਆ ਸੀ। ਹਾੜ੍ਹੀ ਸਾਉਣੀ ਮੋੜ-ਮੋੜ ਕੇ ਵੀ ਰਕਮ ਓਨੀ ਦੀ ਓਨੀ ਖੜ੍ਹੀ ਰਹਿੰਦੀ, ਕਦੇ ਗਾਂ ਦਾ ਰੱਸਾ ਫੜਾ ਦਿੱਤਾ, ਕਦੇ ਵੱਛੇ ਦਾ ਰੱਸਾ ਫੜਾ ਦਿੱਤਾ ਤੇ ਕਦੇ ਕੋਈ ਝੋਟੀ ਦੇ ਦਿੱਤੀ ਅਤੇ ਜਿੰਨਾ ਚਿਰ ਉਨ੍ਹਾਂ ਦਾ ਪਿਓ ਜਿਉਂਦਾ ਰਿਹਾ, ਉਸ ਤੋਂ ਸੁਰਤਾ ਸਿੰਘ ਕੋਲੋਂ ਕਦੇ ਵੀ ਖਹਿੜਾ ਨਾ ਛੁਡਾਇਆ ਗਿਆ। ਸਾਲ ਵਿਚ ਜਿੰਨਾ ਰੁਪਈਆ ਉਹ ਉਤਾਰਦਾ ਸੀ, ਓਦੂੰ ਦੁਗਣਾ ਹੋਰ ਲੈ ਲੈਂਦਾ ਸੀ। ਗਿੰਦਰ ਦਾ ਜਦੋਂ ਵਿਆਹ ਕੀਤਾ, ਉਦੋਂ ਵੀ ਚਾਰ ਹਜ਼ਾਰ ਸੁਰਤਾ ਸਿੰਘ ਨੇ ਹੀ ਦਿੱਤਾ ਸੀ ਤੇ ਜਦ ਚੰਦ ਦਾ ਵਿਆਹ ਕੀਤਾ, ਉਦੋਂ ਦੋ ਹਜ਼ਾਰ ਵਿਆਜੂ ਲਿਆ ਸੀ ਤੇ ਦੋ ਹਜ਼ਾਰ ਦੀ ਦੋ ਘੁਮਾਂ ਜ਼ਮੀਨ ਹੋਰ ਗਹਿਣੇ ਧਰ ਦਿੱਤੀ ਸੀ। ਜਦੋਂ ਉਨ੍ਹਾਂ ਦਾ ਪਿਓ ਮਰਿਆ, ਉਨ੍ਹਾਂ ਦੀ ਚਾਰ ਘੁਮਾਂ ਜ਼ਮੀਨ ਗਹਿਣੇ ਸੀ ਤੇ ਚਾਰ ਹਜ਼ਾਰ ਰੁਪਈਆ ਦੇਣਾ ਰਹਿੰਦਾ ਸੀ।


ਦੋਵੇਂ ਭਰਾ ਪੂਰੇ ਜਿੱਚ ਸਨ ਕਿ ਉਹ ਸੁਰਤਾ ਸਿੰਘ ਦਾ ਚਾਰ ਹਜ਼ਾਰ ਕਿਵੇਂ ਉਤਾਰਨ? ਉਨ੍ਹਾਂ ਨੂੰ ਗਹਿਣੇ ਧਰੀ ਜ਼ਮੀਨ ਦਾ ਐਨਾ ਫਿਕਰ ਨਹੀਂ ਸੀ ਜਿੰਨਾ ਝੋਰਾ ਉਨ੍ਹਾਂ ਨੂੰ ਵਿਆਜੂ ਰੁਪਈਆਂ ਦਾ ਸੀ।

ਸੁਰਤਾ ਸਿੰਘ ਸੁਭਾਅ ਦਾ ਬੜਾ ਮਿੱਠਾ ਸੀ। ਦੇਖਣ ਵਿਚ ਇਉਂ ਲਗਦਾ ਜਿਵੇਂ ਉਹਦੇ ਨਾਲ ਦਾ ਪਿੰਡ ਵਿਚ ਧਰਮਾਤਮਾ ਬੰਦਾ ਹੋਰ ਕੋਈ ਨਹੀਂ। ਅੱਧ ਕੁ ਦਾ ਹੋ ਕੇ ਗੱਲ ਕਰਦਾ, ਪਿੰਡ ਦੇ ਹਰ ਬ੍ਰਾਹਮਣ ਨੂੰ 'ਮਹਾਰਾਜ' ਬੁਲਾਉਂਦਾ, ਸੜੇ ਤੋਂ ਸੜੇ ਬਾਣੀਏ ਨੂੰ ਵੀ 'ਰਾਮ-ਰਾਮ' ਕਹਿੰਦਾ। ਝਿਊਰ, ਨਾਈ, ਛੀਂਬੇ, ਤਖਾਣ, ਘੁਮਿਆਰ, ਮਜ਼੍ਹਬੀ ਤੇ ਰਮਦਾਸੀਏ-ਸਭ ਨੂੰ ਉਹ ਆਦਰ ਨਾਲ ਬੁਲਾਉਂਦਾ। ਐਨਾ ਮਿੱਠਾ ਬੰਦਾ ਪਿੰਡ ਵਿਚ ਹੋਰ ਕੋਈ ਨਹੀਂ ਸੀ। ਐਨਾ ਸਾਦਾ ਬੰਦਾ ਪਿੰਡ ਵਿਚ ਹੋਰ ਕੋਈ ਨਹੀਂ ਸੀ। ਪੈਰੀਂ ਖੱਲ-ਧੌੜੀ ਦੀ ਜੁੱਤੀ। ਜੁੱਤੀ ਉਸ ਦੇ ਚਲਦੀ ਬਹੁਤ ਸੀ। ਪੰਜ-ਪੰਜ ਛੀ-ਛੀ ਵਾਰੀ ਗੰਢਾ ਕੇ ਵੀ ਉਹ ਜੁੱਤੀ ਹੰਢਾਈ ਜਾਂਦਾ। ਤੇੜ, ਖੱਦਰ ਦੀ ਧੋਤੀ। ਗਲ ਖੱਦਰ ਦੀ ਬੋਸਕੀ ਦਾ ਕੁੜਤਾ। ਸਿਰ ਉਤੇ ਮੋਟੀ ਵੈਲ ਦਾ ਚਿੱਟਾ ਸਾਫਾ। ਬਾਰਾਂ ਮਹੀਨੇ ਤੀਹ ਦਿਨ ਓਸ ਦੇ ਇਹੀ ਪਹਿਰਾਵਾ ਹੁੰਦਾ। ਸਿਆਲਾਂ ਵਿਚ ਦੋਤੋ ਵਰਗੇ ਮੋਟੇ ਖੱਦਰ ਦੀ ਜਾਕਟ ਤੇ ਡੱਬੀਆਂ ਵਾਲੇ ਖੇਸ ਦੀ ਬੁੱਕਲ ਜ਼ਰੂਰ ਵਧ ਜਾਂਦੀ, ਨਹੀਂ ਤਾਂ ਬੱਸ ਉਸ ਦਾ ਇਕੋ ਪਹਿਰਾਵਾ ਰਹਿੰਦਾ। ਉਹਦੇ ਕੋਲ ਆਪਣੀ ਜ਼ਮੀਨ ਵੀ ਬਹੁਤ ਸੀ। ਉਸ ਨੇ ਬਹੁਤ ਸਾਰੀ ਜ਼ਮੀਨ ਲੋਕਾਂ ਦੀ ਬੈਅ ਵੀ ਲੈ ਰੱਖੀ ਸੀ। ਗਹਿਣੇ ਦੀਆਂ ਜ਼ਮੀਨਾਂ ਤਾਂ ਉਸ ਕੋਲ ਕਈ ਘਰਾਂ ਦੀਆਂ ਸਨ। ਦੋ ਉਹਦੇ ਮੁੰਡੇ ਸਨ। ਦੋਵੇਂ ਦਿਨ ਰਾਤ ਵਾਹੀ ਦਾ ਕੰਮ ਹੀ ਕਰਦੇ ਰਹਿੰਦੇ। ਦੋਵੇਂ ਪਿਓ ਨਾਲੋਂ ਚੜ੍ਹਦੇ ਸਨ, ਐਨੇ ਕੰਜੂਸ ਕਿ ਕੀੜੀ ਦੇ ਰਾਹ ਦਾਣਾ ਨਹੀਂ ਸੀ ਜਾਣ ਦਿੰਦੇ। ਦਿਹਾੜੀਏ, ਜਿਹੜੇ ਉਨ੍ਹਾਂ ਦੇ ਕਦੇ-ਕਦੇ ਕੰਮ ਕਰਨ ਜਾਂਦੇ, ਦੱਸਦੇ ਹੁੰਦੇ ਕਿ ਜਦੋਂ ਵੀ ਅਸੀਂ ਕਦੇ ਇਨ੍ਹਾਂ ਦੇ ਜਾਂਦੇ ਹਾਂ, ਕਦੇ ਵੀ ਸਾਨੂੰ ਦਾਲ ਜਾਂ ਸਬਜ਼ੀ ਨਾਲ ਰੋਟੀ ਨਹੀਂ ਮਿਲੀ, ਹਮੇਸ਼ਾ ਗੰਢਿਆਂ ਦੀ ਚਟਣੀ ਜਾਂ ਪਚਰੰਗੇ ਆਚਾਰ ਨਾਲ ਰੋਟੀ ਖਾਧੀ ਐ।

ਨਾਮਾ-ਪੱਤਾ ਸੁਰਤਾ ਸਿੰਘ ਦਾ ਪਿੰਡ ਵਿਚ ਬਹੁਤ ਚਲਦਾ ਸੀ। ਇਸ ਕੰਮ ਵਿਚ ਉਹ ਐਨਾ ਚੜ੍ਹ ਗਿਆ ਸੀ ਕਿ ਕੋਈ ਬਾਣੀਆ ਵੀ ਉਹਦੇ ਮੁਕਾਬਲੇ ਵਿਚ ਨਹੀਂ ਸੀ; ਸਗੋਂ ਕਈ ਬਾਣੀਏ ਵੀ ਉਹਦੀ ਈਨ ਮੰਨਦੇ ਸਨ। ਸੁਰਤਾ ਸਿੰਘ ਪੈਸੇ ਦੇ ਤਾਂ ਹਰ ਇਕ ਨੂੰ ਦਿੰਦਾ ਸੀ, ਪਰ ਨਾਮਾ ਉਗਰਾਹੁਣ ਵਿਚ ਉਹ ਬੜਾ ਕਰੜਾ ਸੀ। ਜੇ ਕਿਸੇ ਨਾਲ ਝਗੜਾ ਹੋ ਜਾਂਦਾ, ਤਾਂ ਝੱਟ ਓਸ ਝਗੜੇ ਨੂੰ ਕਚਹਿਰੀ ਵਿਚ ਲੈ ਜਾਂਦਾ। ਡਰਦਾ ਉਹਦੀ ਰਕਮ ਕੋਈ ਦਬਦਾ ਨਹੀਂ। ਉਸ ਨੇ ਕਈ ਘਰਾਂ ਦੀ ਕੁਰਕੀ ਕਰਵਾਈ ਸੀ। ਜਿਸ ਬੰਦੇ ਦਾ ਉਸ ਨਾਲ ਵਾਹ ਪੈ ਜਾਂਦਾ, ਉਸ ਨੂੰ ਤਾਂ ਉਸ ਪੂਰੀ ਤਰ੍ਹਾਂ ਮੁੰਨ ਕੇ ਛੱਡਦਾ। ਜੇ ਕਿਸੇ ਨੂੰ ਸੌ ਰੁਪਈਆ ਦੇਣਾ ਹੁੰਦਾ, ਤਾਂ ਨੱਬੇ ਦੇ ਕੇ ਸੌ ਲਿਖਦਾ ਤੇ ਵਿਆਜ ਵੱਖਰਾ। ਵਿਆਜ ਵੀ ਉਹਦਾ ਦੂਜਿਆਂ ਨਾਲੋਂ ਕਰੜਾ ਸੀ।

ਵਿਆਜੂ ਰੁਪਈਆ ਤਾਂ ਕਹਿੰਦੇ ਖੱਬਲ ਵਾਂਗ ਸੁਈ ਜਾਂਦਾ ਹੈ। ਗਿੰਦਰ ਝੋਰਾ ਕਰਦਾ ਕਿ ਸੁਰਤਾ ਸਿੰਘ ਦਾ ਚਾਰ ਹਜ਼ਾਰ ਕਿਵੇਂ ਉਤਾਰਿਆ ਜਾਵੇ। ਇਕੋ ਸਾਲ ਵਿਚ ਉਹ ਐਨਾ ਰੁਪਈਆ ਲਾਹ ਨਹੀਂ ਸੀ ਸਕਦਾ। ਦੋ ਬੰਦਿਆਂ ਦੀ ਕਮਾਈ ਕਿੰਨੀ ਕੁ ਹੋ ਸਕਦੀ ਹੈ। ਉਨ੍ਹਾਂ ਕੋਲ ਛੀ ਘੁਮਾਂ ਜ਼ਮੀਨ ਹੀ ਤਾਂ ਹਲ ਹੇਠ ਸੀ। ਕੁਝ ਜ਼ਮੀਨ ਉਹ ਹਿੱਸੇ ਉਤੇ ਲੈ ਲੈਂਦੇ ਤੇ ਕੁਝ ਠੇਕੇ ਉਤੇ। ਵਾਹੀ ਚੰਗੀ ਕਰਦੇ ਸਨ। ਜਾਨ ਤੋੜ ਕੇ ਕੰਮ ਕਰਦੇ। ਖਰਚ ਬਹੁਤ ਘੱਟ ਕਰਦੇ। ਵਿਆਹਾਂ ਵਿਚ ਨਾ ਜਾਣ ਕਰ ਕੇ ਦੋ ਤਿੰਨ ਰਿਸ਼ਤੇਦਾਰ ਵੀ ਉਨ੍ਹਾਂ ਨਾਲੋਂ ਟੁੱਟ ਗਏ ਸਨ। ਵਿਊਂਤ ਅਨੁਸਾਰ ਉਹ ਕੰਮ ਕਰਦੇ ਸਨ। ਸਣੇ ਵਿਆਜ ਇਕ-ਇਕ ਹਜ਼ਾਰ ਹਰ ਸਾਲ ਦੇ ਕੇ, ਉਨ੍ਹਾਂ ਨੇ ਚਾਰ-ਪੰਜ ਸਾਲਾਂ ਵਿਚ ਲਾਹ ਦਿੱਤਾ।

ਹੁਣ ਚਾਰ ਘੁਮਾਂ ਜ਼ਮੀਨ ਰਹਿੰਦੀ ਸੀ। ਦੋ ਘੁਮਾਂ ਜ਼ਮੀਨ ਪਹਿਲਾਂ ਜਿਹੜੀ ਉਨ੍ਹਾਂ ਦੇ ਪਿਓ ਨੇ ਧਰੀ ਸੀ, ਉਹ ਵੀ ਉਨ੍ਹਾਂ ਨੇ ਦੋ ਕੁ ਸਾਲਾਂ ਵਿਚ ਛੁੜਾ ਲਈ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਦਿਨ ਕਦੋਂ ਚੜ੍ਹਦਾ ਹੈ ਤੇ ਕਦੋਂ ਛਿਪਦਾ ਹੈ। ਉਹ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਹੁਣ ਬੱਸ ਦੋ ਘੁਮਾਂ ਉਨ੍ਹਾਂ ਦੀ ਗਹਿਣੇ ਰਹਿੰਦੀ ਸੀ। ਉਨ੍ਹਾਂ ਦੀਆਂ ਜ਼ਨਾਨੀਆਂ ਵੀ ਬਹੁਤ ਕੰਮ ਕਰਦੀਆਂ: ਖੇਤੀ-ਪੱਤੀ ਦੇ ਕੰਮ ਤੋਂ ਬਿਨਾ ਉਹ ਹੋਰ ਕੰਮ ਵੀ ਕਰਦੀਆਂ ਰਹਿੰਦੀਆਂ। ਦਰੀਆਂ ਬੁਣਦੀਆਂ। ਤਾਣੀ ਬੁਣਨ ਲਈ ਉਨ੍ਹਾਂ ਨੇ ਘਰ ਖੱਡੀ ਵੀ ਲਾਈ ਹੋਈ ਸੀ। ਛੋਟੀ ਬਹੂ ਘਰ ਦੇ ਕਪੜੇ ਮਸ਼ੀਨ ਉਤੇ ਆਪ ਹੀ ਸਿਊਂ ਲੈਂਦੀ ਸੀ। ਦੋਵੇਂ ਬਹੂਆਂ ਨੇ ਨਾ ਕਦੇ ਰੱਜ ਕੇ ਖਾਧਾ ਸੀ, ਤੇ ਨਾ ਕਦੇ ਜੀਅ ਭਰ ਕੇ ਹੰਢਾਇਆ ਸੀ। ਉਹ ਵੀ ਆਪਣੇ ਆਦਮੀਆਂ ਵਾਂਗ ਹੀ ਦੇਹ ਵੇਲਦੀਆਂ ਰਹਿੰਦੀਆਂ। ਸੁਭਾਅ ਦੀਆਂ ਪੁੱਜ ਕੇ ਚੰਗੀਆਂ। ਕਦੇ ਕੋਈ ਬਹੂ ਕਿਸੇ ਨਾਲ ਲੜਦੀ ਨਹੀਂ ਸੀ। ਵਿਹੜਕੀ ਦੀਆਂ ਸਾਰੀਆਂ ਬੁੜ੍ਹੀਆਂ ਉਨ੍ਹਾਂ ਬਹੂਆਂ ਨੂੰ ਸਰਾਹੁੰਦੀਆਂ ਨਹੀਂ ਸਨ ਰਜਦੀਆਂ। ਕੰਮ ਦੀ ਧੁੰਮ ਪਾ ਰੱਖੀ ਸੀ, ਉਨ੍ਹਾਂ ਨੇ। ਵੱਡੀ ਬਹੂ ਤਾਂ ਅੰਦਰ ਕੰਮ ਵਿਚ ਨੜੇ ਵਾਂਗ ਉਧੜਦੀ ਫਿਰਦੀ। ਨਾ ਗਿੰਦਰ ਮੁੰਡਿਆਂ ਵਰਗਾ ਮੁੰਡਾ ਸੀ ਤੇ ਨਾ ਚੰਦ ਮੁੰਡਿਆਂ ਵਰਗਾ ਮੁੰਡਾ ਸੀ। ਦੋਵੇਂ ਭਰਾਵਾਂ ਨੇ ਸ਼ਰਾਬ ਕਦੇ ਮੂੰਹ ਉਤੇ ਧਰ ਕੇ ਨਹੀਂ ਸੀ ਦੇਖੀ। ਸ਼ਰਾਬ ਪੀਣ ਉਲਥ ਮੁੰਡਿਆਂ ਦੀ ਟਾਹਣੀ ਵਿਚ ਬੈਠਣ 'ਤੇ ਉਹ ਬਹੁਤ ਸੰਗਦੇ। ਕਿਸੇ ਕੋਲ ਖੜ੍ਹਨ ਬੈਠਣ ਦੀ ਉਨ੍ਹਾਂ ਕੋਲ ਵਿਹਲ ਵੀ ਕਦੋਂ ਸੀ। ਉਨ੍ਹਾਂ ਨੇ ਕਦੇ ਮਾਸ-ਮੱਛੀ ਨੂੰ ਮੂੰਹ ਵੀ ਨਹੀਂ ਸੀ ਲਾਇਆ। ਅਗਵਾੜ ਦੇ ਕਈ ਛੁਰਛਰੇ ਮੁੰਡੇ ਬੱਕਰਾ ਵੱਢ ਕੇ ਰਿੰਨ੍ਹ-ਰਿੰਨ੍ਹ ਖਾਂਦੇ। ਘਰ ਦੀ ਕੱਢੀ ਸ਼ਰਾਬ ਪੀਂਦੇ, ਪਰ ਗਿੰਦਰ ਤੇ ਚੰਦ ਹੋਰਾਂ ਦਾ, ਜੇ ਕਦੀ ਬਹੁਤਾ ਜੀਅ ਲਲਚਾਉਂਦਾ, ਤਾਂ ਮੱਕੀ ਜਾਂ ਛੋਲਿਆਂ ਦੇ ਦਾਣੇ ਭੁੰਨਾਂ ਕੇ ਗੁੜ ਨਾਲ ਚੱਬ ਲੈਂਦੇ। ਕਣਕ ਦੇ ਮਰੀਡੇ, ਘਾਠ, ਤਿਲਾਂ ਦੇ ਤਿਲੋਏ ਤੇ ਮੱਕੇ ਦੇ ਭੁਤ-ਪਿੰਨੇ ਉਨ੍ਹਾਂ ਲਈ ਛੱਤੀ-ਪਦਾਰਥ ਸਨ। ਲਵੇਰੀ ਮੱਝ ਹਮੇਸ਼ਾ ਹੀ ਉਨ੍ਹਾਂ ਦੇ ਕਿੱਲੇ ਉਤੇ ਰਹਿੰਦੀ ਸੀ। ਸਾਰਾ ਟੱਬਰ ਖੱਟੀ ਲੱਸੀ ਪੀਣ ਦਾ ਬਹੁਤ ਸ਼ੌਕੀਨ ਸੀ। ਆਥਣ ਵੇਲੇ ਰੋਟੀ ਤੋਂ ਬਾਅਦ ਸਾਰਾ ਟੱਬਰ ਕੜ੍ਹਿਆ ਦੁੱਧ ਪੀਂਦਾ, ਡੱਕਵਾਂ। ਅਗਵਾੜ ਦੇ ਚੱਕਵੇਂ ਮੁੰਡੇ ਦੋਵੇਂ ਭਰਾਵਾਂ ਨੂੰ ਕਿਸੇ ਗੱਲ ਵਿਚ ਪਤੀਜਦੇ ਨਹੀਂ ਸਨ। ਕੋਈ ਵੀ ਗੱਲ ਛਿੜਦੀ, ਤੇ ਜੇ ਗੱਲ ਗਿੰਦਰ ਦੇ ਘਰ ਉਤੇ ਆ ਜਾਂਦੀ, ਤਾਂ ਮਖੌਲ ਵਿਚ ਉਹ ਉਨ੍ਹਾਂ ਨੂੰ ਕਹਿੰਦੇ, 'ਓਏ ਉਹ ਕੀ ਕਰਨਗੇ,



ਖੱਟੀ ਲੱਸੀ ਪੀਣ ਵਾਲੇ!'

ਦੀਵਾਲੀ ਦੀ ਰਾਤ ਸੀ। ਚਾਰ ਪੰਜ ਮੁੰਡੇ ਇਕ ਮੁੰਡੇ ਦੇ ਬਾਹਰਲੇ ਘਰ, ਘਰ ਦੀ ਕੱਢੀ ਸ਼ਰਾਬ ਪੀ ਰਹੇ ਸਨ ਤੇ ਬੱਕਰਾ ਵੀ ਉਥੇ ਹੀ ਰਿੱਝ ਰਿਹਾ ਸੀ। ਗਿੰਦਰ ਨੂੰ ਉਸ ਰਾਤ ਮੋਘੇ ਦਾ ਪਾਣੀ ਮਿਲਣਾ ਸੀ। ਉਸ ਨੂੰ ਕਹੀ ਦੀ ਲੋੜ ਸੀ। ਉਹ ਉਸ ਮੁੰਡੇ ਦੇ ਬਾਹਰਲੇ ਘਰ ਕਹੀ ਮੰਗਣ ਗਿਆ, ਤਾਂ ਉਸ ਢਾਣੀ ਨੇ ਉਸ ਨੂੰ ਉਥੇ ਹੀ ਬਾਹੋਂ ਫੜ ਲਿਆ, 'ਬਾਈ ਗਿੰਦਰਾ, ਇਕ ਹਾੜਾ ਲਾ ਲੈ।' ਗਿੰਦਰ ਕਹਿੰਦਾ, 'ਢਾਡੀ ਆਲੀ ਆਣ ਐ ਜੇ ਕਦੇ ਮੂੰਹ ਤੇ ਧਰੀ ਹੋਵੇ।' ਇਕ ਸ਼ਰਾਬੀ ਜਿਸ ਨੇ ਸਭ ਤੋਂ ਵਧ ਪੀਤੀ ਹੋਈ ਸੀ, ਕਹਿੰਦਾ, 'ਐਧਰ, ਆਸ਼ਕਾਂ ਨੂੰ ਦੇਹ, ਇਹ ਖੱਟੀ ਲੱਸੀ ਪੀਣ ਆਲਾ ਕੀ ਕਰੂ?' ਤੇ ਗਲਾਸ ਫੜ ਕੇ ਗਟ-ਗਟ ਚਾੜ੍ਹ ਗਿਆ।

ਇਕ ਵਾਰੀ ਚੋਲੇ ਵਾਲੇ ਬਾਬੇ ਦੇ ਡੇਰੇ, ਭੜੀ ਪਾਉਣ ਸਾਰਾ ਅਗਵਾੜ ਗਿਆ। ਜਦ ਆਥਣ ਜਿਹਾ ਹੋ ਗਿਆ, ਮੁੰਡੇ ਜਿਦ ਪਏ, ਅਖੇ ਸਭ ਤੋਂ ਵੱਧ ਮਿੱਟੀ ਦਾ ਭਰਿਆ ਟੋਕਰਾ ਕਿਹੜਾ ਮੁੰਡਾ ਚੁੱਕ ਕੇ ਬਾਬੇ ਦੀ ਸਮਾਧ ਵਾਲੇ ਚੌਂਤਰੇ ਉਤੇ ਲਿਜਾ ਸਕਦਾ ਹੈ। ਜਿਥੋਂ ਮਿੱਟੀ ਪੁੱਟ ਕੇ ਟੋਕਰਾ ਭਰਨਾ ਸੀ, ਉਥੋਂ ਬਾਬੇ ਦੀ ਸਮਾਧ ਕੋਈ ਸੌ ਕਰਮ ਦੂਰ ਸੀ। ਉਨ੍ਹਾਂ ਕੋਲ ਇਕ ਐਸਾ ਤਕੜਾ ਨਰੋਆ ਤੇ ਚੌੜਾ ਟੋਕਰਾ ਸੀ ਜਿਸ ਵਿਚ ਪੰਜ ਮਣ ਤੋਂ ਵੱਧ ਵੀ ਮਿੱਟੀ ਪੈ ਸਕਦੀ ਸੀ। ਇਕ ਮੁੰਡੇ ਨੇ ਟੋਕਰਾ ਖਾਸਾ ਹੀ ਭਰ ਦਿੱਤਾ। ਟੋਕਰਾ ਉਹ ਕਿਸੇ ਤੋਂ ਨਾ ਹਿਲਿਆ। ਸਾਰੇ ਖੜ੍ਹੇ ਦੇਖੀ ਜਾਣ। ਚੰਦ ਨੇ ਚਹੁੰ ਮੁੰਡਿਆਂ ਤੋਂ ਟੋਕਰਾ ਚੁਕਵਾ ਕੇ ਆਪਣੇ ਸਿਰ ਉਤੇ ਧਰਿਆ ਤੇ ਬਾਬੇ ਦੇ ਚੌਂਤਰੇ ਉਤੇ ਅਹੁ ਜਾ ਕੇ ਮੂਧਾ ਮਾਰਿਆ। ਸਾਰਾ ਇਕੱਠ ਹੈਰਾਨ ਰਹਿ ਗਿਆ, 'ਸਾਲਿਓ, ਖੱਟੀ ਲੱਸੀ ਪੀਣ ਆਲਾ ਈ ਨਿੱਤਰ ਗਿਆ।'

ਦੋਵੇਂ ਭਰਾ ਕਮਾਈ ਕਰਦੇ ਸਨ, ਬੇਥਾਹ। ਨਾ ਕਿਸੇ ਦਾ ਕੁਝ ਡੋਲ੍ਹਦੇ, ਨਾ ਵਿਗਾੜਦੇ। ਕਿਸੇ ਨਾਲ ਕਦੇ ਲੜੇ ਨਹੀਂ ਸਨ। ਕਿਸੇ ਨਾਲ ਕੋਈ ਝਗੜਾ ਨਹੀਂ ਸੀ ਪਾਇਆ। ਸਾਰਾ ਅਗਵਾੜ ਉਨ੍ਹਾਂ ਨੂੰ ਸਮਝਦਾ ਸੀ ਕਿ ਇਹ ਮੁੰਡੇ ਤਾਂ ਦੇਵਤਾ ਹਨ। ਦੋਵੇਂ ਭਰਾ ਹੁਣ ਇਸੇ ਫਿਕਰ ਵਿਚ ਰਹਿੰਦੇ ਕਿ ਕਿਵੇਂ ਦੋ ਘੁਮਾਂ ਜ਼ਮੀਨ ਸੁਰਤਾ ਸਿੰਘ ਕੋਲੋਂ ਛੁਡਵਾਈ ਜਾਵੇ। ਦੋ ਹਜ਼ਾਰ ਦੀ ਸਾਰੀ ਗੱਲ ਸੀ। ਜਿਥੇ ਉਨ੍ਹਾਂ ਨੇ ਚਾਰ ਹਜ਼ਾਰ ਲਾਹ ਦਿੱਤਾ ਸੀ, ਮਗਰੋਂ ਦੋ ਘੁਮਾਂ ਛੁਡਵਾ ਵੀ ਲਈ ਸੀ, ਹੁਣ ਉਨ੍ਹਾਂ ਨੂੰ ਦੋ ਹਜ਼ਾਰ ਦੇਣਾ ਕੀ ਬਾਹਲਾ ਸੀ। ਉਨ੍ਹਾਂ ਨੇ ਹੌਲੀ-ਹੌਲੀ ਦੋ ਹਜ਼ਾਰ ਇਕੱਠਾ ਕੀਤਾ ਅਤੇ ਸੁਰਤਾ ਸਿੰਘ ਨੂੰ ਕਿਹਾ ਕਿ ਉਹ ਆਪਣੀ ਰਕਮ ਖਰੀ ਕਰੇ ਤੇ ਜ਼ਮੀਨ ਛੱਡੇ।

ਸੁਰਤਾ ਸਿੰਘ ਪਰ ਲੱਤ ਨਹੀਂ ਸੀ ਲਾਉਂਦਾ। ਉਹਦਾ ਵਤੀਰਾ ਸੀ ਕਿ ਜੇ ਕੋਈ ਉਹਦਾ ਵਿਆਜ ਨਾ ਮੋੜਦਾ ਜਾਂ ਅਸਲ ਰਕਮ ਵਿਚੋਂ ਬਿਲਕੁਲ ਹੀ ਨਾ ਝੜਦਾ, ਤਾਂ ਉਹ ਉਸ ਨੂੰ ਠਿੱਠ ਕਰੀ ਰੱਖਦਾ, ਪਰ ਜੇ ਕੋਈ ਆਪਣਾ ਸਾਰਾ ਹਿਸਾਬ-ਕਿਤਾਬ ਉਸ ਨਾਲ ਮੁਕਦਾ ਕਰਨਾ ਚਾਹੁੰਦਾ, ਤਾਂ ਉਸ ਨੂੰ ਸੱਤੇ ਕਪੜੀਂ ਅੱਗ ਲੱਗ ਜਾਂਦੀ। ਉਸ ਨੂੰ ਆਪਣੀ ਸਾਮੀ ਹੱਥਾਂ ਵਿਚੋਂ ਨਿਕਲ ਗਈ ਲਗਦੀ।

ਗਿੰਦਰ ਨੇ ਸੁਰਤਾ ਸਿੰਘ ਨੂੰ ਬਹੁਤ ਵਾਰੀ ਕਿਹਾ ਕਿ ਉਹ ਆਪਣਾ ਦੋ ਹਜ਼ਾਰ ਖਰਾ ਦੁੱਧ ਵਰਗਾ ਲੈ ਲਵੇ ਤੇ ਜ਼ਮੀਨ ਦਾ ਕਬਜ਼ਾ ਛੱਡ ਦੇਵੇ, ਪਰ ਸੁਰਤਾ ਸਿੰਘ ਹਮੇਸ਼ਾ ਟਾਲ-ਮਟੋਲ ਕਰਦਾ।

ਕੁਝ ਦਿਨ ਪਾ ਕੇ ਸੁਰਤਾ ਸਿੰਘ ਆਪਣੀ ਬਹੀ ਕੱਢ ਲਿਆਇਆ। ਧੀਰੂ ਮੱਲ ਸੇਠ ਦੀ ਦੁਕਾਨ ਉਤੇ ਉਸ ਨੇ ਗਿੰਦਰ ਨੂੰ ਬੁਲਵਾ ਲਿਆ। ਕਹਿੰਦਾ, 'ਗਿੰਦਰ ਸਿਆਂ, ਦੋ ਸਾਲ ਹੋ ਗੇ ਆਪਾਂ ਨੂੰ, ਨਾਮਾ ਕਰੇ ਨੂੰ। ਇਕ ਹਜ਼ਾਰ ਤੇਰੇ ਕੰਨੀਂ ਅਜੇ ਖੜੈ, ਪਹਿਲਾਂ ਇਹ ਨਿਬੇੜ ਲੈ। ਜੇ ਨਾਮਾ ਕਰਨੈ, ਨਾਮਾ ਕਰ ਲੈ।'

ਸੁਰਤਾ ਸਿੰਘ ਦੇ ਬੋਲ ਸੁਣ ਕੇ ਗਿੰਦਰ ਦੀਆਂ ਪਾਤਲੀਆਂ ਭਖਣ ਲੱਗ ਪਈਆਂ। ਇਹ ਗੱਲ ਜਿਵੇਂ ਉਸ ਨੂੰ ਸਮਝ ਨਹੀਂ ਸੀ ਆਈ। ਲਾਲਾ ਵੀ ਬਹੀ ਪੜ੍ਹ ਕੇ ਇਹੀ ਗੱਲ ਕਹਿ ਰਿਹਾ ਸੀ। ਸੁਰਤਾ ਸਿੰਘ ਇਉਂ ਬੋਲ ਰਿਹਾ ਸੀ, ਜਿਵੇਂ ਸੱਚਮੁਚ ਹੀ ਇਕ ਹਜ਼ਾਰ ਵਿਆਜੂ ਰੁਪਈਆ ਅਜੇ ਰਹਿੰਦਾ ਹੋਵੇ। ਗਿੰਦਰ ਦੇ ਮੱਥੇ ਵਿਚ ਠੱਕ-ਠੱਕ ਹੋਣ ਲੱਗ ਪਈ। ਉਸ ਨੂੰ ਕਿਸੇ ਵੀ ਗੱਲ 'ਤੇ ਯਕੀਨ ਨਹੀਂ ਸੀ ਆ ਰਿਹਾ। ਵਿਆਜੂ ਰੁਪਈਆਂ ਦਾ ਸਾਰਾ ਹਿਸਾਬ-ਕਿਤਾਬ ਹਥਨੀ ਵਰਗੀ ਮਹਿੰ ਦੇ ਕੇ ਉਸ ਨੇ ਮੁਕਾ ਤਾਂ ਦਿੱਤਾ ਸੀ। ਇਹ ਇਕ ਹਜ਼ਾਰ ਕਿਥੋਂ ਨਿਕਲ ਆਇਆ। ਨਾਮੇ-ਪੱਤੇ ਦੀ ਸਾਰੀ ਲਿਖਤ-ਪੜ੍ਹਤ ਧੀਰੂ ਮੱਲ ਹੀ, ਸਾਰੇ ਅਗਵਾੜ ਦੀ, ਕਰ ਕੇ ਦਿੰਦਾ। ਗਿੰਦਰ ਦਾ ਮੱਥਾ ਠਣਕਿਆ ਕਿ ਇਹ ਸਾਰੀ ਠੱਗੀ ਸੁਰਤਾ ਸਿੰਘ ਨੇ ਧੀਰੂ ਮੱਲ ਨਾਲ ਰਲ ਕੇ ਕੀਤੀ ਐ। ਧੀਰੂ ਮੱਲ ਕਿਹੜਾ ਦੁੱਧ-ਧੋਤਾ ਸੀ? ਗਿੰਦਰ ਸਿਊਂਤੇ ਮੂੰਹ ਉਠ ਕੇ ਘਰ ਨੂੰ ਆ ਗਿਆ।

ਦੋ ਹਜ਼ਾਰ ਰੁਪਈਆ ਗਹਿਣੇ ਵਾਲਾ ਉਸ ਨੇ ਸਰਪੰਚ ਕੋਲ 'ਮਾਨਤ ਰੱਖ ਦਿੱਤਾ। ਦੋ ਘੁਮਾਂ ਗਹਿਣੇ ਵਾਲੀ ਜ਼ਮੀਨ ਵਿਚ ਸੁਰਤਾ ਸਿੰਘ ਨੇ ਵਾਹ ਕੇ ਸੁਹਾਗੀ ਮਰਵਾਈ ਪਈ ਸੀ। ਜ਼ਮੀਨ ਫਸਲ ਬੀਜਣ ਦੇ ਵੱਤ ਸੀ। ਪਹਿਰ ਦੇ ਤੜਕੇ ਉਠ ਕੇ ਗਿੰਦਰ ਤੇ ਚੰਦ ਨੇ ਜਾ ਕੇ, ਉਸ ਵਿਚ ਮੋਟੇ-ਮੋਟੇ ਨੱਕ ਵਾਲੀ ਮੱਕੀ ਬੀਜ ਦਿੱਤੀ।

ਮੱਕੀ ਬੀਜ ਕੇ ਦੋਵੇਂ ਭਰਾ ਘਰ ਨੂੰ ਆ ਰਹੇ ਸਨ, ਤਾਂ ਉਹ ਉਚੀ ਉਚੀ ਬੋਲਦੇ ਸਨ, ਜਿਵੇਂ ਉਨ੍ਹਾਂ ਨੂੰ ਕਿਸੇ ਪਰੇਤ ਦੀ ਕਸਰ ਹੋ ਗਈ ਹੋਵੇ। ਗਿੰਦਰ ਬੋਲ ਰਿਹਾ ਸੀ, 'ਹੱਕ ਦੀ ਗੱਲ 'ਤੇ ਸੀਸ ਦੇ ਦਿਆਂਗੇ। ਚੰਦ ਕੂਕ ਰਿਹਾ ਸੀ, ਤਲਾ ਮੂਲ ਪੱਟ ਦਿਆਂਗੇ ਸੁਰਤੇ ਦਾ। ਸਮਝਦਾ ਕੀਹ ਐ?

ਸਾਰੇ ਪਿੰਡ ਵਿਚ ਚਰਚਾ ਛਿੜ ਗਈ, 'ਖੱਟੀ ਲੱਸੀ ਪੀਣ ਵਾਲਿਆਂ ਨੇ ਹੱਦ ਕਰ'ਤੀ ਬਈ।'

## ਮਿਨੀ ਕਹਾਣੀ

### ਨਵੇਂ ਸਿਵੇ

ਸਵੇਰ ਦਾ ਵੇਲਾ ਸੀ। ਮੀਨੂ ਤਿਆਰ ਹੋ ਕੇ ਕਾਲਜ ਦੀ ਬਸ ਉਡੀਕ ਰਹੀ ਸੀ ਕਿ ਉਸ ਦਾ ਪਿਤਾ ਰਤਨ ਸਿੰਘ ਬਾਹਰੋਂ ਆ ਗਿਆ ਤੇ ਆਪਣੀ ਪਤਨੀ ਨੂੰ ਆਵਾਜ਼ ਦਿੱਤੀ, "ਲਿਆ ਫੜਾ ਬੁਰਕੀ ਰੋਟੀ ਜਿਹੜੀ ਦੇਣੀ ਆ, ਸਿਵਿਆਂ ਵੱਲ ਜਾਣਾ ਮੈਂ।"

"ਕਾਕਾ ਕੌਣ ਪੂਰਾ ਹੋ ਗਿਆ? ਭਾਈ ਜੀ ਨੇ ਕੋਈ 'ਵਾਜ ਤਾਂ ਦਿੱਤੀ ਨ੍ਹੀਂ।" ਰਤਨ ਸਿੰਘ ਦੀ ਬੁਜ਼ੁਰਗ ਮਾਂ ਚੌਂਕ ਕੇ ਬੋਲੀ।

"ਉਹ ਨਹੀਂ ਬੇਬੇ, ਕੋਈ ਨ੍ਹੀਂ ਪੂਰਾ ਹੋਇਆ ਪਿੰਡ ਵਿਚ, ਅੱਜ ਤਾਂ ਜਿਹੜੇ ਨਵੇਂ ਸਿਵੇ ਬਣੇ ਆ, ਉਨ੍ਹਾਂ ਦਾ ਉਦਘਾਟਨ ਆ, ਉਥੇ ਜਾਣਾ।"

ਮਾਤਾ ਜਵਾਬ ਸੁਣ ਕੇ ਗੰਭੀਰ ਜਿਹੀ ਹੋ ਗਈ।

ਮੀਨੂ ਹੈਰਾਨ ਹੁੰਦੀ ਬੋਲੀ, "ਪਾਪਾ ਜੀ, ਸਿਵਿਆਂ ਦਾ ਵੀ ਉਦਘਾਟਨ ਹੁੰਦਾ?"

"ਆਹੋ ਪੁੱਤ।" ਰਤਨ ਸਿੰਘ ਬੋਲਿਆ।

"ਕੌਣ ਕਰੂ ਉਦਘਾਟਨ? ਰਿਬਨ ਕੱਟਣ ਕੌਣ ਆ ਰਿਹਾ?" ਮੀਨੂ ਨੇ ਪੁੱਛਿਆ।

"ਓ ਹੋ! ਸਿਵਿਆਂ ਵਿਚ ਕੋਈ ਰਿਬਨ ਕੱਟੀਦਾ? ਭਾਈ ਜੀ ਅਰਦਾਸ ਕਰਕੇ ਦੇਗ ਵਰਤਾ ਦੇਊ।" ਰਤਨ ਸਿੰਘ ਨੇ ਜਵਾਬ ਦਿੱਤਾ।

"ਫੇਰ ਬਾਬਾ ਉਥੇ ਕੀ ਅਰਦਾਸ ਕਰੂ? ਮੁਰਦੇ ਆਉਂਦੇ ਰਹਿਣ ਜਾਂ ਨਾ ਆਉਣ।" ਮੀਨੂ ਨੇ ਕੁਝ ਸੋਚ ਕੇ ਉਸੇ ਹੈਰਾਨੀ ਤੇ ਕੁਝ ਮਜ਼ਾਕ ਨਾਲ ਪੁੱਛਿਆ।

"ਓਏ ਜਾਹ ਕਮਲੀ ਕੁੜੀ ਨਾ ਹੋਵੇ ਤਾਂ, ਪਿੰਡ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕਰਾਂਗੇ।" ਰਤਨ ਸਿੰਘ ਬੋਲਿਆ।

"ਅੱਛਾ!" ਮੀਨੂ ਨੇ ਲੰਮਾ ਸਾਹ ਲਿਆ। ਕਾਲਜ ਦੀ ਬਸ ਆ ਗਈ ਤੇ ਉਹ ਕਾਲਜ ਚਲੀ ਗਈ।

ਰਤਨ ਸਿੰਘ ਦੀ ਮਾਂ ਨੇ ਹੌਲੀ ਜਿਹੀ ਸਵਾਲ ਕੀਤਾ, "ਕਾਕਾ, ਨਵੇਂ ਸਿਵੇ ਕਿਵੇਂ ਦੇ ਬਣਾਏ ਆ?"

"ਬੇਬੇ ਫਰਸ਼ ਪੱਕੀ ਲਾ'ਤੀ, ਬੂਟੇ ਲਾ'ਤੇ, ਨਵੀਂ ਭੱਠੀ ਬਣਾਈ ਆ, ਉਹ ਆਸੇ-ਪਾਸੇ ਤੋਂ ਬੰਦ ਆ। ਉਹਦੇ ਵਿਚ ਦੇਹ ਰੱਖ ਕੇ ਸਸਕਾਰ ਹੋਇਆ ਕਰੂ, ਲੱਕੜ ਦੀ ਬਹੁਤ ਬੱਚਤ ਹੁੰਦੀ ਐ ਬੇਬੇ, ਤੀਜਾ ਹਿੱਸਾ ਲੱਕੜਾਂ ਨਾਲ ਹੀ ਸਸਕਾਰ ਹੋ ਜਾਂਦਾ।"

"ਅੱਛਾ!" ਗੰਭੀਰਤਾ ਨਾਲ ਮਾਤਾ ਬੋਲੀ।

ਸ਼ਾਮ ਦੇ 5 ਵੱਜ ਗਏ ਸਨ। ਰਤਨ ਸਿੰਘ ਸੀਰੀ ਨਾਲ ਮੱਝਾਂ ਨੂੰ ਪੱਠੇ ਪਵਾ ਕੇ ਮਾਤਾ ਕੋਲ ਮੰਜੇ 'ਤੇ ਆ ਬੈਠਾ। ਬੇਬੇ ਮਾਲਾ ਫੇਰ ਰਹੀ ਸੀ ਪਰ ਉਸ ਦਾ ਚਿਹਰਾ ਕੁਝ ਗੰਭੀਰ ਸੀ, "ਕਾਕਾ ਹੋ ਗਿਆ ਫੇਰ ਉਦਘਾਟਨ ਸਿਵਿਆਂ ਦਾ।"

"ਹਾਂ ਬੇਬੇ, ਸੀਗੇ 40-50 ਬੰਦੇ।" ਰਤਨ ਸਿੰਘ ਨੇ ਜਵਾਬ ਦਿੱਤਾ।

ਮਾਤਾ ਬੋਲੀ, "ਕਾਕਾ ਮੈਨੂੰ ਤਾਂ ਪੁਰਾਣੇ ਸਿਵਿਆਂ ਵਿਚ ਹੀ ਫੂਕੀਂ, ਮੇਰਾ ਤਾਂ ਉਸ ਬੰਦ ਭੱਠੀ ਵਿਚ ਸਾਹ ਬੰਦ ਹੋਜੂ।"

-ਸ਼ਮਿੰਦਰ ਕੌਰ
shaminderbrar83@gmail.com

# ਰਾਓ ਫਿਰ ਛਾਇਆ

## ਵਿਕਰਮਾਦਿਤਿਆ ਮੋਤਵਾਨੀ ਨਾਲ ਸਫਲ ਰਹੀ ਜੁਗਲਬੰਦੀ




ਅਦਾਕਾਰ ਰਾਜ ਕੁਮਾਰ ਰਾਓ ਅਤੇ ਫਿਲਮਸਾਜ਼ ਵਿਕਰਮਾਦਿਤਿਆ ਮੋਤਵਾਨੀ ਦੀ ਜੁਗਲਬੰਦੀ ਫਿਲਮ 'ਟਰੈਪਡ' ਵਿਚ ਦਰਸ਼ਕਾਂ ਦੇ ਸਿਰ ਚੜ੍ਹ ਬੋਲਦੀ ਹੈ। ਇਹ ਫਿਲਮ ਸਿਰਫ਼ ਇਕ ਕਲਾਕਾਰ (ਰਾਜ ਕੁਮਾਰ ਰਾਓ) ਦੁਆਲੇ

**ਕੀਰਤ ਕਾਸ਼ਣੀ**

ਗੁੰਮਦੀ ਹੈ ਅਤੇ ਦ੍ਰਿਸ਼ ਵੀ ਇਕ ਕਮਰੇ ਦਾ ਹੀ ਹੈ, ਦਰਸ਼ਕਾਂ ਨੂੰ ਕਹਾਣੀ ਦਾ ਵੀ ਪਤਾ ਹੈ ਕਿ ਅਗਾਂਹ ਕੀ ਹੋਣਾ ਹੈ; ਪਰ ਜਿਸ ਢੰਗ ਨਾਲ ਰਾਜ ਕੁਮਾਰ ਰਾਓ ਨੇ ਅਦਾਕਾਰੀ ਕੀਤੀ ਹੈ ਅਤੇ ਵਿਕਰਮਾਦਿਤਿਆ ਨੇ ਇਸ ਫਿਲਮ ਨੂੰ ਨਿਰਦੇਸ਼ਤ ਕੀਤਾ ਹੈ, ਉਸ ਦਾ ਕੋਈ ਤੋੜ ਨਹੀਂ ਹੈ। ਦਰਸ਼ਕ ਅੰਤ ਤਕ ਫਿਲਮ ਨਾਲ ਜੁੜਿਆ ਰਹਿੰਦਾ ਹੈ। ਇਸ ਪੱਖ ਤੋਂ ਇਸ ਜੁਗਲਬੰਦੀ ਨੇ ਨਿਹਾਇਤ ਵੱਖਰੀ ਫਿਲਮ ਬਣਾਈ ਹੈ। ਬਿਕਰਮਾਦਿਤਿਆ (ਜਨਮ 1976) ਇਸ ਤੋਂ ਪਹਿਲਾਂ 'ਉਡਾਨ' ਤੇ 'ਲੁਟੇਰਾ' ਫਿਲਮਾਂ ਨਿਰਦੇਸ਼ਕ ਕਰ ਚੁੱਕਾ ਹੈ ਅਤੇ ਉਸ ਨੇ 'ਧਨ ਧਨਾ ਧਨ ਗੋਲ' ਅਤੇ 'ਦੇਵ ਡੀ' ਵਰਗੀਆਂ ਫਿਲਮਾਂ ਦੀ ਪਟਕਥਾ ਵੀ ਲਿਖੀ ਹੈ। ਇਹੀ ਨਹੀਂ, ਉਹ 'ਕੁਈਨ', 'ਐਨ ਐਚ-10', 'ਬੰਬੇ ਵੈਲਵਟ' ਵਰਗੀਆਂ ਫਿਲਮਾਂ ਦਾ ਨਿਰਮਾਤਾ ਵੀ ਹੈ। ਉਸ ਦੀ ਇਕ ਹੋਰ ਫਿਲਮ 'ਭੁਵੇਸ਼ ਜੋਸ਼ੀ' ਦੀ ਸ਼ੂਟਿੰਗ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਸ ਫਿਲਮ ਵਿਚ ਹਰਸ਼ਵਰਧਨ ਕਪੂਰ ਅਤੇ ਪ੍ਰਿਯਾਂਸ਼ੂ ਪੇਂਗੁਲੀ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ।

ਰਾਜ ਕੁਮਾਰ ਰਾਓ ਦੀ ਵਧੇਰੇ ਚਰਚਾ ਫਿਲਮ 'ਸ਼ਾਹਿਦ' ਨਾਲ ਹੋਈ ਸੀ। ਜਿਸ ਲਈ ਉਸ ਨੂੰ ਕਈ ਇਨਾਮ ਵੀ ਮਿਲੇ ਸਨ। 'ਕੁਈਨ', 'ਸਿਟੀ ਲਾਈਟਜ਼', 'ਅਲੀਗੜ੍ਹ' ਆਦਿ ਫਿਲਮਾਂ ਲਈ ਵੀ ਉਸ ਦੀ ਖੂਬ ਚਰਚਾ ਹੋਈ, ਉਂਜ ਵੀ ਅੱਜ ਕੱਲ੍ਹ ਉਸ ਕੋਲ ਕਈ ਫਿਲਮਾਂ ਹਨ ਜਿਨ੍ਹਾਂ ਵਿਚ 'ਸ਼ਿਮਲਾ ਮਿਰਚੀ', 'ਨਿਊਟਨ', '5 ਵੈਡਿੰਗਸ', 'ਓਮੇਰਟਾ', 'ਬਰੇਲੀ ਕੀ ਬਰਫੀ' ਅਤੇ 'ਇਤਫ਼ਾਕ' ਆਦਿ ਅਹਿਮ ਹਨ। ਰਾਜ ਕੁਮਾਰ ਰਾਓ ਦਿੱਲੀ ਯੂਨੀਵਰਸਿਟੀ ਦਾ ਪੜ੍ਹਿਆ ਹੋਇਆ ਹੈ ਅਤੇ ਉਸ ਨੇ ਆਪਣਾ ਫਿਲਮ ਕਰੀਅਰ 2010 ਵਿਚ 'ਲਵ ਸੈਕਸ ਔਰ ਧੋਖਾ' ਫਿਲਮ ਤੋਂ ਕੀਤਾ ਸੀ। ਉਸ ਦਾ ਕਹਿਣਾ ਹੈ ਕਿ ਉਹ ਫਿਲਮਾਂ ਬਣਾਉਣ ਖਾਤਰ ਫ਼ਿਲਮਾਂ ਨਹੀਂ ਬਣਾਉਂਦਾ, ਫਿਲਮ ਦੀ ਕਹਾਣੀ ਅਤੇ ਨਿਰਦੇਸ਼ਕ ਉਸ ਲਈ ਬੜੇ ਅਹਿਮ ਹੁੰਦੇ ਹਨ। ਉਹ ਹਰ ਕਿਰਦਾਰ ਨਾਲ ਇਕਸਾਫ ਕਰਦਾ ਨਜ਼ਰ ਆਉਂਦਾ ਹੈ। ਫਿਲਮ 'ਟਰੈਪਡ' ਨੇ ਵੀ ਇਹੀ ਸਿਧ ਕੀਤਾ ਹੈ।



ਵਿਕਰਮਾਦਿਤਿਆ ਮੋਤਵਾਨੀ



ਰਾਜ ਕੁਮਾਰ ਰਾਓ



# ਮਹਿਰੀਨ ਦੀ ਮੜਕ

ਫਿਲਮ 'ਫਿਲੌਰੀ' ਅਤੇ ਇਸ ਦੇ ਗੀਤ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਧੁੰਮ ਪਾ ਚੁੱਕੇ ਹਨ। ਇਸ ਫਿਲਮ ਵਿਚ ਅਨੁਕਸ਼ਾ ਸ਼ਰਮਾ ਅਤੇ ਦਲਜੀਤ ਦੁਸਾਂਝ ਦੇ ਅਹਿਮ ਕਿਰਦਾਰ ਹਨ, ਪਰ ਇਸ ਫਿਲਮ ਨਾਲ ਇਕ ਹੋਰ ਕੁੜੀ ਦੀ ਖੂਬ ਚਰਚਾ ਹੋ ਰਹੀ ਹੈ। ਇਸ ਕੁੜੀ ਦਾ ਨਾਂ ਮਹਿਰੀਨ ਕੌਰ ਪੀਰਜ਼ਾਦਾ ਹੈ। ਇਹ ਕੁੜੀ ਬਠਿੰਡਾ ਦੀ ਜੰਮਪਲ ਹੈ ਅਤੇ ਉਸ ਦਾ ਭਰਾ ਗੁਰਫਤਿਹ ਪੀਰਜ਼ਾਦਾ ਵੀ ਮਾਡਲ ਤੇ ਐਕਟਰ ਹੈ। ਮਹਿਰੀਨ ਕੌਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਤੇਲਗੂ ਫਿਲਮ 'ਕ੍ਰਿਸ਼ਨਾ ਗਾਡੀ ਵੀਰਾ ਪ੍ਰੇਮਗਾਥਾ' ਤੋਂ ਕੀਤੀ ਸੀ। ਇਸ ਫਿਲਮ ਸਦਕਾ ਹੀ ਉਸ ਨੂੰ ਹਿੰਦੀ ਫਿਲਮ 'ਫਿਲੌਰੀ' ਵਿਚ ਮੌਕਾ ਮਿਲਿਆ। ਇਸ ਫਿਲਮ ਵਿਚ ਉਸ ਦੀ ਜੋੜੀ ਸੂਰਜ ਸ਼ਰਮਾ ਨਾਲ ਬਣਾਈ ਗਈ ਹੈ। ਮਹਿਰੀਨ ਕੌਰ ਦਾ ਕਹਿਣਾ ਹੈ ਕਿ ਉਹ ਫਿਲਮਾਂ ਦੀ ਗਿਣਤੀ ਦੀ ਦੌੜ ਵਿਚ ਸ਼ਾਮਲ ਨਹੀਂ ਹੋਵੇਗੀ ਸਗੋਂ ਅਜਿਹੀਆਂ ਫਿਲਮਾਂ ਹੀ ਕਰੇਗੀ ਜਿਸ ਦਾ ਕੋਈ ਮਤਲਬ ਹੋਵੇਗਾ। 'ਫਿਲੌਰੀ' ਵੀ ਉਸ ਨੇ ਇਸੇ ਕਰ ਕੇ ਸਵੀਕਾਰ ਕੀਤੀ ਹੈ।

ਮਹਿਰੀਨ ਕੌਰ ਪੀਰਜ਼ਾਦਾ ਫਿਲਹਾਲ ਦੋ ਤੇਲਗੂ ਫਿਲਮਾਂ 'ਰਾਜਾ ਦਿ ਗਰੇਟ' ਤੇ 'ਜਵਾਨ' ਅਤੇ ਤਾਮਿਲ ਫਿਲਮ 'ਅਰਾਮ ਸੇਦੂ ਪਕਾਊ' ਵਿਚ ਕੰਮ ਕਰ ਰਹੀ ਹੈ। ਇਸ ਤੋਂ ਪਹਿਲਾਂ ਮਹਿਰੀਨ ਮਾਡਲਿੰਗ ਕਰਦੀ ਰਹੀ ਹੈ ਅਤੇ 2013 ਵਿਚ ਉਸ ਨੇ ਟੋਰਾਂਟੋ (ਕੈਨੇਡਾ) ਵਿਚ ਮਿਸ ਪਰਸਨੈਲਿਟੀ ਸਾਊਥ ਏਸ਼ੀਆ ਦਾ ਖ਼ਿਤਾਬ ਜਿਤਿਆ ਸੀ। ਇਸ ਤੋਂ ਇਲਾਵਾ ਉਹ ਕੈਨੇਡਾ ਅਤੇ ਭਾਰਤ ਦੀਆਂ ਕਈ ਇਸ਼ਤਿਹਾਰ ਏਜੰਸੀਆਂ ਨਾਲ ਜੁੜੀ ਹੋਈ ਹੈ।

# 'ਪਦਮਵਤੀ' ਦੇ ਪੈਰੀਂ ਬੱਝਿਆ ਪਹਾੜ



ਦੀਪਿਕਾ ਪਾਦੂਕੋਣ

ਫਿਲਮ 'ਪਦਮਾਵਤੀ' ਦੇ ਸੈੱਟਾਂ ਉਤੇ ਭੰਨਤੋੜ ਕਰਨ ਅਤੇ ਅੱਗ ਲਗਾਉਣ ਤੋਂ ਬਾਅਦ ਇਸ ਫਿਲਮ ਦੇ ਨਿਰਮਾਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਵੱਲੋਂ ਬਣਾਈ ਜਾ ਰਹੀ ਇਹ ਫਿਲਮ 13ਵੀਂ-14ਵੀਂ ਸਦੀ ਦੌਰਾਨ ਹੋਈ ਚਿਤੌੜ ਦੀ ਮਹਾਰਾਣੀ ਪਦਮਾਵਤੀ ਬਾਰੇ ਹੈ। ਪਦਮਾਵਤੀ ਦਾ ਜ਼ਿਕਰ 16ਵੀਂ ਸਦੀ ਦੇ ਸ਼ਾਇਰ ਮਲਿਕ ਮੁਹੰਮਦ ਜਾਇਸੀ ਨੇ ਵੀ ਆਪਣੀ ਮਸ਼ਹੂਰ ਕਵਿਤਾ 'ਪਦਮਾਵਤ' ਵਿਚ ਕੀਤਾ ਹੈ। ਫਿਲਮ ਵਿਚ ਪਦਮਾਵਤੀ ਵਾਲਾ ਕਿਰਦਾਰ ਫਿਲਮ ਅਦਾਕਾਰਾ ਦੀਪਿਕਾ ਪਾਦੂਕੋਣ

**ਗੁਰਜੰਟ ਸਿੰਘ**


ਨਿਭਾਅ ਰਹੀ ਹੈ। ਕਹਿੰਦੇ ਹਨ ਕਿ ਮੁਗਲ ਸੁਲਤਾਨ ਅਲਾਉਦੀਨ ਖਿਲਜੀ ਨੇ ਚਿਤੌੜ ਉਤੇ ਹਮਲਾ ਪਦਮਵਤੀ ਨੂੰ ਹਾਸਲ ਕਰਨ ਲਈ ਕੀਤਾ ਸੀ। ਫਿਲਮ ਵਿਚ ਅਲਾਉਦੀਨ ਖਿਲਜੀ ਵਾਲਾ ਕਿਰਦਾਰ ਅਦਾਕਾਰ ਰਣਬੀਰ ਸਿੰਘ ਅਤੇ ਪਦਮਾਵਤੀ ਦੇ ਪਤੀ ਵਾਲਾ ਕਿਰਦਾਰ ਅਦਾਕਾਰ ਸ਼ਾਹਿਦ ਕਪੂਰ ਦੇ ਹਿੱਸੇ ਆਇਆ ਹੈ। ਇਸੇ ਸਾਲ ਜਨਵਰੀ ਵਿਚ ਸ੍ਰੀ ਰਾਜਪੂਤ ਕਰਨੀ ਸੈਨਾ ਨੇ ਜੈਗੜ੍ਹ ਕਿਲ੍ਹੇ ਵਿਚ ਹੋ ਰਹੀ ਸ਼ੂਟਿੰਗ ਦੌਰਾਨ ਭੰਨਤੋੜ ਕੀਤੀ ਸੀ। ਸੈਨਾ ਦਾ ਕਹਿਣਾ ਹੈ ਕਿ ਪਦਮਾਵਤੀ ਦੀ ਕਹਾਣੀ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਫਿਰ 15 ਮਾਰਚ ਨੂੰ ਕੋਲਹਾਪੁਰ ਵਿਚ ਕੁਝ ਬੁਰਛਾਗਰਦਾਂ ਨੇ ਫਿਲਮ ਦੇ ਸੈੱਟ ਨੂੰ ਅੱਗ ਲਾ ਦਿੱਤੀ ਜਿਸ ਕਾਰਨ ਫਿਲਮ ਦੀ ਸ਼ੂਟਿੰਗ ਰੋਕਣੀ ਪਈ। ਭੰਸਾਲੀ ਦਾ ਦਾਅਵਾ ਹੈ ਕਿ ਤੱਥਾਂ ਦੇ ਆਧਾਰ 'ਤੇ ਹੀ ਫਿਲਮ ਦੀ ਕਹਾਣੀ ਬੁਣੀ ਗਈ ਹੈ, ਕਿਸੇ ਕਿਰਦਾਰ ਨੂੰ ਮਾੜਾ ਬਣਾ ਕੇ ਪੇਸ਼ ਨਹੀਂ ਕੀਤਾ ਜਾ ਰਿਹਾ। ਫਿਲਮ ਸਨਅਤ ਨਾਲ ਜੁੜੇ ਲੋਕਾਂ ਨੇ ਕਰਨੀ ਸੈਨਾ ਵੱਲੋਂ ਕੀਤੀ ਜਾ ਰਹੀ ਭੰਨਤੋੜ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਜੇ ਫਿਲਮਸਾਜ਼ ਕਿਸੇ ਨੂੰ ਪੁੱਛ ਪੁੱਛ ਕੇ ਫਿਲਮ ਬਣਾਏਗਾ ਤਾਂ ਉਸ ਵਿਚ ਬਚੇਗਾ ਕੀ? ਇਸ ਲਈ ਫਿਲਮਸਾਜ਼ ਨੂੰ ਆਪਣੀ ਗੱਲ ਆਪਣੇ ਢੰਗ ਨਾਲ ਰੱਖਣ ਦਾ ਮੌਕਾ ਮਿਲਣਾ ਹੀ ਚਾਹੀਦਾ ਹੈ।



ਫਿਲਮਸਾਜ਼ ਸੰਜੇ ਲੀਲਾ ਭੰਸਾਲੀ



ਰਣਵੀਰ ਸਿੰਘ




ਸ਼ਾਹਿਦ ਕਪੂਰ

# ਕੁਦਰਤ ਦੀ ਰਜ਼ਾ



ਮੇਰੇ ਸਾਹਮਣੇ ਤਾਜ਼ਾ ਅਖ਼ਬਾਰ 'ਡੇਲੀ ਮਿਰਰ' ਪਿਆ ਸੀ ਜਿਸ ਦੀ ਵੱਡੀ ਸੁਰਖੀ ਇਹ ਸੀ ਕਿ ਇੰਗਲੈਂਡ ਦੇ ਬਹੁਤ ਮਸ਼ਹੂਰ ਫੁਟਬਾਲ ਖਿਡਾਰੀ ਜਾਰਜ ਕੁਮਨ ਨੇ ਐਲਾਨ ਕੀਤਾ ਹੈ ਕਿ ਮਰਨ ਤੋਂ ਬਾਅਦ ਉਸ ਦਾ ਦਿਮਾਗ ਲੈਬੋਰਟਰੀ ਵਾਲੇ ਲੈ ਲੈਣ ਅਤੇ ਉਸ 'ਤੇ ਖੋਜ ਕਰਨ। ਜਾਰਜ ਕੁਮਨ 1966 ਵਿਚ ਜਰਮਨੀ ਦੇ ਖਿਲਾਫ਼ ਖੇਡਿਆ ਸੀ। ਅਜੋਕੇ ਸਮੇਂ ਵਿਚ ਡਾਕਟਰਾਂ ਨੇ ਖੋਜ ਕੀਤੀ ਹੈ ਕਿ ਬਚਪਨ ਵਿਚ ਫੁਟਬਾਲ ਖੇਡਣ ਸਮੇਂ ਸਿਰ ਨਾਲ ਹਿੱਟਾਂ ਮਾਰਨ ਕਾਰਨ ਦਿਮਾਗ ਦੇ ਕੁਝ ਹਿੱਸੇ ਹਿੱਲ ਜਾਂਦੇ ਹਨ ਜਿਸ ਕਾਰਨ ਆਖਰੀ ਉਮਰ ਮਤਲਬ ਬੁਢਾਪੇ ਵਿਚ ਖਿਡਾਰੀ ਨੂੰ ਡਿਮੈਂਸ਼ੀਆ ਹੋ ਜਾਂਦਾ ਹੈ।

ਡਿਮੈਂਸ਼ੀਆ ਵਿਚ ਮਨੁੱਖ ਨੂੰ ਸਭ ਕੁਝ ਭੁੱਲ ਜਾਂਦਾ ਹੈ, ਯਾਦਾਸ਼ਤ ਖ਼ਤਮ ਹੋ ਜਾਂਦੀ ਹੈ। ਇਸ ਗੱਲ ਦੀ ਖੋਜ ਡਾਕਟਰਾਂ ਨੇ ਇਸ ਗੱਲ ਤੋਂ ਕੀਤੀ ਕਿ ਫੁਟਬਾਲ ਦੇ ਪੁਰਾਣੇ ਬਹੁਤ ਮਸ਼ਹੂਰ 14 ਖਿਡਾਰੀਆਂ ਵਿਚੋਂ 12 ਖਿਡਾਰੀ ਜੋ ਬਚਪਨ ਵਿਚ 10 ਸਾਲ ਦੀ ਉਮਰ ਤੋਂ ਵੀ ਪਹਿਲਾਂ ਦੇ



ਗੁਲਾਮ ਮੁਸਤਫਾ ਡੋਗਰ (ਯੂ.ਕੇ.)
ਫੋਨ: 787-813-2209

ਫੁਟਬਾਲ ਖੇਡਦੇ ਰਹੇ ਸਨ, ਉਹ ਡਿਮੈਂਸ਼ੀਆ ਨਾਲ ਹੀ ਮਰੇ ਸਨ। ਇਸ ਕਾਰਨ ਡਾਕਟਰ ਹੈਰਾਨ ਹੋ ਗਏ। ਡਾਕਟਰਾਂ ਨੇ ਫੁਟਬਾਲ ਦੇ ਖਿਡਾਰੀਆਂ ਦੇ ਨਾਲ ਸੰਪਰਕ ਕੀਤਾ ਕਿ ਜੇ ਉਹ ਮਰਨ ਤੋਂ ਬਾਅਦ ਆਪਣਾ ਦਿਮਾਗ ਦੇਣ ਤਾਂ ਸੀ.ਟੀ.ਈ. ਕਰ ਕੇ ਖੋਜ ਕੀਤੀ ਜਾ ਸਕੇ ਕਿ ਫੁਟਬਾਲ ਦੇ ਖਿਡਾਰੀਆਂ ਦਾ ਡਿਮੈਂਸ਼ੀਆ ਦੇ ਨਾਲ ਕੀ ਸਬੰਧ ਹੈ। ਛੇ ਖਿਡਾਰੀਆਂ ਨੇ ਇਹ ਇਜਾਜ਼ਤ ਦੇ ਦਿੱਤੀ ਜਿਨ੍ਹਾਂ ਵਿਚੋਂ ਚਾਰ ਵਿਚ ਇਹ ਗੱਲ ਸਾਹਮਣੇ ਆਈ ਕਿ ਉਨ੍ਹਾਂ ਨੂੰ ਇਹ ਬਿਮਾਰੀ ਸੀ। ਜਾਂਚ ਦੌਰਾਨ ਹੋਰ ਪੁਰਾਣੇ ਖਿਡਾਰੀਆਂ ਨੂੰ ਵੀ ਇਹ ਬਿਮਾਰੀ ਸੀ ਜਿਨ੍ਹਾਂ ਵਿਚ ਨੌਬੀ ਉਮਰ 74 ਸਾਲ, ਮਾਰਟਨ ਉਮਰ 73 ਸਾਲ, ਵਿਲਸਨ ਉਮਰ 82 ਸਾਲ ਆਦਿ ਹਨ, ਇਨ੍ਹਾਂ ਸਾਰਿਆਂ ਨੂੰ ਡਿਮੈਂਸ਼ੀਆ ਸੀ। ਇਸ ਖੋਜ ਨਾਲ ਇਹ ਗੱਲ ਸਾਹਮਣੇ ਆਈ ਕਿ ਛੋਟੀ ਉਮਰ ਵਿਚ ਬੱਚਿਆਂ ਨੂੰ ਫੁਟਬਾਲ ਖੇਡਦੇ ਸਮੇਂ ਸਿਰ ਨਾਲ ਹਿੱਟ ਨਹੀਂ ਮਾਰਨੀ ਚਾਹੀਦੀ। ਅਮਰੀਕਾ ਵਿਚ ਪਹਿਲਾਂ ਹੀ 10 ਸਾਲ ਦੇ ਬੱਚਿਆਂ 'ਤੇ ਪਾਬੰਦੀ ਲੱਗ ਚੁੱਕੀ ਹੈ ਕਿ ਉਹ ਸਿਰ ਨਾਲ ਹਿੱਟ ਨਹੀਂ ਮਾਰ ਸਕਦੇ। ਇਕ ਹੋਰ ਫੁਟਬਾਲ ਖਿਡਾਰੀ ਜੈਫ ਦੀ ਮੌਤ ਵੀ ਇਸੇ ਵਜ੍ਹਾ ਕਰ ਕੇ ਹੋਈ ਸੀ। ਇਸ ਦੀ ਲੜਕੀ ਨੇ ਇਹ ਗੱਲ ਕਹੀ ਕਿ ਉਸ ਦੇ ਪਿਤਾ ਨੂੰ ਡਿਮੈਂਸ਼ੀਆ ਦੀ ਬਿਮਾਰੀ ਸੀ। ਇਸ ਖਿਡਾਰੀ ਦੀ ਸਭ ਤੋਂ ਪਹਿਲੀ ਵਾਰ 2002 ਵਿਚ ਸੀ.ਟੀ.ਈ. ਕੀਤੀ ਗਈ ਸੀ ਜਿਸ ਵਿਚ ਇਹ ਗੱਲ ਸਾਹਮਣੇ ਆਈ ਕਿ ਉਸ ਨੂੰ ਡਿਮੈਂਸ਼ੀਆ ਦੀ ਬਿਮਾਰੀ ਸੀ। ਇਸ ਖਿਡਾਰੀ ਦੇ ਪੁੱਤਰ ਨੇ ਵੀ ਇਹ ਗੱਲ ਦੱਸੀ ਕਿ 55 ਸਾਲ ਦੀ ਉਮਰ ਵਿਚ ਉਨ੍ਹਾਂ ਦੇ ਪਿਤਾ ਨੂੰ ਬੱਚਿਆਂ ਦੇ ਨਾਂ ਭੁੱਲਣੇ ਸ਼ੁਰੂ ਹੋ ਗਏ ਸਨ। ਜਿਸ ਪੈਥੋਲੋਜਿਸਟ ਡਾਕਟਰ ਨੇ ਇਸ ਦਾ ਇਲਾਜ ਕੀਤਾ ਸੀ, ਉਸ ਨੇ ਇਹ ਕਿਹਾ ਕਿ ਜੈਫ ਦੇ ਦਿਮਾਗ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਹੋਇਆ ਸੀ। ਮੁੱਕੇਬਾਜ਼ਾਂ ਵਿਚ ਵੀ ਦਿਮਾਗ 'ਤੇ ਪੰਚ ਲੱਗਣ ਨਾਲ ਇਹ ਬਿਮਾਰੀ ਹੋ ਜਾਂਦੀ ਹੈ। ਸੋ, ਬੱਚੇ ਉਹੀ ਖੇਡਾਂ ਖੇਡਣ, ਜਿਸ ਨਾਲ ਉਹ ਤੰਦਰੁਸਤ ਰਹਿਣ, ਕੋਈ ਅੰਦਰੂਨੀ ਨੁਕਸਾਨ ਨਾ ਪਵੇ।

ਡਿਮੈਂਸ਼ੀਆ ਦੇ ਹੋਰ ਕਾਰਨ ਵੀ ਹੋ ਸਕਦੇ ਹਨ। ਮੈਨੂੰ ਯਾਦ ਹੈ, ਮੇਰੇ ਪਿੰਡ ਦੇ ਬਜ਼ੁਰਗ ਸਈਦ ਅਹਿਮਦ ਵਿਰਕ ਜਿਨ੍ਹਾਂ ਨੂੰ ਹਜ਼ਾਰਾਂ ਸ਼ਿਅਰ ਜ਼ਬਾਨੀ ਯਾਦ ਸਨ, ਉਹ ਹਰ ਗੱਲ ਨਾਲ ਢੁਕਦਾ ਸ਼ਿਅਰ ਤੁਰੰਤ ਸੁਣਾ ਦਿੰਦੇ ਸਨ। ਉਹ ਕਾਲਜ ਦੇ ਸ਼ਾਇਰੀ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਤਾਂ ਕਿਸੇ ਨੂੰ ਜਿੱਤਣ ਨਹੀਂ ਦਿੰਦੇ ਸਨ। ਮੈਂ ਕਾਫੀ ਅਰਸੇ ਬਾਅਦ ਆਪਣੇ ਵਤਨ (ਪਾਕਿਸਤਾਨ) ਗਿਆ ਤਾਂ ਵਿਰਕ ਸਾਹਿਬ ਬਾਜ਼ਾਰ ਵਿਚ ਮਿਲ ਗਏ। ਮੈਂ ਉਨ੍ਹਾਂ ਨੂੰ ਜੱਫੀ ਪਾ ਕੇ ਮਿਲਿਆ, ਪਰ ਉਨ੍ਹਾਂ ਮੈਨੂੰ ਪਛਾਣਿਆ ਹੀ ਨਾ। ਮੈਂ ਜਦ ਉਨ੍ਹਾਂ ਨੂੰ ਆਪਣਾ ਨਾਂ ਅਤੇ ਪਿੰਡ ਦੱਸਿਆ ਤਾਂ ਉਹ ਆਖਣ ਲੱਗੇ ਕਿ ਮੈਨੂੰ ਕੁਝ ਯਾਦ ਨਹੀਂ। ਨੇੜਲੇ ਦੁਕਾਨਦਾਰ ਨੇ ਮੈਨੂੰ ਦੱਸਿਆ ਕਿ ਵਿਰਕ ਸਾਹਿਬ ਦੀ ਯਾਦਾਸ਼ਤ ਖ਼ਤਮ ਹੋ ਗਈ ਹੈ। ਮੈਂ ਹੈਰਾਨ-ਪ੍ਰੇਸ਼ਾਨ ਉਨ੍ਹਾਂ ਦੇ ਸਾਹਮਣੇ ਖੜ੍ਹਾ ਰਿਹਾ। ਮੈਂ ਪੰਜ ਸਾਲ ਪਹਿਲਾਂ ਵਤਨ ਗਿਆ ਸਾਂ ਤਾਂ ਵਿਰਕ ਸਾਹਿਬ ਦੀ ਯਾਦਾਸ਼ਤ ਬਹੁਤ ਵਧੀਆ ਸੀ। ਬਾਅਦ ਵਿਚ ਪਤਾ ਲੱਗਾ ਕਿ ਉਨ੍ਹਾਂ ਦੇ ਬੇਟੇ ਦੀ ਹਾਦਸੇ ਕਾਰਨ ਮੌਤ ਹੋ ਗਈ ਸੀ ਜਿਸ ਦੇ ਗ਼ਮ ਵਿਚ ਵਿਰਕ ਸਾਹਿਬ ਦੀ ਯਾਦਾਸ਼ਤ ਚਲੇ ਗਈ।

ਮੇਰੇ ਪਿੰਡ ਦੇ ਨਾਲ ਦੇ ਪਿੰਡ ਕਪੂਰਪੁਰ ਦਾ ਫਜ਼ਲ ਅਹਿਮਦ ਸਿੱਧੂ ਜੋ ਫ਼ੌਜ ਵਿਚੋਂ ਸੂਬੇਦਾਰ ਰਿਟਾਇਰ ਸੀ। ਉਹ ਬੜਾ ਸਖ਼ਤ ਕੁਰਖਤ ਸੁਭਾਅ ਦਾ ਸੀ। ਲੋਕ ਉਸ ਕੋਲੋਂ ਡਰਦੇ ਸਨ। ਉਂਜ ਉਹ ਕਿਸੇ ਨਾਲ ਲੜਾਈ ਨਹੀਂ ਸੀ ਕਰਦਾ, ਗ਼ਲਤ ਬੰਦੇ ਨੂੰ ਵਰਜਦਾ ਸੀ। ਹੋਇਆ ਇਹ ਕਿ ਉਨ੍ਹਾਂ ਦੀ ਜਵਾਨ ਬੇਟੀ ਕਿਸੇ ਕਾਰਨ ਨੀਮ ਪਾਗਲ ਹੋ ਗਈ। ਉਸ ਨੇ ਘਰੋਂ ਬਾਹਰ ਫਿਰਦੀ ਰਹਿਣਾ ਤੇ ਲੋਕਾਂ ਨੇ ਉਸ ਨੂੰ ਘਰ ਛੱਡ ਕੇ ਜਾਣਾ ਜਾਂ ਦੱਸ ਕੇ ਜਾਣਾ ਕਿ ਸਰਦਾਰ ਸਾਹਿਬ, ਤੁਹਾਡੀ ਬੇਟੀ ਫਲਾਣੀ ਜਗ੍ਹਾ ਹੈ। ਧੀ ਦੀ ਇਸ ਹਾਲਤ ਕਾਰਨ ਸਿੱਧੂ ਸਾਹਿਬ ਦੇ ਦਿਮਾਗ 'ਤੇ ਅਜਿਹਾ ਅਸਰ ਹੋਇਆ ਕਿ ਉਨ੍ਹਾਂ ਨੂੰ ਦਿਮਾਗ਼ੀ ਬਿਮਾਰੀ ਹੋ ਗਈ। ਇਸ ਸਦਮੇ ਨਾਲ ਹੁਣ ਇਹ ਹਾਲਤ ਹੈ ਕਿ ਉਨ੍ਹਾਂ ਨੂੰ ਕੁਝ ਯਾਦ ਨਹੀਂ, ਸਭ ਕੁਝ ਭੁੱਲ ਗਏ ਹਨ। ਰੋਟੀ ਖਾ ਕੇ ਇਹ ਯਾਦ ਨਹੀਂ ਰਹਿੰਦਾ ਕਿ ਮੈਂ ਰੋਟੀ ਖਾ ਲਈ ਹੈ ਜਾਂ ਨਹੀਂ। ਮੈਂ ਜਦੋਂ ਉਨ੍ਹਾਂ ਨੂੰ ਵੇਖਦਾ ਤਾਂ ਅੱਖਾਂ ਵਿਚ ਹੰਝੂ ਆ ਜਾਂਦੇ ਨੇ ਕਿ ਟੌਹਰ ਵਾਲੇ ਬੰਦੇ ਦੀ ਕੀ ਹਾਲਤ ਹੋ ਗਈ ਹੈ।

ਇਸ ਦਾ ਮਤਲਬ ਕਿ ਪ੍ਰੇਸ਼ਾਨੀ ਨਾਲ ਵੀ ਦਿਮਾਗ 'ਤੇ ਮਾੜਾ ਅਸਰ ਹੁੰਦਾ ਹੈ। ਜੇ ਕੋਈ ਚਿੰਤਾ ਕਰੀ ਜਾਵਾਂਗੇ, ਸੋਚੀ ਜਾਵਾਂਗੇ, ਦਿਮਾਗ਼ ਨੂੰ ਅਰਾਮ ਨਾ ਮਿਲਣ ਦੇਵਾਂਗੇ ਤਾਂ ਜ਼ਾਹਿਰ ਹੈ ਕਿ ਦਿਮਾਗੀ ਬਿਮਾਰੀ ਹੋ ਸਕਦੀ ਹੈ। ਫੁਟਬਾਲ ਅਤੇ ਮੁੱਕੇਬਾਜ਼ੀ ਵੀ ਇਸ ਦਾ ਕਾਰਨ ਹੈ। ਜੇ ਦਿਮਾਗ਼ ਨਾਲ ਹਿੱਟ ਕਰਾਂਗੇ ਜਾਂ ਮੁੱਕੇਬਾਜ਼ੀ ਦੇ ਪੰਚ ਸਿਰ 'ਤੇ ਲੱਗਣਗੇ ਤਾਂ ਦਿਮਾਗ ਆਪਣੀ ਜਗ੍ਹਾ ਤੋਂ ਹਿਲੇਗਾ ਜੋ ਬੁਢਾਪੇ ਵਿਚ ਦਿਮਾਗੀ ਬਿਮਾਰੀ ਦਾ ਕਾਰਨ ਬਣ ਸਕਦਾ ਹੈ।

ਦਿਲ ਤੇ ਦਿਮਾਗ ਸਾਡੇ ਜਿਸਮ ਦੇ ਦੋ ਬੜੇ ਹੀ ਨਾਜ਼ੁਕ ਹਿੱਸੇ ਹਨ। ਕੁਦਰਤ ਵੱਲੋਂ ਦਿਲ ਦੀ ਸੁਰੱਖਿਆ ਲਈ ਉਸ ਉਪਰ ਹੱਡੀਆਂ ਦਾ ਜਾਲ ਬਣਿਆ ਹੈ। ਇਸੇ ਤਰ੍ਹਾਂ ਦਿਮਾਗ਼ ਵੀ ਹੱਡੀ ਦੇ ਪਿੰਜਰੇ ਵਿਚ ਸੁਰੱਖਿਅਤ ਹੈ। ਕੁਦਰਤ ਨੇ ਇਨ੍ਹਾਂ ਦੋਵਾਂ ਹਿੱਸਿਆਂ ਨੂੰ ਕੁੰਜ ਕੇ ਸੁਰੱਖਿਅਤ ਰੱਖਿਆ ਹੋਇਆ ਹੈ। ਅਸੀਂ ਸਹੀ ਵਰਤੋਂ ਨਾ ਕਰਾਂਗੇ ਤਾਂ ਇਸ ਦਾ ਨਤੀਜਾ ਵੀ ਭੁਗਤਣਾ ਪਵੇਗਾ। ਕੁਦਰਤ ਦੇ ਕੰਮਾਂ ਨੂੰ ਅਸੀਂ ਨਹੀਂ ਬਦਲ ਸਕਦੇ। ਜਨਮ ਅਤੇ ਮੌਤ ਬੰਦੇ ਦੇ ਵੱਸ ਵਿਚ ਨਹੀਂ ਹੈ, ਇਹ ਕੁਦਰਤੀ ਹੈ। ਕਿਸੇ ਸਿਆਣੇ ਬੰਦੇ ਨੂੰ ਕਿਸੇ ਨੇ ਪੁੱਛਿਆ ਕਿ ਕੁਦਰਤ ਨੂੰ ਬਦਲਣਾ ਕਿੰਨਾ ਕੁ ਇਨਸਾਨ ਦੇ ਹੱਥ ਵਿਚ ਹੈ ਤਾਂ ਸਿਆਣਾ ਬੋਲਿਆ ਕਿ ਤੂੰ ਇਕ ਲੱਤ ਚੁੱਕ ਕੇ ਖੜ੍ਹਾ ਹੋ, ਉਹ ਖੜ੍ਹਾ ਹੋ ਗਿਆ; ਫਿਰ ਸਿਆਣੇ ਨੇ ਕਿਹਾ ਕਿ ਹੁਣ ਦੂਸਰੀ ਲੱਤ ਵੀ ਚੁੱਕ ਤਾਂ ਉਹ ਕਹਿਣ ਲੱਗਾ ਕਿ ਇਹ ਤਾਂ ਨਹੀਂ ਹੋ ਸਕਦਾ; ਜੇ ਮੈਂ ਦੂਸਰੀ ਲੱਤ ਵੀ ਚੁੱਕਾਂਗਾ ਤਾਂ ਡਿਗ ਪਵਾਂਗਾ। ਸਿਆਣੇ ਨੇ ਕਿਹਾ ਕਿ ਬਸ ਏਨਾ ਹੀ ਅਖ਼ਤਿਆਰ ਹੈ ਬੰਦੇ ਦੇ ਹੱਥ ਵਿਚ। ਜੋ ਕੁਦਰਤ ਦੀ ਰਜ਼ਾ ਵਿਚ ਰਹਿੰਦਾ ਹੈ, ਉਹ ਸੁਖੀ ਰਹਿੰਦਾ ਹੈ।

ਬੱਚਿਆਂ ਨੂੰ ਕੱਚੇ ਹੱਡੀਂ ਸਖਤ ਕੰਮ ਨਹੀਂ ਕਰਨਾ ਚਾਹੀਦਾ। ਕੱਚੇ ਘੜੇ 'ਤੇ ਦਰਿਆ ਪਾਰ ਨਹੀਂ ਹੁੰਦੇ, ਘੜਾ ਪੱਕ ਲੈਣ ਦੇਣਾ ਚਾਹੀਦਾ ਹੈ, ਤਾਂ ਹੀ ਦਰਿਆ ਪਾਰ ਹੋ ਸਕਦਾ ਹੈ। ਅੱਜ ਕੱਲ੍ਹ ਨੌਜਵਾਨ ਫਿਲਮਾਂ ਦੇ ਹੀਰੋ ਵੇਖ-ਵੇਖ ਕੇ ਦਿਨਾਂ ਵਿਚ ਡੌਲੇ ਦਿਖਾਣੇ ਚਾਹੁੰਦੇ ਹਨ। ਬਾਡੀ ਬਿਲਡਿੰਗ ਦਾ ਸ਼ੌਕ ਘੱਟ ਹੈ, ਦੁਨੀਆ ਨੂੰ ਡੋਲੇ ਵਿਖਾਉਣ ਦਾ ਜ਼ਿਆਦਾ ਸ਼ੌਕ ਹੈ। ਬਾਜ਼ਾਰ ਵਿਚ ਧੜਾ-ਧੜ ਪ੍ਰੋਟੀਨ ਤੇ ਦਵਾਈਆਂ ਵਿਕਦੀਆਂ ਹਨ, ਜੋ ਕਹਿੰਦੇ ਹਨ ਕਿ ਤੁਹਾਡੇ ਡੌਲੇ ਦਿਨਾਂ ਵਿਚ ਬਣ ਜਾਣਗੇ। ਬੱਚੇ ਜਿੰਮ ਵਿਚ ਜਾਂਦੇ ਹਨ, ਦਵਾਈਆ ਖਾਂਦੇ ਹਨ ਕਿ ਜਲਦੀ ਜਲਦੀ ਡੌਲੇ ਬਣ ਜਾਣ, ਚੰਗੀ ਖ਼ੁਰਾਕ ਵੀ ਨਹੀਂ ਖਾਂਦੇ, ਕੋਈ ਘਰ ਦਾ ਕੰਮ ਵੀ ਨਹੀਂ ਕਰਦੇ। ਬਹੁਤ ਸਾਰੇ ਨੌਜਵਾਨ ਆਪਣੀ ਜ਼ਿੰਦਗੀ ਗੁਆ ਬੈਠਦੇ ਹਨ।

ਪਾਕਿਸਤਾਨ ਦੀ ਕੇਂਦਰੀ ਸਰਕਾਰ ਦੇ ਇਕ ਵਜ਼ੀਰ (ਮਹਿਕਮਾ ਔਕਾਫ) ਦਾ ਕੰਮ ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨਾ ਅਤੇ ਵਿਦੇਸ਼ਾਂ ਤੋਂ ਆਉਣ ਵਾਲੇ ਜਥਿਆਂ ਲਈ ਠਹਿਰਨ ਦਾ ਇੰਤਜ਼ਾਮ ਕਰਨਾ ਹੁੰਦਾ ਹੈ। ਇਸੇ ਪਦਵੀ ਦਾ ਵਜ਼ੀਰ ਸਦੀਕ-ਅਲ ਫਾਰੂਕ, ਹਜ਼ਾਰੇ ਦਾ ਰਹਿਣ ਵਾਲਾ ਹੈ। ਉਸ ਦਾ ਲੜਕਾ ਉਮਰ 27 ਸਾਲ ਵੀ ਬਾਡੀ ਬਿਲਡਿੰਗ ਦੇ ਚੱਕਰ ਵਿਚ ਇਹ ਦਵਾਈਆਂ ਖਾ ਰਿਹਾ ਸੀ। ਮਾਪੇ ਉਸ ਨੂੰ ਮਨ੍ਹਾਂ ਵੀ ਕਰ ਰਹੇ ਸਨ, ਪਰ ਉਹ ਨਾ ਹਟਿਆ ਤੇ ਨਵੰਬਰ 2016 ਵਿਚ ਉਸ ਦੀ ਮੌਤ ਹੋ ਗਈ। ਇਸ ਤਰ੍ਹਾਂ ਬਹੁਤ ਸਾਰੇ ਨੌਜਵਾਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਦਵਾਈਆਂ ਖਾ ਕੇ ਜਿਸਮ ਬਣਾਉਣ ਵਾਲੇ ਜਵਾਨਾਂ ਦੀ ਪੋਲਟਰੀ ਫਾਰਮ ਦੇ ਮੁਰਗਿਆਂ ਵਾਲੀ ਹਾਲਤ ਹੁੰਦੀ ਹੈ, ਜਿਨ੍ਹਾਂ ਨੂੰ ਰਾਤੋ-ਰਾਤ ਭਾਰ ਵਧਾ ਕੇ ਵੇਚਿਆ ਜਾਂਦਾ ਹੈ। ਉਹ ਪਿੰਡ ਦੇ ਦੇਸੀ ਮੁਰਗੇ ਦਾ ਮੁਕਾਬਲਾ ਨਹੀਂ ਕਰ ਸਕਦੇ। ਪਿੰਡ ਵਿਚ ਕਿਸੇ ਦੇ ਘਰ ਪ੍ਰਾਹੁਣਾ ਆ ਜਾਵੇ ਤਾਂ ਉਸ ਦੇ ਖਾਣ ਵਾਸਤੇ ਮੁਰਗਾ ਬਣਾਉਣ ਲਈ ਅੰਞਾਣੇਂ ਮੁਰਗੇ ਨੂੰ ਫੜਨ ਲਈ ਦੌੜ-ਦੌੜ ਕੇ ਹੰਭ ਜਾਂਦੇ ਹਨ, ਪਰ ਬਰਾਇਲਰ ਮੁਰਗਾ ਧੁੱਪ ਲੱਗਣ ਨਾਲ ਹੀ ਫੁੜਕ ਜਾਂਦਾ ਹੈ। ਸੋ, ਅਜਿਹੇ ਕੰਮ ਨਹੀਂ ਕਰਨੇ ਚਾਹੀਦੇ ਕਿ ਆਪਣੇ ਦਿਮਾਗ ਦੀ ਫੱਟੀ ਪੋਚ ਕੇ ਬੈਠ ਜਾਈਏ ਜਾਂ ਜਾਨ ਤੋਂ ਹੱਥ ਧੋ ਬੈਠੀਏ।

ਹੁਣ ਅਸੀਂ ਇਸ ਨਤੀਜੇ 'ਤੇ ਪਹੁੰਚ ਗਏ ਹਾਂ ਕਿ ਕੁਦਰਤ ਦੇ ਕੰਮਾਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ, ਪਰ ਅਸੀਂ ਕਿਥੇ ਮੁੜਦੇ ਹਾਂ, ਫ਼ਸਲਾਂ ਨੂੰ ਖਾਦਾਂ ਅਤੇ ਜ਼ਹਿਰੀਲੀਆਂ ਦਵਾਈਆਂ ਦਾ ਛਿੜਕਾਅ ਕਰ ਰਹੇ ਹਾਂ। ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਮਨੁੱਖ ਨੂੰ ਲੱਗ ਰਹੀਆਂ ਹਨ। ਸਾਨੂੰ ਕੁਦਰਤ ਦੇ ਵਿਰੁੱਧ ਨਹੀ ਚੱਲਣਾ ਚਾਹੀਦਾ, ਸਗੋਂ ਉਸ ਦੀ ਰਜ਼ਾ ਵਿਚ ਰਹਿੰਦਿਆਂ ਉਸ ਦੇ ਨਾਲ ਚਲਣਾ ਚਾਹੀਦਾ ਹੈ।

***ਬੱਚਿਆਂ ਨੂੰ ਕੱਚੇ ਹੱਡੀਂ ਸਖਤ ਕੰਮ ਨਹੀਂ ਕਰਨਾ ਚਾਹੀਦਾ। ਕੱਚੇ ਘੜੇ 'ਤੇ ਦਰਿਆ ਪਾਰ ਨਹੀਂ ਹੁੰਦੇ, ਘੜਾ ਪੱਕ ਲੈਣ ਦੇਣਾ ਚਾਹੀਦਾ ਹੈ। ਅੱਜ ਕੱਲ੍ਹ ਨੌਜਵਾਨ ਫਿਲਮਾਂ ਦੇ ਹੀਰੋ ਵੇਖ-ਵੇਖ ਕੇ ਦਿਨਾਂ ਵਿਚ ਡੌਲੇ ਦਿਖਾਣੇ ਚਾਹੁੰਦੇ ਹਨ। ਬਾਡੀ ਬਿਲਡਿੰਗ ਦਾ ਸ਼ੌਕ ਘੱਟ ਹੈ, ਦੁਨੀਆ ਨੂੰ ਡੋਲੇ ਵਿਖਾਉਣ ਦਾ ਜ਼ਿਆਦਾ ਸ਼ੌਕ ਹੈ। ਬਾਜ਼ਾਰ ਵਿਚ ਧੜਾ-ਧੜ ਪ੍ਰੋਟੀਨ ਤੇ ਦਵਾਈਆਂ ਵਿਕਦੀਆਂ ਹਨ। ਬੱਚੇ ਜਿੰਮ ਵਿਚ ਜਾਂਦੇ ਹਨ, ਦਵਾਈਆ ਖਾਂਦੇ ਹਨ ਕਿ ਜਲਦੀ ਜਲਦੀ ਡੌਲੇ ਬਣ ਜਾਣ, ਚੰਗੀ ਖੁਰਾਕ ਵੀ ਨਹੀਂ ਖਾਂਦੇ, ਕੋਈ ਘਰ ਦਾ ਕੰਮ ਵੀ ਨਹੀਂ ਕਰਦੇ। ਬਹੁਤ ਸਾਰੇ ਨੌਜਵਾਨ ਆਪਣੀ ਜ਼ਿੰਦਗੀ ਗੁਆ ਬੈਠਦੇ ਹਨ।***



# ਘੁੰਡ ਵੀ ਗਏ...



ਪੁਰਾਤਨ ਸਮਿਆਂ ਤੋਂ ਹੀ ਘੁੰਡ ਨੂੰ ਔਰਤ ਵਾਸਤੇ ਸ਼ਰਮ ਅਤੇ ਸਲੀਕੇ ਦੀ ਨਿਸ਼ਾਨੀ ਸਮਝਿਆ ਜਾਂਦਾ ਰਿਹਾ ਹੈ। ਸਹੁਰੇ ਪਿੰਡ ਸ਼ਰੀਕੇ ਦੇ ਵੱਡੀ ਉਮਰ ਦੇ ਪੁਰਸ਼ਾਂ ਨਾਲ ਬਿਨਾਂ ਘੁੰਡ ਕੱਢੇ ਗੱਲ ਕਰਨ ਵਾਲੀ ਜਨਾਨੀ ਨੂੰ ਸ਼ਰਮ-ਸਲੀਕੇ ਤੋਂ ਸੱਖਣੀ ਔਰਤ ਸਮਝਿਆ ਜਾਂਦਾ ਸੀ। ਇਸ 'ਤੇ ਬਹੁਤ ਬੋਲੀਆਂ ਅਤੇ ਗੀਤ ਲਿਖੇ ਗਏ ਹਨ, ਜਿਵੇਂ:

-ਘੁੰਡ ਵਿਚ ਨਹੀਂ ਲੁਕਦੇ
ਸੱਜਣਾ ਨੈਣ ਕੁਆਰੇ
ਰਾਤੀਂ ਅੰਬਰਾਂ 'ਤੇ ਜਿਵੇਂ ਟਹਿਕਦੇ ਤਾਰੇ
-ਘੁੰਡ ਕੱਢ ਕੇ ਖੈਰ ਨਾ ਪਾਈਏ,
ਨੀ ਜੋਗੀ ਹੁੰਦੇ ਰੱਬ ਵਰਗੇ।
-ਨਵੀਂ ਬਹੂ ਮੁਕਲਾਵੇ ਆਈ,
ਬਹਿ ਗਈ ਪੀਹੜਾ ਡਾਹ ਕੇ,
ਪਿੰਡ ਦੀਆਂ ਕੁੜੀਆਂ
ਵੇਖਣ ਘੁੰਡ ਚੁਕਾ ਕੇ।

ਆਪਣੇ ਸੁਹੱਪਣ 'ਤੇ ਮਾਣ ਕਰਨ ਵਾਲੀਆਂ ਸੁਨੱਖੀਆਂ ਮੁਟਿਆਰਾਂ ਘੁੰਡ ਨੂੰ ਅੜਿੱਕਾ ਮੰਨਦਿਆਂ ਕਹਿੰਦੀਆਂ ਸਨ:

ਕੀਹਦੇ ਵਾਸਤੇ ਗੁੰਦਾਈਆਂ ਮੀਢੀਆਂ,
ਅਸਾਂ ਨਹੀਂਓ ਘੁੰਡ ਕੱਢਣਾ।
ਗੋਰਾ ਰੰਗ ਤੇ ਸ਼ਰਬਤੀ ਅੱਖੀਆਂ,
ਘੁੰਡ ਵਿਚ ਕੈਦ ਕੀਤੀਆਂ।

ਸ਼ੌਕੀਨ ਮੁਟਿਆਰ ਘੁੰਡ ਕੱਢ ਕੇ ਵੀ ਆਪਣੀ ਸ਼ੌਕੀਨੀ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੀ ਸੀ:

ਘੁੰਡ ਕੱਢਣਾ ਕਲਿੱਪ ਨੰਗਾ ਰੱਖਣਾ,
ਛੜਿਆਂ ਦੀ ਹਿੱਕ ਲੂਹਣ ਨੂੰ।
ਬਾਰੀ ਬਰਸੀ ਖੱਟਣ ਗਿਆ ਸੀ,
ਖਟ ਕੇ ਲਿਆਂਦਾ ਪਤਾਸਾ।
ਨੀਂ ਸਹੁਰੇ ਕੋਲੋਂ ਘੁੰਡ ਕੱਢਦੀ,
ਨੰਗਾ ਰੱਖਦੀ ਕਲਿੱਪ ਵਾਲਾ ਪਾਸਾ।

ਗੱਭਰੂ ਕਿਸੇ ਮੁਟਿਆਰ ਦੀ ਤਾਰੀਫ਼ ਕਰਦਾ ਘੁੰਡ ਬਾਰੇ ਕਹਿੰਦਾ ਹੈ:

ਘੁੰਡ ਕੱਢ ਲੈ ਪੱਤਣ 'ਤੇ ਖੜ੍ਹੀਏ,
ਨੀਂ ਪਾਣੀਆਂ ਨੂੰ ਅੱਗ ਲੱਗ ਜੂ

ਪਹਿਲੇ ਸਮਿਆਂ ਵਿਚ ਗੱਭਰੂ ਜਦੋਂ ਆਪਣੀ ਸਜ-ਵਿਆਹੀ ਨੂੰ ਸਹੁਰਿਆਂ ਤੋਂ ਲੈ ਕੇ ਆਉਂਦਾ ਤਾਂ ਪਿੰਡ ਦੀ ਜੂਹ ਵੜਦਿਆਂ ਹੀ ਕਹਿੰਦਾ:

ਘੁੰਡ ਕੱਢ ਲੈ ਪਤਲੀਏ ਨਾਰੇ
ਨੀ ਸਹੁਰਿਆਂ ਦਾ ਪਿੰਡ ਆ ਗਿਆ।
ਤੇਰੇ ਰੂਪ ਦੇ ਪੈਣ ਲਿਸ਼ਕਾਰੇ
ਨੀ ਸਹੁਰਿਆਂ ਦਾ ਪਿੰਡ ਆ ਗਿਆ।

ਸਜ-ਵਿਆਹੀ ਘੁੰਡ ਤੋਂ ਤੰਗ ਆਈ ਇਸ ਤਰ੍ਹਾਂ ਵੀ ਕਹਿੰਦੀ ਸੀ:

ਕੋਰੇ-ਕੋਰੇ ਕੂੰਡੇ ਵਿਚ ਮਿਰਚਾਂ ਮੈਂ ਰਗੜਾਂ,
ਸਹੁਰੇ ਦੀਆਂ ਅੱਖਾਂ ਵਿਚ ਪਾ ਦਿੰਨੀ ਆਂ।
ਘੁੰਡ ਕੱਢਣੇ ਦੀ ਅਲਖ ਮੁਕਾ ਦਿੰਨੀ ਆਂ।

ਸੰਗ-ਸ਼ਰਮ ਤੇ ਝਿਜਕ ਦਾ ਅਹਿਸਾਸ ਕਰਵਾਉਂਦਾ ਅਤੇ ਛੋਟੇ-ਵੱਡੇ ਦੀ ਅਹਿਮੀਅਤ ਦਰਸਾਉਂਦਾ ਘੁੰਡ ਅੱਜ ਕੱਲ੍ਹ ਲੋਪ ਹੁੰਦਾ ਜਾ ਰਿਹਾ ਹੈ। 'ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ' ਗੁਰਦਾਸ ਮਾਨ ਦੇ ਗੀਤ ਦੀਆਂ ਸਤਰਾਂ ਲੋਪ ਹੋ ਰਹੇ ਵਿਰਸੇ ਦੀ ਸ਼ਾਹਦੀ ਭਰਦੀਆਂ ਹਨ। ਜਿਥੇ ਅੱਜ ਔਰਤ, ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਆਪਣੇ ਕਰਤੱਵਾਂ ਦੇ ਪਾਲਣ ਵਿਚ ਮੋਹਰੀ ਹੈ, ਉਥੇ ਬਰਾਬਰ ਅਧਿਕਾਰਾਂ ਦੀ ਮੰਗ ਵੀ ਕਰਦੀ ਹੈ। ਘੁੰਡ ਕੱਢਣਾ ਹੁਣ ਉਸ ਵਾਸਤੇ ਬੀਤੇ ਦੀ ਬਾਤ ਹੋ ਗਈ ਹੈ।

***-ਗਗਨਜੀਤ ਕੌਰ ਮਸਤੂਆਣਾ***


20% OFF
PUNJABI MEGA PACK
$19.99 FOR 24 MONTHS
Save $120 over 2 years
All offers require credit qualification, 2-Year commitment with early termination fee and eAutoPay.
Requires subscription to a qualifying American or DishLATINO package starting at $29.99/mo.
ORDER THROUGH DISH!
Dish.com/Punjabi 1-844-326-9607
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
Offer for new and qualifying former customers only. Important Terms and Conditions:
Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 4/05/17. 2-Year Commitment: Early termination fee of $20/mo. remaining applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.
© 2017 DISH Network L.L.C. All rights reserved.